# ਰਹਿਤਨਾਮੇ

ਸੰਪਾਦਕ :

**ਪਿਆਰਾ ਸਿੰਘ ਪਦਮ**

ਗੁਰ ਸਿਖ ਮੀਤ! ਚਲਹੁ ਗੁਰ ਚਾਲੀ।

# ਤਤਕਰਾ


ਪ੍ਰਸਤਾਵਨਾ ੧੧
੧. ਰਹਿਤਨਾਮਾ ਭਾਈ ਨੰਦ ਲਾਲ ੫੫
੨. ਤਨਖਾਹਨਾਮਾ ਭਾਈ ਨੰਦ ਲਾਲ ੫੭
੩. ਸਾਖੀ ਰਹਿਤ ਕੀ (ਭਾਈ ਨੰਦ ਲਾਲ) ੬੧
੪. ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ੬੫
੫. ਰਹਿਤਨਾਮਾ ਭਾਈ ਦਯਾ ਸਿੰਘ ੬੮
੬. ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ ੭੭
੭. ਰਹਿਤਨਾਮਾ ਪਰਮ ਸੁਮਾਰਗ (ਅਗਿਆਤ) ੧੧੮
੮. ਰਹਿਤਨਾਮਾ ਭਾਈ ਦੇਸਾ ਸਿੰਘ ੧੨੮
੯. ਰਹਿਤਨਾਮਾ ਭਾਈ ਸਾਹਿਬ ਸਿੰਘ ੧੩੮
੧੦. ਮੁਕਤਿਨਾਮਾ (ਭਾਈ ਸਾਹਿਬ ਸਿੰਘ) ੧੪੨
੧੧. ਰਹਿਤਨਾਮਾ ਸਹਿਜਧਾਰੀਆਂ ਕਾ (ਵਾਜਬੁਲਅਰਜ਼) ੧੪੫
੧੨. 'ਸਰਬਲੋਹ' ਵਿਚੋਂ ਖਾਲਸਾ ਮਹਿਮਾ ੧੪੭
੧੩. ਖਾਲਸਾ ਉਸਤਤਿ (ਪੰਡਿਤ ਨਿਹਾਲ ਸਿੰਘ ਲਾਹੌਰੀ) ੧੫੦
੧੪. ਖਾਲਸਾ ਪੰਚਾਸਿਕਾ (ਬਾਵਾ ਸੁਮੇਰ ਸਿੰਘ) ੧੫੭
੧੫. ਖਾਲਸਾ ਸ਼ਤਕ (ਭਾਈ ਬੁੱਧ ਸਿੰਘ) ੧੬੧
੧੬. ਅੰਤਿਕਾ—ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ ੧੬੮

# ਰਹਿਤਨਾਮੇ

ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ISBN 81-7205-158-1

1974, 1978, 1984, 1989, 1991, 1995, 2000, 2006
ਨੌਂਵੀਂ ਵਾਰ ਫ਼ਰਵਰੀ 2010

ਮੁੱਲ : 45-00 ਰੁਪਏ

ਪ੍ਰਕਾਸ਼ਕ :

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸਿਖ ਰਹਿਤ ਮਰਯਾਦਾ ਦੀ ਸਾਕਾਰ-ਮੂਰਤਿ

**ਖਾਲਸਾ-ਪੰਚਾਇਣ**

ਭਾਈ ਸਾਹਿਬ ਭਾਈ ਰਣਧੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ, ਪੰਡਿਤ ਕਰਤਾਰ ਸਿੰਘ ਦਾਖਾ, ਗਿ: ਗੁਰਬਚਨ ਸਿੰਘ ਭਿੰਡਰਾਂ ਤੇ ਜਥੇਦਾਰ ਸ਼ਰਮ ਸਿੰਘ ਜੀ ਦੇ ਨਾਂ

**ਪਿਆਰਾ ਸਿੰਘ ਪਦਮ ਰਚਨਾਵਲੀ :**

*ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਸਾਡੇ ਗੁਰਦੇਵ, ਸੰਖੇਪ ਸਿਖ ਇਤਿਹਾਸ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਪੰਜਾਬੀ ਮਹਾਰਾਜਾ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਪ੍ਰਾਚੀਨ ਪੰਜਾਬੀ ਗੱਦ, ਨਾਨਕੁ ਸਾਇਰੁ ਏਵ ਕਹਤੁ ਹੈ, ਗੁਰ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਮਹਾਂ ਕਵੀ ਸੰਤੋਖ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁੱਲ੍ਹੇ ਸ਼ਾਹ, ਪ੍ਰਸਿੱਧ ਪੰਜਾਬੀ, ਪੁਸ਼ਪਾਂਜਲੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਬਾਬਾ ਸਾਧੂ ਜਨ, ਕਲਮ ਦੇ ਧਨੀ, ਕਲਮ ਦੇ ਚਮਤਕਾਰ, ਪ੍ਰਾਚੀਨ ਸੌ ਸਾਖੀ, ਖ਼ਲੀਲ ਜਿਬਰਾਨ ਦੇ ਬਚਨ ਬਿਲਾਸ, ਦਰਸ਼ਨ ਭਗਤ, ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ, ਬਚਨ ਸਾਈਂ ਲੋਕਾਂ ਦੇ, ਮਾਲੀ, ਪੰਛੀ, ਆਜ਼ਾਦੀ, ਗੁਰੂ ਕੀਆਂ ਸਾਖੀਆਂ, ਰਹਿਤਨਾਮੇ, ਜ਼ਫ਼ਰਨਾਮਾ, ਪੰਜਾਬ ਰਉਸ਼ਨ, ਸਾਧੂ ਈਸ਼ਰਦਾਸ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਗੁਰੂ ਘਰ, ਪੰਥ ਤੇ ਪੰਥ ਦਾ ਵਾਲੀ, ਬਾਬਾ ਵਜੀਦ, ਕਲਾਮ ਭਾਈ ਨੰਦ ਲਾਲ, ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਸੂਫ਼ੀ ਕਾਵਿਧਾਰਾ, ਬੋਲੈ ਸ਼ੇਖ਼ ਫ਼ਰੀਦ, ਹੀਰ ਵਾਰਸ ਸ਼ਾਹ, ਮਿਰਜ਼ੇ ਦੀਆਂ ਸੱਦਾਂ, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਸੁਖਮਨੀ ਦਰਸ਼ਨ, ਮਹਾਤਮਾ ਸੰਤਰੇਣ ਆਦਿਕ।*

# ਦੋ ਸ਼ਬਦ

ਸਿੱਖੀ ਦਾ ਮੂਲ ਆਧਾਰ ਅਧਿਆਤਮਕ ਸਾਹਿਤ ਦਾ ਭੰਡਾਰ *ਆਦਿ ਗੁਰੂ ਗ੍ਰੰਥ* ਹੈ, ਇਸ ਦੀ ਵਿਆਖਿਆ ਵਿਸਤਾਰ ਵਜੋਂ ਬਹੁਤ ਸਾਰਾ ਧਾਰਮਿਕ ਸਾਹਿਤ ਲਿਖਿਆ ਗਿਆ, ਜੋ ਕਿ ਸਿੱਖੀ ਜੀਵਨ ਦੀ ਰੂਪ-ਰੇਖਾ ਨੂੰ ਹੋਰ ਵਧੇਰੇ ਉਜਾਗਰ ਕਰਦਾ ਹੈ। ਇਸ ਸਿਖ-ਸਾਹਿਤ ਦਾ ਸਰਬ-ਪੱਖੀ ਅਧਿਐਨ ਸਮੇਂ ਦੀ ਮੰਗ ਹੈ। ਇਹ ਵੀ ਅਸੀਂ ਜਾਣਦੇ ਹਾਂ ਕਿ ੧੮ਵੀਂ ਸਦੀ ਦੇ ਮੁਗ਼ਲ ਹਾਕਮਾਂ ਸੁਤੰਤ੍ਰਤਾ-ਸੰਗ੍ਰਾਮੀਏ ਸਿਖਾਂ ਦੇ ਪਿੰਡ ਤੇ ਘਰ-ਬਾਰ ਨਸ਼ਟ ਕਰ ਦਿਤੇ ਤੇ ਬੇਅੰਤ ਸਾਹਿਤ ਸਾੜਿਆ ਫੂਕਿਆ ਗਿਆ, ਮਜਬੂਰਨ ੫੦-੬੦ ਸਾਲ ਸਿਖ ਜੰਗਲਾਂ ਵਿਚ ਰਹੇ। ਅਜੇਹੀ ਬਨਵਾਸੀ ਸੰਗ੍ਰਾਮੀਆ ਕੌਮ ਜੇਕਰ ਤੇਗ ਨਾਲ ਕਲਮ ਵੀ ਚਲਾਉਂਦੀ ਰਹੀ ਤੇ ਆਪਣੇ ਧਾਰਮਿਕ ਸਿਧਾਂਤਾਂ ਤੇ ਮਰਯਾਦਾ ਬਾਰੇ ਸਾਹਿਤ ਸਿਰਜਦੀ ਰਹੀ ਤਾਂ ਉਸ ਦਾ ਬੌਧਿਕ ਕਮਾਲ ਮੰਨਣਾ ਪੈਂਦਾ ਹੈ। ਰਹਿਤਨਾਮੇ ਲਗਭਗ ਇਸੇ ਸੰਕਟ-ਕਾਲ ਦੀ ਉਪਜ ਹਨ।

ਮੈਂ ਦੋ ਪ੍ਰਮੁੱਖ ਸਿਖ-ਗ੍ਰੰਥਾਂ ਬਾਰੇ—*ਆਦਿ ਗ੍ਰੰਥ ਦਰਸ਼ਨ* ਤੇ *ਦਸਮ ਗ੍ਰੰਥ ਦਰਸ਼ਨ* ਵਿਚ ਕੁਝ ਵਿਚਾਰ ਪੇਸ਼ ਕਰ ਚੁਕਾ ਹਾਂ। ਚਿਰੋਕੀ ਇੱਛਾ ਸੀ ਕਿ ਸਿਖ ਰਹਿਤਨਾਮਿਆਂ ਦਾ ਵੀ ਅਧਿਐਨ ਕੀਤਾ ਜਾਵੇ। ਇਹ ਇਕ ਦਰਜਨ ਰਹਿਤਨਾਮਿਆਂ ਦਾ ਸੰਕਲਨ ਹੈ ਜਿਨ੍ਹਾਂ ਵਿਚੋਂ ਅੱਧੇ ਪਹਿਲੀ ਵਾਰ ਹੀ ਸੰਪੂਰਨ ਛਪ ਰਹੇ ਹਨ। ਸੰਨ ੧੮੯੮ ਵਿਚ ਭਾਈ ਕਾਨ੍ਹ ਸਿੰਘ ਜੀ ਨੇ *ਗੁਰਮਤਿ ਸੁਧਾਕਰ* ਵਿਚ ਕੁਝ ਰਹਿਤਨਾਮਿਆਂ ਦੇ ਚੋਣਵੇਂ ਬਚਨ ਸੰਕਲਿਤ ਕੀਤੇ; ਸੰਨ ੧੯੦੮ ਵਿਚ ਬਾਬੂ ਤੇਜਾ ਸਿੰਘ ਜੀ ਨੇ *ਖ਼ਾਲਸਾ ਰਹਿਤ ਪ੍ਰਕਾਸ਼* ਵਿਚ ਰਹਿਤ ਬਾਰੇ ਨਿਖਰਵੇਂ ਵਿਚਾਰ ਦਿਤੇ। ਸੰਨ ੧੯੧੪ ਵਿਚ ਸੋਢੀ ਰਾਮ ਨਰੈਣ ਸਿੰਘ ਆਨੰਦਪੁਰ ਵਾਲਿਆਂ ਦੀ ਪ੍ਰੇਰਨਾ ਨਾਲ ਭਾਈ ਅਵਤਾਰ ਸਿੰਘ ਵਹੀਰੀਏ ਨੇ *ਖ਼ਾਲਸਾ ਧਰਮ ਸ਼ਾਸਤ੍ਰ* (੪੨੮ ਪੰਨੇ) ਲਿਖ ਕੇ ਰਹਿਤ-ਮਰਯਾਦਾ ਬਾਰੇ ਵਿਸਤ੍ਰਿਤ ਚਰਚਾ ਕੀਤੀ। ਸੰਨ ੧੯੩੨ ਵਿਚ ਸ਼੍ਰੋਮਣੀ ਕਮੇਟੀ ਨੇ ਧਾਰਮਿਕ ਸਲਾਹਕਾਰ ਕਮੇਟੀ ਦੀ ਮਦਦ ਨਾਲ ਇਕ ਟ੍ਰੈਕਟ ਛਪਾਇਆ ਤੇ ਚੀਫ਼ ਖ਼ਾਲਸਾ ਦੀਵਾਨ ਨੇ ਵੀ ਇਕ ਅਜੇਹਾ ਉਦਮ ਕੀਤਾ। ਪ੍ਰਿੰ: ਗੰਗਾ ਸਿੰਘ ਨੇ 'ਅੰਮ੍ਰਿਤ' ਰਸਾਲੇ ਦਾ ਰਹਿਤ ਨੰਬਰ ਕਢਿਆ ਜੋ ਇਕ ਚੰਗਾ ਜਤਨ ਸੀ।

ਅਸੀਂ ਤਾਂ ਕੇਵਲ ਮੁਢਲੀ ਲੋੜ ਨੂੰ ਪੂਰਿਆਂ ਕਰਨ ਲਈ ਮੂਲ ਸਮੱਗਰੀ ਪੇਸ਼ ਕਰ ਰਹੇ ਹਾਂ। ਆਸ ਹੈ, ਸਿਖ ਵਿਦਵਾਨ, ਖ਼ਾਲਸਾ ਰਹਿਤ-ਮਰਯਾਦਾ ਦਾ ਹੋਰ ਵਿਗਿਆਨਕ ਅਧਿਐਨ ਕਰ ਕੇ ਸਮੇਂ ਦੀ ਵੰਗਾਰ ਦਾ ਉੱਤਰ ਦੇਣਗੇ।

ਕਲਮ ਮੰਦਿਰ, ਪਟਿਆਲਾ
੧ ਜਨਵਰੀ ੧੯੭੪

**ਪਿਆਰਾ ਸਿੰਘ ਪਦਮ**

# ਦੂਜੀ ਛਾਪ ਦੀ ਬੇਨਤੀ

ਪਹਿਲੀ ਛਾਪ ਸਮੇਂ ਬਾਰਾਂ ਰਹਿਤਨਾਮੇ ਸੰਕਲਿਤ ਕੀਤੇ ਸਨ ਤੇ ਇਸ ਦੂਜੀ ਐਡੀਸ਼ਨ ਵਿਚ ਦੋ ਹੋਰ ਵਧਾਏ ਗਏ ਸਨ। ਉਨੀਵੀਂ ਸਦੀ ਦੇ ਵਿਦਵਾਨ ਪੰਡਿਤ ਨਿਹਾਲ ਸਿੰਘ ਲਾਹੌਰੀ ਰਚਿਤ *ਸਿਖੀ ਪ੍ਰਭਾਕਰ* ਪੁਸਤਕ ਵਿਚੋਂ ੨੫ ਚੋਣਵੇਂ ਛੰਦ 'ਖਾਲਸਾ ਉਸਤਤਿ' ਨਾਂ ਹੇਠ ਦਰਜ ਕੀਤੇ ਹਨ ਅਤੇ ਨਾਲ ਹੀ ਬਾਵਾ ਸੁਮੇਰ ਸਿੰਘ ਪਟਨੇ ਵਾਲਿਆਂ ਦਾ *ਖਾਲਸਾ ਪੰਚਾਸਿਕਾ* ਸ਼ਾਮਲ ਕਰ ਦਿਤਾ ਗਿਆ ਹੈ। ਇਹ ੧੮੬੩ ਈ: ਵਿਚ ਰਚਿਆ ਗਿਆ ਤੇ ਪਹਿਲੇ ਬਨਾਰਸ ਛਪਿਆ ਸੀ। ਸਿਖ ਸਾਹਿਤ ਦੀਆਂ ਕਈ ਚੀਜ਼ਾਂ ਲੋਪ ਹੁੰਦੀਆਂ ਜਾ ਰਹੀਆਂ ਹਨ। ਇਸ ਨੁਕਤੇ ਤੋਂ ਅਜਿਹੀਆਂ ਦੁਰਲਭ ਰਚਨਾਵਾਂ ਦੀ ਸੰਭਾਲ ਜ਼ਰੂਰੀ ਹੈ।

ਇਸ ਗੱਲ ਦੇ ਕਹਿਣ ਵਿਚ ਸੰਕੋਚ ਨਹੀਂ ਕਿ ਕਈ ਪੁਰਾਤਨ ਰਹਿਤਨਾਮਿਆਂ ਦੇ ਸ਼ੁੱਧ ਖਰੜੇ ਨਹੀਂ ਮਿਲਦੇ ਤੇ ਕਈ ਐਸੇ ਰਹਿਤਨਾਮੇ ਵੀ ਹਨ ਜਿਨ੍ਹਾਂ ਦਾ ਦੂਜਾ ਉਤਾਰਾ ਵੀ ਪ੍ਰਾਪਤ ਨਹੀਂ। ਇਸ ਹਾਲਤ ਵਿਚ ਅਧੂਰੇ ਪਾਠ ਪੂਰੇ ਕਰਨੇ ਤੇ ਹਰ ਪਾਠ ਨੂੰ ਪੂਰੀ ਤਰ੍ਹਾਂ ਸ਼ੁੱਧ ਕਰ ਸਕਣਾ ਸੰਭਵ ਨਹੀਂ। ਦੂਜੀ ਗੱਲ, ਹਰ ਰਹਿਤਨਾਮੇ ਦੀ ਹਰ ਗੱਲ ਨੂੰ ਗੁਰਮਤਿ-ਅਨੁਸਾਰੀ ਮੰਨਣਾ ਭੁੱਲ ਹੈ, ਕਈ ਲਿਖਾਰੀਆਂ ਆਪਣੀ ਮਨ ਦੀ ਸਮਝ ਅਨੁਸਾਰ ਜਾਂ ਫਿਰ ਅਨਮਤੀ ਅਸਰ ਹੇਠ ਕੁਝ ਅਜੇਹੀਆਂ ਗੱਲਾਂ ਵੀ ਲਿਖੀਆਂ, ਜੋ ਠੀਕ ਨਹੀਂ।

ਖੋਜ ਦੀ ਮਰਯਾਦਾ ਇਹ ਵੀ ਆਗਿਆ ਨਹੀਂ ਦਿੰਦੀ ਕਿ ਇਨ੍ਹਾਂ ਵਿਚ ਮਨਮਰਜ਼ੀ ਅਨੁਸਾਰ ਕਾਂਟ-ਛਾਂਟ ਕੀਤੀ ਜਾਵੇ। ਇਨ੍ਹਾਂ ਲਿਖਤਾਂ ਦਾ ਵਿਸ਼ਲੇਸ਼ਣ ਕਰ ਕੇ ਗੁਰਮਤਿ ਦੀ ਸਚਾਈ ਨੂੰ ਲੱਭਣਾ ਵਿਦਵਾਨਾਂ ਦਾ ਕੰਮ ਹੈ।

ਅਕਤੂਬਰ, ੧੯੭੯

**ਪਿਆਰਾ ਸਿੰਘ ਪਦਮ**

# ਤੀਜੀ ਛਾਪ

ਤੀਸਰੀ ਐਡੀਸ਼ਨ ਛਾਪਣ ਸਮੇਂ ਭਾਈ ਬੁਧ ਸਿੰਘ ਰਚਿਤ *ਖਾਲਸਾ ਸ਼ਤਕ* ਹੱਥ-ਲਿਖਤ ਤੋਂ ਉਤਾਰ ਕੇ ਸ਼ਾਮਲ ਕੀਤਾ ਗਿਆ ਹੈ ਜੋ ਅਪ੍ਰਕਾਸ਼ਤ ਹੈ। ਹੁਣ ਇਹ ੧੫ ਰਹਿਤਨਾਮਿਆਂ ਦੀ ਸੰਚੀ ਹੈ, ਜੋ ਸਿਖ ਰਹੁਰੀਤਿ ਨੂੰ ਸਮਝਣ ਵਿਚ ਸਹਾਈ ਹੋਵੇਗੀ।

੧੩ ਅਪ੍ਰੈਲ, ੧੯੮੪

**ਪਿਆਰਾ ਸਿੰਘ ਪਦਮ**

# ਚੌਥੀ ਛਾਪ

ਅਪ੍ਰੈਲ ੧੯੮੯

ਪਾਠਕਾਂ ਦੀ ਮੰਗ ਨੂੰ ਮੁਖ ਰਖ ਕੇ ਛਾਪੀ ਜਾ ਰਹੀ ਹੈ।

# ਪੰਚ-ਪ੍ਰਧਾਨੀ ਪ੍ਰਣਾਲੀ

**ਪੰਜ ਪਿਆਰੇ**—ਭਾਈ ਦਯਾ ਸਿੰਘ—ਸੋਪਤੀ ਖਤ੍ਰੀ, ਵਾਸੀ ਲਾਹੌਰ।
ਭਾਈ ਧਰਮ ਸਿੰਘ—ਜਵੰਦਾ ਜੱਟ, ਵਾਸੀ ਹਸਤਨਾਪੁਰ।
ਭਾਈ ਹਿੰਮਤ ਸਿੰਘ—ਝੀਵਰ, ਵਾਸੀ ਜਗਨਨਾਥ।
ਭਾਈ ਮੁਹਕਮ ਸਿੰਘ—ਛੀਂਬਾ, ਵਾਸੀ ਦਵਾਰਕਾ।
ਭਾਈ ਸਾਹਿਬ ਸਿੰਘ—ਨਾਈ, ਵਾਸੀ ਬਿਦਰ।

**ਪੰਜ ਮੁਕਤੇ**—ਭਾਈ ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫਤਹਿ ਸਿੰਘ।

**ਪੰਜ ਬਾਣੀਆਂ**—ਜਪੁ, ਜਾਪੁ, ਸ੍ਵੈਯੇ, ਬੇਨਤੀ ਚੌਪਈ, ਅਨੰਦ ਸਾਹਿਬ।

**ਪੰਜ ਕਕਾਰ**—ਕ੍ਰਿਪਾਨ, ਕੜਾ, ਕਛਹਿਰਾ, ਕੰਘਾ, ਕੇਸ (ਕੇਸਕੀ)।

**ਪੰਜ ਹਥਿਆਰ**—ਕ੍ਰਿਪਾਨ, ਤੀਰ ਕਮਾਣ, ਕਟਾਰ, ਬਰਛਾ ਤੇ ਬੰਦੂਕ।

**ਪੰਜ ਪ੍ਰਕਾਰੀ ਸਿਖੀ**—ਧੰਦੇ ਕੀ, ਦੇਖਾ ਦੇਖੀ, ਹਿਰਸੀ, ਸਿਦਕੀ, ਭਾਉ ਕੀ।

**ਪੰਚਾਂਮ੍ਰਿਤ**—ਘਿਉ, ਮੈਦਾ, ਖੰਡ, ਜਲ, ਅਗਨੀ ਦੇ ਮੇਲ ਤੋਂ ਬਣਿਆ ਪ੍ਰਸ਼ਾਦ।

**ਪੰਜ ਤਖ਼ਤ**—ਅਕਾਲ ਤਖ਼ਤ ਸਾਹਿਬ, ਕੇਸਗੜ੍ਹ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ, ਦਮਦਮਾ ਸਾਹਿਬ (ਬੁੱਢਾ ਦਲ ਦੀ ਰਾਜਧਾਨੀ)।

**ਪੰਜ ਕੁਰਹਿਤਾਂ**—ਭੱਦਣ, ਤੰਬਾਕੂ, ਕੁੱਠਾ, ਮੁਸਲੀ-ਯੁੱਧ ਤੇ ਇਨ੍ਹਾਂ ਕੁਰਹਿਤਾਂ ਵਾਲਿਆਂ ਨਾਲ ਵਰਤੋਂ।

**ਪੰਜ ਮੇਲ**—ਜਿਨ੍ਹਾਂ ਨਾਲ ਮੇਲ ਮਿਲਾਪ ਵਰਜਿਤ ਹੈ:
ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਸਿਰਗੁੰਮ।

## ਸਿਖ ਧਰਮ-ਅਧਿਐਨ ਪੁਸਤਕ-ਸੂਚੀ

| | |
|---|---|
| ੧. ਗੁਰਮਤਿ ਪ੍ਰਭਾਕਰ | ਭਾਈ ਕਾਨ੍ਹ ਸਿੰਘ ਨਾਭਾ |
| ੨. ਗੁਰਮਤਿ ਸੁਧਾਕਰ | ਭਾਈ ਕਾਨ੍ਹ ਸਿੰਘ ਨਾਭਾ |
| ੩. ਹਮ ਹਿੰਦੂ ਨਹੀਂ | ਭਾਈ ਕਾਨ੍ਹ ਸਿੰਘ ਨਾਭਾ |
| ੪. ਗੁਰਮਤਿ ਨਿਰਣਯ ਸਾਗਰ | ਪੰਡਿਤ ਤਾਰਾ ਸਿੰਘ ਨਰੋਤਮ |
| ੫. ਖਾਲਸਾ ਧਰਮ ਸ਼ਾਸਤ੍ਰ | ਭਾਈ ਅਵਤਾਰ ਸਿੰਘ ਵਹੀਰੀਆ |
| ੬. ਗੁਰਮਤਿ ਨਿਰਣਯ | ਭਾਈ ਜੋਧ ਸਿੰਘ |
| ੭. ਗੁਰਮਤਿ ਦਰਸ਼ਨ | ਡਾ: ਸ਼ੇਰ ਸਿੰਘ |
| ੮. ਸਿਖ ਧਰਮ ਦਰਸ਼ਨ | ਸ: ਸਰਦੂਲ ਸਿੰਘ ਕਵੀਸ਼ਰ |
| ੯. ਗੁਰਮਤਿ ਫ਼ਿਲਾਸਫ਼ੀ | ਗਿਆਨੀ ਪ੍ਰਤਾਪ ਸਿੰਘ |
| ੧੦. ਪੂਰਨ ਮਨੁੱਖ | ਪ੍ਰਿੰ: ਗੰਗਾ ਸਿੰਘ |
| ੧੧. ਗੁਰਮਤਿ ਨਿਰਣਯ ਭੰਡਾਰ | ਗਿਆਨੀ ਲਾਲ ਸਿੰਘ ਸੰਗਰੂਰ |
| ੧੨. ਸਿਖ ਕਾਨੂੰਨ | – |
| ੧੩. ਸਿਖ ਧਰਮ | ਪ੍ਰੋ: ਤੇਜਾ ਸਿੰਘ |
| ੧੪. ਸਿਖ ਧਰਮ ਬਾਰੇ | ਪ੍ਰੋ: ਕਰਤਾਰ ਸਿੰਘ |
| ੧੫. ਗੁਰਸਿਖੀ ਕੀ ਹੈ ? | ਡਾ: ਗੋਬਿੰਦ ਸਿੰਘ ਮਨਸੁਖਾਨੀ |
| ੧੬. ਰੱਛਿਆ ਰਿਆਇਤ | ਪ੍ਰਿੰ: ਸਤਿਬੀਰ ਸਿੰਘ |
| ੧੭. ਪ੍ਰੇਮ ਸੁਮਾਰਗ | ਸੰਪਾਦਕ—ਭਾ: ਰਣਧੀਰ ਸਿੰਘ |
| ੧੮. ਬਿਬੇਕ ਬਾਰਧਿ (ਖਰੜਾ) | ਭਾ: ਭਗਵਾਨ ਸਿੰਘ ਦੁਆਰਾ ਸੰਕਲਿਤ |
| ੧੯. ਸੁਧਰਮ ਮਾਰਗ ਗ੍ਰੰਥ | ਸੰਤ ਭੂਪ ਸਿੰਘ ਨਿਰਮਲਾ |
| ੨੦. ਬਿਜੈ ਮੁਕਤ ਧਰਮ ਸ਼ਾਸਤ੍ਰ | – |
| ੨੧. ਪੋਥੀ ਗੁਰਮਤਿ ਹੁਲਾਸ | ਗਿ: ਠਾਕਰ ਸਿੰਘ |
| ੨੨. ਖਾਲਸਾ ਸੰਸਕਾਰ ਪ੍ਰਕਾਸ਼ | ਗਿ: ਅਮਰ ਸਿੰਘ |
| ੨੩. ਖਾਲਸਾ ਰਹਿਤ ਪ੍ਰਕਾਸ਼ | ਪੰਚ ਖੰਡ ਭਸੌੜ |
| ੨੪. ਗੁਰਮਤਿ ਪ੍ਰਕਾਸ਼ | ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ |
| ੨੫. ਸਿਖ ਰਹਿਤ ਮਰਯਾਦਾ | ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ |

੨੬. ਮਾਸਕ ਪੱਤ੍ਰ 'ਅੰਮ੍ਰਿਤ' ਦਾ ਰਹਿਤ ਨੰਬਰ (ਜਨਵਰੀ ੧੯੩੨ ਈ:)

# ਪ੍ਰਸਤਾਵਨਾ

ਸਿਖ ਸੰਕੇਤਾਵਲੀ ਵਿਚ ਉਹ ਜੀਵਨ-ਮਰਯਾਦਾ, ਚਾਲ-ਢਾਲ ਜਾਂ ਚੱਜ-ਅਚਾਰ 'ਰਹਿਤ' ਹੈ ਜਿਸ ਅਨੁਸਾਰ ਸਿਖ ਨੇ ਰਹਿਣਾ ਅਥਵਾ ਆਪਣਾ ਜੀਵਨ ਬਿਤਾਉਣਾ ਹੈ। 'ਸਿਖ' ਦਾ ਲਫ਼ਜ਼ੀ ਮਾਅਨਾ ਗੁਰੂ ਦੀ ਸਿਖਿਆ ਅਨੁਸਾਰ ਚਲਣ ਵਾਲਾ ਹੈ ਤੇ ਸਿਖੀ ਉਹ ਆਤਮਿਕ ਤੇ ਸਰੀਰਕ ਰਹੁ-ਰੀਤ, ਸੰਜਮ ਯਾ ਜ਼ਬਤ ਹੈ, ਜਿਸ ਅਨੁਸਾਰ ਉਸ ਨੇ ਢਲਣਾ ਹੈ। ਸਿਖ ਦਾ ਲੱਛਣ ਹੀ ਇਹ ਕੀਤਾ ਗਿਆ ਹੈ :

**ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ।**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।**

*(ਸੋਰਠਿ ਮ: ੩, ਪੰਨਾ ੬੦੧)*

ਇਹ ਸਿਖਿਆ, ਇਹ ਮਰਯਾਦਾ ਜਾਂ ਚੱਜ-ਅਚਾਰ ਕੀ ਹੈ, ਇਸ ਦੀ ਵਿਆਖਿਆ ਆਦਿ ਗੁਰੂ ਗ੍ਰੰਥ, ਦਸਮ ਗ੍ਰੰਥ, ਰਹਿਤਨਾਮਿਆਂ ਤੇ ਹੋਰ ਸਿਖ-ਗ੍ਰੰਥਾਂ ਵਿਚ ਭਲੀ-ਭਾਂਤ ਕੀਤੀ ਮਿਲਦੀ ਹੈ। ਭਗਤੀ ਸਾਹਿਤ ਤੋਂ ਪਤਾ ਲਗਦਾ ਹੈ ਕਿ ਇਸ ਜੀਵਨ-ਮਰਯਾਦਾ ਲਈ 'ਰਹਤ' ਪਦ ਭਗਤੀ ਲਹਿਰ ਦੇ ਜ਼ਮਾਨੇ ਹੀ ਪ੍ਰਚਲਤ ਹੋ ਗਿਆ ਸੀ। ਇਸ ਕਰਕੇ ਕਈ ਭਗਤਾਂ ਇਸ ਦਾ ਇਸੇ ਅਰਥ ਵਿਚ ਪ੍ਰਯੋਗ ਕੀਤਾ ਹੈ ਜਿਵੇਂ ਕਿ ਕਬੀਰ ਜੀ (੧੩੯੮-੧੪੪੮ ਈ:) ਨੇ ਲਿਖਿਆ ਹੈ :

**ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ।**
**ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ।**
**ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ।**
**ਐਸੇ ਮਰਹੁ ਜਿ ਬਹੁਰਿ ਨ ਮਰਨਾ।੨।...**
**ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ।**
**ਐਸੀ 'ਰਹਤ' ਰਹਉ ਹਰਿ ਪਾਸਾ**
**ਕਹੈ ਕਬੀਰੁ ਨਿਰੰਜਨੁ ਧਿਆਵਉ।**
**ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ।**

*(ਗਉੜੀ ਕਬੀਰ, ਪੰਨਾ ੩੨੭)*

ਗੁਰੂ ਨਾਨਕ ਸਾਹਿਬ ਨੇ ਇਸ ਸੰਕੇਤ ਦੀ ਕਾਫ਼ੀ ਵਰਤੋਂ ਕੀਤੀ ਹੈ:

**ਸੇਵਾ ਸੁਰਤਿ ਸਬਦਿ ਵੀਚਾਰਿ। ਜਪੁ ਤਪੁ ਸੰਜਮ ਹਉਮੈ ਮਾਰਿ।**
**ਜੀਵਨ ਮੁਕਤੁ ਜਾ ਸਬਦੁ ਬਣਾਏ। ਸਚੀ 'ਰਹਤ' ਸਦਾ ਸੁਖੁ ਪਾਏ।**
*(ਪ੍ਰਭਾਤੀ ਮ: ੧, ਪੰਨਾ ੧੩੪੩)*

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ। ਸਾਚੀ 'ਰਹਤ' ਸਾਚਾ ਮਨਿ ਸੋਈ।**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ। ਨਾਵਹੁ ਭੂਲੇ ਥਾਉ ਨ ਕੋਈ।**
*(ਬਿਲਾਵਲੁ ਮ: ੧, ਪੰਨਾ ੮੩੧)*

**ਕਥਨੀ ਝੂਠੀ ਜਗੁ ਭਵੈ, ਰਹਣੀ ਸਬਦੁ ਸੁ ਸਾਰੁ।**
*(ਸਿਰੀਰਾਗੁ ਮ: ੧, ਪੰਨਾ ੫੬)*

ਗੁਰੂ ਅਰਜਨ ਸਾਹਿਬ ਦਾ ਬਚਨ ਹੈ:

**'ਰਹਤ' ਅਵਰ ਕਛੁ ਅਵਰ ਕਮਾਵਤ।**
**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।**
**ਜਾਨਨਹਾਰ ਪ੍ਰਭੂ ਪਰਬੀਨ।**
**ਬਾਹਰਿ ਭੇਖ ਨ ਕਾਹੂ ਭੀਨ।** *(ਗਉੜੀ ਸੁਖਮਨੀ ਮ: ੫, ਪੰਨਾ ੨੬੯)*

ਸੁਚੱਜੇ ਮਨੁੱਖ ਦੀ ਰਹਿਣੀ ਨੂੰ ਸਿਆਣਿਆਂ ਦੋ ਹਿਸਿਆਂ ਵਿਚ ਵੰਡਿਆ ਹੈ— ਅੰਦਰਲੀ ਰਹਿਤ ਮਰਯਾਦਾ ਤੇ ਬਾਹਰਲੀ ਰਹਿਤ ਮਰਯਾਦਾ।

ਅੰਦਰਲੀ ਮਰਯਾਦਾ ਦਾ ਭਾਵ ਮਾਨਸਿਕ ਰਹਿਣੀ ਹੈ ਤੇ ਬਾਹਰਲੀ ਮਰਯਾਦਾ ਦਾ ਭਾਵ ਸਰੀਰ ਨਾਲ ਸੰਬੰਧਤ ਰਹਿਣੀ ਬਹਿਣੀ ਹੈ। ਪਹਿਲੇ ਅੰਦਰਲੀ ਰਹਿਤ-ਮਰਯਾਦਾ ਦੀ ਚਰਚਾ ਕਰਦੇ ਹਾਂ।

## (੧) ਅੰਦਰਲੀ ਰਹਿਤ ਮਰਯਾਦਾ

'ਸਭੁ ਕਛੁ ਜਾਨੈ ਆਤਮ ਕੀ ਰਹਤ' ਦਾ ਭਾਵ ਅੰਦਰਲੀ ਜੀਵਨ-ਮਰਯਾਦਾ ਹੈ ਜੋ ਕਿ ਧਾਰਮਿਕ ਜੀਵਨ ਦਾ ਅਸਲ ਆਧਾਰ ਹੈ। ਬਾਹਰਲੀ ਰਹਿਤ ਮਰਯਾਦਾ ਵੀ ਭਾਵੇਂ ਜ਼ਰੂਰੀ ਚੀਜ਼ ਹੈ ਪਰੰਤੂ ਆਦਿ ਗੁਰੂ ਗ੍ਰੰਥ ਵਿਚ ਵਧੇਰੇ ਅੰਦਰਲੀ ਰਹਿਤ ਮਰਯਾਦਾ ਦੀ ਵਿਆਖਿਆ ਕੀਤੀ ਗਈ ਹੈ ਜਿਸ ਨਾਲ ਆਦਮੀ ਦੀ ਆਤਮਾ ਤੇ ਮਨ ਪਵਿਤਰ ਹੋ ਕੇ ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਵਿਚ ਵਿਚਰਦੇ ਹਨ। ਇਹ ਅੰਦਰਲੀ ਰਹਿਤ—ਪ੍ਰਭੂ ਵਿਸ਼ਵਾਸ (ਸਿਮਰਨ ਸਿਦਕ), ਨੇਕੀ ਅਤੇ ਚੰਗਿਆਈ ਹੈ, ਮਨ ਬਾਣੀ ਤੇ ਅਮਲਾਂ ਕਰਕੇ ਸ਼ੁਭ ਕਰਮ ਕਰਨਾ ਤੇ ਮੰਦੇ ਕਰਮਾਂ ਤੋਂ ਪੱਲਾ ਬਚਾ

ਕੇ ਚਲਣਾ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਸਾਰੀ ਰਹਿਣੀ ਬਹਿਣੀ ਲਈ ਬੁਨਿਆਦੀ ਗੁਰ (Formulas) ਲਿਖ ਦਿਤੇ ਹਨ ਤਾਂ ਕਿ ਸਿਖ ਆਪਣੇ ਧਰਮ ਕਰਮ ਤੋਂ ਲੈ ਕੇ ਬੋਲ-ਚਾਲ, ਵਰਤੋਂ ਵਿਹਾਰ, ਖਾਣ-ਪੀਣ, ਪਹਿਨਣ ਤੇ ਬਾਕੀ ਸੁਚੱਜਾ ਜੀਵਨ ਜੀਊਣ ਲਈ ਲੋੜੀਂਦੀ ਸਿਖਿਆ ਹਾਸਲ ਕਰਦਾ ਰਹੇ। ਮਿਸਾਲ ਲਈ ਕੁਝ ਸਿਧਾਂਤ ਦੀਆਂ ਸਤਰਾਂ ਧਿਆਨ-ਗੋਚਰੇ ਕਰਨੀਆਂ ਜ਼ਰੂਰੀ ਹਨ:

੧. **ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ।**
**ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬੁ ਸੇਤੀ ਪਤਿ ਰਹੈ।**
*(ਵਡਹੰਸ ਕੀ ਵਾਰ, ਮ: ੧, ਪੰਨਾ ੫੯੦)*

੨. **ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।**
*(ਵਾਰ ਆਸਾ, ਮ: ੧, ਪੰਨਾ ੪੬੯)*

੩. **ਫਰੀਦਾ ਜਿਨੀ ਕੰਮੀ ਨਾਹਿ ਗੁਣ ਤ ਕੰਮੜੇ ਵਿਸਾਰਿ।**
*(ਸਲੋਕ ਫਰੀਦ, ਪੰਨਾ ੧੩੮੧)*

੪. **ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।**
*(ਰਾਮਕਲੀ ਮ: ੩, ਅਨੰਦੁ, ਪੰਨਾ ੯੧੮)*

੫. **ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ।**
*(ਆਸਾ ਮ: ੫, ਪੰਨਾ ੩੯੭)*

੬. **ਹਕੁ ਪਰਾਇਆ ਨਾਨਕਾ ਉਸੁ, ਸੂਅਰੁ ਉਸੁ ਗਾਇ।**
*(ਵਾਰ ਮਾਝ, ਮ: ੧, ਪੰਨਾ ੧੪੧)*

੭. **ਬਾਬਾ ਹੋਰੁ ਖਾਣਾ ਖੁਸੀ ਖੁਆਰੁ,**
**ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।**
*(ਸਿਰੀਰਾਗੁ ਮ: ੧, ਪੰਨਾ ੧੬)*

੮. **ਬਾਬਾ ਹੋਰੁ ਪੈਨਣੁ ਖੁਸੀ ਖੁਆਰੁ,**
**ਜਿਤੁ ਪੈਧੇ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।**
*(ਸਿਰੀਰਾਗੁ ਮ: ੧, ਪੰਨਾ ੧੬)*

੯. **ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।......**
**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।**
*(ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੪)*

੧੦. **ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ।**
*(ਸੂਹੀ ਛੰਤ ਮ: ੧, ਪੰਨਾ ੭੬੬)*

ਇਨ੍ਹਾਂ ਆਦੇਸ਼ਾਂ ਤੋਂ ਪਰਗਟ ਹੈ ਕਿ ਸਿਖ ਨੇ ਉਹੋ ਕਰਮ ਕਰਨਾ ਹੈ ਜਿਸ ਨਾਲ ਇਸ ਦਾ ਆਤਮਕ, ਮਾਨਸਿਕ ਤੇ ਸਰੀਰਕ ਵਿਕਾਸ ਹੁੰਦਾ ਹੋਵੇ। ਜੇ ਕਿਸੇ ਗੱਲ ਨਾਲ ਇਸ ਵਿਕਾਸ ਵਿਚ ਰੋਕ ਪੈਂਦੀ ਯਾ ਵਿਕਾਸ ਦੀ ਥਾਂ ਬਿਨਾਸ ਹੁੰਦਾ ਹੈ ਤਾਂ ਉਸ ਤੋਂ ਸਦਾ ਬਚ ਕੇ ਚਲਣ ਦੀ ਲੋੜ ਹੈ।

### *ਨਾਮ ਤੇ ਸੇਵਾ*

ਆਦਿ ਗ੍ਰੰਥ ਤੋਂ ਇਲਾਵਾ ਸਿਖ ਸਾਹਿਤ ਦਾ ਪ੍ਰਾਚੀਨ ਭਾਗ ਜਨਮ-ਸਾਖੀਆਂ ਹਨ। ਇਨ੍ਹਾਂ ਵਿਚ ਇਹ ਦਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ, ਉਥੇ ਤਿੰਨ ਮੁਖ ਉਪਦੇਸ਼ ਦ੍ਰਿੜ ਕਰਾਉਂਦੇ ਸਨ :

੧. ਨਾਮ ਜਪਣਾ ੨. ਕਿਰਤ ਕਰਨਾ ੩. ਵੰਡ ਛਕਣਾ।

ਨਾਮ ਜਪਣ ਨਾਲ ਆਤਮਾ ਸ਼ੁਧ ਹੁੰਦੀ ਹੈ, ਕਿਰਤ ਨਾਲ ਸਰੀਰ ਅਤੇ ਵੰਡ ਕੇ ਛਕਣ ਦੀ ਰੀਤਿ ਨਾਲ ਮਨ ਸ਼ੁੱਧ ਹੁੰਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਨਾਮ ਸਿਮਰਨ ਆਤਮਕ ਰਹਿਤ ਹੈ, ਕਿਰਤ ਕਰਨਾ ਸਰੀਰਕ ਰਹਿਤ ਅਤੇ ਵੰਡ ਛਕਣਾ ਮਾਨਸਿਕ ਰਹਿਤ ਹੈ। ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰਉਪਕਾਰੀ ਸੁਭਾਅ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ, ਜੋ ਸ੍ਰੇਸ਼ਟਾਚਾਰ ਦਾ ਇਕ ਪ੍ਰਮੁਖ ਲੱਛਣ ਹੈ। ਇਹ ਦਾਨ ਤੋਂ ਉਚੇਰੀ ਅਵਸਥਾ ਹੈ, ਦਾਨ ਵਿਚ ਇਕ ਭਿਖਾਰੀ ਹੁੰਦਾ ਹੈ, ਦੂਜਾ ਦਾਤਾ, ਇਕ ਪਰਾਧੀਨ ਬਣ ਜਾਂਦਾ ਹੈ, ਦੂਜਾ ਮਾਲਕ, ਪਰੰਤੂ ਵੰਡ ਛਕਣ ਦਾ ਗੁਣ ਸਮਾਨਤਾ ਤੇ ਬਰਾਬਰੀ ਦੇ ਭਾਵ ਪਰਿਪੱਕ ਕਰਦਾ ਹੈ। ਸੋ ਪੁਰਾਤਨ ਸਿਖ ਮਰਯਾਦਾ ਦੇ ਪਰਧਾਨ ਨੁਕਤੇ ਇਸੇ ਕਥਨ ਵਿਚ ਆ ਜਾਂਦੇ ਹਨ। 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਵਾਲੇ ਪ੍ਰਸਿਧ ਨਾਅਰੇ ਵਿਚ ਵੀ ਸਿਖੀ ਦੇ ਦੋ ਮੂਲ ਆਦਰਸ਼ਾਂ—ਨਾਮ ਤੇ ਸੇਵਾ—ਨੂੰ ਇਕ ਥਾਂ ਗੁੰਦਿਆ ਗਿਆ ਹੈ। ਇਹ ਸਿਖੀ ਮਹੱਲ ਦੇ ਦੋ ਥੰਮ੍ਹ ਹਨ, ਜਿਨ੍ਹਾਂ ਆਸਰੇ ਇਹ ਸਾਰੀ ਇਮਾਰਤ ਖੜੀ ਹੈ। ਸਿਖ ਜੀਵਨ ਦਾ ਉਦੇਸ਼ ਹੀ ਇਹ ਹੈ ਕਿ ਜਿਥੇ ਉਸ ਦੀ ਆਤਮਾ ਨੇ ਆਪਣੇ ਮੂਲ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ, ਉਥੇ ਸਾਰੇ ਮਨੁੱਖਾਂ ਨਾਲ ਵੀ ਏਕਤਾ ਅਤੇ ਸਾਂਝ ਦਾ ਵਰਤਾਰਾ ਵਰਤਾਉਣਾ ਹੈ। ਦਰਅਸਲ ਧਰਮ ਹੈ ਹੀ ਉਹ ਜੀਵਨ-ਜਾਚ ਜਿਸ ਦੁਆਰਾ ਮਨੁੱਖ ਦਾ ਰੱਬ ਨਾਲ ਰਿਸ਼ਤਾ ਸੁਰਜੀਤ ਹੁੰਦਾ ਤੇ ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ਪਰਿਪੱਕ ਹੁੰਦਾ ਹੈ। ਨਾਮ ਸਿਮਰਨ ਰਾਹੀਂ ਰੱਬ ਨਾਲ ਅਤੇ ਸੇਵਾ ਰਾਹੀਂ ਮਨੁੱਖ ਜਾਤੀ ਨਾਲ ਰਿਸ਼ਤਾ ਬੱਝਦਾ ਹੈ। ਧਰਮ ਦਾ ਅਸਲੀ ਪ੍ਰਕਾਸ਼ ਇਸੇ ਵਤੀਰੇ ਤੋਂ ਪਰਗਟ ਹੁੰਦਾ ਹੈ ਕਿ ਉਹ ਦੂਜਿਆਂ ਨਾਲ ਕਿਵੇਂ ਵਰਤਦਾ ਹੈ, 'ਸਰਬਤ ਦਾ ਭਲਾ' ਇਸ ਦੀ ਸੁੰਦਰ ਮੁਖ ਕਸੌਟੀ ਹੈ।

ਪਰ ਕਾ ਬੁਰਾ ਨ ਰਾਖਹੁ ਚੀਤ। ਤੁਮ ਕਉ ਦੁਖੁ ਨਹੀ ਭਾਈ ਮੀਤ।

*(ਆਸਾ ਮ: ੫, ਪੰਨਾ ੩੮੬)*

ਪੁਰਾਤਨ ਮਤਾਂ ਵਿਚ ਇਸ ਸੁਮੇਲ ਦਾ ਕੁਝ ਅਭਾਵ ਸੀ ਜੋ ਲੋਕ ਆਤਮਾ ਨੂੰ ਪਰਮਾਤਮਾ ਨਾਲ ਮੇਲਣ ਦਾ ਸ਼ੌਕ ਰਖਦੇ ਸਨ, ਉਹ ਸੰਸਾਰ ਨੂੰ ਛਡਕੇ ਬਨਵਾਸ ਲੈ ਲੈਂਦੇ ਸਨ। ਉਨ੍ਹਾਂ ਦੇ ਖ਼ਿਆਲ ਵਿਚ ਸੰਸਾਰ ਮਾਤਰ ਨਾਲ ਕਿਸੇ ਕਿਸਮ ਦਾ ਸਰੋਕਾਰ ਜਿਵੇਂ ਕੋਈ ਅਧਾਰਮਿਕ ਜਿਹੀ ਗੱਲ ਸੀ। ਦੂਜੇ ਸ਼ਬਦਾਂ ਵਿਚ ਮਨੁੱਖਾਂ ਯਾ ਮਨੁੱਖੀ ਸਮਾਜ ਨਾਲ ਰਿਸ਼ਤਾ ਰੱਖਣਾ ਉਹ ਜ਼ਰੂਰੀ ਨਹੀਂ ਸੀ ਸਮਝਦੇ। ਸੰਨਿਆਸੀ, ਤਿਆਗੀ, ਵੈਰਾਗੀ, ਸਿੱਧ, ਜੋਗੀ ਸਭ ਇਸੇ ਕਿਸਮ ਦੇ ਲੋਕ ਸਨ। ਇਸੇ ਤਰ੍ਹਾਂ ਕਈ ਮਤ ਐਸੇ ਵੀ ਪੈਦਾ ਹੋਏ ਜਿਨ੍ਹਾਂ ਰੱਬ ਨਾਲ ਰਿਸ਼ਤਾ ਗੰਢਣਾ ਉੱਕਾ ਹੀ ਬੇਲੋੜਾ ਦੱਸਿਆ ਤੇ ਕੇਵਲ ਮਨੁੱਖੀ ਸਾਂਝ ਨੂੰ ਪੱਕਿਆਂ ਕਰਨਾ ਹੀ ਜੀਵਨ-ਮਨੋਰਥ ਬਣਾਇਆ। ਇਨ੍ਹਾਂ ਅਨੁਸਾਰ ਕਿਸੇ ਦਾ ਬੁਰਾ ਨਾ ਕਰਨਾ—'ਅਹਿੰਸਾ' ਹੀ ਪਰਮ ਧਰਮ ਸੀ। ਇਹ ਬੋਧੀ ਤੇ ਜੈਨੀ ਆਦਿ ਆਚਾਰਵਾਦੀ ਸਨ ਤੇ ਅਧਿਆਤਮਵਾਦ ਲਈ ਇਨ੍ਹਾਂ ਦੇ ਮਤ ਵਿਚ ਕੋਈ ਥਾਂ ਨਹੀਂ ਸੀ।

ਪੁਰਾਤਨ ਭਾਰਤੀ ਪਰੰਪਰਾ ਦਾ ਮੰਦਾ ਅਸਰ ਇਨ੍ਹਾਂ ਉਤੇ ਇਹ ਪਿਆ ਕਿ ਇਨ੍ਹਾਂ ਵੀ ਸੰਸਾਰੀ ਜੀਵਨ ਨੂੰ ਤਿਲਾਂਜਲੀ ਦੇ ਦਿਤੀ। ਅਧਿਆਤਮਕ ਰਿਸ਼ਤੇ ਵਿਚ ਇਹ ਉਂਜ ਯਕੀਨ ਨਹੀਂ ਸੀ ਕਰਦੇ ਤੇ ਜਦੋਂ ਇਨ੍ਹਾਂ ਸਮਾਜਕ ਜੀਵਨ ਤਿਆਗ ਕੇ ਬਨਵਾਸ ਲੈ ਲਿਆ ਅਤੇ ਭਿੱਖੂ ਜੀਵਨ ਜੀਊਣਾ ਆਦਰਸ਼ ਬਣਾ ਲਿਆ ਤੇ ਕੰਮ ਕਾਰ ਕਰਨ ਦੀ ਲੋੜ ਨਾ ਸਮਝੀ ਤਾਂ ਫਿਰ ਇਹ ਮਨੁੱਖੀ ਸੰਬੰਧਾਂ ਦੀ ਸਿਰਜਨਾ ਜੋਗੇ ਵੀ ਨਾ ਰਹੇ। ਇਹ ਆਤਮਕ ਕਲਿਆਣ ਦੇ ਮੁੱਦਈ, ਕੰਮ ਕਾਰ ਕੋਈ ਨਹੀਂ ਸੀ ਕਰਦੇ, ਸਰੀਰਕ ਨਿਰਬਾਹ ਲਈ ਜੇ ਰੋਟੀ ਕਪੜੇ ਦੀ ਲੋੜ ਬਣਦੀ ਤਾਂ ਭਿਖਿਆ ਮੰਗਣਾ ਅਧਿਕਾਰ ਸਮਝਦੇ ਸਨ। ਇਸ ਧਰਮ-ਮਰਯਾਦਾ ਦਾ ਸਿੱਟਾ ਇਹ ਸੀ ਕਿ ਸੰਨਿਆਸੀ, ਵੈਰਾਗੀ, ਜੋਗੀ, ਸਿਧ, ਬੋਧੀ, ਭਿੱਖੂ ਅਤੇ ਜੈਨੀ ਮਹਾਤਮਾਂ ਸਭੇ ਸਮਾਜ ਲਈ ਬੋਝ ਬਣ ਗਏ। ਸਮਾਜਕ ਉੱਧਾਰ ਇਨ੍ਹਾਂ ਬੇਚਾਰਿਆਂ ਕੀ ਕਰਨਾ ਸੀ, ਸਗੋਂ ਇਹ ਦੂਜਿਆਂ ਦੀ ਕਮਾਈ 'ਤੇ ਪਲ ਕੇ ਹੋਰਾਂ ਨੂੰ ਔਖਿਆਂ ਕਰਦੇ ਸਨ। ਇਨ੍ਹਾਂ ਦੇ ਖ਼ਿਆਲ ਵਿਚ ਏਕਾਂਤ ਦਾ ਜਪ ਤਪ ਹੀ ਉਚੇਰੀ ਕਿਰਤ ਕਾਰ ਸੀ ਤੇ ਸੰਸਾਰੀ ਕਾਰ-ਵਿਹਾਰ ਇਕ ਨਿਖਿੱਧ ਗੱਲ। ਦੂਜੇ ਪਾਸੇ ਗ੍ਰਿਹਸਤੀ ਜੀਵਨ ਵਾਲੇ ਸੰਸਾਰਕ ਧੰਦਿਆਂ ਵਿਚ ਇਤਨੇ ਖਚਤ ਸਨ ਕਿ ਉਹ ਆਤਮਕ ਸ਼ਾਂਤੀ ਲਈ ਨਾਮ ਜਪਣ ਯਾ ਹੋਰ ਉਚੇਰਾ ਕਰਮ ਕਰਨ ਲਈ ਵਿਹਲ ਹੀ ਨਹੀਂ ਸੀ ਕੱਢ ਸਕਦੇ। ਸੋ ਸਮੁੱਚੀ ਅਵਸਥਾ ਇਹ ਸੀ ਕਿ ਨਾਮ ਜਪਣ ਵਾਲੇ ਯਾ ਧਰਮ ਕਮਾਉਣ ਵਾਲੇ ਕੰਮ ਨਹੀਂ

ਸੀ ਕਰਦੇ ਤੇ ਕੰਮ ਕਰਨ ਵਾਲੇ ਗ੍ਰਿਹਸਤੀ, ਧਰਮ ਨਹੀਂ ਸੀ ਕਮਾਉਂਦੇ।

ਗੁਰੂ ਨਾਨਕ ਸਾਹਿਬ ਨੇ ਇਸ ਕਿਸਮ ਦੀ ਅਵਸਥਾ ਸਮੇਂ ਆਪਣੀ ਰਹਿਤ ਮਰਯਾਦਾ ਵਿਚ ਨਾਮ ਸਿਮਰਨ ਤੇ ਕਿਰਤ ਦੋਵੇਂ ਲਾਜ਼ਮੀ ਕਰਾਰ ਦਿੱਤੀਆਂ ਅਤੇ ਨਾਲ ਹੀ ਵੰਡ ਛਕਣ ਦੀ ਰਹੁ-ਰੀਤ ਬਣਾ ਕੇ ਸੋਨੇ ਤੇ ਸੁਹਾਗੇ ਦਾ ਕੰਮ ਕਰ ਦਿਤਾ। ਇਸ ਦਾ ਸਿੱਟਾ ਇਹ ਸੀ ਕਿ ਸਮਾਜਕ ਜੀਵਨ ਦੇ ਮਹੱਤਵ ਨੂੰ ਪਛਾਣ ਕੇ ਕਿਰਤ-ਕਮਾਈ ਨੂੰ ਧਾਰਮਕ ਨੇਮਾਵਲੀ ਦਾ ਗੌਰਵਮਈ ਅੰਗ ਬਣਾਇਆ ਗਿਆ। ਇਹ ਕ੍ਰਾਂਤੀਕਾਰੀ ਪਰਿਵਰਤਨ ਸੀ, ਜਿਸ ਨੇ ਭਾਰਤੀ ਧਰਮ-ਮਰਯਾਦਾ ਦੀਆਂ ਕਈ ਗੁੰਝਲਾਂ ਸੁਲਝਾ ਦਿਤੀਆਂ। ਨਾਮ ਇਸ ਲਈ ਜ਼ਰੂਰੀ ਸੀ ਕਿ ਇਸ ਨਾਲ ਆਤਮਾ, ਪਰਮਾਤਮਾ ਨਾਲ ਇਕਸੁਰ ਹੋ ਕੇ ਨਿਰਮਲ ਤੇ ਵਿਸ਼ਾਲ ਹੋ ਜਾਂਦੀ ਸੀ, ਤੇ ਇਹ ਵਿਸ਼ਾਲ ਆਤਮਾ ਵਿਸ਼ਵ-ਸਾਂਝ ਦਾ ਨਗਮਾ ਛੇੜ ਕੇ ਸੇਵਾ ਦੁਆਰਾ ਸਰਬਤ ਦੇ ਭਲੇ ਲਈ ਸਹਿਜ ਸੁਭਾਅ ਤਤਪਰ ਹੋ ਰਹਿੰਦੀ ਸੀ। ਇਉਂ ਸਤਿਗੁਰਾਂ ਸਿਖੀ ਦੀ ਮੂਲ ਰਹਿਤ ਮਰਯਾਦਾ ਵਿਚ ਨਾਮ ਤੇ ਸੇਵਾ ਦਾ ਸੰਗਮ ਰਚਿਆ :

**ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ।**

*(ਸਿਰੀਰਾਗੁ ਮ: ੧, ਪੰਨਾ ੨੬)*

ਪ੍ਰਾਚੀਨ ਭਾਰਤ ਵਿਚ ਦੋ ਵਿਚਾਰਧਾਰਾਂ ਪ੍ਰਧਾਨ ਸਨ—ਇਕ ਅਧਿਆਤਮਵਾਦੀ ਤੇ ਦੂਜੀ ਆਚਾਰਵਾਦੀ। ਅਧਿਆਤਮਵਾਦੀ ਬ੍ਰਹਮ-ਪਰਾਇਣ ਹੋਣਾ ਹੀ ਸਾਰਾ ਜੀਵਨ ਸਮਝਦੇ ਸਨ ਅਤੇ ਆਚਾਰਵਾਦੀ ਕੇਵਲ ਮਨੁੱਖੀ ਸ੍ਰੇਸ਼ਟਾਚਾਰ ਉਤੇ ਹੀ ਜ਼ੋਰ ਦਿੰਦੇ ਸਨ। ਗੁਰੂ ਨਾਨਕ ਸਾਹਿਬ ਨੇ ਦੋਹਾਂ ਨੂੰ ਜੋੜਿਆ, ਰੱਬੀ ਸਿਮਰਨ ਤੇ ਸ੍ਰੇਸ਼ਟਾਚਾਰ ਦਾ ਸੰਜੋਗ ਕੀਤਾ :

**ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਾਲੀਐ।**
**ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ।**

*(ਵਾਰ ਆਸਾ, ਮ: ੧, ਪੰਨਾ ੪੭੪)*

ਭਗਤੀ ਵਾਲੇ ਗੁਣ ਆਚਾਰ ਦੀ ਪ੍ਰਵਾਹ ਨਹੀਂ ਸੀ ਕਰਦੇ ਅਤੇ ਆਚਾਰ ਵਾਲੇ ਭਗਤੀ ਦੀ ਲੋੜ ਨਹੀਂ ਸੀ ਸਮਝਦੇ, ਗੁਰੂਆਂ ਦੋਹਾਂ ਦਾ ਮਹੱਤਵ ਪਛਾਣ ਕੇ ਸਾਫ਼ ਕਿਹਾ ਸੀ ਕਿ ਭਗਤੀ, ਆਚਾਰ ਬਿਨਾਂ ਸੰਪੂਰਣ ਨਹੀਂ :

**ਸਭਿ ਗੁਣ ਤੇਰੇ ਮੈ ਨਾਹੀ ਕੋਇ। ਵਿਣੁ ਗੁਣ ਕੀਤੇ ਭਗਤਿ ਨ ਹੋਇ।**

*(ਜਪੁ, ਪੰਨਾ ੪)*

ਪਿਛਲੇ ਲੋਕੀ, ਪਰਲੋਕ ਸੰਵਾਰਦੇ ਸਨ, ਇਸ ਲੋਕਿਕ ਜੀਵਨ ਨੂੰ ਛੱਡ ਕੇ। ਜਿਸ ਨੇ ਲੋਕਿਕ ਜੀਵਨ ਨੂੰ ਤਿਆਗ ਹੀ ਦਿਤਾ, ਉਸ ਨੂੰ ਸਮਾਜਕ ਮਰਯਾਦਾ

ਪਾਲਣ ਦੀ ਕੀ ਲੋੜ ਜਾਂ ਮਨੁੱਖਾਂ ਨਾਲ ਸੁਚੱਜੇ ਵਰਤਾਉ ਦੀ ਸਿਖਿਆ ਦਾ ਉਸ ਨੂੰ ਕੀ ਲਾਭ ਹੋ ਸਕਦਾ ਸੀ। ਮਿੱਠਾ ਬੋਲਣਾ, ਧੀਰਜਵਾਨ ਤੇ ਸਹਿਨਸ਼ੀਲ ਹੋਣਾ ਗੁਣ ਹਨ, ਪਰ ਜਿਸ ਨੇ ਏਕਾਂਤ ਵਿਚ ਮੋਨ ਧਾਰ ਕੇ ਬਨਵਾਸੀ ਜੀਵਨ ਬਿਤਾਉਣਾ ਹੈ, ਉਸ ਨੂੰ ਇਸ ਦੇ ਅਭਿਆਸ ਲਈ ਮੌਕਾ ਹੀ ਕਿਵੇਂ ਮਿਲ ਸਕਦਾ ਸੀ। ਨ ਉਸ ਨੇ ਕਿਸੇ ਦੀ ਸਖ਼ਤ ਯਾ ਕੌੜੀ ਗੱਲ ਸੁਣਨੀ ਹੈ ਤੇ ਨ ਉਹ ਸਹਿਨਸ਼ੀਲਤਾ ਦੇ ਗੁਣ ਨੂੰ ਵਧਾ ਸਕਦਾ ਹੈ। ਇਸ ਗੁਣ ਦਾ ਵਿਕਾਸ ਤੇ ਪ੍ਰਕਾਸ਼ ਸਮਾਜਕ ਮੇਲ-ਜੋਲ ਵਿਚ ਹੀ ਸੰਭਵ ਹੈ, ਸਮਾਜ ਤੋਂ ਵੱਖ ਹੋ ਕੇ ਇਸ ਦਾ ਹੋਰ ਖੇਤਰ ਨਹੀਂ ਰਹਿ ਜਾਂਦਾ। ਇਹ ਇਕ ਹਕੀਕਤ ਹੈ ਕਿ ਮਨੁੱਖ ਸਮਾਜਕ ਪ੍ਰਾਣੀ ਹੈ, ਇਹ ਆਲੇ-ਦੁਆਲੇ ਦੀ ਕ੍ਰਿਆ ਤੋਂ ਆਪ ਪ੍ਰਭਾਵਿਤ ਹੁੰਦਾ ਅਤੇ ਦੂਜਿਆਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸੋ ਇਸ ਗੁਣ ਕਰਕੇ ਪਲਾਇਨਵਾਦੀ ਵਿਚਾਰਧਾਰਾ ਨਾਲ ਇਸ ਦਾ ਬਹੁ-ਪੱਖੀ ਵਿਕਾਸ ਹੋਣਾ ਸੰਭਵ ਨਹੀਂ ਸੀ, ਇਸ ਕਰਕੇ ਗੁਰੂਆਂ ਵਿਅਕਤੀਗਤ ਸੋਧ ਤੋਂ ਇਲਾਵਾ ਸਤਿਸੰਗ ਕਰਨ ਨੂੰ ਪ੍ਰਮੁੱਖ ਰਹਿਤ ਕਰਾਰ ਦਿੱਤਾ। ਨਾਮ ਤੇ ਸੇਵਾ ਦਾ ਪਾਠ ਸ਼ਾਇਦ ਸਾਨੂੰ ਇਕੱਠਿਆਂ ਰਹਿ ਕੇ ਜਾਂ ਗਿਆਨ-ਗ੍ਰੰਥ ਪੜ੍ਹਕੇ ਨਾ ਆ ਸਕੇ, ਇਸ ਲਈ ਅਮਲੀ ਪ੍ਰਯੋਗਸ਼ਾਲਾ ਦੀ ਲੋੜ ਹੈ, ਇਹ ਸਤਿਸੰਗ ਤੋਂ ਪੂਰੀ ਹੁੰਦੀ ਹੈ। ਗੁਰੂ ਸਾਹਿਬ ਨੇ ਕੀਰਤਨ ਤੇ ਸਤਿਸੰਗ ਨੂੰ ਸਿਰਮੌਰ ਕਰਮ ਦਸਿਆ ਹੈ :

**ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ।**

*(ਸੋਰਠਿ ਮ: ੫, ਪੰਨਾ ੬੪੨)*

ਸਤਿਸੰਗ ਇਕ ਅਜਿਹੀ ਕੇਂਦਰੀ ਟਕਸਾਲ ਹੈ ਜਿਸ ਵਿਚ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦੇ ਤਿਆਗ ਦੀ ਜਾਚ ਆਉਂਦੀ ਹੈ। ਨਾਮ ਸਿਮਰਨ ਦੀ ਕਮਾਈ ਇਥੇ ਸਾਮੂਹਕ ਰੂਪ ਵਿਚ ਹੁੰਦੀ ਤੇ ਸੇਵਾ ਦਾ ਸੁਭਾਗਾ ਖੇਤਰ ਵੀ ਇਹੋ ਹੈ ਜਿਥੇ ਸਤਸੰਗੀ, ਨਿਰਮਾਣਤਾ ਤੇ ਏਕਤਾ ਦੀ ਸੰਥਾ ਸਿਖਦਾ ਹੈ। ਸੱਚ ਪੁੱਛੋ, ਸਤਸੰਗ, ਸਿਮਰਨ ਤੇ ਸੇਵਾ ਦਾ ਸਾਧਨਾ-ਸਥਾਨ ਹੈ ਜਿਥੇ ਧਨੀ-ਨਿਰਧਨ, ਗਿਆਨੀ-ਅਗਿਆਨੀ, ਛੋਟੇ-ਵੱਡੇ ਸਭ, ਕੁਝ ਨ ਕੁਝ ਪਾ ਹੀ ਲੈਂਦੇ ਹਨ। ਇਸੇ ਲਈ ਕਿਹਾ ਗਿਆ ਹੈ :

**ਆਵਹੁ ਭੈਣੇ ਗਲਿ ਮਿਲਹ, ਅੰਕਿ ਸਹੇਲੜੀਆਹ।**
**ਮਿਲਿ ਕੈ ਕਰਹ ਕਹਾਣੀਆ, ਸੰਮ੍ਰਥ ਕੰਤ ਕੀਆਹ।**

*(ਸਿਰੀਰਾਗੁ ਮ: ੧, ਪੰਨਾ ੧੭)*

ਸੋ ਸਿਖ ਨੇ ਵਿਅਕਤੀਗਤ ਤੌਰ ਤੇ ਅਤੇ ਸਮਾਜਕ ਤੌਰ ਤੇ ਉਮਰ ਭਰ ਅਜੇਹੀ ਜੀਵਨ-ਜਾਚ ਦਾ ਅਭਿਆਸ ਕਰਦੇ ਰਹਿਣਾ ਹੈ ਜਿਸ ਦੁਆਰਾ ਸਿਮਰਨ ਸੇਵਾ, ਸਤ, ਸੰਤੋਖ, ਗਿਆਨ, ਦਯਾ, ਸੰਜਮ, ਧੀਰਜ, ਖਿਮਾਂ, ਸ਼ਾਂਤੀ, ਨਿਮ੍ਰਤਾ, ਤਿਆਗ,

ਪਰਉਪਕਾਰ, ਰਜ਼ਾ ਤੇ ਭਾਣਾ ਆਦਿ ਗੁਣ ਪੈਦਾ ਹੋਣ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ, ਮਮਤਾ, ਤ੍ਰਿਸ਼ਨਾ, ਈਰਖਾ, ਬਖੀਲੀ, ਨਿੰਦਾ, ਚੁਗਲੀ, ਵੈਰ-ਵਿਰੋਧ ਆਦਿ ਔਗੁਣ ਨ ਰਹਿਣ। ਸਾਰੇ ਧਰਮ-ਕਰਮਾਂ ਦਾ ਸਾਰ ਇਹੋ ਹੈ। ਆਦਿ ਗੁਰੂ ਗ੍ਰੰਥ ਵਿਚ ਇਨ੍ਹਾਂ ਗੱਲਾਂ ਨੂੰ ਬਾਰ ਬਾਰ ਦ੍ਰਿੜ੍ਹ ਕਰਾਇਆ ਗਿਆ ਹੈ।

ਵੰਨਗੀ ਵਜੋਂ ਕੁਝ ਪ੍ਰਮਾਣ ਪੇਸ਼ ਕਰਦੇ ਹਾਂ :

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।**
**ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।**

*(ਸੋਰਠਿ ਮ: ੧, ਪੰਨਾ ੫੯੫)*

**ਗੁਣਾ ਕੀ ਰਾਸਿ ਸੰਗ੍ਰਹੈ, ਅਵਗਣ ਕਢੈ ਵਿਡਾਰਿ।**
**ਨਾਨਕ ਮਿਲਿਆ ਸੋ ਜਾਣੀਐ,**
**ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ।**

*(ਵਾਰ ਮਾਰੂ ਮ: ੩, ਪੰਨਾ ੧੦੮੭)*

**ਅਉਗਣ ਸਭਿ ਮਿਟਾਇ ਕੈ, ਪਰਉਪਕਾਰੁ ਕਰੇਇ।**

*(ਗਉੜੀ ਮਾਝ ਮ: ੫, ਪੰਨਾ ੨੧੮)*

**ਜੇ ਲੋੜਹਿ ਚੰਗਾ ਆਪਣਾ, ਕਰਿ ਪੁੰਨਹੁ ਨੀਚੁ ਸਦਾਈਐ।**

*(ਵਾਰ ਆਸਾ ਮ: ੧, ਪੰਨਾ ੪੬੫)*

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।**

*(ਵਾਰ ਆਸਾ ਮ: ੧, ਪੰਨਾ ੪੭੦)*

**ਉਸਤਤਿ ਮਨ ਮਹਿ ਕਰਿ ਨਿਰੰਕਾਰੁ।**
**ਕਰਿ ਮਨ ਮੇਰੇ ਸਤਿ ਬਿਉਹਾਰ।**

*(ਗਉੜੀ ਸੁਖਮਨੀ ਮ: ੫, ਪੰਨਾ ੨੮੧)*

**ਰੋਸੁ ਨ ਕਾਹੂ ਸੰਗ ਕਰਹੁ, ਆਪਨ ਆਪੁ ਬੀਚਾਰਿ।**
**ਹੋਇ ਨਿਮਾਨਾ ਜਗਿ ਰਹਹੁ, ਨਾਨਕ ਨਦਰੀ ਪਾਰਿ।**

*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯)*

**ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹੰਢਾਇ।**

*(ਸਲੋਕ ਫਰੀਦ, ਪੰਨਾ ੧੩੮੧)*

**ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।**

*(ਵਾਰ ਗਉੜੀ ਮ: ੫, ਪੰਨਾ ੩੨੨)*

ਭਉ ਭੁਇ ਪਵਿਤੁ ਪਾਣੀ, ਸਤੁ, ਸੰਤੋਖੁ ਬਲੇਦ।
ਹਲੁ ਹਲੇਮੀ ਹਾਲੀ ਚਿਤੁ, ਚੇਤਾ ਵਤ੍ਰ, ਵਖਤ ਸੰਜੋਗੁ।

*(ਵਾਰ ਰਾਮਕਲੀ, ਮ: ੧, ਪੰਨਾ ੯੫੫)*

ਸਤ ਸੰਤੋਖਿ ਰਹਹੁ ਜਨ ਭਾਈ। ਖਿਮਾ ਗਹਹੁ ਸਤਿਗੁਰ ਸਰਣਾਈ।
ਆਤਮੁ ਚੀਨਿ ਪਰਾਤਮੁ ਚੀਨਹੁ ਗੁਰਸੰਗਤਿ ਇਹੁ ਨਿਸਤਾਰਾ ਹੇ।

*(ਮਾਰੂ ਮ: ੧, ਪੰਨਾ ੧੦੩੦)*

ਸਚੁ ਵਰਤੁ ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ
ਦਇਆ ਦੇਵਤਾ ਖਿਮਾ ਜਪਮਾਲੀ, ਤੇ ਮਾਣਸ ਪਰਧਾਨ।

*(ਵਾਰ ਸਾਰੰਗ, ਮ: ੧, ਪੰਨਾ ੧੨੪੫)*

ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ। ਸਾਚੁ ਨਾਮੁ ਰਿਦੇ ਰਵੈ ਸਰੀਰ।

*(ਆਸਾ ਮ: ੧, ਪੰਨਾ ੩੫੬)*

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ।

*(ਰਾਮਕਲੀ ਮ: ੩, ਅਨੰਦੁ, ਪੰਨਾ ੯੧੮)*

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ, ਨਾਮੁ ਮਹਾ ਰਸੁ ਪੀਓ।

*(ਬਿਲਾਵਲੁ ਮ: ੫, ਪੰਨਾ ੮੦੨)*

ਪਰਧਨ ਪਰਦਾਰਾ ਪਰਨਿੰਦਾ, ਇਨ ਸਿਉ ਪ੍ਰੀਤਿ ਨਿਵਾਰਿ।

*(ਆਸਾ ਮ: ੫, ਪੰਨਾ ੩੭੯)*

ਮਨ ਕੀ ਮਤਿ ਤਿਆਗਹੁ ਹਰਿਜਨ ਹੁਕਮੁ ਬੂਝਿ ਸੁਖੁ ਪਾਈਐ ਰੇ।

*(ਗਉੜੀ ਮ: ੫, ਪੰਨਾ ੨੦੯)*

ਜਿਥੈ ਜਾਇ ਬਹੀਐ ਭਲਾ ਕਹੀਐ, ਝੋਲਿ ਅੰਮ੍ਰਿਤੁ ਪੀਜੈ।

*(ਸੂਹੀ ਮ: ੧, ਪੰਨਾ ੭੬੬)*

ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਆਪਿ ਕਰੇ।

*(ਰਾਮਕਲੀ ਮ: ੧, ਪੰਨਾ ੮੭੭)*

ਕੋਮਲ ਬਾਣੀ ਸਭ ਕਉ ਸੰਤੋਖੈ।

*(ਥਿਤੀ ਗਉੜੀ ਮ: ੫, ਪੰਨਾ ੨੯੯)*

ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ।

*(ਵਾਰ ਆਸਾ ਮ: ੧, ਪੰਨਾ ੪੭੩)*

ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ। *(ਆਸਾ ਫਰੀਦ, ਪੰਨਾ ੪੮੮)*

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ। ਰਸਨਾ ਰਾਮ ਰਸਾਇਨੁ ਪੀਜੈ।

*(ਭੈਰਉ ਨਾਮਦੇਵ, ਪੰਨਾ ੧੧੬੪)*

## *ਗੁਰਸਿਖ-ਰਹਿਣੀ*

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।

*(ਵਾਰ ਗਉੜੀ, ਮ: ੪, ਪੰਨਾ ੩੦੫)*

## *ਸੰਤ-ਰਹਿਤ*

ਆਠ ਪਹਰ ਨਿਕਟਿ ਕਰਿ ਜਾਨੈ। ਪ੍ਰਭ ਕਾ ਕੀਆ ਮੀਠਾ ਮਾਨੈ।
ਏਕੁ ਨਾਮੁ ਸੰਤਨ ਆਧਾਰੁ। ਹੋਇ ਰਹੇ ਸਭ ਕੀ ਪਗ ਛਾਰੁ।੧।
ਸੰਤ 'ਰਹਤ' ਸੁਨਹੁ ਮੇਰੇ ਭਾਈ। ਉਆ ਕੀ ਮਹਿਮਾ ਕਥਨੁ ਨ ਜਾਈ।੧।ਰਹਾਉ।
ਵਰਤਣਿ ਜਾ ਕੈ ਕੇਵਲ ਨਾਮ। ਅਨਦ ਰੂਪ ਕੀਰਤਨੁ ਬਿਸ੍ਰਾਮ।
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ। ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ।੨।
ਕੋਟਿ ਕੋਟਿ ਅਘ ਕਾਟਨਹਾਰਾ। ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।
ਸੂਰਬੀਰ ਬਚਨ ਕੇ ਬਲੀ। ਕਉਲਾ ਬਪੁਰੀ ਸੰਤੀ ਛਲੀ।੩।

ਤਾ ਕਾ ਸੰਗ ਬਾਛਹਿ ਸੁਰ ਦੇਵ। ਅਮੋਘ ਦਰਸੁ ਸਫਲ ਜਾ ਕੀ ਸੇਵ।
ਕਰ ਜੋੜਿ ਨਾਨਕੁ ਕਰੇ ਅਰਦਾਸਿ। ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।੪।

*(ਆਸਾ ਮ: ੫, ਪੰਨਾ ੩੯੨)*

*ਬ੍ਰਹਮਗਿਆਨੀ*

ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ।੧।ਰਹਾਉ।
ਨਹ ਨਿੰਦਾ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ।
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨੁ ਅਪਮਾਨਾ।੧।
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ।
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ, ਤਿਹ ਘਟਿ ਬ੍ਰਹਮ ਨਿਵਾਸਾ।੨।
ਗੁਰਿ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ।
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ।੩।

*(ਸੋਰਠਿ ਮ: ੯, ਪੰਨਾ ੬੩੩)*

ਰੇ ਮਨ ਐਸੋ ਕਰ ਸੰਨਿਆਸਾ।
ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ।੧।ਰਹਾਉ।
ਜਤ ਕੀ ਜਟਾ ਜੋਗ ਕੋ ਮਜਨ, ਨੇਮ ਕੇ ਨਖਨ ਬਢਾਓ।
ਗਯਾਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ।੧।
ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਬੋ, ਹ੍ਵੈਬੋ ਤ੍ਰਿਗੁਣ ਅਤੀਤਿ।੨।
ਕਾਮ ਕ੍ਰੋਧ ਅਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲ੍ਯਾਵੈ।
ਤਬ ਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹਿ ਪਾਵੈ।੩।੧।

*(ਰਾਮਕਲੀ ਪਾਤਸ਼ਾਹੀ ੧੦)*

ਆਤਮ ਉਪਦੇਸ ਭੇਸੁ ਸੰਜਮ ਕੋ, ਜਾਪ ਸੁ ਅਜਪਾ ਜਾਪੈ,
ਸਦਾ ਰਹੈ ਕੰਚਨ ਸੀ ਕਾਯਾ, ਕਾਲ ਨ ਕਬਹੂੰ ਬਿਆਪੈ।

*(ਰਾਮਕਲੀ ਪਾ: ੧੦)*

ਭਾਈ ਗੁਰਦਾਸ ਤੋਂ ਵੀ ਇਸੇ ਰਹਿਤ-ਮਰਯਾਦਾ ਦੀ ਪੁਸ਼ਟੀ ਹੁੰਦੀ ਹੈ:

ਕੁਰਬਾਣੀ ਤਿਨਾ ਗੁਰ ਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨਾ ਗੁਰ ਸਿਖਾਂ ਅੰਮ੍ਰਿਤੁ ਵੇਲੇ ਸਰਿ ਨਾਵੰਦੇ।

ਕੁਰਬਾਣੀ ਤਿਨਾ ਗੁਰ ਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨਾ ਗੁਰ ਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨਾ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨਾ ਗੁਰ ਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।
ਕੁਰਬਾਣੀ ਤਿਨਾ ਗੁਰ ਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲੁ ਸੁਫਲ ਫਲੰਦੇ।੨।

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ।੪।

*(ਵਾਰ ਭਾਈ ਗੁਰਦਾਸ, ੧੨ਵੀਂ)*

ਗੁਰਬਾਣੀ ਤੋਂ ਇਲਾਵਾ ਆਦਿ ਗ੍ਰੰਥ ਦੀਆਂ ਪ੍ਰਾਚੀਨ ਹੱਥ-ਲਿਖਤ ਬੀੜਾਂ ਵਿਚ ਕਿਤੇ ਕਿਤੇ ਗੁਰੂ ਸਾਹਿਬਾਨ ਵਲੋਂ ਆਖੇ ਵਾਰਤਕ ਬਚਨ ਵੀ ਲਿਖੇ ਹੋਏ ਹਨ, ਜਿਨ੍ਹਾਂ ਤੋਂ ਇਸੇ ਪ੍ਰਕਾਰ ਦੀ ਅੰਦਰਲੀ ਰਹਿਤ-ਮਰਯਾਦਾ ਦੀ ਪੁਸ਼ਟੀ ਹੁੰਦੀ ਹੈ। ਜਿਵੇਂ ਕਿ ਭਾਈ ਪੈਧੇ ਵਾਲੀ ਬੀੜ ਰਾਵਲਪਿੰਡੀ ਵਾਲੀ—ਅੱਜ-ਕੱਲ੍ਹ ਦਿੱਲੀ ਵਿਚ ਸੁਰੱਖਿਅਤ ਹੈ, ਇਸ ਵਿਚ 'ਸਾਖੀ ਗੁਰੂ ਅਮਰਦਾਸ ਕੀ ਮਹਲਾ ੩' ਲਿਖ ਕੇ ਇਹ ਸ਼ੁਭ ਉਪਦੇਸ਼ ਦਰਜ ਹੈ:

'ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੈ ਲਗੀ ਜੇਵਣਾ, ਭਰੇ ਤੇ ਭਰਣਾ ਨਾਹੀ, ਅੰਨ ਛਡਨਾ ਭੀ ਨਾਹੀ। ਸਵਣਾ ਤਾਂ ਜਾਂ ਬਹੁਤੀ ਨੀਂਦ ਆਵੈ, ਨੀਂਦਿ ਬਗੈਰ ਸਵਣਾ ਨਾਹੀ, ਗਾਫਲਾਈ ਹੈ। ਦੇਹੀ ਕਉ ਬਹੁਤ ਦੁਖ ਬੀ ਨਾਹੀ ਦੇਵਣਾ, ਅਕੈ ਬਾਨੀ ਗਾਵਣੀ, ਅਕੈ ਗੁਰੂ ਦੀਆਂ ਗੱਲਾਂ ਬੋਲਣੀਆਂ, ਅਕੈ ਕਿਸੈ ਦਿਆਂ ਬੁਲਾਇਆਂ ਬੋਲਣਾਂ, ਸ਼ਬਦ ਗਾਵਣਾ, ਕੂੜ ਨਾਹੀ ਬੋਲਣਾਂ। ਜੋ ਇਨ੍ਹਾਂ ਗੱਲਾਂ ਨੋ ਮਨੈ ਨਾਲ ਰਖੈਗਾ, ਸੋ ਮਹਾਂਪੁਰਖ ਹੋਵੈਗਾ, ਉਸਕਾ ਲੇਖਾ ਸਗਲਾ ਨਿਬੜੇਗਾ। ਓਸ ਕੀ ਕੁਲ ਕਾ ਉਧਾਰੁ ਹੋਵੈਗਾ, ਉਸਕੇ ਸੰਗੀ ਸਗਲੇ ਤਰਹਿੰਗੇ, ਸਤਿ ਕਰਿ ਮੰਨਣਾ, ਗੁਰੂ ਕਾ ਆਖਣਾ ਹੈ।'

'ਜੋ ਕੋਈ ਗੁਰੂ ਨਾਲਹੁ ਭੁਲਦਾ ਹੋਵੈ ਤਾਂ ਸਮਝਾਵਣਾ, ਆਪਣੀਅਹੁ ਧਿਰਹੁ ਆਖਣਾ। ਜੇ ਮੰਨੇ ਨਾਹੀ ਤਾਂ ਓਹ ਜਾਣੈ, ਏਹ ਆਖਣਾ ਗੁਰੂ ਕਾ ਹੈ।'

'ਜੇ ਕੋਈ ਸਿਖੁ ਉਦਾਸੀ ਕਰੈਗਾ ਤਾਂ ਉਸਕਾ ਬੁਰਾ ਹੋਵੈਗਾ। ਜੋ ਸਿਖਹੁ ! ਗ੍ਰਿਸਤੈ ਵਿਚਿ ਅਰਾਧੈਗਾ, ਤਿਸ ਪਰਮੇਸਰ ਗੁਰੂ ਸੁਖੀ ਰਖੇਗਾ। ਧਰਮ ਕੀ ਕਿਰਤ ਕਰਨਾ, ਦੇਵਣਹਾਰ ਗੁਰੂ ਬਾਬਾ ਹੈ, ਸਿਖਾਂ ਕੀ ਸੇਵਾ ਕਰਣੀ, ਆਪਣਾ ਆਪੁ ਕਿਛੁ ਨਾਹੀ ਜਣਾਵਣਾ, ਦੋਵੈਂ ਸਿਰੇ ਗੁਰੂ ਨੇ ਸਉਂਪਣੇ, ਅਲਿਪਤੁ ਰਹਣਾ, ਗੁਰੂ ਕਾ ਆਖਣਾ ਹੈ।'

ਇਸ ਤਰ੍ਹਾਂ ਜ਼ਿਲਾ ਚਿਟਗਾਂਵ ਨਗਰ ਬਨਿਗ੍ਰਾਮ ਵਾਲੀ ਬੀੜ ਦੇ ਵਾਧੂ ਪੱਤਰਿਆਂ ਉਤੇ ਇਸੇ ਕਿਸਮ ਦੇ ਸਿਖਿਆ-ਬਚਨ ਦਰਜ ਹਨ ਜੋ ਕਿ ਉਪਰੋਕਤ ਬੀੜ ਵਿਚ ਵੀ ਪੱਤਰਾ ੧੨੬੦ 'ਤੇ 'ਸਾਖੀ ਮਹਲਾ ੫' ਹੇਠ ਇਉਂ ਆਏ ਹਨ :

**ਸ੍ਰੀ ਸਤਿਗੁਰੂ ਬੋਲਿਆ ਜੁ ਪੰਜਿ ਕੰਮ ਨਾ ਕਰੈ**
**ਪੰਜ ਕੰਮ ਕਰੈ ਜੋ ਗੁਰੂ ਕਰਾਵੈ। ਨ ਕਰੈ ਪੰਜਿ ਕੰਮ—**
**ਪਰਦਰਬ ਨ ਹਿਰੈ।੧। ਪਰ ਇਸਤਰੀ ਨ ਰਵੈ।੨।**
**ਪਰਨਿੰਦਾ ਨ ਕਰੈ ।੩। ਜੂਆ ਨ ਖੇਲੈ।੪। ਮਦੁ ਮਾਸ ਨ ਖਾਇ।੫।**

ਪੰਜਿ ਕੰਮ ਕਰੈ ਸੁ ਜੀਵਨ ਮੁਕਤੁ ਹੈ—

**ਸੰਗਤਿ ਨਿਤ ਜਾਇ, ਕਿਛੁ ਮੁਹ ਪਾਵਣੈ ਨੋ ਲੈ ਜਾਇ**
**ਅਤੇ ਆਰਤੀ ਕੀਰਤਨ ਸੁਣਿ ਸਵੈ।੧।**
**ਅਰਥੀ ਤੇ ਦੁਖੀਐ ਨਿਮਾਣੈ ਕਉ ਮਾਨੁ ਦੇਇ**
**ਪਰਉਪਕਾਰ ਕਰਣੈ ਲੋਚੈ।੨।**
**ਜਿਸ ਕੋ ਕੁੜਮਾਈ ਕੋਈ ਨ ਕਰੈ**
**ਤਿਸ ਕੋ ਪੁਨ ਅਰਥ ਲੋਚਿ ਕਰਿ ਕਰਾਵੈ, ਅਕੈ ਆਪਿ ਕਰੈ।੩।**
**ਮਨਮੁਖਿ ਤੇ ਜਿਉਂ ਸਿਖ ਹੋਵੈ ਤਿਉਂ ਲੋਚਿ ਕਰਿ**
**ਸਿਖੁ ਕਰੈ ਜੀਉਦਾਨੁ ਏਹੋ ਹੈ।੪।**
**ਸਭਨਾ ਜੀਆਂ ਕਾ ਭਲਾ ਮਨਾਵੈ, ਕੋਈ ਦੁਖੇ ਨਾਹੀ,**
**ਆਤਮਾ ਬ੍ਰਹਮ ਪਛਾਣੈ, ਵੱਡੀ ਪੂਜਾ ਏਹਾ ਹੈ।**

ਬੀਬੀ ਰੂਪ ਕੌਰ ਵਾਲੀ ਪੋਥੀ ਕੀਰਤਪੁਰ ਪਈ ਹੈ। ਇਸ ਵਿਚ ਕਈ ਬਾਣੀਆਂ ਦਰਜ ਕਰਨ ਉਪਰੰਤ ਕੁਝ ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ ਦਿਤੀਆਂ ਹਨ। ਇਹ ਗੁਰੂ ਅਮਰਦਾਸ ਦੀਆਂ ਆਖੀਆਂ ਦੱਸੀਆਂ ਜਾਂਦੀਆਂ ਹਨ, ਇਨ੍ਹਾਂ ਵਿਚ ਚੰਗੇ ਸਿਖਿਆ-ਬਚਨ ਪ੍ਰਾਪਤ ਹਨ। ਉਦਾਹਰਨ ਵਜੋਂ :

ਸਾਖੀ—ਪਰਮੇਸਰ ਕਾ ਹੁਕਮ ਹੋਇਆ 'ਨਾਨਕ ! ਪਰਮੇਸ਼ਰ ਨੋ ਅਰਾਧੁ।' ਬਾਬਾ ਬੋਲਿਆ—'ਜੀਉ ! ਤੁਧਨੋ ਕਿਉਂ ਕਰਿ ਅਰਾਧਾਂ ?' ਆਗਿਆ ਹੋਈ, 'ਸਭਨਾਂ ਜੀਆ

ਕਾ ਭਲਾ ਮਨਾਇ, ਏਹੋ ਅਰਾਧਣੁ ਹੈ।੯।'

ਸਾਖੀ—ਗੁਰੂ ਆਖਿਆ 'ਪਰਦਰਬੁ ਨਾਹੀ ਹਿਰਣਾ, ਜੂਐ ਨਾਹੀ ਖੇਲਣਾ, ਪਰਗ੍ਰਿਹ ਨਹੀਂ ਜਾਣਾ, ਪਰ ਨਿੰਦਾ ਨਾਹੀ ਕਰਣੀ, ਮਛੀ ਮਾਸੁ ਨਹੀਂ ਖਾਣਾ, ਮਦੁ ਨਾਹੀ ਪੀਵਣਾ, ਇਤਨੀਆਂ ਗੱਲਾਂ ਸਿੱਖਾਂ ਨੋ ਮੁਸਕਲ ਹੈਨਿ।੧੦।'

ਗੁਰੂ ਅਰਜਣ ਬੋਲਿਆ, 'ਆਪਣੀ ਕਿਰਤ ਸਭ ਕੋਈ ਕਰੇ, ਏਹ ਗੱਲ ਗੁਰੂ ਨੋ ਖੁਸ਼ੀ ਆਂਵਦੀ ਹੈ, ਪਰ ਭੈ ਵਿਚਿ ਕਾਰ ਕਰਣੀ। ਇਉਂ ਨਾਹੀ ਕਰਣੀ ਖੁਸਿ ਖੋਹਿ ਅੰਦਰਿ ਆਣਿ ਵਾੜਨੀ, ਧਰਮ ਕਿਰਤਿ ਕਰਣੀ ਦੇਵਣਹਾਰੁ ਗੁਰੂ ਬਾਬਾ।੨੫।'

'ਜਾ ਸਿਖ ਗੁਰੂ ਕੈ ਜਾਵੈ, ਦੁਆਰੈ ਜਾਇਕੈ ਗੁਰੂ ਕੈ ਦਰਸ਼ਨ ਬਾਝੁ ਚਿਤੁ ਹੋਰਥੈ ਰਖੈ ਨਾਹੀ, ਲੋਚਾ ਆਪਣੀ ਦਰਸ਼ਨ ਵਿਚਿ ਰਖੈ, ਦਰਸਨੁ ਅਘਾਇ ਦੇਖੈ ਅਤੈ ਉਪਦੇਸੁ ਸੁਣੈ ਅਤੇ ਪਰਸਾਦੁ ਪਾਇ ਅਤੈ ਸਹਜੈ ਦੈ ਘਰਿ ਵਿਦਿਆ ਹੋਵੈ ਤਾਂ ਉਸ ਸਿਖ ਕੇ ਕੰਮ ਸਪੂਰਨੁ ਹੋਵਨਿ।੩੦।'[੧]

### *ਸੰਗਤਿ ਕੀਨੀ ਖਾਲਸਾ*

ਵਿਅਕਤੀਗਤ ਜੀਵਨ ਦੀ ਸੋਧ ਲਈ ਇਸ ਕਿਸਮ ਦੇ ਜੋ ਵੀ ਆਦੇਸ ਦਿਤੇ ਗਏ ਸਨ, ਉਨ੍ਹਾਂ ਦਾ ਸਾਰੰਸ਼ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ ਬੁਨਿਆਦੀ ਸ਼ਰਤ ਹੈ, ਇਹੋ ਅੰਦਰਲੀ ਰਹਿਤ ਹੈ। ਇਹ ਰਹਿਤ ਸੰਗਤ ਵਿਚ ਸਿਖੀ ਤੇ ਕਮਾਈ ਜਾਂਦੀ ਹੈ, ਇਸ ਲਈ ਸਤਿਸੰਗ ਕਰਨ ਨੂੰ ਵੀ ਰਹਿਤ ਦਾ ਮੁਖ ਅੰਗ ਮੰਨਿਆ ਹੈ। ਇਸ ਤੋਂ ਇਲਾਵਾ 'ਸੰਗਤ' ਸਿਖ ਜਥੇਬੰਦੀ ਦਾ ਮੁਢਲਾ ਰੂਪ ਸੀ ਜੋ ਗੁਰੂਆਂ ਦੀ ਅਗਵਾਈ ਵਿਚ ਪ੍ਰਫੁਲਤ ਹੋਇਆ, ਇਸ ਨੂੰ ਸਤਿਗੁਰੂ 'ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ' ਕਹਿ ਕੇ ਤੇ 'ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ' ਪ੍ਰਚਾਰ ਕੇ ਵਡਿਆਉਂਦੇ ਸਨ। ਜੋਤਿ 'ਗੁਰਸ਼ਬਦ' ਵਿਚ ਤੇ ਜੁਗਤਿ 'ਸੰਗਤਿ' ਵਿਚ ਵਰਤਦੀ ਸੀ।

ਇਹ ਜੁਗਤਿ ਜਾਂ ਅਗਵਾਈ ਕਈ ਵਾਰ ਗੁਰੂਆਂ ਦੇ ਪ੍ਰਤਿਨਿਧ-ਮਸੰਦ ਵੀ ਆਪਣੇ ਆਪਣੇ ਇਲਾਕੇ ਵਿਚ ਸੰਗਤ ਨੂੰ ਦਿੰਦੇ ਰਹਿੰਦੇ ਸਨ, ਪਰ ਮਸੰਦ-ਪ੍ਰਣਾਲੀ ਛੇਤੀ ਮਲੀਨ ਹੋ ਗਈ। ਕਈ ਸੁਆਰਥੀ ਮਸੰਦ ਆਪਾ-ਧਾਪੀ ਕਰਕੇ ਦਸਵੰਧ ਦੀ ਮਾਇਆ ਨਿਜੀ ਲਾਭਾਂ ਲਈ ਵਰਤਣ ਲਗ ਪਏ, ਉਨ੍ਹਾਂ ਦੇ ਆਪਣੇ ਆਚਰਣ ਵੀ ਇਤਨੇ ਉਚੇ ਤੇ ਪਵਿੱਤਰ ਨਾ ਰਹੇ ਜਿਤਨੇ ਕਿ ਆਗੂ ਸਿਖਾਂ ਦੇ ਹੋਣੇ ਚਾਹੀਦੇ ਸਨ। ਇਸ ਮਾੜੀ ਹਾਲਤ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਸੰਗਤ' ਨੂੰ 'ਖਾਲਸਾ' ਕਰਾਰ ਦੇ ਕੇ ਸਿੱਧਾ ਆਪਣੀ ਅਗਵਾਈ ਹੇਠ ਲੈ ਲਿਆ। ਮੁਗ਼ਲ ਸਰਕਾਰ ਦੇ ਜ਼ਮਾਨੇ

---

੧. ਵਿਸਤਾਰ ਲਈ ਦੇਖੋ ਮੇਰੀ ਪੁਸਤਕ, *ਪ੍ਰਾਚੀਨ ਪੰਜਾਬੀ ਗੱਦ*, ਪੰਨਾ ੬੬

ਉਸ ਜ਼ਮੀਨ ਨੂੰ 'ਖ਼ਾਲਸਾ' ਕਿਹਾ ਜਾਂਦਾ ਸੀ, ਜੋ ਬਾਦਸ਼ਾਹ ਦੀ ਆਪਣੀ ਮਾਲਕੀ ਹੇਠ ਹੋਵੇ, ਉਸ ਦੀ ਸਾਰੀ ਆਮਦਨ ਸਿੱਧੀ ਬਾਦਸ਼ਾਹ ਨੂੰ ਜਾਂਦੀ ਸੀ। ਬਾਕੀ ਜ਼ਮੀਨ ਬਾਦਸ਼ਾਹ ਵਲੋਂ ਆਪਣੇ ਅਹਿਲਕਾਰਾਂ, ਸਰਦਾਰਾਂ ਤੇ ਮੁਖੀਆਂ ਨੂੰ ਜਾਗੀਰ ਵਜੋਂ ਦਿਤੀ ਹੁੰਦੀ ਸੀ ਤੇ ਇਹ ਜਾਗੀਰਦਾਰ ਲੋਕ ਮਾਲੀਏ ਦੇ ਰੂਪ ਵਿਚ ਆਮਦਨੀ ਦਾ ਕੁਝ ਹਿੱਸਾ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਾਉਂਦੇ ਤੇ ਬਾਕੀ ਆਪ ਵਰਤਦੇ ਸਨ।

ਲੇਕਿਨ 'ਖਾਲਸਾ' ਜ਼ਮੀਨ ਸਾਰੀ ਦੀ ਸਾਰੀ ਬਾਦਸ਼ਾਹ ਨਾਲ ਸਬੰਧਤ ਹੁੰਦੀ ਸੀ। ਅੱਜ ਵੀ ਮਹਿਕਮਾ ਮਾਲ ਦੇ ਕਾਗ਼ਜ਼ਾਂ ਵਿਚ 'ਖਾਲਸਾ' ਦਾ ਭਾਵ ਸਰਕਾਰੀ ਜ਼ਮੀਨ ਹੈ। ਅਰਬੀ ਪਦ 'ਖ਼ਾਲਸ' ਦਾ ਅਰਥ ਨਿਰੋਲ ਜਾਂ ਪਵਿੱਤਰ ਹੈ ਪਰ 'ਖਾਲਸਾ' ਭਿੰਨ ਸੰਕੇਤ ਹੈ ਜਿਸਦਾ ਇਤਿਹਾਸਕ ਸਥਿਤੀ ਅਨੁਸਾਰ ਇਹੋ ਭਾਵ ਹੈ।

ਕਾਰਨ ਸਾਫ਼ ਹੈ ਕਿ ਪਹਿਲੇ ਗੁਰੂਆਂ ਦੇ ਜ਼ਮਾਨੇ ਹਰ ਇਲਾਕੇ ਵਿਚ ਮਸੰਦ ਨਿਯਤ ਸਨ ਤੇ ਆਪਣੇ ਆਪਣੇ ਇਲਾਕੇ ਦੀਆਂ ਸੰਗਤਾਂ ਦੇ ਜ਼ਿਮੇਵਾਰ ਆਗੂ ਉਹੋ ਸਨ, ਲੇਕਿਨ ਜਦੋਂ ਉਨ੍ਹਾਂ ਦੇ ਆਚਾਰ ਵਿਚ ਗਿਰਾਵਟ ਆ ਗਈ ਤੇ ਉਹ ਦਸਵੰਧ ਦਾ ਧਨ ਨਿਜੀ ਸੁਆਰਥ ਲਈ ਵਰਤਣ ਲਗ ਪਏ ਤਾਂ ਸਿਖ ਜਥੇਬੰਦੀ ਦਾ ਢਾਂਚਾ ਵਿਗੜ ਗਿਆ। ਇਸ ਮੰਦੀ ਦਸ਼ਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਉਚੇਚਾ ਕ੍ਰਾਂਤੀਕਾਰੀ ਕਦਮ ਉਠਾਇਆ ਕਿ ਹਰ ਇਲਾਕੇ ਦੀ ਸੰਗਤਿ ਦੀ ਵਾਗਡੋਰ ਸਿੱਧੀ ਆਪਣੇ ਹੱਥ ਲੈ ਲਈ ਤੇ ਉਸ ਨੂੰ 'ਖਾਲਸਾ' ਕਰਾਰ ਦਿੱਤਾ। 'ਵਾਹਿਗੁਰੂ ਜੀ ਕਾ ਖਾਲਸਾ' ਕਹਿਣ ਦਾ ਭਾਵ ਇਹ ਸੀ। ਇਸੇ ਨੂੰ ਭਾਈ ਗੁਰਦਾਸ ਜੀ ਨੇ 'ਸੰਗਤਿ ਕੀਨੀ ਖਾਲਸਾ' ਲਿਖਿਆ ਹੈ।

ਇਸ ਸੰਕੇਤ ਦੀ ਪਹਿਲੇ ਗੁਰੂਆਂ ਦੇ ਪਤਰਾਂ ਵਿਚ ਵੀ ਕਿਤੇ ਕਿਤੇ ਵਰਤੋਂ ਮਿਲਦੀ ਹੈ। ਉਸ ਦਾ ਭਾਵ ਅਪਣੱਤ ਪਰਗਟ ਕਰਨਾ ਜਾਪਦਾ ਹੈ। ਜਿਵੇਂ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਇਕ ਹੁਕਮਨਾਮੇ ਦੀ ਇਬਾਰਤ ਹੈ:

**ਪੂਰਬ ਦੀ ਸੰਗਤਿ ਗੁਰੂ ਕਾ ਖਾਲਸਾ ਹੁਇ।**

ਇਸੇ ਤਰ੍ਹਾਂ ਨੌਵੇਂ ਪਾਤਸ਼ਾਹ ਦੀ ਚਿੱਠੀ ਵਿਚ ਇਹ ਸਤਰ ਹੈ:

**ਪਟਨ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।**

ਦਸਮ ਪਾਤਸ਼ਾਹ ਨੇ ਪਹਿਲੇ ਪੱਤਰਾਂ ਵਿਚ 'ਸੰਗਤਿ ਮੇਰਾ ਖਾਲਸਾ ਹੈ' ਆਪ ਲਿਖਿਆ ਹੈ। ਲੇਕਿਨ ੧੭੬੪ ਦੇ ਹੁਕਮਨਾਮੇ ਵਿਚ 'ਸਰਬਤਿ ਸੰਗਤਿ ਬਨਾਰਸ ਦੀ ਵਾਹ ਗੁਰੂ ਜੀ ਕਾ ਖਾਲਸਾ।' ਅੰਕਿਤ ਹੈ।

ਇਸ ਪਰਿਵਰਤਨ ਦਾ ਬਹੁਤ ਸਾਰੇ ਮਸੰਦਾਂ ਵਿਰੋਧ ਕੀਤਾ ਤੇ ਕਈ ਅਣਜਾਣ

ਸਿਖ ਵੀ ਭੁਲੇਖੇ ਦਾ ਸ਼ਿਕਾਰ ਹੋਏ। ਇਸੇ ਕਰਕੇ ਗੁਰੂ ਸਾਹਿਬ ਨੂੰ ਮਸੰਦਾਂ ਤੇ ਮਸੰਦਾਂ ਦੇ ਪਿਛਲੱਗਾਂ—ਮਸੰਦੀਆਂ ਦੋਹਾਂ ਨਾਲ ਨਾਮਿਲਵਰਤਨ ਕਰਨ ਦੇ ਹੁਕਮ ਜਾਰੀ ਕਰਨੇ ਪਏ। ਸਾਨੂੰ ੧੭੫੫-੫੬ ਦੇ ਅਨੇਕਾਂ ਹੁਕਮਨਾਮੇ ਮਿਲਦੇ ਹਨ ਜਿਨ੍ਹਾਂ ਵਿਚ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਸਿਖ ਮਸੰਦਾਂ ਦੇ ਆਖੇ ਨ ਲਗੇ ਤੇ ਨ ਹੀ ਉਨ੍ਹਾਂ ਨਾਲ ਵਰਤੋਂ ਕਰੇ,' ਜੈਸਾ ਕਿ ਤਾਕੀਦ ਹੁਕਮ ਸਪਸ਼ਟ ਸਨ:

'ਮਸੰਦਾਂ ਨੋ ਮੰਨਣਾ ਨਾਹੀ, ਗੁਰੂ ਸੰਗਤਿ ਕੀ ਬਾਹੁੜੀ ਕਰੇਗਾ।'

'ਮਸੰਦ ਮਸੰਦੀਏ ਦੇ ਮਰਣੇ ਪਰਣੈ ਗੁਰੂ ਕੇ ਸਿਖ ਨਾਹੀ ਬੈਠਣਾ।'

'ਮਸੰਦ ਅਰੁ ਮਸੰਦੀਏ ਨਾਲਿ ਮਿਲਾਪੁ ਨਾਹੀ ਕਰਣਾ ਹੋਰ ਵਧੀਕ ਦਿਕਿਤ ਨਾਹੀ ਕਰਣੀ, ਪਿਆਰੁ ਕਰਣਾ। ਜੋ ਸਿਖ ਮਿਲੈ ਸੋ ਮੇਲਿ ਲੈਣਾ।'

ਪਹਿਲਾਂ ਤਾਂ ਗੁਰੂ ਸਾਹਿਬ ਦੇ ਹੁਕਮਨਾਮੇ ਤੋਂ ਹੀ ਜ਼ਾਹਰ ਹੈ ਕਿ ਦਸਮ ਗੁਰੂ 'ਖ਼ਾਲਸਾ' ਸੰਕੇਤ ਕਿਸ ਅਰਥ ਵਿਚ ਵਰਤ ਰਹੇ ਸਨ। ਦੂਸਰੇ ਕਵੀ ਸੈਣਾ ਸਿੰਘ ਕ੍ਰਿਤ 'ਸ੍ਰੀ ਗੁਰ ਸ਼ੋਭਾ' ਦੀ ਸਮਕਾਲੀ ਗਵਾਹੀ ਵੀ ਧਿਆਨ ਯੋਗ ਹੈ। ਜਦੋਂ ਸਤਿਗੁਰਾਂ ਸੰਗਤ ਨੂੰ 'ਖਾਲਸਾ' ਕਰਾਰ ਦੇ ਦਿਤਾ ਤਾਂ ਦਿੱਲੀ ਦੀ ਲੋਕਾਈ ਵਿਚ ਇਸ ਬਾਰੇ ਕਈ ਕਿਸਮ ਦੀ ਚਰਚਾ ਹੋਈ, ਜਿਸ ਨੂੰ ਸੈਣਾ ਸਿੰਘ ਨੇ ਆਪਣੀ ਪੁਸਤਕ ਵਿਚ ਇਉਂ ਦਰਜ ਕੀਤਾ ਹੈ:

**ਦੋਹਰਾ: 'ਵਾਹ ਗੁਰੂ ਕਾ ਖ਼ਾਲਸਾ' ਕਹਤ ਸਕਲ ਮਿਲਿ ਸੋਇ।**
**ਪੂਛਉ ਇਨੈ ਸੁਚੇਤ ਕਰਿ, ਜੋ ਤੁਮਰੇ ਮਨ ਹੋਇ।੨੩।**
**ਚੌਪਈ: ਪਾਤਸ਼ਾਹ ਦਿੱਲੀ ਪਤਿ ਸੋਈ। ਕਹਤ 'ਖਾਲਸਾ' ਤਾਂ ਕੋ ਹੋਈ।**
**ਤੁਮਹੇ ਖਾਲਸਾ ਕਿਸ ਮਤ ਧਾਰਾ ? ਸੋ ਬਿਧਿ ਕਹੀਐ ਸੋਚ ਵਿਚਾਰਾ।੨੪।**
**ਤਬ ਸਿਖਨ ਯਹ ਬਾਤ ਬਤਾਈ। ਸਤਿਗੁਰ ਪੁਰਖ ਮਹਾਂ ਸੁਖਦਾਈ।**
**ਆਗੈ ਜਿਨ ਕੇ 'ਨਾਇਬ' ਹੋਤੇ। ਨਾਂਵ 'ਮਸੰਦ' ਸਗਲ ਥੇ ਜੇਤੇ।੨੫।**
**ਦੋਹਰਾ: ਸੋ ਸਤਿਗੁਰ ਕੀਏ ਦੂਰ ਸਬ, ਪਰਮ ਜੋਤਿ ਨਿਜ ਧਾਰਿ।**
**ਸਕਲ ਸਿਖ ਭਏ 'ਖਾਲਸਾ', ਸੁਨੀਐ ਸਾਚ ਬਿਚਾਰ।੨੬।**

*(ਅਧਿਆ ਸਤਵਾਂ)*

ਸੋ ਇਨ੍ਹਾਂ ਲਿਖਤਾਂ ਤੋਂ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ ਚੂੰਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਦੀ ਸੰਭਾਲ ਦੀ ਸਾਰੀ ਜ਼ਿਮੇਵਾਰੀ ਸਿਧੀ ਆਪਣੇ ਹੱਥ ਲੈ ਲਈ, ਇਸ ਕਰਕੇ ਇਸ ਨੂੰ 'ਖ਼ਾਲਸਾ' ਨਾਮ ਦਿਤਾ ਗਿਆ ਤੇ ਬਾਦ ਵਿਚ ਇਹ ਸੰਕੇਤ ਇਕ ਤਰ੍ਹਾਂ ਸਿਖ ਪੰਥ ਦਾ ਪ੍ਰਯਾਯਵਾਚੀ ਹੋ ਗਿਆ।

ਗੁਰੂ ਸਾਹਿਬ ਨੇ ਇਸ ਖਾਲਸੇ ਲਈ ਜੋ ਅੰਦਰਲੀ ਰਹਿਤ ਸੰਖਿਪਤ ਕਰਕੇ

ਦੱਸੀ, ਉਹ ਇਸ ਪਰਕਾਰ ਸੀ :

**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨਿ ਨੈਕ ਨ ਆਨੈ।**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ।**
**ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ।**
**ਪੂਰਨ ਜੋਤ ਜਗੈ ਘਟ ਮੈ ਤਬ, ਖਾਲਸ ਤਾਹਿ ਨਖਾਲਸ ਜਾਨੈ।**

*(ਦਸਮ ਗ੍ਰੰਥ, ਪਾ: ੧੦)*

## ਖਾਲਸਾ ਜਥੇਬੰਦੀ

ਸਿਖ ਲਹਿਰ ਦੇ ਢਾਂਚੇ ਵਿਚ ਜੋ ਦੂਸਰਾ ਪਰਿਵਰਤਨ ਕੀਤਾ ਜਾਣਾ ਸੀ ਉਹ ਵਿਅਕਤੀਗਤ ਗੁਰਿਆਈ ਦੀ ਸਮਾਪਤੀ ਸੀ। ਦਸ ਗੁਰੂਆਂ ਨੇ ਲੰਮੀ ਘਾਲ ਨਾਲ ਇਸ ਕਿਸਮ ਦੇ ਉਚੇ ਸੁਚੇ ਜੀਵਨ ਤਿਆਰ ਕਰ ਦਿਤੇ ਸਨ ਤੇ ਇਸ ਜੀਵਨ ਮਰਯਾਦਾ ਨੂੰ ਚਾਲੂ ਰੱਖਣ ਲਈ ਸਿਖ ਜਥੇਬੰਦੀ ਦੀ ਅਤਿਅੰਤ ਲੋੜ ਸੀ, ਜਿਸ ਨੂੰ ਗੁਰੂ ਸਾਹਿਬਾਨ ਨੇ 'ਸੰਗਤ' ਰੂਪ ਵਿਚ ਵਿਕਸਤ ਕੀਤਾ ਸੀ। ਇਸ 'ਸੰਗਤ' ਨੂੰ ਹਾਲਾਤ ਅਨੁਸਾਰ 'ਖਾਲਸਾ' ਕਰਾਰ ਦਿਤਾ ਗਿਆ। ਸੋ ਹੁਣ ਖਾਲਸਾ ਜਥੇਬੰਦੀ ਲਈ ਬਾਹਰਲੀ ਰਹਿਤ ਮਰਯਾਦਾ ਨਿਸਚਤ ਕਰਨਾ ਅਤਿਅੰਤ ਜ਼ਰੂਰੀ ਸੀ। ਇਹ ਠੀਕ ਹੈ ਕਿ ਆਦਿ ਗ੍ਰੰਥ ਦੀ ਬਾਣੀ ਵਿਚ ਬਾਹਰਲੇ ਚਿੰਨ੍ਹਾਂ ਦਾ ਖੰਡਨ ਕੀਤਾ ਗਿਆ ਹੈ, ਭੇਖ ਦੀ ਨਿਖੇਧੀ ਹੈ। ਜਿਵੇਂ ਕਿ ਟਿੱਕੇ, ਜਨੇਊ, ਮੁੰਦ੍ਰਾਂ, ਬਿਭੂਤਿ, ਸਿੰਙੀ ਤੇ ਸੁੰਨਤ ਦਾ। ਅਸਲੀਅਤ ਇਹ ਹੈ ਕਿ ਹਰ ਧਰਮ ਦੀ ਅੰਦਰਲੀ ਰਹਿਤ-ਮਰਯਾਦਾ ਨੂੰ ਪਰਗਟ ਕਰਨ ਲਈ ਹੀ ਬਾਹਰਲੇ ਚਿੰਨ੍ਹ ਹੁੰਦੇ ਹਨ, ਜੇਕਰ ਅੰਦਰਲੀ ਰਹਿਤ ਮਰਯਾਦਾ ਨਾ ਰਹੇ ਤੇ ਕੇਵਲ ਬਾਹਰਲੇ ਚਿੰਨ੍ਹ ਹੀ ਧਾਰੇ ਜਾਣ ਤਾਂ ਉਹ ਭੇਖ ਮਾਤਰ ਰਹਿ ਜਾਂਦਾ ਹੈ। ਹਿੰਦੂ ਮਤ ਤੇ ਜੋਗ ਮਤ ਵਿਚ ਜੋ ਬਾਹਲਾ ਕਰਮ-ਕਾਂਡ ਰਹਿ ਗਿਆ ਸੀ ਉਸ ਦੇ ਪਿਛੇ ਅੰਦਰਲੀ ਰਹਿਤ, ਨਾਂ ਮਾਤਰ ਵੀ ਨਹੀਂ ਸੀ, ਇਸੇ ਕਰਕੇ ਗੁਰੂ ਸਾਹਿਬ ਨੂੰ ਕਹਿਣਾ ਪਿਆ :

**ਨਾਨਕ ਸਚੇ ਨਾਮ ਬਿਨੁ, ਕਿਆ ਟਿਕਾ ਕਿਆ ਤਗੁ।**

*(ਵਾਰ ਆਸਾ ਮ: ੧, ਪੰਨਾ ੪੬੭)*

ਯਾ **ਜੋਗੁ ਨ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ।**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ।**

*(ਸੂਹੀ ਮ: ੧, ਪੰਨਾ ੭੩੦)*

ਵਧੇਰੇ ਸਪਸ਼ਟਤਾ ਲਈ ਭਾਈ ਜੋਧ ਸਿੰਘ ਜੀ ਦੇ ਵਿਚਾਰ ਧਿਆਨ ਯੋਗ ਹਨ :

'ਗੁਰਬਾਣੀ ਵਿਚ ਬਾਹਰਲੇ ਚਿੰਨ੍ਹਾਂ ਪਰ ਜੋ ਇਅਤਰਾਜ਼ ਕੀਤੇ ਗਏ ਹਨ ਉਹ

ਇਸ ਬਿਨਾਂ 'ਪੁਰ ਹਨ ਕਿ ਚਿੰਨ੍ਹ ਤਾਂ ਧਾਰਨ ਕੀਤੇ ਹੋਏ ਹਨ ਪਰ ਅੰਤ੍ਰੀਵ ਜੀਵਨ ਕੋਈ ਨਹੀਂ ਨਿਰੇ ਭੇਖ ਨੂੰ ਅਯੋਗ ਦੱਸਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਿਰੇ ਭੇਖ ਨੂੰ ਉਸੇ ਤਰਹ ਨਿੰਦਨੀਯ ਕਹਿਆ ਹੈ। ਜਿਸ ਸਿਖ ਨੇ ਨਿਰਾ ਖਾਲਸੇ ਦਾ ਭੇਖ ਬਣਾਇਆ ਹੋਇਆ ਹੈ ਪਰ ਖਾਲਸਾ ਜੀਵਨ ਬਣਾਣ ਦਾ ਯਤਨ ਨਹੀਂ ਕਰ ਰਹਿਆ, ਉਸ ਨੂੰ 'ਰਹਿਤਨਾਮੇ' ਕਰੜੇ ਸ਼ਬਦਾਂ ਵਿਚ ਤਾੜਨਾ ਕਰਦੇ ਹਨ। ਪੰਜ ਕਕਾਰ ਪੁਰ ਇਅਤਰਾਜ਼ ਕਰਨ ਵਾਲੇ ਇਕ ਗੱਲ ਭੁੱਲ ਜਾਂਦੇ ਹਨ ਕਿ ਨਿਰਾ ਪੰਜ ਕਕਾਰ ਰੱਖਣੇ ਹੀ ਖਾਲਸੇ ਦੀ ਰਹਿਤ ਨੂੰ ਪੂਰਾ ਨਹੀਂ ਕਰ ਦਿੰਦੇ, ਪੰਜ ਕਕਾਰ ਖਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ ਨਾ ਕਿ ਸਾਰੀ ਰਹਿਤ। ਉਹ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ।

ਇਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਅੰਤ੍ਰੀਵ ਜੀਵਨ ਦੇ ਲਖਾਇਕ ਬਾਹਰਲੇ ਚਿੰਨ੍ਹਾਂ ਦੀ ਕੀ ਲੋੜ ਹੈ? ਇਸ ਨੂੰ ਸਮਝਣ ਲਈ ਮਨੁੱਖੀ ਮਾਨਸਿਕ ਜੀਵਨ ਵਲ ਥੋੜੀ ਨਜ਼ਰ ਮਾਰਨੀ ਪਏਗੀ, ਜਦੋਂ ਕੋਈ ਭਾਵ ਮਨ ਵਿਚ ਪੈਦਾ ਹੋਵੇ ਤਾਂ ਉਸਨੂੰ ਪ੍ਰਗਟ ਕਰਨ ਲਈ ਕੋਈ ਨ ਕੋਈ ਸ਼ਕਲ ਦੇਣੀ ਪੈਂਦੀ ਹੈ। ਬੋਲੀ, ਲਿਖਤ, ਰਾਗ, ਚਿਤ੍ਰ ਆਦਿ ਇਹ ਸਭ ਮਾਨਸਿਕ ਭਾਵਾਂ ਦਾ ਦ੍ਰਿਸ਼ਟਮਾਨ ਰੂਪ ਹਨ। ਧਾਰਮਿਕ ਵਲਵਲੇ ਵੀ ਇਕੁਰ ਹੀ ਜਦੋਂ ਜ਼ਾਹਿਰਾ ਰੂਪ ਧਾਰਦੇ ਹਨ ਤਾਂ ਉਹ ਉਸ ਧਰਮ ਦੇ ਚਿੰਨ੍ਹ ਰਸਮਾਂ ਤੇ ਰਿਵਾਜ ਬਣ ਜਾਂਦੇ ਹਨ। ਜਿਕੁਰ ਬੀਜ ਬੀਜ ਦੇਵੀਏ ਤਾਂ ਪੱਤ, ਫੁਲ,ਟਾਹਣ ਆਪੇ ਹੀ ਨਿਕਲ ਆਂਵਦੇ ਹਨ; ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹਾਂ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ। ਧਾਰਮਿਕ ਚਿੰਨ੍ਹ ਤੇ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ, ਜਦ ਤਕ ਇਹ ਇਕ ਅਤੀ ਜ਼ਰੂਰੀ ਲੋੜ ਨੂੰ ਪੂਰਾ ਕਰਦੇ ਹਨ, ਇਹ ਵਾੜ ਦਾ ਕੰਮ ਵੀ ਦੇਂਦੇ ਹਨ ਤੇ ਦੂਜਿਆਂ ਵਿਚ ਉਸ ਜੀਵਨ ਦੇ ਉਪਜਾਉਣ ਦਾ ਕੰਮ ਵੀ। ਵਿਦਿਆ ਦੇ ਗਿਆਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਕਿਸੇ ਚਿੰਨ੍ਹ ਨਾਲ ਕੋਈ ਭਾਵ ਚਿਰ ਤੀਕ ਸੰਬੰਧਤ ਰਹੇ, ਉਸਦੇ ਵਿਚ ਉਸ ਭਾਵ ਦੀ ਸੰਭਾਵਨਾ ਪੱਕ ਜਾਣ ਕਰਕੇ ਉਸ ਭਾਵ ਦੇ ਪੈਦਾ ਕਰਨ ਦੀ ਸ਼ਕਤੀ ਵੀ ਆ ਜਾਂਦੀ ਹੈ। ਹਾਂ, ਜਿਨ੍ਹਾਂ ਚਿੰਨ੍ਹਾਂ ਨਾਲ ਕੋਈ ਭਾਵ ਯਾ ਜਜ਼ਬੇ ਸੰਬੰਧਤ ਨ ਹੋਣ ਤਾਂ ਉਹ ਚਿੰਨ੍ਹ ਨਿਰਾ ਭੇਖ ਤੇ ਫ਼ਜ਼ੂਲ ਹਨ, ਪਰ ਜੇ ਉਹ ਕਿਸੇ ਜਜ਼ਬੇ ਦੇ ਲਖਾਇਕ ਤੇ ਪ੍ਰਗਟਾਊ ਹੋਣ ਤਾਂ ਉਹ ਬਿਰਥਾ ਨਹੀਂ।'[੧]

ਹੁਣ ਜਦੋਂ ਸਿਖ ਜਥੇਬੰਦੀ ਨੂੰ ਦਸਮ ਗੁਰੂ ਅੰਤਮ ਰੂਪ ਦੇ ਕੇ ਸਿੰਘ ਸਜਾ ਰਹੇ ਸਨ, ਤਾਂ ਅੰਦਰਲੀ ਭਾਵਨਾ ਅਨੁਸਾਰ ਬਾਹਰਲੀ ਰਹਿਤ, ਨਿਸਚਤ ਕਰਨਾ ਜ਼ਰੂਰੀ ਸੀ। ਇਸ ਦਾ ਅਰਥ ਇਹ ਵੀ ਨਹੀਂ ਕਿ ਇਸ ਤੋਂ ਪਹਿਲੇ ਸਿਖ ਲਹਿਰ ਦੀ ਬਾਹਰਲੀ

੧. *ਗੁਰਮਤਿ ਨਿਰਣਯ*, ਪੰਨਾ ੨੬੩-੬੪

ਰਹਿਤ ਮਰਯਾਦਾ ਕੋਈ ਹੈ ਹੀ ਨਹੀਂ ਸੀ। ਮਿਸਾਲ ਲਈ ਸਵੇਰੇ ਉਠ ਇਸ਼ਨਾਨ ਕਰਨਾ, ਜਪੁ ਦਾ ਪਾਠ ਕਰਨਾ, ਸੰਗਤ ਵਿਚ ਜਾਣਾ, ਸੇਵਾ ਕਰਨਾ, ਸ਼ਾਮ ਸੋਦਰ ਪੜ੍ਹਨਾ, ਸੋਹਿਲਾ, ਆਰਤੀ ਗਾਉਣਾ, ਕਿਰਤ ਕਰਨਾ, ਦਸਵੰਧ ਦੇਣਾ, ਜ਼ਰੂਰੀ ਧਰਮ ਕਰਮ ਸਨ। ਇਹ ਇਕ ਪ੍ਰਕਾਰ ਅੰਦਰਲੀ ਰਹਿਤ ਦਾ ਪ੍ਰਗਟਾਵਾ ਸਨ ਯਾ ਉਸ ਨੂੰ ਪਰਿਪੱਕ ਕਰਨ ਵਾਲੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿਖ ਲਹਿਰ ਸੰਕਟ ਵਿਚਦੀ ਲੰਘ ਰਹੀ ਸੀ ਤਾਂ ਹਰ ਸਿਖ ਲਈ ਸ਼ਸਤ੍ਰ ਧਾਰਨਾ ਵੀ ਹੁਕਮਨਾਮਿਆਂ ਰਾਹੀਂ ਜ਼ਰੂਰੀ ਕਰਾਰ ਦਿਤਾ ਗਿਆ।

'ਜੋ ਸਿਖ ਹਥੀਆਰ ਬੰਨਿਕੇ ਦਰਸ਼ਨਿ ਆਵਗੁ, ਸੋ ਨਿਹਾਲ ਹੋਗੁ।'
'ਸੰਗਤ ਹਥੀਆਰ ਬੰਨਿ ਕੇ ਦਰਸ਼ਨ ਆਵਣਾ।'
'ਜੋ ਸਿਖ ਹਥੀਆਰ ਬੰਧਿਕੈ ਦਰਸ਼ਨਿ ਆਵੈਗਾ ਸੋ ਨਿਹਾਲ ਹੋਗੁ, ਹੁਕਮ ਹੈ।'

## ਖੰਡੇ ਦੀ ਪਾਹੁਲ

ਰਹਿਤਨਾਮੇ ਦਾ ਬਚਨ ਹੈ:

**ਤੀਨ ਪ੍ਰਕਾਰ ਮਮ ਸਿਖ ਹੈਂ, ਸਹਜੀ, ਚਰਣੀ, ਖੰਡ।**

ਭਾਵ ਇਹ ਕਿ ਸਹਿਜਧਾਰੀ, ਚਰਣਧਾਰੀ ਤੇ ਖੰਡੇਧਾਰੀ ਤਿੰਨ ਕਿਸਮ ਦੇ ਸਿਖ ਹਨ। ਪਹਿਲੇ ਗੁਰੂਆਂ ਦੇ ਜ਼ਮਾਨੇ ਸਿਖ ਬਣਨ ਦੀ ਰੀਤਿ ਇਹ ਸੀ ਕਿ ਜੋ ਕੋਈ ਜਗਿਆਸੂ ਆਉਂਦਾ ਸੀ, ਉਸ ਨੂੰ ਸਤਿਗੁਰਾਂ ਦੇ ਚਰਣ ਦੇ ਅੰਗੂਠੇ ਨਾਲ ਜਲ ਛੁਹਾ ਕੇ ਪਿਲਾ ਦਿਤਾ ਜਾਂਦਾ ਸੀ ਤੇ ਇਸ ਨੂੰ 'ਚਰਣ ਪਾਹੁਲ' ਕਹਿੰਦੇ ਸਨ। ਲੇਕਿਨ ਜਦੋਂ ਹੁਣ ਵਿਅਕਤੀਗਤ ਗੁਰੂ, ਗੱਦੀ 'ਤੇ ਨਹੀਂ ਸੀ ਰਹਿਣਾ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਦੂਰੰਦੇਸ਼ੀ ਕਰਕੇ ਇਸ 'ਚਰਣ ਪਾਹੁਲ' ਨੂੰ 'ਖੰਡੇ ਦੀ ਪਾਹੁਲ' ਵਿਚ ਬਦਲ ਦਿਤਾ। ਉਨ੍ਹਾਂ ਲੋਹੇ ਦੇ ਬਾਟੇ ਵਿਚ ਜਲ ਪਾ, ਉਸ ਵਿਚ ਖੰਡਾ ਫੇਰ ਕੇ ਤੇ ਬਾਣੀ ਪੜ੍ਹ ਕੇ ਪਾਹੁਲ ਤਿਆਰ ਕੀਤੀ ਤੇ ਆਪਣੇ ਨਿਕਟਵਰਤੀ ਸਿਖਾਂ ਨੂੰ ਛਕਾਈ। ਇਸ ਪਾਹੁਲ ਨੂੰ ਪਿਛੋਂ 'ਅੰਮ੍ਰਿਤ' ਦਾ ਨਾਮ ਦਿਤਾ ਗਿਆ।

ਇਹ ਪਾਹੁਲ ਪੰਜ ਪਿਆਰਿਆਂ ਨੂੰ ਛਕਾ ਕੇ ਪਰਮਾਰਥਕ ਪੰਚਾਇਤ ਬਣਾਈ ਗਈ। ਪਿਛੋਂ ਸਤਿਗੁਰਾਂ ਖ਼ੁਦ ਉਨ੍ਹਾਂ ਪਾਸੋਂ ਪਾਹੁਲ ਲਈ ਤਾਂ ਕਿ ਕਿਸੇ ਨੂੰ ਕੋਈ ਸੰਕੋਚ ਨਾ ਰਹੇ। ਇਹ ਗੁਰ ਚੇਲੇ ਦਾ ਅਨੋਖਾ ਕੌਤਕ ਸੀ:

**ਪੀਵਹੁ ਪਾਹੁਲ ਖੰਡੇਧਾਰ, ਹੋਵਹਿ ਜਨਮ ਸੁਹੇਲਾ।**
**ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁਚੇਲਾ।** *(ਭਾਈ ਗੁਰਦਾਸ ਦੂਜਾ)*

ਪਾਹੁਲ ਤਿਆਰ ਕਰਨ ਦਾ ਸਮਾਂ ਵਧੇਰੇ ੧੭੫੬ ਬਿ: ਵਿਸਾਖੀ ਪ੍ਰਸਿੱਧ ਹੈ, ਪਰੰਤੂ ਸਿੱਖਾਂ ਦੇ ਪੁਰਾਤਨ ਇਤਿਹਾਸਾਂ ਵਿਚ ੧੭੫੨ ਬਿ: ਵੀ ਲਿਖਿਆ ਹੈ, ਜਿਵੇਂ ਕਿ ਰਤਨ ਸਿੰਘ ਭੰਗੂ ਕਿਰਤ *ਗੁਰ ਪੰਥ ਪ੍ਰਕਾਸ਼* ਤੇ ਸੇਵਾ ਸਿੰਘ ਕੌਸ਼ਸ਼ ਕਿਰਤ *ਸ਼ਹੀਦ ਬਿਲਾਸ* ਵਿਚ ਦਰਜ ਹੈ। ਇਹੋ ਸੰਮਤ ਭਾਈ ਨੰਦ ਲਾਲ ਤੇ ਭਾਈ ਪ੍ਰਹਿਲਾਦ ਸਿੰਘ ਦੇ ਨਾਂ ਨਾਲ ਮਨਸੂਬ ਰਹਿਤਨਾਮਿਆਂ ਦੇ ਰਚਨਾ-ਕਾਲ ਦਾ ਦਿਤਾ ਗਿਆ ਹੈ:

**ਸੰਮਤ ਸਤ੍ਰਹ ਸੁ ਬਾਵਨ। ਮੱਘਰ ਸੁਦੀ ਨੌਮੀ ਸੁਖਦਾਵਨ।**
**ਸੁਰਗੁਰ ਵਾਰ ਸਤੁਦ੍ਰਵ ਤੀਰ। ਬਚਨ ਕਹੇ ਨੰਦ ਲਾਲ ਸੁ ਬੀਰ।**[1]

*(ਰਹਿਤਨਾਮਾ ਭਾਈ ਨੰਦ ਲਾਲ ਜੀ)*

**ਸੰਬਤ ਸਤ੍ਰਹ ਸੈ ਭਏ, ਬਰਖ ਬਵੰਜਾ ਨਿਹਾਰ।**
**ਮਾਘ ਵਦੀ ਥਿਤ ਪੰਚਮੀ, ਰਵਿਵਾਰ ਸ਼ੁਭ ਵਾਰ।੩੮।**

*(ਰਹਿਤਨਾਮਾ ਭਾ. ਪ੍ਰਹਿਲਾਦ ਸਿੰਘ)*

ਭਾਈ ਕੇਸਰ ਸਿੰਘ ਛਿੱਬਰ ਨੇ ਖੰਡੇ ਦੀ ਪਾਹੁਲ ਤਿਆਰ ਕਰਨ ਦਾ ਸਮਾ ੧੭੫੪ ਬਿ: ਲਿਖਿਆ ਹੈ:

**ਸੰਮਤ ਸਤਾਰਾਂ ਸੈ ਚਉਰੰਜਾ ਗਏ। ਦਿਨ ਚੇਤ੍ਰ ਦੇ ਅਠਾਈ ਬਾਕੀ ਰਹੇ।**
**ਦਿਨ ਤ੍ਰੈ ਗੁਜ਼ਰੇ ਚੌਪਾ ਸਿੰਘ ਬੁਲਾਇਆ। ਦਰਬਾਰ ਲਗਾ ਹੋਯਾ,**
**ਦੀਵਾਨ ਦੋਨੋਂ ਪਾਸ ਬਹਾਇਆ।੩੧੬।**
**ਬਚਨ ਕੀਤਾ 'ਕਟੋਰਾ' ਜਲ ਦਾ ਸੁਚੇਤ ਕਰਿ ਲੈ ਆਉ।**
**ਲੈ ਆਇਆ, ਦਿਤੀ ਕਰਦ, ਕਹਿਆ, ਹਿਲਾਉ।**
**ਜਪੁ ਅਤੇ ਅਨੰਦੁ ਰਸਨੀਂ ਕਰਿ ਉਚਾਰੁ।**
**ਤਾਂ ਦੀਵਾਨ ਸਾਹਬਚੰਦ ਹਥ ਜੋੜਿ ਖਲੋਤਾ ਵਿਚ ਦਰਬਾਰ।੩੧੭।**
**ਕਹਿਆ, ਗਰੀਬਨਿਵਾਜ਼! ਵਿਚ ਮਿੱਠਾ ਪਵੇ ਤਾ ਬਣੇ ਸੁਆਦ।**
**ਬਚਨ ਕੀਤਾ, 'ਲੈ ਆਉ ਧਰਮਚੰਦਾ! ਪਤਾਸੇ ਪ੍ਰਸਾਦ।'**
**ਪਤਾਸੇ ਪਵਾਏ ਅਤੇ ਕਰਦ ਹਿਲਾਈ। ਨਾਉ ਧਰਿਆ, ਪਾਹੁਲ।'**
**ਇਹ ਪਾਹੁ ਲਗਾਈ।੩੧੮।**

*(ਬੰਸਾਵਲੀਨਾਮਾ, ਚਰਣ ੧੦ਵਾਂ)*

---

੧. ਸਾਲ ਬਾਵਨ ਪਰ ਸਤ੍ਰੈ ਸਈ। ਬੁਧਵਾਰ ਬਿਸਾਖੈ ਪੰਥ ਉਤਪਤਿ ਭਈ।੨੨।

*(ਸ੍ਰੀ ਗੁਰ ਪੰਥ ਪ੍ਰਕਾਸ਼, ਰਤਨ ਸਿੰਘ)*

ਸਤ੍ਰਹ ਸ਼ੈ ਬਾਵਨ ਬਿਖੇ ਪੰਥ ਖਾਲਸਾ ਸਾਜ।
ਵੈਸਾਖੀ ਕੇ ਦਿਵਸ ਮੈਂ ਕਲਗੀਧਰ ਮਹਾਰਾਜ।੬੯। *(ਸ਼ਹੀਦ ਬਿਲਾਸ, ਸੇਵਾ ਸਿੰਘ)*

ਕਰਤਾ *ਪਰਮ ਸੁਮਾਰਗ* ਨੇ ੧੭੫੫ ਬਿ: ਸੰਮਤ ਦਿਤਾ ਹੈ, ਬਾਦ ਦੇ ਲੇਖਕਾਂ ੧੭੫੬ ਬਿ: ਲਿਖਿਆ ਹੈ। ਸਾਡਾ ਇਥੇ ਸੰਮਤ ਬਾਰੇ ਬਹਿਸ ਕਰਨ ਦਾ ਪ੍ਰਯੋਜਨ ਨਹੀਂ, ਕੇਵਲ ਇਸ ਲਈ ਗੱਲ ਛੇੜਨੀ ਪਈ ਹੈ ਕਿਉਂਕਿ ਕਈ ਰਹਿਤਨਾਮਿਆਂ ਦੇ ਅੰਤ ਵਿਚ ੧੭੫੨ ਬਿ: ਸੰਮਤ ਦਿਤਾ ਹੋਇਆ ਹੈ ਤੇ ਇਹ ਪ੍ਰਾਚੀਨ ਇਤਿਹਾਸਾਂ ਅਨੁਸਾਰ ਹੈ। ਫਿਰ ੧੭੫੬ ਬਿ: ਕਿਉਂ ਪ੍ਰਚਲਤ ਹੋਇਆ ? ਇਸ ਦਾ ਸੌਖਾ ਸਮਾਧਾਨ ਇਉਂ ਜਾਪਦਾ ਹੈ ਕਿ ਦਸਮੇਸ਼ ਗੁਰੂ ਜੀ ਨੇ ਚਰਣ-ਪਾਹੁਲਾ ਦੀ ਥਾਂ 'ਖੰਡੇ ਪਾਹੁਲ' ਦੀ ਰੀਤਿ ਛੋਟੇ ਪੱਧਰ ਤੇ ੧੭੫੨ ਬਿ: ਵਿਚ ਹੀ ਚਾਲੂ ਕਰ ਦਿਤੀ ਸੀ ਤੇ ੧੭੫੬ ਬਿ: ਦੀ ਵਿਸਾਖੀ ਨੂੰ ਸੀਸ ਭੇਟ ਕੌਤਕ ਤੇ ਇਹ ਮਰਯਾਦਾ ਸਾਲਾਨਾ ਇਕੱਠ ਵਿਚ ਵੱਡੇ ਪੈਮਾਨੇ 'ਤੇ ਚਲਾਈ ਗਈ ਤੇ ਸਮੂੰਹ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਕੇਸਧਾਰੀ ਤੇ ਸ਼ਸਤਰਧਾਰੀ ਬਣਾਇਆ ਗਿਆ ਤੇ ਨਾਮ 'ਸਿੰਘ' ਰੱਖੇ ਗਏ। ਇਸ ਕਰਕੇ ਖਾਲਸਾ ਸਾਜਣ ਦਾ ਸਾਲ ੧੭੫੬ ਬਿ: ਹੀ ਪ੍ਰਸਿੱਧ ਹੋ ਗਿਆ।

ਗੁਰੂ ਸਾਹਿਬ ਇਸ ਖਾਲਸਾ ਪੰਥ ਨੂੰ ਨਿਰਾਲਾ ਰੂਪ ਦੇਣਾ ਚਾਹੁੰਦੇ ਸਨ ਜੋ ਚੜ੍ਹਦੀ ਕਲਾ ਵਿਚ ਰਹਿ ਕੇ ਧਰਮ ਪ੍ਰਚਾਰ ਸਕੇ, ਸੰਤਾਂ ਨੂੰ ਉਬਾਰ ਸਕੇ ਤੇ ਦੁਸ਼ਟਾਂ ਨੂੰ ਸੰਘਾਰ ਸਕੇ ਤੇ ਸਰਬੱਤ ਦੇ ਭਲੇ ਲਈ ਆਪਣਾ ਆਪ ਵਾਰ ਸਕੇ। ਸੰਭਵ ਹੈ ਅਜੇਹੇ ਕੁਝ ਭਲੇ ਪੁਰਸ਼ ਦੂਜੇ ਮਤਾਂ ਵਿਚ ਵੀ ਹੋਵਣ,ਪਰੰਤੂ ਗੁਰੂ ਦਸਮੇਸ਼ ਦਾ ਆਸ਼ਾ ਸੀ ਕਿ ਸੰਤ-ਸਿਪਾਹੀ ਸੇਵਕ ਸਭ ਤੋਂ ਨਿਰਾਲੇ ਦਿਸਣ ਤੇ ਇਨ੍ਹਾਂ ਦੀ ਵਿਲੱਖਣ ਹਸਤੀ ਕਿਸੇ ਨਾਲ ਰਲਗੱਡ ਨਾ ਹੋਵੇ। ਇਸੇ ਮੰਤਵ ਲਈ ਖਾਲਸੇ ਦੀ ਬਾਹਰਲੀ ਰੂਪ-ਰੇਖਾ, ਵਿਸ਼ੇਸ਼ ਵਿਧੀਆਂ ਨਾਲ ਸਵਾਰੀ ਤੇ ਸ਼ਿੰਗਾਰੀ ਗਈ।

## (੨) ਬਾਹਰਲੀ ਰਹਿਤ-ਮਰਯਾਦਾ

ਬਾਹਰਲੀ ਰਹਿਣੀ ਬਹਿਣੀ ਦੇ ਦੋ ਮੁਖ ਅੰਗ ਹਨ, ਪਹਿਲਾ ਇਹ ਕਿ ਕੁਝ ਕਰਨਾ ਹੈ, ਦੂਜਾ ਇਹ ਨਹੀਂ ਕਰਨਾ। ਹਿੰਦੂ ਮਤ ਵਿਚ ਇਸ ਨੂੰ 'ਵਿਧਿ ਨਿਖੇਧ' ਕਰਮ ਕਹਿੰਦੇ ਨੇ ਵਿਧਿ-ਕਰਨ ਯੋਗ ਤੇ ਨਿਖੇਧ-ਨ ਕਰਨ ਯੋਗ। ਇਸੇ ਤਰ੍ਹਾਂ ਯੋਗ ਮਤ ਵਿਚ ਯਮ-ਕਰਨ ਯੋਗ ਤੇ ਨਿਯਮ ਕਰਨ ਯੋਗ ਦੀ ਵੰਡ ਹੈ।

ਸਿੱਖੀ ਵਿਚ ਕਰਨ ਵਾਲੇ ਕੰਮਾਂ ਨੂੰ—'ਰਹਿਤ' ਤੇ ਨਾ ਕਰਨ ਵਾਲੇ ਨੂੰ 'ਕੁਰਹਿਤ' ਕਿਹਾ ਗਿਆ ਹੈ। ਰਹਿਤ ਇਹ ਹੈ :

(ੳ) ਪੰਜ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਲੈ ਕੇ ਸਿੰਘ ਜਾਂ ਕੌਰ (ਕੰਵਰ) ਸਜਣਾ।

੧. ਪੰਜ ਕਕਾਰੀ ਰਹਿਤ ਧਾਰਨਾ।

੨. ਦਸਤਾਰਧਾਰੀ ਹੋਣਾ।

੩. ਰੋਜ਼ਾਨਾ ਇਸ਼ਨਾਨ ਕਰਨਾ।

੪. ਰੋਜ਼ਾਨਾ ਗੁਰਬਾਣੀ ਪਾਠ ਤੇ ਵਾਹਿਗੁਰੂ ਮੰਤ੍ਰ ਦਾ ਜਾਪ ਕਰਨਾ।

੫. ਕਿਰਤ ਕਰਕੇ ਵੰਡ ਛਕਣਾ।

੬. ਗੁਰੂ ਨਮਿਤ ਦਸਵੰਧ ਦੇਣਾ।

੭. ਸਤਿਸੰਗ ਵਿਚ ਜਾਣਾ, ਸੇਵਾ ਕਰਨਾ।

੮. ਹਰ ਕਾਰਜ ਗੁਰਮਤਿ ਮਰਯਾਦਾ ਅਨੁਸਾਰ ਕਰਨਾ।

੯. ਗੁਰੂ ਗ੍ਰੰਥ ਪੰਥ ਦੀ ਆਗਿਆ ਵਿਚ ਚਲਣਾ।

(ਅ) ਕੁਰਹਿਤ ਨ ਕਰਨ ਯੋਗ ਗੱਲਾਂ ਇਹ ਹਨ, ਪਹਿਲੀਆਂ ਚਾਰ ਦੇ ਕਰਨ 'ਤੇ ਸਿਖ ਪਤਿਤ ਹੋ ਜਾਂਦਾ ਹੈ :

੧. ਕੇਸਾਂ ਦੀ ਬੇਅਦਬੀ (ਭੱਦਣ)

੨. ਤਮਾਕੂ ਪਾਨ,

੩. ਕੁੱਠਾ

੪. ਮੁਸਲੀ ਯੁੱਧ

੫. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਨੜੀਮਾਰ, ਕੁੜੀਮਾਰ, ਸਿਰਗੁੰਮ ਤੇ ਪਤਿਤ ਨਾਲ ਵਰਤੋਂ।

੬. ਟੋਪੀ ਜਾਂ ਟੋਪ ਪਹਿਨਣਾ।

੭. ਚੋਰ, ਯਾਰੀ, ਜੂਆ ਆਦਿ ਕੁਕਰਮ।

੮. ਸ਼ਰਾਬ ਆਦਿ ਨਸ਼ਿਆਂ ਦਾ ਸੇਵਨ।

੯. ਦੇਵੀ ਦੇਵਤੇ, ਅਵਤਾਰ, ਮੂਰਤੀ-ਪੂਜਾ, ਮੜ੍ਹੀ ਮਸਾਣੀ, ਮਠ ਪੂਜਾ, ਸ਼ਗਨ ਅਪਸ਼ਗਨ, ਤੀਰਥ ਬ੍ਰਤ, ਸੂਤਕ ਪਾਤਕ, ਛੂਤ-ਛਾਤ, ਸਰਾਧ, ਛਾਇਆ, ਪੁੱਛਿਆ, ਜੰਤ੍ਰ ਮੰਤ੍ਰ ਆਦਿ ਭਰਮ-ਕਰਮ।

ਸਿਖਾਂ ਲਈ ਜੋ ਗੱਲਾਂ ਵਿਵਰਜਿਤ ਹਨ, ਉਹ ਲਗਭਗ ਅੱਜ ਦੀ ਬਾਕੀ ਦੁਨੀਆਂ ਬਿਨਾਂ ਕਿਸੇ ਇਤਰਾਜ਼ ਦੇ ਖੁਸ਼ੀ ਖੁਸ਼ੀ ਕਰਦੀ ਹੈ :

(੧) ਸਿਖ ਕੇਸਧਾਰੀ ਹੈ, ਸਾਰੀ ਦੁਨੀਆਂ ਕੇਸ ਮੁੰਡਨ ਕਰਦੀ ਹੈ।

(੨) ਸਿਖ ਦਸਤਾਰਧਾਰੀ ਹੈ, ਜਦ ਕਿ ਬਾਕੀ ਦੁਨੀਆਂ ਟੋਪੀ ਜਾਂ ਟੋਪਧਾਰੀ ਹੈ।

(੩) ਸਿਖ ਤਮਾਕੂ ਨੂੰ 'ਬਿਖਿਆ' ਯਾ 'ਜਗਤ ਜੂਠ' ਕਹਿ ਕੇ ਤ੍ਰਿਸਕਾਰਦਾ ਹੈ ਤੇ ਸਾਰੀ ਦੁਨੀਆ ਭੈੜੀ ਵਾਦੀ ਜਾਂ ਫ਼ੈਸ਼ਨ ਕਰਕੇ ਸਿਗਰਟਨੋਸ਼ੀ ਦਾ ਸ਼ਿਕਾਰ ਹੈ।

(੪) ਸਿਖ ਵਿਭਚਾਰ ਨੂੰ ਅਯੋਗ ਕਰਾਰ ਦਿੰਦਾ ਹੈ ਪਰ ਪੱਛਮੀ ਸਭਿਅਤਾ ਇਸ ਨੂੰ ਕੁਦਰਤੀ ਅਧਿਕਾਰ ਦੱਸ ਕੇ ਸਿਨਮੇਂ ਰਾਹੀਂ ਸਗੋਂ ਇਸ ਬੇਹੱਯਾਈ ਨੂੰ ਲਿੰਗ ਸੁਤੰਤ੍ਰਤਾ

ਨਾਂ ਦੇ ਕੇ ਪ੍ਰਚਾਰਦੀ ਹੈ।

(੫) ਸਿਖ ਅਕਾਲੀ ਵਿਸਵਾਸ਼ ਵਾਲਾ ਆਸਤਿਕ ਹੈ ਜਦ ਕਿ ਨਵੇਂ ਜ਼ਮਾਨਾ ਨਾਸਤਕਤਾ ਨੂੰ ਅਗਾਂਹਵਧੂ ਹੋਣ ਦਾ ਨਿਸ਼ਾਨ ਮੰਨ ਕੇ ਵਿਗਿਆਨਕ ਸੱਚ ਵਾਂਙ ਪ੍ਰਵਾਨ ਕਰੀ ਜਾਂਦਾ ਹੈ। ਇਸ ਲਈ ਸਿਖੀ ਰਹਿਤ ਧਾਰਨਾ ਇਕ ਤਰ੍ਹਾਂ ਨਾਲ ਅਜੋਕੇ ਸਾਰੇ ਸੰਸਾਰ ਨਾਲ ਟੱਕਰ ਲੈਣ ਬਰਾਬਰ ਹੈ।

### *(ੳ) ਪੰਜ ਕਕਾਰੀ ਰਹਿਤ*

ਕੇਸ—ਸਿੰਘ-ਰਹਿਤ ਦਾ ਕੁਦਰਤੀ ਚਿੰਨ੍ਹ ਕੇਸ ਹੈ। ਸਾਰੇ ਮਤਾਂ ਦੇ ਪ੍ਰਮੁਖ ਧਰਮਾਤਮਾ ਪੁਰਸ਼, ਦਾੜ੍ਹੀ ਕੇਸਧਾਰੀ ਦੱਸੇ ਜਾਂਦੇ ਹਨ। ਸ੍ਰੀ ਰਾਮ, ਕ੍ਰਿਸ਼ਨ ਤੋਂ ਲੈ ਕੇ ਟੈਗੋਰ, ਅਰਬਿੰਦੂ ਤਕ ਸਭ ਪੁਰਾਤਨ ਰਿਸ਼ੀ-ਮੁਨੀ ਜਟਾਜੂਟ ਸਨ ਤੇ ਕੇਸ ਕੱਟਣਾ ਇਕ ਪ੍ਰਕਾਰ ਦਾ ਦੰਡ ਸੀ। *ਮਨੂ ਸਿੰਮ੍ਰਤੀ* ਦਾ (ਅਧਿਆਇ ੮, ੩੭੯) ਸਲੋਕ ਹੈ, 'ਜੇ ਬ੍ਰਾਹਮਣ ਨੂੰ ਕਿਸੇ ਮੰਦ-ਕਰਮ ਕਾਰਣ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਉਸ ਦਾ ਜੂੜਾ ਕੱਟ ਦੇਣਾ ਕਾਫ਼ੀ ਹੈ। ਜੇ ਕੋਈ ਜੋਧਾ ਮੁਕਾਬਲੇ ਵੇਲੇ ਕਿਸੇ ਦੇ ਕੇਸਾਂ ਦਾ ਅਪਮਾਨ ਕਰੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਹ ਉਸ ਦੇ ਹੱਥ ਕੱਟ ਛੱਡੇ।'

ਇਸੇ ਤਰ੍ਹਾਂ ਕੁਰਾਨ ਵਿਚ ਤਾਕੀਦ ਹੈ 'ਸੀਸ ਮੁੰਡਨ ਨ ਕਰੋ' ਕਿਉਂਕਿ ਕੇਸਾਂ ਨਾਲ ਹੀ ਸਿਰ ਦਾ ਸੁਹਣੱਪ ਹੈ[੧]। ਬਾਈਬਲ ਵਿਚ ਆਈ ਸੈਮਪਸਨ ਦੀ ਕਹਾਣੀ ਇਹ ਪ੍ਰਗਟ ਕਰਦੀ ਹੈ ਕਿ ਕੇਸਧਾਰੀ ਪੁਰਸ਼ ਬਲਵਾਨ ਤੇ ਅਜਿਤ ਹੁੰਦਾ ਹੈ ਅਤੇ ਕੇਸ ਕੱਟਣ ਨਾਲ ਸ਼ਕਤੀ ਖੀਣ ਹੁੰਦੀ ਹੈ। ਡਾਕਟਰੀ ਨੁਕਤੇ ਤੋਂ ਵੀ ਸਰੀਰਕ ਸੰਭਾਲ ਲਈ ਇਸ ਦਾ ਮਹੱਤਵ ਮੰਨਿਆ ਜਾਂਦਾ ਹੈ। ਕੇਸ ਜਾਂ ਵਾਲ ਸਰੀਰ ਵਿਚ ੪-੫ ਇੰਚ ਡੂੰਘੇ ਹੁੰਦੇ ਹਨ ਜੋ ਬਰੀਕ ਨਾੜੀਆਂ ਤੋਂ ਸ਼ਕਤੀ ਤੇ ਸਮੱਗਰੀ ਲੈਂਦੇ ਰਹਿੰਦੇ ਹਨ। ਇਨ੍ਹਾਂ ਦੇ ਢਾਂਚੇ ਵਿਚ ੨੯ ਹਿਸੇ ਔਕਸੀਜਨ, ੫੦ ਹਿਸੇ ਕਾਰਬਨ, ੬ ਹਿਸੇ ਹਾਈਡਰੋਜਨ, ੧੧ ਹਿਸੇ ਨਾਈਟਰੋਜਨ ਤੇ ੫ ਹਿਸੇ ਸਲਫਰ ਹੁੰਦੀ ਹੈ, ਜੇ ਕੋਈ ਕਟਾਉਂਦਾ ਹੈ, ਉਹ ਇਸ ਸ਼ਕਤੀ ਤੋਂ ਹੱਥ ਧੋਂਦਾ ਹੈ ਤੇ ਦੁਬਾਰਾ ਫਿਰ ਜੋ ਵਾਲ ਉਗਮਦੇ ਹਨ ਉਤਨੀ ਹੋਰ ਸ਼ਕਤੀ ਸਰੀਰ ਵਿਚੋਂ ਲੈ ਕੇ ਤਾਂ ਉਨ੍ਹਾਂ ਦਾ ਵਜੂਦ ਬਣਦਾ ਹੈ। ਇਸੇ ਲਈ ਇਕ ਮਨੋਵਿਗਿਆਨ ਦੇ ਅਮ੍ਰੀਕਨ ਪ੍ਰੋਫ਼ੈਸਰ ਰਾਬਰਟ ਪਿਲਗ੍ਰਿਨੀ ਨੇ ਇਹ ਸਿੱਟਾ ਕੱਢਿਆ ਹੈ ਕਿ ਜਿਤਨਾ ਕੋਈ ਸਾਬਤ ਸੂਰਤ ਰਹੇਗਾ ਉਤਨਾ ਹੀ ਮਰਦ, ਪਰਪੱਕ, ਦਰਸ਼ਨੀ, ਆਤਮ-ਵਿਸ਼ਵਾਸੀ, ਸਾਹਸੀ, ਉਦਾਰ, ਅਡੋਲ ਤੇ ਮਿਹਨਤੀ ਹੋਵੇਗਾ।[੧]

---

੧. ਲਾ ਤਾਲਕਵਾ ਮਰਉ ਸਕਮ ਕੁਦ ਜੀ ਵਹ ਅੱਲ੍ਹਾ ਬਿਲ ਸੁਅਰ।

There seems to be a positive relation between the amount of hair on the person's face and the perception of him as ☛

ਮਾਲੂਮ ਇਹ ਹੁੰਦਾ ਹੈ ਕਿ ਜਦੋਂ ਕਰਮਯੋਗੀ ਜੀਵਨ ਨੂੰ ਤਿਆਗ ਕੇ ਲੋਕ ਸੰਨਿਆਸ ਲੈਂਦੇ ਸਨ ਤਾਂ ਮੁੰਡਨ ਕਰਾ ਲੈਂਦੇ ਸਨ, ਜੈਨੀ ਬੋਧੀ ਭਿੱਖੂ ਵੀ ਇਸੇ ਤਰ੍ਹਾਂ ਕਰਦੇ ਹਨ। ਇਸ ਤੋਂ ਇਲਾਵਾ ਮਾਪਿਆਂ ਦੀ ਮੌਤ ਤੇ ਭੱਦਣ ਦਾ ਰਿਵਾਜ ਸੀ, ਜੋ ਕਿ ਇਕ ਸੋਗ ਦਾ ਨਿਸ਼ਾਨ ਸੀ। ਇਉਂ ਘੋਨ ਮੋਨ ਜਾਂ ਰੁੰਡ ਮੁੰਡ ਜੋਗੀ ਸਾਧੂਆਂ ਦੀ ਗਿਣਤੀ ਵਧਦੀ ਗਈ। ਫਿਰ ਮੁਸਲਮਾਨ ਹਮਲਾਵਰ ਆਏ, ਇਨ੍ਹਾਂ ਦੇ ਅਰਬੀ ਤੁਰਕੀ ਸਭਿਆਚਾਰ ਵਿਚ ਕੇਸ ਦਾੜ੍ਹੀ ਦਾ ਵਿਸ਼ੇਸ਼ ਗੌਰਵ ਸੀ ਤੇ ਇਹ ਗੌਰਵ ਉਹ ਗੁਲਾਮ ਹਿੰਦੂਆਂ ਵਿਚ ਦੇਖਣਾ ਪਸੰਦ ਨਹੀਂ ਸੀ ਕਰਦੇ। ਇਸੇ ਕਰਕੇ ਮੁਸਲਿਮ ਬਾਦਸ਼ਾਹਾਂ ਉਚੇਰੇ ਫ਼ੁਰਮਾਨ ਜਾਰੀ ਕੀਤੇ ਕਿ ਹਿੰਦੂ ਦਾੜ੍ਹੀ ਮੁਨਾ ਕੇ ਰੱਖਣ, ਪੱਗ ਦੀ ਥਾਂ ਟੋਪੀ ਲੈਣ, ਘੋੜ ਸਵਾਰੀ ਨਾ ਕਰਨ, ਸ਼ਸਤ੍ਰ ਨਾ ਰੱਖਣ ਤੇ ਕਿਸੇ ਉਚੇਰੀ ਗੱਲੇ ਮੋਮਨਾਂ ਦੀ ਰੀਸ ਨਾ ਕਰਨ। ਮੁਗ਼ਲ ਰਾਜ ਸਮੇਂ ਅਜੇਹੇ ਹੁਕਮਾਂ ਦਾ ਸਾਨੂੰ ਪਤਾ ਹੈ। *ਮੁਆਸਰਿ ਆਲਮਗ਼ੀਰੀ* ਦੇ ਲਿਖਣ ਅਨੁਸਾਰ ੧੬ ਫੱਗਣ ੧੭੫੧ ਬਿ: (੧੬੯੪ ਈ:) ਨੂੰ ਔਰੰਗਜੇਬ ਨੇ ਇਹ ਫ਼ੁਰਮਾਨ ਜਾਰੀ ਕੀਤਾ ਕਿ ਕੋਈ ਹਿੰਦੂ ਹਥਿਆਰ ਨਾ ਰੱਖੇ ਤੇ ਨਾ ਹੀ ਪਾਲਕੀ, ਹਾਥੀ ਜਾਂ ਅਰਬੀ ਇਰਾਕੀ ਘੋੜੇ 'ਤੇ ਸਵਾਰ ਹੋਵੇ। ਬਾਦਸ਼ਾਹ ਬਹਾਦਰ ਸ਼ਾਹ ਨੇ (੧੭੧੨ ਈ:) ਲਾਹੌਰ ਆ ਕੇ ਹੁਕਮ ਦਿਤਾ ਸੀ ਕਿ ਸਿੱਖਾਂ ਦੀ ਨਿਸ਼ਾਨੀ ਕੇਸ ਹੈ, ਇਸ ਲਈ ਤਮਾਮ ਹਿੰਦੂ ਮੁਨਸ਼ੀ ਮੁਸੱਦੀਆਂ ਨੂੰ ਦਾੜ੍ਹੀ ਕੇਸ ਮੁਨਾ ਦੇਣੇ ਚਾਹੀਦੇ ਹਨ।

ਸਤਿਗੁਰਾਂ ਕੇਸਧਾਰੀ ਹੋਣ 'ਤੇ ਉਚੇਚਾ ਜ਼ੋਰ ਦਿਤਾ ਤੇ ਗ਼ੁਲਾਮੀ ਦੀ ਨਿਸ਼ਾਨੀ ਟੋਪੀ ਲੁਹਾ ਕੇ ਸਿਖਾਂ ਦੇ ਸਿਰ ਦਸਤਾਰ ਸਜਾਈ। ਸ਼ਸਤ੍ਰਾਂ ਦੀ ਪ੍ਰਤਿਨਿਧ ਕ੍ਰਿਪਾਨ ਧਾਰਨ ਦੀ ਤਾਕੀਦ ਕੀਤੀ ਤੇ ਇਸ ਤਰ੍ਹਾਂ ਸਿਖਾਂ ਨੂੰ ਹੋਰ ਚੰਗੇ ਸ਼ਸਤ੍ਰ ਰੱਖਣ ਤੇ ਸੋਹਣੇ ਘੋੜਿਆਂ ਦੀ ਸਵਾਰੀ ਲਈ ਪ੍ਰੇਰਿਆ। ਨਗਾਰਾ ਤੇ ਨਿਸ਼ਾਨ ਪ੍ਰਭੂ-ਸੱਤਾ (Sovereignty) ਦੇ ਪ੍ਰਤੀਕ ਸਨ। ਕੋਈ ਰਾਜਾ ਰਾਣਾ ਮੁਗ਼ਲ ਸਮਰਾਟ ਦੀ ਆਗਿਆ ਬਿਨਾ ਇਹ ਰਾਜ-ਚਿੰਨ੍ਹ ਨਹੀਂ ਸੀ ਰਖ ਸਕਦਾ, ਕਿਲ੍ਹਾ ਨਹੀਂ ਸੀ ਬਣਾ ਸਕਦਾ। ਗੁਰੂ ਸਾਹਿਬ ਨੇ ਸਿਖਾਂ ਨੂੰ ਲੋਹ ਗੜ੍ਹ ਬਣਾਉਣ, ਝੰਡੇ ਨਿਸ਼ਾਨ ਝੁਲਾਉਣ, ਨਗਾਰੇ ਵਜਾਉਣ ਲਈ ਤਿਆਰ-ਬਰ-ਤਿਆਰ ਕੀਤਾ ਕਿਉਂਕਿ ਇਹ ਸਾਰੇ ਸਾਧਨ ਸੁਤੰਤਰਤਾ, ਰਾਜ ਭਾਗ ਤੇ ਗੌਰਵ ਦੇ ਨਿਸ਼ਾਨ ਸਨ। ਇਸ ਕਰਕੇ ਸ੍ਰੀ ਦਸਮੇਸ਼ ਜੀ

---

☛ masculine, mature, good-looking, self-confident, courageous, liberal, nonconformist and industrious.

*The Tribune Daily, Chandigarh*
(July 10, 1973)

ਨੇ ਗ਼ੁਲਾਮ ਹਿੰਦੁਸਤਾਨ ਨੂੰ ਆਜ਼ਾਦੀ ਦੇ ਰਾਹ ਉਤੇ ਤੋਰਨ ਲਈ ਸਿਖਾਂ ਦੀ ਬਾਹਰਲੀ ਰਹਿਣੀ ਬਹਿਣੀ ਵਿਚ ਕ੍ਰਿਪਾਨ ਧਾਰਨ ਤੇ ਦਸਤਾਰ ਸਜਾਉਣ ਨੂੰ ਜ਼ਰੂਰੀ ਕਰਾਰ ਦਿਤਾ। ਨਿੱਕੀ ਪੱਗ ਨੂੰ ਪੁਰਾਤਨ ਸਿੰਘ 'ਕੇਸਕੀ' ਕਿਹਾ ਕਰਦੇ ਸਨ। ਤੇ ਭੱਟ ਵਹੀਆਂ ਵਿਚ ਇਸ ਨੂੰ ਪੰਜ ਕਕਾਰਾਂ ਵਿਚ ਵੀ ਗਿਣਿਆ ਹੈ। (ਦੇਖੋ, *ਭੱਟ ਵਹੀ ਪਰਗਣਾ*, ਥਾਨੇਸਰ)।

*ਸਰਬਲੋਹ ਗ੍ਰੰਥ* ਵਿਚ 'ਕੱਛ ਕ੍ਰਿਪਾਨ ਕੇਸ ਤ੍ਰੈ ਮੁਦ੍ਰਾ' ਦਾ ਚਰਚਾ ਹੈ। ਕੇਸ ਕੁਦਰਤੀ ਚਿੰਨ੍ਹ ਸੀ, ਕ੍ਰਿਪਾਨ ਸੁਰੱਖਿਆ ਦਾ ਸਾਧਨ ਤੇ ਕਛਹਿਰਾ ਇਕ ਵਧੀਆ ਪੁਸ਼ਾਕ ਸੀ। ਉਸ ਜ਼ਮਾਨੇ ਤੇੜ ਦੇ ਦੋ ਹੀ ਕਪੜੇ ਸਨ—ਲੰਗੋਟੀ ਤੇ ਧੋਤੀ। ਲੰਗੋਟੀ ਅਧੂਰਾ ਅਧਨੰਗਾ ਪਹਿਰਾਵਾ ਸੀ, ਧੋਤੀ ਪਾ ਕੇ ਸਾਵਧਾਨ ਸੂਰਬੀਰ ਜੋਧੇ ਵਾਲਾ ਕਰਮ ਨਹੀਂ ਸੀ ਨਿਭਾਇਆ ਜਾ ਸਕਦਾ। ਇਸ ਲਈ ਕਛਹਿਰਾ ਰਹਿਤ ਦਾ ਅੰਗ ਪਰਵਾਨ ਕੀਤਾ ਗਿਆ ਤਾਂ ਕਿ ਸਿਖ ਤਿਆਰ-ਬਰ-ਤਿਆਰ ਸੰਤ-ਸਿਪਾਹੀ ਸਜ ਸਕੇ। ਅੱਜ ਇਹ ਪੁਸ਼ਾਕ ਕੌਮਾਂਤਰੀ ਪ੍ਰਵਾਨਗੀ ਪ੍ਰਾਪਤ ਕਰ ਚੁਕੀ ਹੈ। ਕੜਾ ਭਾਵੇਂ ਤੀਰ-ਕਮਾਣ ਚਲਾਉਣ ਵਾਲੇ ਤੇ ਤੇਗ ਵਾਹੁਣ ਵਾਲੇ ਹੱਥ ਲਈ ਇਕ ਸੁਰੱਖਿਆ ਦਾ ਸਾਧਨ ਸੀ, ਪਰ ਇਹ ਸਿਖ ਦਾ ਸਰਬਲੋਹੀ ਗਾਨਾ ਇਕ ਵਿਸ਼ੇਸ਼ ਪ੍ਰਤੱਗਿਆ-ਚਿੰਨ੍ਹ ਬਣ ਗਿਆ ਤੇ ਅੱਜ ਫ਼ੈਸ਼ਨ ਦੇ ਤੌਰ 'ਤੇ ਗ਼ੈਰ ਸਿਖਾਂ ਵੀ ਇਸ ਨੂੰ ਪਹਿਨ ਲਿਆ ਹੈ। ਕੰਘਾ, ਕੇਸਾਂ ਦੀ ਸਫ਼ਾਈ ਲਈ ਵਰਤਿਆ ਹੀ ਜਾਂਦਾ ਸੀ ਪਰ ਸਫ਼ਾਈ ਨੂੰ ਲਾਜ਼ਮੀ ਬਣਾਉਣ ਲਈ ਇਸ ਨੂੰ ਰਹਿਤ ਦਾ ਅੰਗ ਬਣਾ ਦਿਤਾ। ਸੋ ਇਹ ਪੰਜ-ਕਕਾਰੀ ਰਹਿਤ ਕਰਮ-ਯੋਗੀ ਜੀਵਨ ਦੀ ਲਖਾਇਕ ਸੀ, ਜੋ ਕਿ ਉਸ ਸਮੇਂ ਅਤਿ ਲੋੜੀਂਦੀ ਸੀ ਤੇ ਅੱਜ ਵੀ ਲੋੜੀਂਦੀ ਹੈ। ਇਸੇ ਤਰ੍ਹਾਂ ਕਿਸੇ ਕਕਾਰ ਨੂੰ ਛੁਟਿਆਇਆ ਨਹੀਂ ਜਾ ਸਕਦਾ ਕਿਉਂਕਿ ਇਤਿਹਾਸ ਨੇ ਇਨ੍ਹਾਂ ਨਾਲ ਖ਼ਾਸ ਗੌਰਵ ਜੋੜ ਦਿਤਾ ਹੈ। ਭਾਵੇਂ ਕਿਸੇ ਵੀ ਰਹਿਤਨਾਮੇ ਵਿਚ ਇਨ੍ਹਾਂ ਪੰਜ ਕਕਾਰਾਂ ਦਾ ਇਕੱਠਾ ਜ਼ਿਕਰ ਨਹੀਂ ਆਉਂਦਾ, ਵੱਖ ਵੱਖ ਥਾਵਾਂ 'ਤੇ ਇਨ੍ਹਾਂ ਦੇ ਸੰਕੇਤ ਮਿਲਦੇ ਹਨ। ਉੱਨੀਵੀਂ ਸਦੀ ਦੇ ਸ਼ੁਰੂ ਵਿਚ ਕਿਸੇ ਫ਼ਾਰਸੀਦਾਨ ਨੇ ਦੋ ਸ਼ੇਅਰਾਂ ਵਿਚ ਇਹ ਨਸੀਅਤ ਕਲਮਬੰਦ ਕੀਤੀ ਸੀ :

**ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼।**
**ਕੜਾ ਕਾਰਦੋ ਕੱਛ ਕੰਘਾ ਬਿਦਾਂ। ਬਿਲਾ ਕੇਸ ਹੇਚ 'ਅਸਤ ਜੁਮਲਾ ਨਿਸ਼ਾਂ'।**

ਭਾ: ਜੋਧ ਸਿੰਘ ਜੀ ਨੇ *ਗੁਰਮਤਿ ਨਿਰਣਯ* (੧੯੩੨) ਵਿਚ ਲਿਖਿਆ ਹੈ ਕਿ ਇਹ ਮਹਾਰਾਜਾ ਜੀਂਦ ਪਾਸ ਪਈ ਦਸਮ ਗ੍ਰੰਥ ਦੀ ਬੀੜ ਵਿਚ ਦਰਜ ਹੈ ਪਰ ਗੱਲ ਇਹ ਨਹੀਂ। ਨਾ ਇਹ ਇਸ ਬੀੜ ਵਿਚ ਲਿਖਿਆ ਸੀ ਤੇ ਨਾ ਹੀ ਦਸਮ ਗ੍ਰੰਥ ਦੀ ਕਿਸੇ ਹੋਰ ਪੋਥੀ ਵਿਚ। ਜੈਸਾ ਕਿ ਮੈਨੂੰ ਸੁਰਗਵਾਸੀ ਗਿਆਨੀ ਪ੍ਰਾਕ੍ਰਮ ਸਿੰਘ

ਜੀ ਸੰਗਰੂਰ ਵਾਲਿਆਂ ਦੱਸਿਆ ਸੀ ਕਿ ਇਹ ਇਕ ਕਾਗਜ਼ ਦੇ ਟੁਕੜੇ 'ਤੇ ਲਿਖਿਆ ਸ਼ੇਅਰ ਸੀ ਜੋ ਕਿ ਇਸ ਦਸਮ ਗ੍ਰੰਥ ਵਿਚ ਹੱਦ ਦੇ ਤੌਰ ਤੇ ਰੱਖਿਆ ਹੋਇਆ ਸੀ। ਪਿਛੋਂ ਇਹ ਕਿਧਰੇ ਡਿਗ ਪਿਆ ਜਾਂ ਕਿਸੇ ਕੱਢ ਲਿਆ।

### *(ਅ) ਕੁਰਹਿਤਾਂ*

ਜੋ ਗੱਲਾਂ ਸਿੰਘ-ਜੀਵਨ ਲਈ ਬਿਵਰਜਿਤ ਹਨ, ਉਨ੍ਹਾਂ ਵਿਚੋਂ ਚਾਰ ਮੁਖ ਕੁਰਹਿਤਾਂ ਇਹ ਹਨ, ਜਿਨ੍ਹਾਂ ਦੇ ਕੀਤਿਆਂ ਸਿਖ ਪਤਿਤ ਹੋ ਜਾਂਦਾ ਹੈ:

੧. ਕੇਸ ਮੁੰਡਨ ੨. ਤੰਬਾਕੂ ਪਾਨ ੩. ਕੁਠਾ ੪. ਮੁਸਲੀ ਯੁੱਧ।

(੧) **ਕੇਸ ਮੁੰਡਨ** : ਜਿਥੇ ਰਹਿਤ ਵਿਚ ਕੇਸਾਂ ਦੀ ਪ੍ਰਧਾਨਤਾ ਹੈ, ਉਥੇ ਫੈਸ਼ਨ ਦੇ ਹੜ੍ਹ ਤੋਂ ਬਚਾਉਣ ਲਈ ਕੇਸਾਂ ਜਾਂ ਰੋਮਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਨੂੰ ਕੁਰਹਿਤ ਕਰਾਰ ਦਿਤਾ ਗਿਆ ਹੈ। ਕਿਉਂਕਿ ਉਸ ਸਮੇਂ ਆਮ ਹਿੰਦੂ ਮੁਸਲਮਾਨ ਕੇਸ ਕੱਟਦੇ ਸਨ, ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਨਿਆਰਾ ਰੱਖਣ ਲਈ ਕੇਸ ਜ਼ਰੂਰੀ ਕਰਾਰ ਦਿਤੇ ਤੇ ਇਨ੍ਹਾਂ ਦੀ ਬੇਅਦਬੀ ਨੂੰ ਅਜੇਹਾ ਮੰਦ-ਕਰਮ ਦਸਿਆ ਜਿਸ ਨਾਲ ਸਿੰਘ, ਸਿੰਘ ਨਹੀਂ ਰਹਿੰਦਾ। ਇਹ ਦੋਹਰੀ ਹਦਾਇਤ ਕਿ ਰਹਿਤ ਵਿਚ ਕੇਸਾਂ ਦਾ ਵਿਧਾਨ ਤੇ ਫੇਰ ਕੁਰਹਿਤ ਵਿਚ ਇਸ ਦੀ ਬੇਅਦਬੀ ਤੋਂ ਬਚਣ ਦੀ ਤਾਕੀਦ ਦਸਦੀ ਹੈ ਕਿ ਸਿਖ ਮਤ ਵਿਚ ਕੇਸਾਂ ਦਾ ਕੀ ਮਹੱਤਵ ਹੈ। ਇਸੇ ਕਰਕੇ ਅਰਦਾਸ ਕੀਤੀ ਜਾਂਦੀ ਹੈ, 'ਸਿਖੀ ਕੇਸਾਂ ਸੁਆਸਾਂ ਨਾਲ ਨਿਭੇ।' ਇਤਿਹਾਸ ਤੋਂ ਪ੍ਰਗਟ ਹੈ ਕਿ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਉਤਰਵਾ ਲਈ ਸੀ ਪਰ ਕੇਸ ਉਤਰਵਾਉਣੇ ਪ੍ਰਵਾਨ ਨਹੀਂ ਸੀ ਕੀਤੇ।

(੨) **ਤੰਬਾਕੂ ਪਾਨ** : ਤੰਬਾਕੂ ਉਸ ਜ਼ਮਾਨੇ ਦੀ ਅਜੇਹੀ ਬੀਮਾਰੀ ਸੀ ਜਿਸ ਦਾ ਹਰ ਕੋਈ ਸ਼ਿਕਾਰ ਸੀ। ਬੀਰ ਜੋਧਾ ਜੀਵਨ ਲਈ ਇਹ ਸਖ਼ਤ ਹਾਨੀਕਾਰਕ ਚੀਜ਼ ਸੀ। ਗੁਰੂਆਂ ਇਸ ਨੂੰ 'ਬਿਖਿਆ' (ਜ਼ਹਿਰ) ਤੇ 'ਜਗਤਜੂਠ' ਕਹਿ ਕੇ ਨਿਖੇਧੀ ਕੀਤੀ ਤੇ ਸਿਖਾਂ ਨੂੰ ਹਰ ਤਰ੍ਹਾਂ ਇਸ ਤੋਂ ਵਰਜਿਆ।

ਸਿਆਣੇ ਬ੍ਰਾਹਮਣਾਂ ਇਸ ਦੀ ਨਿਖੇਧੀ ਬਾਰੇ ਪੁਰਾਣਾਂ ਵਿਚ ਸਲੋਕ ਲਿਖ ਦਿਤੇ ਕਿ ਜੋ ਬ੍ਰਾਹਮਣ ਧੂਮ੍ਰ-ਪਾਨ ਕਰਦਾ ਹੈ ਉਸ ਨੂੰ ਦਾਨ ਦੇਣ ਵਾਲਾ ਨਰਕਾਂ ਦਾ ਅਧਿਕਾਰੀ ਤੇ ਬ੍ਰਾਹਮਣ ਪਿੰਡ ਦਾ ਸੂਰ ਬਣਦਾ ਹੈ। 'ਸਕੰਦ ਪੁਰਾਣੇ' ਵਿਚ ਤਮਾਕੂਪੀਣੇ ਨੂੰ ਪ੍ਰੇਤ ਕਿਹਾ ਹੈ। ਬਾਵਜੂਦ ਅਜੇਹੀਆਂ ਸਖ਼ਤ ਤਾੜਨਾਵਾਂ ਦੇ ਹਿੰਦੂ ਜਾਤੀ ਇਸ ਰੋਗ ਤੋਂ ਬਚ ਨਹੀਂ ਸਕੀ। ਮੁਸਲਮਾਨਾਂ ਆਪਣੀਆਂ ਮਜ਼ਬੀ ਰਸਮਾਂ ਸਮੇਂ ਇਸ ਨੂੰ ਛੇਕਿਆ ਤੇ ਮਸੀਤ ਵਿਚ ਹੁੱਕਾ ਲਿਜਾਣ ਤਕ ਦੀ ਮਨਾਹੀ ਕੀਤੀ, ਇਸੇ ਤਰ੍ਹਾਂ ਈਸਾਈਆਂ ਦੇ ਬਾਰ੍ਹਵੇਂ ਪੋਪ ਇਨਸੈਂਟ ਨੇ ਤਮਾਕੂਨੋਸ਼ ਈਸਾਈਆਂ ਨਾਲ ਬਾਈਕਾਟ

ਕਰਨ ਦੀ ਹਦਾਇਤ ਜਾਰੀ ਕੀਤੀ। ਡਾਕਟਰ ਇਸਦੇ ਨੁਕਸਾਨ ਦਸਦੇ ਨਹੀਂ ਥੱਕਦੇ ਪਰ ਸਾਰਾ ਸੰਸਾਰ ਧੂਮ੍-ਪਾਨ ਵਿਚ ਗਲਤਾਨ ਹੈ। ੪੦ ਅਰਬ ਰੁਪਏ ਦੀਆਂ ਸਾਲਾਨਾ ਸਿਗਰਟਾਂ ਪੀਤੀਆਂ ਜਾਂਦੀਆਂ ਹਨ, ਜਿਸ ਨਾਲ ਕਈ ਮੁਲਕਾਂ ਦਾ ਵਿਕਾਸ ਸੰਭਵ ਹੈ। ਸਤਿਗੁਰਾਂ ਇਸ ਨੂੰ ਬੱਜਰ ਕੁਰਹਿਤ ਦੱਸ ਕੇ ਕਾਫ਼ੀ ਹਦ ਤਕ ਸਿਖ ਕੌਮ ਨੂੰ ਇਸ ਮਾਰ ਤੋਂ ਬਚਾ ਲਿਆ ਹੈ।

(੩) **ਮੁਸਲੀ ਯੁੱਧ** : ਭਾਵੇਂ ਸਿਖ ਆਚਾਰ ਸ਼ਾਸਤ੍ਰ ਵਿਚ ਪਰ-ਇਸਤਰੀ ਦੀ ਮਨਾਹੀ ਹੈ। ਗੁਰੂ ਗ੍ਰੰਥ ਵਿਚ ਬਚਨ ਹੈ :

**ਜੈਸਾ ਸੰਗਿ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰਗ੍ਰਿਹੁ।**

*(ਆਸਾ ਮ: ੫, ਪੰਨਾ ੫੦੩)*

ਜਿਸ ਸਮੇਂ ਖਾਲਸਾ ਪੰਥ ਪੈਦਾ ਹੋਇਆ ਉਸ ਸਮੇਂ ਵੇਸ਼ਵਾ-ਪ੍ਰਣਾਲੀ ਆਮ ਸੀ ਤੇ ਵੇਸ਼ਵਾਵਾਂ ਵਧੇਰੇ ਮੁਸਲਮਾਨ ਔਰਤਾਂ ਹੀ ਹੁੰਦੀਆਂ ਸਨ। ਜੋਧੇ ਸਿਪਾਹੀ ਭੋਗ ਬਿਲਾਸ ਦਾ ਸ਼ਿਕਾਰ ਹੋ ਕੇ ਡਿਗ ਸਕਦੇ ਸਨ, ਇਸ ਕਰਕੇ ਇਸ ਦੀ ਉਚੇਚੀ ਮਨਾਹੀ ਕੀਤੀ ਗਈ। ਦੂਸਰੇ, ਜਿਸ ਸਮੇਂ ਸਿਖਾਂ ਦਾ ਤੁਰਕਾਂ ਨਾਲ ਟਾਕਰਾ ਹੋ ਰਿਹਾ ਸੀ ਤਾਂ ਇਹ ਆਮ ਸੀ ਕਿ ਮੁਸਲਮਾਨ ਪਰਾਈਆਂ (ਹਿੰਦੂ) ਜ਼ਨਾਨੀਆਂ ਚੁਕ ਲਿਜਾਂਦੇ ਤੇ ਉਨ੍ਹਾਂ ਉਤੇ ਆਪਣਾ ਯੋਗ ਅਧਿਕਾਰ ਸਮਝਦੇ। ਸਿਖਾਂ ਨੂੰ ਰੋਹ ਚੜ ਗਿਆ। ਉਨ੍ਹਾਂ ਦਸਮੇਸ਼ ਜੀ ਨੂੰ ਬੇਨਤੀ ਕੀਤੀ ਕਿ ਜੇ ਸਾਨੂੰ ਆਗਿਆ ਹੋਵੇ ਤਾਂ ਅਸੀ ਵੀ ਬਦਲੇ ਵਿਚ ਮੁਸਲਮ ਔਰਤਾਂ ਚੁਕ ਲਿਆਈਏ। ਗੁਰੂ ਸਾਹਿਬ ਨੇ ਅਜੇਹੀ ਬਦਲੇ ਦੀ ਅਨੁਚਿਤ ਕਾਰਵਾਈ ਤੋਂ ਵਰਜਿਆ ਤੇ ਕਿਹਾ ਕਿ 'ਅਸੀਂ' ਸਿਖ ਪੰਥ ਉਚੇਰੇ ਆਦਰਸ਼ਾਂ ਲਈ ਸਾਜਿਆ ਹੈ, ਇਜੇਹਾ ਨਹੀਂ ਕਰਨਾ।[੧]

ਇਸ ਕਰਕੇ 'ਤੁਰਕਣੀ ਸੰਗ' ਨੂੰ ਕੁਰਹਿਤ ਕਰਾਰ ਦਿਤਾ ਗਿਆ ਤਾਂ ਕਿ ਸਿਖ ਇਸ ਗਿਰਾਵਟ ਦਾ ਸ਼ਿਕਾਰ ਨਾ ਹੋਣ।

(੪) **ਕੁੱਠਾ** : ਮੁਸਲਮਾਨੀ ਤਰੀਕੇ ਨਾਲ ਕੋਹ ਕੋਹ ਕੇ ਮਾਰੇ ਜਾਨਵਰ ਦੇ ਮਾਸ ਨੂੰ 'ਕੁੱਠਾ' ਕਿਹਾ ਜਾਂਦਾ ਹੈ। ਉਹ ਕਹਿੰਦੇ ਸਨ ਕਿ ਇਹੋ ਹਲਾਲ ਹੈ, ਬਾਕੀ ਹਰਾਮ। ਇਸ ਦਾ ਭਾਵ ਇਹ ਸੀ ਕਿ ਕੋਈ ਵੀ ਗ਼ੈਰ ਮੁਸਲਮ, ਸੁਤੰਤਰ ਤਰੀਕੇ ਨਾਲ ਮਾਸ

---

੧. ਪੁਨ ਸਿੰਘਨ ਬੂਝੇ ਗੁਨਖਾਨੀ। ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ। ਕਿਉਂ ਗੁਰਸ਼ਾਸਤ੍ਰ ਬਰਜਿ ਹਟਾਏ।
ਸੁਨ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਨੋ ਪੰਥ ਉਚੇਰੇ।
ਨਹੀਂ ਅਧੋਗਤਿ ਬਿਖੈ ਪੁਚਾਵਹਿਂ। ਯਾ ਤੇ ਕਲਮਲ ਕਰਨ ਹਟਾਵਹਿਂ।

*(ਗੁਰਪ੍ਰਤਾਪ ਸੂਰਜ, ਰੁਤ ੬, ਅੰਸੂ ੨੦)*

ਨਹੀਂ ਸੀ ਬਣਾ ਸਕਦਾ, ਇਹ ਸਾਡੀ ਬੇਗ਼ੈਰਤੀ ਦਾ ਸੂਚਕ ਸੀ। ਗੁਰੂ ਨਾਨਕ ਸਾਹਿਬ ਨੇ ਹੀ 'ਅਭਾਖਿਆ ਕਾ ਕੁਠਾ ਬਕਰਾ ਖਾਣਾ' ਦਾ ਵਿਅੰਗ ਕਸ ਕੇ ਅਸਾਨੂੰ ਚੰਗੀ ਤਰ੍ਹਾਂ ਚੇਤਨ ਕਰ ਦਿਤਾ ਸੀ ਤੇ ਸ੍ਰੀ ਦਸਮੇਸ਼ ਜੀ ਨੇ ਭਾਰਤੀ ਸ੍ਵੈਮਾਨ ਨੂੰ ਜਗਾਉਣ ਤੇ ਜ਼ਾਲਮ ਹਾਕਮਾਂ ਦੀ ਗ਼ੁਲਾਮੀ ਗਲੋਂ ਲਾਹੁਣ ਲਈ 'ਕੁੱਠਾ' ਬੱਜਰ ਕੁਰਹਿਤ ਕਰਾਰ ਦਿੱਤਾ। ਸਿੱਟਾ ਇਹ ਹੋਇਆ ਕਿ ਤੁਰਕ ਸਰਕਾਰ ਅਤੇ ਮਜ਼੍ਹਬ ਵਲੋਂ ਲਾਈ ਪਾਬੰਦੀ ਮਿਟ ਗਈ ਤੇ ਲੋਕ ਝਟਕਾ ਕਰਨ ਲਈ ਸੁਤੰਤਰ ਹੋ ਗਏ। ਇਹ ਖਾਣ-ਪੀਣ ਦੀ ਆਜ਼ਾਦੀ ਦਾ ਇਕ ਚਿੰਨ੍ਹ ਸੀ। ਗ਼ੁਲਾਮੀ ਤੋਂ ਕੱਢ ਕੇ ਸੁਤੰਤ੍ਰਤਾ ਵਲ ਲਿਜਾਣਾ ਹੀ ਸਤਿਗੁਰੂਆਂ ਦਾ ਮਨੋਰਥ ਸੀ।

ਇਹ ਚਾਰੇ ਕੁਰਹਿਤਾਂ ਕਰਨ ਵਾਲੇ ਨਾਲ ਰੋਟੀ ਬੇਟੀ ਦੀ ਸਾਂਝ ਪਾਉਣਾ ਪੰਜਵੀਂ ਕੁਰਹਿਤ ਆਖੀ ਗਈ ਹੈ। ਇਸ ਲਈ ਹਰ ਸਿਖ ਦਾ ਜਤਨ ਹੈ ਕਿ ਅਜੇਹੀ ਕੁਸੰਗਤ ਤੋਂ ਹਰ ਤਰ੍ਹਾਂ ਆਪਣੇ ਆਪ ਨੂੰ ਬਚਾ ਕੇ ਚਲਿਆ ਜਾਵੇ।

ਇਸ ਰਹਿਤ ਮਰਯਾਦਾ ਦਾ ਸਮੁੱਚਾ ਮਨੋਰਥ ਇਹੋ ਸੀ ਕਿ ਗ਼ੁਲਾਮੀ, ਦਾਬਾ, ਭੈ, ਸਹਮ ਤੋਂ ਛੁਟਕਾਰਾ ਦਿਵਾ ਕੇ ਸਿੰਘਾਂ ਨੂੰ ਸੁਤੰਤਰ ਸੰਤ ਸਿਪਾਹੀ ਬਣਾਇਆ ਜਾਵੇ ਜੋ ਦੁਸਟਾਂ ਨਾਲ ਟਾਕਰਾ ਲੈ ਸਕਣ ਤੇ ਗ਼ਰੀਬਾਂ ਦੀਨਾਂ ਦੀ ਰੱਖਿਆ ਕਰ ਸਕਣ। ਦੂਜਾ ਮਨੋਰਥ ਇਹ ਵੀ ਸੀ ਕਿ ਸਿੰਘ ਨਿਰਾਲੇ ਦਿਸਣ ਤੇ ਖਾਲਸਾ ਜਥੇਬੰਦੀ ਮਜ਼ਬੂਤ ਹੋਵੇ। ਇਹ ਤਾਰੀਖੀ ਹਕੀਕਤ ਹੈ ਕਿ ਚੰਗੇ ਉੱਤਮ ਸਿਧਾਂਤ ਵੀ ਚੰਗੀ ਸੰਗਠਨ ਸਕਤੀ ਬਿਨਾਂ ਖ਼ਤਮ ਹੋ ਗਏ। ਖ਼ੁਦ ਅਠਾਰ੍ਹਵੀਂ ਸਦੀ ਦੇ ਸੰਕਟ ਕਾਲ ਵਿਚ ਸਿਖ ਇਹ ਅਨੁਭਵ ਕਰਦੇ ਸਨ ਕਿ ਪੰਥ (ਸੰਗਠਨ) ਦੇਗ ਤੇਗ ਦਾ ਵਾਲੀ ਹੋ ਕੇ ਮਜ਼ਬੂਤ ਰਹਿਣਾ ਚਾਹੀਦਾ ਹੈ ਤਾਂ ਹੀ ਗ੍ਰੰਥ (ਸਿਧਾਂਤ) ਬਚ ਸਕਦਾ ਹੈ।

ਉਸ ਸਮੇਂ ਦੇ ਇਕ ਸਿਖ ਕਵੀ ਦਾ ਕਥਨ ਹੈ:

**ਸ੍ਰੀ ਗੁਰੂ ਗੋਬਿੰਦ ਸਿੰਘ! ਹਾਥ ਜੋਰਿ ਜੋਰਿ ਕਹੂੰ,**
**ਆਪ ਕੇ ਬਚਨ ਕੀ ਪ੍ਰਤੀਤ ਕਉਨ ਮਾਨੈ ਗੋ।**
**'ਰਾਜ ਕਰੇ ਖਾਲਸਾ' ਸੋ ਆਕੀ ਨ ਰਹੈਂਗੇ ਕੋਊ,**
**ਖ੍ਵਾਰ ਹੋਇ ਮਿਲੈਂ ਬਚੈ ਸਰਨ ਜੋ ਪਛਾਨੈ ਗੋ।**
**ਸੋ ਤੋ ਸਭ ਠੀਕ ਹੈ ਨਜ਼ੀਕ ਅਬ ਆਈ ਬਾਤ,**
**ਚਿੜੀਆਂ ਸੋਂ ਬਾਜ਼ ਮੈਂ ਤੁੜਾਊਂ ਸਾਚ ਠਾਨੈਗੋ।**
**ਪੰਥ ਕੀ ਰਖੋ ਤਊ ਗ੍ਰੰਥ ਕੀ ਰਹੈਗੀ ਨਾਥ !**
**ਰਾਖਉ ਜੌਂ ਨ ਪੰਥ ਕੀ ਤੋ ਗ੍ਰੰਥ ਕੌਨ ਮਾਨੈ ਗੋ।**

ਪੁਰਾਤਨ ਭਾਰਤੀ ਵਿਚਾਰਧਾਰਾ ਨੇ ਅਯੋਗ ਅਹਿੰਸਾ ਤੇ ਅਯੋਗ ਬਿਰਕਤੀ

ਕਾਰਣ ਆਪਣੇ ਆਪ ਨੂੰ ਨਿਪੁੰਸਕ ਤੇ ਬਲ-ਹੀਣ ਬਣਾ ਲਿਆ ਸੀ। ਸਤਿਗੁਰਾਂ ਕਰਮ ਯੋਗੀ ਜੀਵਨ ਵਿਧੀ ਦੱਸ ਕੇ ਸਾਰਾ ਇਤਿਹਾਸ ਹੀ ਬਦਲ ਦਿਤਾ। ਇਹ ਮੰਤਵ ਗੁਰਬਾਣੀ ਦੀ ਜੀਵਨ ਜਾਚ, ਇਸ ਪੰਜ ਕਕਾਰੀ ਰਹਿਤ ਤੇ ਕੁਰਹਿਤਾਂ ਦੀ ਰੋਕ ਥਾਮ ਨਾਲ ਪੂਰੇ ਹੋਏ, ਇਸ ਦਾ ਪ੍ਰਮਾਣ ਇਤਿਹਾਸ ਦਿੰਦਾ ਹੈ।

## ਸਿਖ ਗ੍ਰੰਥ ਤੇ ਰਹਿਤ

ਭਾਵੇਂ ਇਸ ਰਹਿਤ ਮਰਯਾਦਾ ਦੀ ਵਿਆਖਿਆ ਵੱਖਰੀ, ਰਹਿਤਨਾਮਿਆਂ ਵਿਚ ਕੀਤੀ ਗਈ ਹੈ ਪਰ ਇਹ ਗੱਲ ਧਿਆਨ ਯੋਗ ਹੈ ਕਿ ਸਿਖ ਇਤਿਹਾਸ ਦੇ ਗ੍ਰੰਥਾਂ ਤੋਂ ਵੀ ਇਸਦੀ ਪੁਸ਼ਟੀ ਹੁੰਦੀ ਹੈ। ਜ਼ਾਹਰ ਹੈ ਕਿ ਖਾਲਸਾ ਸਾਜਨ ਸਮੇਂ ਤੋਂ ਹੀ ਇਹ ਰਹੁ-ਰੀਤ ਸਿਖੀ ਜੀਵਨ ਦਾ ਅੰਗ ਰਹੀ ਹੈ। ਪ੍ਰਮਾਣ ਲਈ ੧੮ਵੀਂ, ੧੯ਵੀਂ ਸਦੀ ਦੀਆਂ ਇਹ ਲਿਖਤਾਂ ਵੇਖੀਆਂ ਜਾ ਸਕਦੀਆਂ ਹਨ:

| | | | |
|---|---|---|---|
| ੧. | ਸ੍ਰੀ ਗੁਰਾ ਸੋਭਾ | ਸੈਣਾ ਸਿੰਘ | ੧੭੪੧ ਈ: |
| ੨. | ਗੁਰਰਤਨਮਾਲ (ਸੌ ਸਾਖੀ) | ਸਾਹਿਬ ਸਿੰਘ | ੧੭੩੪ ਈ: |
| ੩. | ਗੁਰਬਿਲਾਸ | ਕੁਇਰ ਸਿੰਘ ਕਲਾਲ | ੧੭੫੧ ਈ: |
| ੪. | ਬੰਸਾਵਲੀਨਾਮਾ | ਕੇਸਰ ਸਿੰਘ ਛਿੱਬਰ | ੧੭੬੯ ਈ: |
| ੫. | ਮਹਿਮਾ ਪ੍ਰਕਾਸ਼ | ਬਾਵਾ ਸ੍ਰੂਪ ਚੰਦ ਭੱਲਾ | ੧੭੭੬ ਈ: |
| ੬. | ਗੁਰੂ ਕੀਆਂ ਸਾਖੀਆਂ | ਭਾਈ ਸ੍ਰੂਪ ਸਿੰਘ ਕੌਸ਼ਿਸ਼ | ੧੭੯੦ ਈ: |
| ੭. | ਗੁਰਬਿਲਾਸ | ਸੁੱਖਾ ਸਿੰਘ | ੧੭੯੭ ਈ: |
| ੮. | ਸ਼ਹੀਦ ਬਿਲਾਸ | ਸੇਵਾ ਸਿੰਘ ਕੌਸ਼ਸ਼ | ੧੮੦੩ ਈ: |
| ੯. | ਸਿੰਘ ਸਾਗਰ | ਬੀਰ ਸਿੰਘ ਬਲ | ੧੮੨੭ ਈ: |
| ੧੦. | ਸ੍ਰੀ ਗੁਰੂ ਪੰਥ ਪ੍ਰਕਾਸ਼ | ਰਤਨ ਸਿੰਘ ਭੰਗੂ | ੧੮੪੧ ਈ: |
| ੧੧. | ਗੁਰਪ੍ਰਤਾਪ ਸੂਰਜ | ਸੰਤੋਖ ਸਿੰਘ | ੧੮੪੩ ਈ: |
| ੧੨. | ਗੁਰਮਤਿ ਨਿਰਣਯ ਸਾਗਰ | ਪੰ: ਤਾਰਾ ਸਿੰਘ | ੧੮੭੭ ਈ: |
| ੧੩. | ਪੰਥ ਪ੍ਰਕਾਸ਼ | ਗਿ: ਗਿਆਨ ਸਿੰਘ | ੧੮੭੮ ਈ: |
| ੧੪. | ਗੁਰਪਦ ਪ੍ਰੇਮ ਪ੍ਰਕਾਸ਼ | ਬਾਵਾ ਸੁਮੇਰ ਸਿੰਘ | ੧੮੮੨ ਈ: |

ਅਸੀਂ ਇਨ੍ਹਾਂ ਵਿਚੋਂ ਕੁਝ ਕੁ ਟੂਕਾਂ ਦੇਣੀਆਂ ਜ਼ਰੂਰੀ ਸਮਝਦੇ ਹਾਂ।

੧. *ਸ੍ਰੀ ਗੁਰ ਸੋਭਾ (ਸੈਣਾ ਸਿੰਘ)*

**ਕੀਏ ਜਬ ਬਚਨ ਸਤਿਗੁਰੂ ਕਾਰਨ ਕਰਨ**
**ਸਰਬ ਸੰਗਤ ਆਦਿ ਅੰਤਿ ਮੇਰਾ ਖਾਲਸਾ।**

ਮਾਨੈਗਾ ਹੁਕਮ ਸੋ ਤੋ ਹੋਵੇਗਾ ਸਿਖ ਸਹੀ,
ਨ ਮਾਨੈਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ।
ਪਾਂਚ ਕੀ ਕੁਸੰਗਤਿ ਤਜਿ ਸੰਗਤ ਸੋਂ ਪ੍ਰੀਤੀ ਕਰੈ।
ਦਯਾ ਔਰ ਧਰਮ ਧਾਰਿ ਤਿਆਗੈ ਸਬ ਲਾਲਸਾ।
ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ, ਸੋ ਤੋ
ਵਾਹ ਗੁਰੂ ਵਾਹਗੁਰੂ ਗੁਰੂ ਜੀ ਕਾ ਖਾਲਸਾ।੬੦।

*(ਅਧਿਆਇ ਪੰਚਮ)*

## ੨. *ਗੁਰਬਿਲਾਸ (ਭਾ: ਕੁਇਰ ਸਿੰਘ)*

ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਗੋ
ਪੋਥੀ ਗ੍ਰੰਥ ਪੜ੍ਹ-ਹੁ ਸਦ ਨੀਤਾ। ਜਪੁ, ਰਹਿਰਾਸ, ਕੀਰਤਨ ਨੀਤਾ।੬੮।
ਦੋਹਰਾ : ਸ਼ਸਤ੍ਰ ਮੇਲ, ਗੁਰ ਸ਼ਬਦ ਸੋਂ, ਕਛ, ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚਾ ਏ, ਤਜੈ ਨ ਕਬਹੀ ਨੇਮ।੪੦।
ਭੁਜੰਗ ਛੰਦ : ਦਿਜੈ ਦਾਨ ਭੂਖੇ, ਲਹੋਂ ਜਾਹਿੰ ਪਿਆਰੇ।
ਦਿਵਾਨੰ ਲਗਾਵੋ ਸੁਨੋ ਸ਼ਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ।੪੪।
ਜਹਾਂ ਧਰਮ ਸਾਲਾ ਤਹਾਂ ਨੀਤ ਜੈਯੇ। ਗੁਰੂ ਦਰਸ ਕੀਜੈ ਮਹਾਂ ਸੁਖ ਪੈਯੇ।
ਜਪੋ ਵਾਹਗੁਰੂ ਜਪ ਚੀਤੰ ਸਦਾ ਹੀ, ਸਦਾ ਨਾਮ ਲੀਜੈ, ਗੁਰੂ ਗੀਤ ਗਾਹੀ।੪੫।

## ੩. *ਬੰਸਾਵਲੀਨਾਮਾ (ਭਾ: ਕੇਸਰ ਸਿੰਘ ਛਿੱਬਰ)*

ਨਾਈ ਦਾ ਹਥ ਸੀਸ ਚਿਹਰੇ ਨ ਲਗਣਾ ਪਾਵੈ।
ਕੇਸਾਧਾਰੀ ਗੁਰੂ ਦਾ ਪੰਥ ਕਹਾਵੈ।
ਪਾਹ ਲਾਇਕੇ ਰੰਗ ਚੜ੍ਹਾਇਆ।
ਪਾਹੁ ਬਣੀ ਪਾਹੁਲ, ਰੰਗ ਕੇਸ ਬਣਾਇਆ।੩੨੫।
ਰਹਤ ਗੁਰੂ ਕੀ ਦਿਤੀ ਸਮਝਾਇ।
ਸਿਖ ਗੁਰੂ ਕਾ ਮੰਦੇ ਕਰਮੁ ਨ ਕਮਾਇ।
ਤਤੇ[1] ਸਿਉਂ ਹੇਤੁ ਨ ਲਾਵੈ ਤਤਾ ਘਰੀਂ ਨ ਵਾੜੇ।
ਧਰਮ ਦਾ ਕਰੇ ਜੁਧ ਨ ਗਊਆਂ ਦੇਹ ਕੇ ਧਾਰੇ।੩੨੬।

---

੧. ਤਤਾ, ਤੁਰਕ ਲਈ ਸੰਕੇਤ ਹੈ।

ਗਨਿਕਾ ਦਾ ਸੰਗ ਨ ਕਰੇ ਸੰਗ ਕੀਤੇ ਤਤਾ ਹੋਵੈ।
ਬੀਰਜ ਹੋਵੈ ਸਿਖ ਦਾ ਘਰਿ ਭਤਿਆਂ ਕਰ ਨਿਵਾਸੁ।੩੨੭।
ਸਿਖ ਹੋਵੈ ਗੁਰੂ ਕਾ ਅੰਗ ਨ ਲਾਏ ਪਾਸ।
ਸ਼ਰਾਬ ਤੰਬਾਕੂ ਜੂਆ ਚੋਰੀ ਯਾਰੀ ਇਨ ਸੋ ਹੇਤ ਨ ਕਰੇ।
ਸੰਗਤ ਖੋਟੀ ਸਭ ਪਰਹਰੇ।
ਸ਼ਬਦ ਬਾਣੀ ਸੋ ਪ੍ਰੀਤ, ਸਤਿਸੰਗਤ ਵਿਚ ਜਾਵੈ।
ਨਿਜ ਨਾਰੀ ਸੋਂ ਪ੍ਰੀਤਿ ਲਗਾਵੈ।
ਨਾਮ ਦਾਨ ਇਸ਼ਨਾਨ ਧਰਮ ਦੀ ਕਿਰਤ ਕਮਾਵੈ।੩੨੮।
ਸਿਖ ਸਿਖ ਸੋਂ ਪ੍ਰੀਤਿ ਦੁਸਟ ਸੋ ਨੇਹੁ ਨ ਲਾਵੈ।
ਕ੍ਰਿਪਣ ਹੋਇ ਨ ਦਬੇ ਜਥਾ ਜਥਾ ਵੰਡ ਖਾਵੈ।
ਅਪਨਾ ਧਰਮ ਨਹੀਂ ਤਜੇ ਬਿਰਾਗ ਨਹੀਂ ਲੇਵੈ।
ਪ੍ਰਤੀਤ ਰਖੇ ਗੁਰ ਅਪਨੇ ਉਪਰਿ, ਸਿਖ ਸਾਧ, ਸੰਤ ਨ ਸੇਵੈ।੩੨੯।
ਜੋ ਸਿਖ ਗੁਰੂ ਕਾ ਐਸੇ ਕਰਮ ਨਿਤ ਕਮਾਵੈ
ਅਣ-ਪੁਛਿਆ ਸੋ ਮੁਕਤਾ, ਅਪੜ ਸਤਿਗੁਰੂ ਦੇ ਦੁਆਰੇ ਜਾਵੈ।
ਜੋ ਕੋਈ ਪੰਥ ਗੁਰੂ ਕੈ ਹੈ ਆਇਆ।
ਸੋ ਆਪ ਤਰਿਆ ਕੁਲ ਸਗਲ ਤਰਾਇਆ।੩੩੦।
'ਸਿੰਘ ਜੀ ਸਿੰਘ ਜੀ ਸਭ ਕੋਈ ਆਖੈ, ਸਿੰਘ ਜੀ ਹੋਣਾ ਅਉਖਾ
ਸਿੰਘ ਜੀ ਹੋਇ ਮੁਰਦਾਰ ਨ ਖਾਏ, ਨਹੀਂ ਸਿੰਘ ਸਦਾਵਨ ਸਉਖਾ।'

੪. *ਮਹਿਮਾ ਪ੍ਰਕਾਸ਼ (ਬਾਵਾ ਸਰੂਪ ਚੰਦ ਭੱਲਾ)*

ਤਵ ਮਨ ਪੰਥ ਮਿਰਜਾਦ ਕਰ, 'ਸਿੰਘ' ਸੰਙਿਆ ਤੇਜ ਨਿਵਾਸ।੧।
ਸਭ ਦੇਸਨ ਮੋ ਹੁਕਮ ਪਠਾਇਆ। ਖੰਡੇ ਕੀ ਪਾਹੁਲ ਫੁਰਮਾਯਾ
'ਸਿੰਘ' ਸੰਙਿਆ ਕਰਿ ਨਾਮ ਬੁਲਾਵੋ। ਜਪੋ ਅਕਾਲ ਸਦਾ ਸੁਖ ਪਾਵੋ।੧੩।
ਅਚਰਜ ਬੀਰ ਪੰਥ ਪ੍ਰਭੂ ਕੀਆ। ਦੇਗ ਤੇਗ ਦੋਨੋ ਤਿਨ ਦੀਆ।
ਕਾਹੂੰ ਕਾ ਕਹਿਆ ਨਹੀਂ ਮਾਨੈ। ਸਤਿਗੁਰ ਆਗਿਆ ਮਨ ਦ੍ਰਿੜ ਠਾਨੈ।੧੫।

੫. *ਗੁਰਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ)*

ਪਾਚਨ ਸੋ ਕਬ ਮੇਲ ਨ ਕਰੀਯੈ। ਨਾਮ ਦਾਨ ਨਿਸ ਦਿਨ ਉਰ ਧਰੀਯੋ
ਮੀਣਾ ਔਰ ਮਸੰਦੀਆ ਜਾਣ। ਧੀਰਮੱਲ ਰਾਮਰਾਈ ਜੁ ਆਨ।੪੮।

ਪੰਚਮਾ[1] ਕੋ ਜਾਨਤ ਤੁਮ ਭ੍ਰਾਤ। ਛਪੀ ਨਹੀਂ ਕੁਝ ਯਾ ਮੇਂ ਬਾਤ।
ਇਨ ਸੋਂ ਮੇਲ ਨ ਕਰੀਐ ਭਾਈ। ਕਰਣਾਨਿਧਿ ਇਹ ਬਿਧਿ ਫੁਰਮਾਈ।੪੯।
ਮੋਰ ਬਚਨ ਸੋ ਕਰਹੁ ਪਯਾਰਾ। ਖੜਗ ਕੇਤੁ ਹੈ ਰੱਛਕ ਥਾਰਾ।
ਝੂਠੇ ਸਰਬ ਉਪਾਵ ਤਿਆਗਹੁ। ਸ੍ਰੀ ਅਸਿਧੁਜ ਕੀ ਚਰਨੀ ਲਾਗਹੁ।੫੦।
ਪੋਥੀ ਗ੍ਰੰਥ ਮਹਲ ਦਸ ਬਾਨੀ। ਸੋਧ ਲਹੋ ਪਦ ਜੋ ਨਿਰਬਾਨੀ।
ਸ਼ਸਤ੍ਰ ਅਸਤ੍ਰ ਸਿਮਰਹੁ ਬਰ ਬੁਧਾ। ਖਲ ਦਲ ਸਾਥ ਕਰਹੁ ਨਿਤ ਜੁੱਧਾ।੫੧।
ਰਾਜ ਜੋਗ ਤੁਮ ਕਹਿੰ ਮੈਂ ਦੀਨਾ। ਪਰਮ ਜੋਤਿ ਸੰਗ ਪਰਚੌਂ ਕੀਨਾ।
ਸੰਤ ਸਮੂਹਨ ਕੋ ਸੁਖ ਦੀਜੈ। ਅਚਲ ਰਾਜ ਧਰਨੀ ਮਹਿੰ ਕੀਜੈ।੫੨।
ਬਿਖਯਾ, ਕਿਰਿਆ ਭੱਦਨ ਤਯਾਗਹੁ। ਜਟਾਜੂਟ ਰਹਿਬੋ ਅਨੁਰਾਗਹੁ।
ਸ਼ਬਦ ਬਿਨਾ ਅਨਜਾ ਨਹਿੰ ਮੇਲਾ। ਨਿਸ ਦਿਨ ਸਾਧਸੰਗਤ ਸੋਂ ਕੇਲਾ।੧੦੯।

*(੧੧ਵਾਂ ਅਧਿਆ)*

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਂਹ ਭਾਈ।
ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ। ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ।
ਇਹੈ ਮੋਰ ਆਗਯਾ ਸੁਨੋ ਲੈ ਪਿਆਰੇ। ਬਿਨਾ ਤੇਗ, ਕੇਸੰ ਦਿਵੋ ਨ ਦਿਦਾਰੇ।
ਇਹੈ ਮੋਰ ਬੈਨਾ ਮੰਨੈਗਾ ਸੁ ਜੋਈ। ਤਿਸੈ ਇਛ ਪੂਰੰ ਸਭੈ ਜਾਨ ਸੋਈ।

*੬. ਗੁਰ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ)*

ਪੁਨ ਸਤਿਗੁਰੂ ਉਨ ਸਿਛਯਾ ਦਈ। ਮੀਣੇ ਮਸੰਦਨ ਬਰਤਯੋ ਨਹੀਂ।
ਕੁੜੀਮਾਰ ਰਮਰਈ ਨੜੀਮਾਰ। ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ।੧੩।
ਜਥਾ ਸ਼ਕਤਿ ਗੁਰ ਗੋਲਕ ਪਾਯੋ। ਕੜਾਹ ਕਰਾਇ ਖਾਲਸੇ ਛਕਾਯੋ।
ਪਹਿਰ ਕਛਹਿਰੇ ਸਿਰ ਬੰਧਯੋ ਪਾਗ। ਗੁਰਗ੍ਰੰਥ ਬਚਨ ਪਰ ਰਹਯੋ ਲਾਗ।੧੪।
ਦੋਹਰਾ : ਯੌਂ ਕਹ ਕੈ ਸ੍ਰੀ ਸਤਿਗੁਰੂ, ਗਲ ਤੇਗੋ ਦੀਨੋ ਪਾਇ।
ਕਰਦ ਚਕ੍ਰ ਸਿਰ ਪਰ ਧਰੈਂ, ਮੁਖਹੁੰ ਅਕਾਲ ਜਪਾਇ।੧੫।
ਔਰ ਕਹੀ—ਗੁਰਬਾਣੀ ਪੜ੍ਹੈਯੋ। ਜਪੁ ਜਾਪੁ ਦੁਇ ਵੇਲੇ ਜਪੈਯੋ।
ਔਰ ਅਨੰਦ ਰਹਿਰਾਸ ਜਪਯੋ, ਚੰਡੀ ਬਾਣੀ ਖੜੇ ਪੜ੍ਹੈਯੋ।੧੬।
ਦੁਇ ਵੇਲੇ ਉਠ ਬੰਧਯੋ ਦਸਤਾਰੰ। ਪਹਰ ਆਠ ਰਖਯੋ ਸੰਭਾਰੰ।
ਪੀਓ ਸੁਧਾ ਔਰ ਖੇਲਹੁ ਸ਼ਿਕਾਰ। ਸ਼ਸਤ੍ਰ ਵਿਦਯਾ ਜਿਮ ਹੋਇ ਸੰਭਾਰ।੧੭।
ਕਰ ਝਟਕੇ ਬੱਕਰਨ ਕੋ ਖੇਯੋ। ਮੁਰਦੈ ਕੁੱਠੈ ਨਿਕਟ ਨ ਜੈਯੋ।

---

੧. ਸਿਰਗੁੰਮ—ਜੋ ਸਿਖ ਹੁੰਦਾ ਹੋਇਆ ਕੇਸ ਕਟਾ ਲਵੇ।

**ਕੇਸ਼ਨ ਕੀ ਕੀਜਹੁ ਪ੍ਰਿਤਪਾਲ। ਨ ਉਸਤਰਨ ਸੇ ਕਟਯੋ ਬਾਲ।੧੮।**
**ਪਿਤ੍ਰਨ ਕਰਮ ਸੁ ਛੋਰਨ ਕਰਨੋ। ਰਖਯੋ ਧਯਾਨ ਸੁ ਮੱਧ ਗੁਰ ਚਰਨੋ।**
**ਪਰੈ ਔਰ ਜੋ ਖੋਟੇ ਰਾਹਿ। ਤਿਨ ਕੋ ਲਾਯੋਂ ਜ਼ਰੂਰ ਤਨਖਾਹ।੧੯।**

*੭. ਸਾਧ ਸੰਗਤ ਕੀ ਪ੍ਰਾਰਥਨਾ*

ਭਾਈ ਸਿਖੋ! ਚਾਰ ਉਪਦੇਸ਼ ਖਾਲਸੇ ਨੂੰ ਮੰਨਣੇ ਯੋਗ ਹਨ:

(ੳ) ਪਰਉਪਕਾਰ ਕਰਨਾ, ਇਸ ਸਮਾਨ ਕੋਈ ਜਪ ਤਪ ਧਰਮ ਨਹੀਂ ਹੈ।
(ਅ) ਬਚਨ ਸੇ ਨਹੀਂ ਫਿਰਨਾ।
(ੲ) ਗੁਰੂ ਗ੍ਰੰਥ ਸਾਹਿਬ ਸੇ ਵਧ ਕੇ ਵੇਦ ਸ਼ਾਸਤ੍ਰ ਔਰ ਕਿਸੀ ਪੁਸਤਕ ਕੋ ਨਹੀਂ ਜਾਣਨਾ।
(ਸ) ਖਿਮਾ ਕਰਨੀ, ਜਯੋਂ ਜਯੋਂ ਬਡੇ ਹੋਣਾ, ਤਿਯੋਂ ਤਿਯੋਂ ਨਿਮ੍ਰਤਾ ਰੱਖਣੀ, ਨਿਰਧਨ ਨੂੰ ਆਦਰ ਦੇਣਾ। ਭਾਈ ਸਿਖੋ! ਚਾਰ ਤਨਖਾਹਾਂ ਵੱਡੀ ਹੈਂ:
  (ੳ) ਕੇਸਾਂ ਦੀ ਬੇਅਦਬੀ
  (ਅ) ਤਮਾਕੂ ਵਰਤਨਾ
  (ੲ) ਮੁਸਲੀ ਸੇ ਭੋਗ ਕਰਨਾ।
  (ਸ) ਕੁੱਠਾ ਖਾਣਾ।

ਇਨ ਤਨਖਾਹੀਓਂ ਕੇ ਹਾਥ ਕਾ ਜਲ ਨਹੀਂ ਛਕਣਾ, ਨਮੇ ਸਿਰੇ ਅੰਮ੍ਰਿਤ ਛਕਾ ਕਰ ਮੇਲ ਕਰਨਾ।[1]

## ਰਹਿਤਨਾਮੇ

ਜੈਸਾ ਕਿ ਅਸੀਂ ਪਿਛੇ ਕਹਿ ਆਏ ਹਾਂ, ਸਿਖ ਦੀ ਅੰਦਰਲੀ ਰਹਿਤ-ਮਰਯਾਦਾ ਦੀ ਵਿਆਖਿਆ ਗੁਰਬਾਣੀ ਵਿਚ ਹੈ ਤੇ ਬਾਹਰਲੀ ਰਹਿਤ-ਮਰਯਾਦਾ ਦਾ ਬਿਉਰਾ ਵਧੇਰੇ ਰਹਿਤਨਾਮਿਆਂ ਵਿਚ ਪ੍ਰਾਪਤ ਹੈ। ਰਹਿਤਨਾਮਾ ਪਦ 'ਰਹਤ'—ਦੇਸੀ ਅਤੇ 'ਨਾਮਾ' ਫ਼ਾਰਸੀ ਦਾ ਸਮਾਸ ਹੈ। ਨਾਮਾ ਦਾ ਅਰਥ ਲਿਖਤ ਹੈ। ਅਜੇਹੇ ਹੋਰ ਪਦ ਵੀ ਪ੍ਰਚਲਤ ਹਨ, ਜਿਵੇਂ ਕਰਣੀਨਾਮਾ, ਫਤਿਹਨਾਮਾ, ਜ਼ਫ਼ਰਨਾਮਾ ਆਦਿ। ਇਹ ਰਹਿਤਨਾਮੇ ਕਦੋਂ ਲਿਖੇ ਗਏ, ਕਿਸ ਨੇ ਲਿਖੇ, ਇਸ ਦਾ ਉੱਤਰ ਡੂੰਘੀ ਖੋਜ-ਵਿਚਾਰ ਦਾ ਮੁਥਾਜ ਹੈ। ਇਕ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਗੁਰੂ ਗੋਬਿੰਦ ਸਿੰਘ—ਰਚਿਤ ਨਹੀਂ, ਜੇ ਅਜੇਹਾ ਹੁੰਦਾ ਤਾਂ *ਦਸਮ ਗ੍ਰੰਥ* ਵਿਚ ਜ਼ਰੂਰ ਦਰਜ ਹੁੰਦਾ। ਮਾਲੂਮ

੧. *ਗੁਰਮਤਿ ਸੁਧਾਕਰ*, ਪੰਨਾ ੫੩੬-੩੭

ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ ਅਤੇ ਲਿਖਣ ਵਾਲੇ ਹੋਰ ਬੁਧੀਮਾਨ ਸਿਖ ਹਨ, ਪਰੰਤੂ ਇਨ੍ਹਾਂ ਨੂੰ ਪ੍ਰਮਾਣੀਕ ਬਣਾਉਣ ਲਈ ਗੁਰੂ ਦਸਮੇਸ਼ ਦੇ ਨਿਕਟਵਰਤੀ ਬਜ਼ੁਰਗ ਸਿਖਾਂ ਨਾਲ ਸੰਬੰਧਿਤ ਕੀਤਾ ਗਿਆ ਜਿਵੇਂ ਕਿ ਭਾਈ ਨੰਦ ਲਾਲ ਸਿੰਘ, ਭਾਈ ਦਯਾ ਸਿੰਘ, ਭਾਈ ਚੌਪਾ ਸਿੰਘ, ਭਾਈ ਪ੍ਰਹਿਲਾਦ ਸਿੰਘ ਨਾਲ। ਹੋ ਸਕਦਾ ਹੈ ਕਿ ਕਿਸੇ ਰਹਿਤਨਾਮੇ ਦਾ ਕੁਝ ਹਿਸਾ ਸ਼ਾਇਦ ਇਨ੍ਹਾਂ ਦਾ ਵੀ ਲਿਖਿਆ ਹੋਵੇ, ਪ੍ਰੰਤੂ ਜੋ ਵੇਰਵਾ ਵਿਸਤਾਰ, ਹਵਾਲੇ ਤੇ ਸ਼ੈਲੀ ਹੁਣ ਮਿਲਦੀ ਹੈ, ਉਸ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਹੁਣ ਵਾਲਾ ਰੂਪ ੧੭੨੦ ਈ: ਤੋਂ ਬਾਦ ਤਿਆਰ ਹੋਇਆ। ਭਾਈ ਦੇਸਾ ਸਿੰਘ ਦਾ ਰਹਿਤਨਾਮਾ ਜ਼ਰੂਰ ਆਪਣਾ ਹੈ ਬਾਕੀਆਂ ਬਾਰੇ ਨਿਸਚੇ ਨਾਲ ਕੁਝ ਵੀ ਕਹਿਣਾ ਔਖਾ ਹੈ।

ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜੇਹੀਆਂ ਅੰਕਿਤ ਹਨ, ਜੋ ਗੁਰਮਤਿ ਅਨੁਸਾਰੀ ਨਹੀਂ ਜਿਵੇਂ ਕਈ ਥਾਂ ਪੰਡਿਤ ਸਿਖ ਲੇਖਕਾਂ ਬ੍ਰਾਹਮਣਾਂ ਦੀ ਵਡਿਆਈ ਕੀਤੀ ਹੈ, ਤੁਰਕਾਂ ਪ੍ਰਤੀ ਅਤਿ ਸਖ਼ਤ ਸ਼ਬਦ ਵਰਤੇ ਹਨ, ਅਰਬੀ ਫ਼ਾਰਸੀ ਪੜ੍ਹਨੀ ਮਨ੍ਹਾ ਕੀਤੀ ਹੈ। ਦੇਸਾ ਸਿੰਘ ਨੇ ਲਿਖਿਆ ਹੈ :

**ਰਤੀ ਅਫ਼ੀਮ ਜੁ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਗ।**
**ਇਸ ਤੇ ਅਧਿਕ ਨ ਅਮਲ ਵਧਾਵੈ। ਵਧੈ ਅਮਲ ਤਉ ਨਰ ਦੁਖ ਪਾਵੈ ।੩੨।**

ਇਵੇਂ ਜਿਵੇਂ ਇਕ ਥਾਂ ਲੇਖ ਹੈ :

**ਰਣ ਮੋ ਚਲੇ ਤੋ ਮਦਰਾ ਸੇਵੈ। ਅਵਰ ਦਿਵਸ ਕਹੂੰ ਨਾਮ ਨ ਲੇਵੈ ।੪੫।**

ਭਾਵੇਂ ਇਹ ਗੱਲਾਂ ਸਮੇਂ ਦੀਆਂ ਲੋੜਾਂ ਤੇ ਹਾਲਾਤ ਅਨੁਸਾਰ ਠੀਕ ਵੀ ਹੋਵਣ, ਪਰ ਸਿਖ ਸਿਧਾਂਤ ਇਨ੍ਹਾਂ ਨੂੰ ਉਚਿਤ ਕਰਾਰ ਨਹੀਂ ਦਿੰਦੇ। ਇਕ ਗੱਲ ਹੋਰ ਵੀ ਰਹਿਤਨਾਮਿਆਂ ਦੀ ਸੁਰ ਸਮਝਣ ਲਈ ਜ਼ਰੂਰੀ ਹੈ ਕਿ ਉਸ ਬਿਖੜੇ ਸਮੇਂ ਦਾ ਧਿਆਨ ਰੱਖਿਆ ਜਾਵੇ ਜਦੋਂ ਕਿ ਤੁਰਕ ਹਾਕਮ ਸਿਖਾਂ ਦਾ ਬੀ ਨਾਸ ਕਰਨ 'ਤੇ ਤੁਲੇ ਹੋਏ ਸਨ। ਇਸ ਕਰਕੇ ਪ੍ਰਤੀਕ੍ਰਿਆ ਵਜੋਂ ਸਿਖੀ ਦਾ ਰਵੱਈਆ ਕਰੜਾ ਹੋ ਸਕਦਾ ਸੀ। ਦੂਜੇ, ਇਸ ਨਵੇਂ ਕੇਸਧਾਰੀ ਪੰਥ ਦੀ ਹਸਤੀ ਨੂੰ ਬ੍ਰਾਹਮਣਵਾਦ ਤੇ ਤੁਰਕਵਾਦ ਤੋਂ ਬਚਾਉਣ ਲਈ ਸਖ਼ਤ ਹਦਾਇਤਾਂ ਜ਼ਰੂਰੀ ਗੱਲ ਸੀ। ਜਿਵੇਂ ਕਿ ਲਿਖਿਆ ਹੈ—'ਸਿਖ ਹੋਇ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।'

ਇਸ ਦਾ ਭਾਵ ਹਰਗਿਜ਼ ਇਹ ਨਹੀਂ ਕਿ ਹਰ ਟੋਪੀ ਪਾਉਣ ਵਾਲਾ ਦੁਖ ਭੋਗਦਾ ਹੈ। ਤਾਤਪ੍ਰਜ ਇਤਨਾ ਹੈ ਕਿ ਜੇ ਕੋਈ ਸਿਖ ਹੋ ਕੇ ਟੋਪੀ ਪਾਉਂਦਾ ਹੈ ਤਾਂ ਉਹ ਜ਼ਰੂਰ ਧਰਮ ਤੋਂ ਪਤਿਤ ਹੁੰਦਾ ਹੈ ਤੇ ਕੋੜ੍ਹੀ ਦਾ ਜੀਵਨ ਜੀਊਂਦਾ ਹੈ।

ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦੇ ਪ੍ਰਤੀਕੂਲ ਹੈ, ਉਸ ਨੂੰ ਜੇ ਕਿਸੇ ਰਹਿਤਨਾਮੇ ਵਿਚ ਲਿਖਿਆ ਗ੍ਰਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿਖ ਉਸ ਨੂੰ ਪਰਵਾਣ ਕਰੇ। ਅੰਤਮ ਪ੍ਰਮਾਣ ਆਦਿ ਗੁਰੂ ਗ੍ਰੰਥ ਤੇ ਦਸਮ ਗ੍ਰੰਥ ਦੇ ਪਵਿਤਰ ਬਚਨ ਹੀ ਹਨ।

ਸਭ ਤੋਂ ਪਹਿਲਾਂ ਪੰਡਿਤ ਤਾਰਾ ਸਿੰਘ ਜੀ ਨੇ *ਸ੍ਰੀ ਗੁਰੂ ਤੀਰਥ ਸੰਗ੍ਰਹਿ* (੧੮੮੪ ਈ:) ਵਿਚ ਪਰਸਿੱਧ ਰਹਿਤਨਾਮਿਆਂ ਦਾ ਚਰਚਾ ਕੀਤਾ ਸੀ।

ਆਪ ਲਿਖਦੇ ਹਨ :

> ਉਸ ਸਮੇਂ ਕੇ ਉਪਦੇਸ਼ ਕੋ ਜੋ ਆਪਣੀ ਆਪਣੀ ਬੁਧੀ ਅਨੁਸਾਰ ਅਨੇਕ ਗੁਰੂ ਸਿਖੋਂ ਨੇ ਆਪਣੇ ਨਾਮ ਸੇ ਯਾ ਗੁਰੂ ਜੀ ਕੇ ਨਾਮ ਸੇ ਰਹਿਤਨਾਮੇ ਆਦਿ ਨਾਮ ਰਖ, ਨਾਨਾ ਪਰਕਾਰ ਕੀ ਕਥਾ-ਮਿਸਰਤ ਵਾ ਕੇਵਲ ਬਡੇ ਛੋਟੇ ਧਰਮ-ਪੁਸਤਕ ਲਿਖੇ ਹੈਂ, ਸੋ ਲਿਖਤੇ ਹੈਂ:

੧., ੨., ੩. ਨੰਦ ਲਾਲ ਜੀ ਕੇ
੪. ਚੌਥਾ ਪ੍ਰਹਿਲਾਦ ਸਿੰਘ ਜੀ ਕਾ
੫. ਪਾਂਚਵਾਂ ਦੇਸਾ ਸਿੰਘ ਕਾ
੬. ਛਟਾ ਹਾਜ਼ਰਨਾਮਾ ਹਰਨਾਮ ਸਿੰਘ ਕਾਂ
੭. ਸਾਤਵਾਂ *ਗੁਰੂ ਸ਼ੋਭਾ* ਨਾਮ ਗ੍ਰੰਥ ਮੈਂ ਗੁਰੂ ਜੀ ਕੇ ਕਵਿ-ਸੈਨਾਪਤਿ ਕਾ
੮. ਆਠਵਾਂ *ਗੁਰੂ ਸੂਰਜ ਪ੍ਰਤਾਪ* ਮੈਂ ਮੁਕਤਿਨਾਮਾ, ਭਾ: ਸੰਤੋਖ ਸਿੰਘ ਜੀ ਕਾ
੯. ਨਵਮਾ *ਗੁਰ ਬਿਲਾਸ* ਮੇਂ ਭਾਈ ਸੁਖਾ ਸਿੰਘ ਕਾ
੧੦. ਦਸਵਾਂ ਗੁਰੂ ਜੀ ਕੇ ਨਾਮ ਕਾ *ਪ੍ਰੇਮ ਸੁਮਾਰਗ ਗ੍ਰੰਥ* ਮੈ
੧੧. ਗਿਆਰ੍ਹਵਾਂ ਗੁਰੂ ਜੀ ਕੇ ਨਾਮ ਕਾ *ਸਰਬ ਲੋਹ ਪ੍ਰਕਾਸ਼ ਗ੍ਰੰਥ* ਮੈਂ
੧੨. ਬਾਰ੍ਹਵਾਂ ਕੇਸਰਾ ਸਿੰਘ ਹਜ਼ੂਰੀ ਕੀ ਸਾਖੀ ਮੈਂ
੧੩. ਤੇਰ੍ਹਵਾਂ ਭਾਈ ਗੁਰਦਾਸ ਜੀ ਦੀ ਵਾਰ ਕੀ ਟੀਕਾ ਮੇਂ *ਵਾਜਬੁਲ ਅਰਜ਼* ਮਨੀ ਸਿੰਘ ਜੀ ਕਾ
੧੪. ਚੌਧਵਾਂ ਗੁਰੂ ਦਸਮ ਜੀ ਕੇ ਖਿਲਾਵੇ ਚੌਪਾ ਸਿੰਘ ਜੀ ਕਾ, ਇਸਨੇ ਬੀਚ ਮੇਂ ਗ੍ਰੰਥ ਸਾਹਿਬ ਜੀ ਕੀ ਤੁਕਾਂ ਭੀ ਲਿਖੀ ਹੈਂ।
੧੫. ਪੰਦ੍ਰਵਾਂ ਬਾਵਾ ਸਰੂਪ ਚੰਦ ਭੱਲੇ ਜੀ ਕਾ
੧੬. ਸੋਲ੍ਹਵਾਂ ਅੰਮ੍ਰਿਤ ਬਿਧੀ ਮੇਂ ਕਾਹੂੰ ਔਰ ਕਾ
੧੭. ਸਤਾਰਵਾਂ ਗੋਬਿੰਦ ਗੀਤਾ ਮੇਂ ਗੁਰੂ ਜੀ ਕੇ ਨਾਮ ਕਾ
੧੮. ਅਠਾਰਵਾਂ ਗੋਰਖ ਦੱਤਾਤ੍ਰੇਯ ਕਾ ਸੰਬਾਦ ਰੂਪ ਕਾਹੂ ਕਾ
੧੯. ਉਨੀਸਵਾਂ ਮੁਕਤੇ ਸਿਖਾਂ ਪ੍ਰਤਿ ਗੁਰੂ ਜੀ ਕੇ ਨਾਮ ਕਾ

੨੦. ਬੀਸਵਾਂ *ਸੌ ਸਾਖੀ* ਮੇਂ ਗੁਰਬਖਸ਼ ਸਿੰਘ ਜੀ ਕਾ

੨੧. ਇਕੀਸਵਾਂ *ਮੁਕਤਿ ਮਾਰਗ* ਗੁਰੂ ਜੀ ਕੇ ਨਾਮ ਕਾ

*(ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ ੧੨੦-੧੨੧, ੧੯੮੪ ਈ:)*

ਇਸ ਤੋਂ ਬਾਦ ਬਾਵਾ ਸੁਮੇਰ ਸਿੰਘ ਪਟਨੇ ਵਾਲਿਆਂ ਦੇ ਸ਼ਿਸ਼ ਭਾਈ ਭਗਵਾਨ ਸਿੰਘ ਰਹਿਤਨਾਮੀਏ ਹੋਏ, ਇਨ੍ਹਾਂ ੩੭ ਰਹਿਤਨਾਮਿਆਂ ਦਾ ਸੰਕਲਨ ਕਰ ਕੇ *ਬਰ ਬਿਮਲ ਬਿਬੇਕ ਬਾਰਧਿ* ਗ੍ਰੰਥ ਬਣਾਇਆ। ਇਸ ਤੋਂ ਇਲਾਵਾ ਇਨ੍ਹਾਂ ਇਕ *ਰਹਿਤ ਦਰਪਣ* ਗ੍ਰੰਥ ਰਚਿਆ, ਜਿਸ ਦੇ ੯ ਪ੍ਰਤਿਬਿੰਬ ਯਾ ਕਾਂਡ ਹਨ, ਇਸ ਵਿਚ ਪੰਡਿਤ ਜੀ ਨੇ ਰਹਿਤਾਂ ਉਤੇ ਟੀਕਾ ਤੇ ਵਿਚਾਰ ਕੀਤੀ ਹੈ। ਪਹਿਲੇ ਗ੍ਰੰਥ ਵਿਚ ਜਿਨ੍ਹਾਂ ੩੭ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਦਾ ਵੇਰਵਾ ਇਸ ਪਰਕਾਰ ਹੈ:

੧. ਆਦਿ ਗੁਰੂ ਗ੍ਰੰਥ
੨. ਦਸਮ ਗ੍ਰੰਥ
੩. ਭਾਈ ਗੁਰਦਾਸ
੪. ਸਰਬਲੋਹ
੫. ਤਨਖਾਹਨਾਮਾ ਨੰਦ ਲਾਲ
੬. ਰਹਿਤਨਾਮਾ ਚੌਪਾ ਸਿੰਘ (੧੦੨੪) ਰਹਿਤਾਂ
੭. ਰਹਿਤਨਾਮਾ ਪ੍ਰਹਿਲਾਦ ਸਿੰਘ
੮. ਪ੍ਰੇਮ ਸੁਮਾਰਗ
੯. ਖਾਲਸਾ ਸ਼ਤਕ
੧੦. ਖਾਲਸਾ ਪਚਾਸਾ
੧੧. ਪ੍ਰਸ਼ਨੋਤਰ ਨੰਦ ਲਾਲ
੧੨. ਬਿਬੇਬ ਅਸ਼ਟਕ (ਸੁਮੇਰ ਸਿੰਘ)
੧੩. ਰਹਿਤਨਾਮਾ ਦਯਾ ਸਿੰਘ
੧੪. ਸੰਗਤ ਪ੍ਰਸ਼ਨ
੧੫. ਰਹਿਤਨਾਮਾ ਦੇਸਾ ਸਿੰਘ
੧੬. ਸ੍ਰੀ ਗੁਰੂ ਸ਼ੋਭਾ
੧੭. ਸਾਖੀ ਰਹਤ ਕੀ (ਨੰਦ ਲਾਲ)
੧੮. ਰਤਨਮਾਲ
੧੯. ਵਾਜਬੁਲ ਅਰਜ਼
੨੦. ਰਹਿਤਨਾਮਾ ਸਾਖੀ ਕਾ
੨੧. ਗੋਰਖ ਦਤਾਤ੍ਰੇਯ ਸੰਵਾਦ
੨੨ ..............—
੨੩. ਗੋਸ਼ਿਟ ਮੱਕੇ ਮਦੀਨੇ ਪਾਸ ਪ੍ਰਸ਼ਨ
੨੪. ਭਾ: ਮਨੀ ਸਿੰਘ ਪਾਸ ਪ੍ਰਸ਼ਨ
੨੫. ਸਾਹਿਬਾਂ ਦੇ ਅੰਮ੍ਰਿਤ ਛਕਾਵਨ ਅਰ ਛਕਨੇ ਕੀ ਲੀਲ੍ਹਾ
੨੬. ਗੋਬਿੰਦ ਗੀਤਾ
੨੭. ਸ੍ਰੀ ਗੁਰੂ ਮਹਿਮਾ ਪ੍ਰਕਾਸ਼
੨੮. ਗੁਰਬਿਲਾਸ—ਸੁੱਖਾ ਸਿੰਘ
੨੯. ਮਾਲਵਾ ਦੇਸ ਰਟਨ ਕੀ ਸਾਖੀ
੩੦. ਗੁਰਬਿਲਾਸ—ਮਨੀ ਸਿੰਘ ਕਾ
੩੧. ਬਿਬੇਕ ਬੋਧਿਨ ਸਪਤਸ਼ਤੀ
੩੨. ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ
੩੩. ਗੁਰਪ੍ਰਤਾਪ ਸੂਰਜ
੩੪. ਮੁਕਤੋਂ ਪ੍ਰਤੀ ਪਾ: ੧੦
੩੫. ਪ੍ਰਸੰਗ ਮੁਕਤੋਂ ਕਾ
੩੬. ਚਾਲੀਸ ਚਾਰ ਚਮਕੌਰ ਸਾਹਿਬ ਕੇ ਮੁਕਤੋਂ ਕੇ ਨਾਮ
੩੭. ਸ੍ਰੀ ਗੁਰੂ ਬੰਸਾਵਲੀ (ਕੇਸਰ ਸਿੰਘ ਦ੍ਵਿਜ)

ਇਸ ਤਰ੍ਹਾਂ ਪੰਡਤ ਭਗਵਾਨ ਸਿੰਘ ਜੀ ਨੇ ਵਧ ਤੋਂ ਵਧ ਰਹਿਤਨਾਮੇ ਤੇ ਸਿਖ ਗ੍ਰੰਥਾਂ ਵਿਚੋਂ ਰਹਿਤ ਬਾਰੇ ਚੋਣਵੇਂ ਉਪਦੇਸ਼ ਸੰਕਲਿਤ ਕਰਨ ਦਾ ਉਪਰਾਲਾ ਕੀਤਾ। ਇਸ ਦਾ ਇਕ ਉਤਾਰਾ ਭਾਈ ਕਾਨ੍ਹ ਸਿੰਘ ਨਾਭਾ ਦੇ ਭਰਾਤਾ ਭਾਈ ਬਿਸ਼ਨ ਸਿੰਘ ਜੀ ਨੇ ੧੯੦੧ ਈ. ਵਿਚ ਕੀਤਾ ਸੀ ਜੋ ਕਿ ਸਾਨੂੰ ਭਾਈ ਸਾਹਿਬ ਦੇ ਸਪੁੱਤਰ ਭਾ: ਭਗਵੰਤ ਸਿੰਘ ਹਰੀ ਜੀ ਦੀ ਕ੍ਰਿਪਾਲਤਾ ਦੁਆਰਾ ਦੇਖਣ ਦਾ ਮੌਕਾ ਮਿਲਿਆ ਸੀ। ਦੂਜਾ ਉਤਾਰਾ ਡੇਹਰਾਦੂਨ ਡਾ. ਬਲਬੀਰ ਸਿੰਘ ਜੀ ਦੀ ਲਾਇਬਰੇਰੀ ਵਿਚ ਮੌਜੂਦ ਹੈ।

## ਰਹਿਤਨਾਮੇ ਲਿਖਣ ਵਾਲੇ

(੧,੨,੩) **ਭਾਈ ਨੰਦ ਲਾਲ** : ਭਾਈ ਨੰਦ ਲਾਲ (੧੬੧੨-੧੭੧੫ ਈ:) ਇਕ ਚੰਗੇ ਆਲਮ ਫ਼ਾਜ਼ਲ ਸ਼ਾਇਰ, ਵਿਦਵਾਨ ਸਿਦਕੀ ਸਿਖ ਸਨ। ਆਪ ਨੇ ਰੂਹਾਨੀ ਅਨੁਭਵ ਤੇ ਗੁਰੂਆਂ ਪ੍ਰਤੀ ਸ਼ਰਧਾ—ਦੀਵਾਨਿ ਗੋਯਾ, ਜ਼ਿੰਦਗੀਨਾਮਾ, ਗੰਜਨਾਮਾ, ਤੌਸੀਫੌਸਨਾ, ਜੋਤਿ ਵਿਗਾਸ ਆਦਿ ਤੋਂ ਪਰਗਟ ਹੈ। ਇਨ੍ਹਾਂ ਦੇ ਨਾਂ ਉਤੇ ਤਿੰਨ ਰਹਿਤਨਾਮੇ ਮਿਲਦੇ ਹਨ, ਦੋ ਛੰਦਾਬੰਦੀ ਵਿਚ, ਇਕ ਗੱਦ ਵਿਚ। ਪਹਿਲਾ ਰਹਿਤਾਂ ਬਾਰੇ ਹੈ, ਦੂਜਾ ਤਨਖਾਹਨਾਮਾ ਹੈ ਜੋ ਇਸ ਗੱਲ 'ਤੇ ਚਾਨਣ ਪਾਉਂਦਾ ਹੈ ਕਿ ਜੋ ਇਹ ਰਹਿਤ ਨਹੀਂ ਕਮਾਉਂਦਾ, ਉਹ ਕਿਸ ਕਿਸ ਦੰਡ ਦਾ ਭਾਗੀ ਹੈ। ਖਾਲਸਈ ਬੋਲਿਆਂ ਵਿਚ ਧਰਮ-ਦੰਡ ਨੂੰ 'ਤਨਖਾਹ' ਕਿਹਾ ਗਿਆ ਹੈ, ਇਹ ਸੰਕੇਤ ਗੁਰੂ ਸਾਹਿਬ ਤੋਂ ਕੁਝ ਅਰਸਾ ਬਾਦ ਪ੍ਰਚਲਤ ਹੋਇਆ। ਇਸ ਤਰ੍ਹਾਂ ਇਸ ਰਚਨਾ ਵਿਚ ਖਾਲਸੇ ਤੇ ਤੁਰਕਾਂ ਦੇ ਸੰਘਰਸ਼ ਦੇ ਸੰਕੇਤ ਪ੍ਰਤੱਖ ਹਨ, ਇਸ ਤੋਂ ਜ਼ਾਹਰ ਹੈ ਕਿ ਇਹ ਲਿਖਤਾਂ ਪਿਛੋਂ ਵਜੂਦ ਵਿਚ ਆਈਆਂ।

(੪) **ਭਾਈ ਪ੍ਰਹਿਲਾਦ ਸਿੰਘ** : ਇਹ ਫ਼ਾਰਸੀਦਾਨ ਬ੍ਰਾਹਮਣ ਸਿਖ, ਦਰਬਾਰੀ ਲੇਖਕ ਸੀ। ਇਸ ਨੇ ਗੁਰੂ ਜੀ ਦੀ ਆਗਿਆ ਨਾਲ ਦਾਰਾ ਸ਼ਿਕੋਹ ਵਲੋਂ ਕਰਾਏ ੫੦ ਉਪਨਿਸ਼ਦਾਂ ਦੇ ਫ਼ਾਰਸੀ ਤਰਜਮੇ ਦਾ ਭਾਖਾਨੁਵਾਦ ਕੀਤਾ ਸੀ, ਪਰ ਇਹ ਰਹਿਤਨਾਮਾ ਇਸ ਦੀ ਕਿਰਤ ਪ੍ਰਮਾਣਿਤ ਨਹੀਂ ਹੁੰਦਾ। ਮੁੱਢ ਵਿਚ ਹੀ ਲਿਖਿਆ ਹੈ ਕਿ ਗੁਰੂ ਸਾਹਿਬ ਅਬਚਲ ਨਗਰ (ਨਾਂਦੇੜ) ਬੈਠੇ ਸਨ, ਉਥੋਂ ਉਨ੍ਹਾਂ ਇਹ ਰਹਿਤ ਦੱਸੀ, ਸਤਿਗੁਰੂ ੧੭੬੫ ਬਿ: ਵਿਚ ਪੁਜੇ ਤੇ ਜੋਤੀ ਜੋਤਿ ਸਮਾਏ। ਢੇਰ ਚਿਰ ਪਿਛੋਂ ਇਸ ਥਾਂ ਦਾ ਨਾਂ 'ਅਬਚਲ ਨਗਰ' ਪ੍ਰਸਿਧ ਹੋਇਆ। ਫਿਰ ਰਹਿਤਨਾਮੇ ਦੇ ਅੰਤ ਵਿਚ ਰਚਨਾਕਾਲ ੧੭੫੨ ਬਿ: ਦਿਤਾ ਹੈ, ਜਦੋਂ ਕਿ ਇਸ ਸਮੇਂ ਗੁਰੂ ਸਾਹਿਬ ਉਥੇ ਨਹੀਂ ਸਨ।

(੫) **ਭਾਈ ਦਯਾ ਸਿੰਘ** : ਇਹ ਪੰਜ ਪਿਆਰਿਆਂ ਵਿਚੋਂ ਮੁਖੀ ਵਿਦਵਾਨ ਸਿਖ ਸੀ, ਜੋ ਕਿ ਸਿਆਲਕੋਟ ਦਾ ਸੋਪਤੀ ਖਤ੍ਰੀ ਸੀ। ਇਸ ਦੀ ਲਿਆਕਤ ਤੇ ਸਿਖੀ

ਸਿਦਕ ਨੂੰ ਸਨਮੁਖ ਰਖਕੇ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਆਪਣਾ ਖ਼ਤ *ਜ਼ਫ਼ਰਨਾਮਾ* ਦੇਣ ਲਈ ਅਹਿਮਦ ਨਗਰ ਘੱਲਿਆ ਸੀ। ਇਸ ਦਾ ਚਲਾਣਾ ੧੭੬੫ ਬਿ: ਨੂੰ ਨਾਂਦੇੜ ਹੋਇਆ। ਇਸ ਰਹਿਤਨਾਮੇ ਵਿਚ ਪਿਛੋਂ ਦੇ ਕਈ ਹਵਾਲੇ ਹਨ:

'ਸਿੰਘ ਪ੍ਰਿਥਮੇ ਔਰ ਦੁਆਰੇ ਜਾਇ ਜਗਨਨਾਥਾਦਿ, ਪਿਛੇ ਅਬਚਲ ਨਗਰ ਜਾਵੈ ਉਥੇ ਪਚੀਸ ਰੁਪਏ ਤਨਖਾਹ ਲਗਾਵੈ।'

'ਜੇ ਮੁਕਤਸਰ ਨ੍ਹਾਵੈ ਤਾਂ ਮੁਕਤ ਹੈ।' ਆਦਿ

(੬) **ਭਾਈ ਚਉਪਾ ਸਿੰਘ** : ਇਹ ਕੜਿਆਲਾ ਜ਼ਿਲਾ ਜੇਹਲਮ ਦਾ ਰਹਿਣ ਵਾਲਾ ਛਿੱਬਰ ਬ੍ਰਾਹਮਣ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਖਿਡਾਂਦਾ ਰਿਹਾ ਸੀ, ਇਸ ਕਰਕੇ ਇਸ ਦਾ ਨਾਂ ਇਤਿਹਾਸ ਵਿਚ 'ਚੌਪਾ ਸਿੰਘ ਖਿਡਾਵਾ' ਕਰਕੇ ਪ੍ਰਸਿੱਧ ਹੈ। *ਬੰਸਾਵਲੀਨਾਮੇ* ਦੇ ਕਰਤਾ ਨੇ ਲਿਖਿਆ ਹੈ, ਜਦ ਗੁਰੂ ਜੀ ਨੇ ਖੰਡੇ ਦੀ ਪਾਹੁਲ ਤਿਆਰ ਕੀਤੀ ਤਾਂ ਪਹਿਲਾਂ ਭਾਈ ਚੌਪਾ ਸਿੰਘ ਨੂੰ ਪਿਲਾਈ ਤੇ ਫਿਰ ਇਸੇ ਨੇ ਪਹਿਲਾ *ਰਹਿਤਨਾਮਾ ਬੁਧਿ ਬਿਬੇਕ* ਲਿਖਿਆ। ਇਹ ਕਈ ਪੜ੍ਹੇ-ਲਿਖੇ ਵਿਦਵਾਨ ਮੁਕਤੇ ਸਿਖਾਂ ਮਿਲ ਕੇ ਤਿਆਰ ਕੀਤਾ ਸੀ ਤੇ ਇਸ ਦੀ ਖ਼ੂਬੀ ਇਹ ਸੀ ਕਿ ਹਰ ਰਹਿਤ ਦੀ ਪੁਸ਼ਟੀ ਲਈ ਕੋਈ ਨਾ ਕੋਈ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚੋਂ ਲੈ ਕੇ ਦਿਤਾ ਸੀ। ਹੁਣ ਵਾਲੇ ਰਹਿਤਨਾਮੇ ਵਿਚ ਇਹ ਗੱਲ ਮੌਜੂਦ ਹੈ। ਮੁਕਤੇ ਕੌਣ ਸਨ, ਇਹ ਮੋਹਰੀ ਵਿਦਵਾਨ ਸਿਖ ਸਨ। ਜਿਨ੍ਹਾਂ ਖਾਲਸਾ ਰਹਿਤ ਮਰਯਾਦਾ ਦਾ ਪਹਿਲਾ ਵਿਧਾਨ ਤਿਆਰ ਕੀਤਾ। ਭਾ: ਕੇਸਰ ਸਿੰਘ ਨੇ ਇਨ੍ਹਾਂ ਦੀ ਗਿਣਤੀ ੧੪ ਦੱਸੀ ਹੈ, ਭਾਈ ਕੁਇਰ ਸਿੰਘ ਪੰਝੀ ਲਿਖਦਾ ਹੈ। *ਗੁਰਪ੍ਰਤਾਪ ਸੂਰਜ* ਵਿਚ ਪੰਜ ਲਿਖੇ ਹਨ—ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਤੇ ਫਤਹਿ ਸਿੰਘ। ਦਸਿਆ ਹੈ ਇਨ੍ਹਾਂ ਪੰਜ ਪਿਆਰਿਆਂ ਤੋਂ ਬਾਦ ਅੰਮ੍ਰਿਤ ਪਾਨ ਕੀਤਾ ਤੇ ਫਿਰ ਲੰਮੀ ਸੋਚ-ਵਿਚਾਰ ਮਗਰੋਂ ਗੁਰੂ ਸਾਹਿਬ ਦੀ ਪ੍ਰਵਾਨਗੀ ਨਾਲ ਰਹਿਤਨਾਮੇ ਦਾ ਖਰੜਾ ਇਨ੍ਹਾਂ ਹੀ ਲਿਖਿਆ। ਭਾਈ ਕੇਸਰ ਸਿੰਘ ਨੇ ਲਿਖਿਆ ਹੈ ਕਿ ਇਸ ਵਿਚ ੧੯੦੦ ਰਹਿਤ ਦਰਜ ਸੀ, ਨਾਲ ਹੀ ਇਹ ਕਿਹਾ ਹੈ ਕਿ ਇਹ ਸੱਤ ਦਿਨਾਂ ਵਿਚ ਤਿਆਰ ਹੋਇਆ, ਇਹ ਦੋਵੇਂ ਗੱਲਾਂ ਸੰਭਵ ਨਹੀਂ ਜਾਪਦੀਆਂ। ਹੁਣ ਜੋ ਰਹਿਤਨਾਮਾ ਮਿਲਦਾ ਹੈ, ਇਸ ਦੀ ਬੋਲੀ ਤੇ ਸ਼ੈਲੀ ਇਤਨੀ ਨਵੀਨ ਹੈ ਕਿ ਇਸ ਸਾਰੇ ਦੇ ਸਾਰੇ ਨੂੰ ਪ੍ਰਾਚੀਨ ਤੇ ਪ੍ਰਮਾਣਿਕ ਮੰਨਣਾ ਔਖਾ ਹੈ। ਇਹ ਠੀਕ ਹੈ ਕਿ ਮੁਕਤਿਆਂ ਨਾਲ ਮਿਲ ਕੇ ਚੌਪਾ ਸਿੰਘ (ਸ਼ਹੀਦ ੧੭੯੦ ਬਿ:) ਨੇ ਰਹਿਤਨਾਮਾ ਜ਼ਰੂਰ ਲਿਖਿਆ ਹੋਵੇਗਾ ਪਰ ਇਤਨਾ ਨਹੀਂ। ਇਸ ਦੇ ਅੰਤ ਵਿਚ ਆਈ ਤੁਕ ਦਸਦੀ ਹੈ ਕਿ ਇਹ ਭਾਈ ਗੁਰਬਖ਼ਸ਼ ਸਿੰਘ ਨੇ ਲਿਖਿਆ ਜੋ ਕਿ ਭਾਈ ਕੇਸਰ ਸਿੰਘ ਛਿੱਬਰ ਦਾ ਪਿਤਾ ਸੀ:

'ਬੁਧਿ ਦਾਤ ਚੌਪਾ ਸਿੰਘ ਨੂੰ ਹੋਈ ਹੈ ਅਤੇ ਦਸਤਖਤ ਬਲਾਕਾ ਸਿੰਘ ਲਿਖਾਰੀ ਦੇ, ਪਰਵਾਨਗੀ ਹਜ਼ੂਰ ਦੀ ਨਾਲਿ ਅਤੇ ਏਹ ਕਾਗਜ਼ ਰਹਤਨਾਮੇ ਦਾ ਚਿੱਠਾ ਲਿਖਾਇਆ, ਧਰਮ ਚੰਦ ਛਿੱਬਰ ਬ੍ਰਹਮਣ ਖ਼ਜ਼ਾਨਚੀ ਗੁਰੂ ਕਾ ਤਿਸਦੇ ਪੁੱਤਰ ਗੁਰਬਖ਼ਸ਼ ਸਿੰਘ ਲਿਖਾਇਆ ਹੈ।'

ਬਾਦ ਵਿਚ ਸਮੇਂ ਦੇ ਗੇੜ ਨਾਲ ਇਸ ਵਿਚ ਕਈ ਵਾਧੇ ਘਾਟੇ ਹੋਏ ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਕ ਗੱਲ ਹੋਰ ਵੀ ਹੈ ਕਿ ਇਸ ਵਿਚ ਕਈ ਘਟਨਾਵਾਂ ਤੇ ਸੰਮਤ ਦਿਤੇ ਹਨ ਜੋ ਇਤਿਹਾਸਕ ਪੱਖ ਤੋਂ ਬਹੁਮੁੱਲੇ ਹਨ।

(੭) **ਕਰਤਾ ਪਰਮ ਸੁਮਾਰਗ :** ਇਸ ਦਾ 'ਪ੍ਰੇਮ ਸੁਮਾਰਗ' ਨਾਂ ਵਧੇਰੇ ਪ੍ਰਸਿੱਧ ਹੈ। ਪਰ ਸਹੀ 'ਪਰਮ ਸੁਮਾਰਗ' ਹੈ ਜੋ ਪੁਰਾਤਨ ਹੱਥ-ਲਿਖਤਾਂ ਵਿਚ ਅੰਕਿਤ ਹੈ। ਇਹ ਵਾਰਤਕ ਵਿਚ ਹੈ ਤੇ ਕਿਸੇ ਚੰਗੇ ਵਿਦਵਾਨ ਸਿਖ ਦਾ ਲਿਖਿਆ ਹੋਇਆ ਹੈ। ਇਸ ਦੇ ਦਸ ਅਧਿਆ, ੧੧੨ ਬਚਨ ਹਨ। ਵੱਡੀ ਖੂਬੀ ਇਹ ਹੈ ਕਿ ਸਿਖ ਦੇ ਹਰ ਸੰਸਕਾਰ ਬਾਰੇ ਵਿਸਤਾਰ ਸਹਿਤ ਵਿਧੀ ਅੰਕਿਤ ਹੈ। ਅੱਠਵੇਂ ਨੌਂਵੇਂ ਅਧਿਆ ਵਿਚ ਰਾਜ ਪ੍ਰਬੰਧ ਤੇ ਨਿਆਂ ਬਾਰੇ ਸੋਹਣੇ ਸੁਚੱਜੇ ਨੇਮ ਦੱਸੇ ਹਨ ਇਸ ਤੋਂ ਇਉਂ ਲਗਦਾ ਹੈ ਕਿ ਇਹ ਰਚਨਾ ਸਿਖ ਮਿਸਲਾਂ ਦੀ ਚੜ੍ਹਦੀ ਕਲਾ ਵੇਲੇ ੧੭੬੫ ਈ: ਦੇ ਲਾਗੇ ਚਾਗੇ ਜਾਂ ਜ਼ਰਾ ਅੱਗੋਂ ਪਿਛੋਂ ਲਿਖੀ ਗਈ। ਜੀਵਨ ਜੁਗਤੀ ਬਾਰੇ ਅੱਛੀ ਰਚਨਾ ਹੈ, ਇਸ ਵਿਚ ਹੋਰ ਰਲਾਵਟ ਵੀ ਨਹੀਂ ਪਈ।

(੮) **ਭਾਈ ਦੇਸਾ ਸਿੰਘ :** ਭੱਟ ਵਹੀਆਂ ਅਨੁਸਾਰ ਇਹ ਭਾਈ ਮਨੀ ਸਿੰਘ ਜੀ ਦੇ ਦਸ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਸਨ। ਹੋਰ ਦੇਸਾ ਸਿੰਘ ਵੀ ਹੋ ਸਕਦਾ ਹੈ ਇਨ੍ਹਾਂ ਲਿਖਿਆ ਹੈ ਕਿ ਮੈਂ ਕੁਝ ਚਿਰ ਮਰਾਲੀ ਵਾਲੇ ਬੁੰਗੇ ਅੰਮ੍ਰਿਤਸਰ ਠਹਰਿਆ ਸਾਂ ਜਿਥੇ ਕਿ ਕਿਸੇ ਸਮੇਂ ਸ: ਜੱਸਾ ਸਿੰਘ ਕਲਾਲ ਵੀ ਨਿਵਾਸ ਕਰ ਚੁਕੇ ਹਨ। ਸ: ਜੱਸਾ ਸਿੰਘ ਦਾ ਦੇਹਾਂਤ ੧੭੮੩ ਈ: ਹੈ। ਇਸ ਤੋਂ ਪਰਗਟ ਹੈ ਕਿ ਭਾਈ ਦੇਸਾ ਸਿੰਘ ਜੀ ਨੇ ਇਹ ਰਹਿਤਨਾਮਾ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਲਿਖਿਆ।

(੯, ੧੦) **ਭਾਈ ਸਾਹਿਬ ਸਿੰਘ :** ਇਹ *ਸੌ ਸਾਖੀ* ਦਾ ਲਿਖਾਰੀ ਸੀ ਜਿਵੇਂ ਭਾਈ ਰਾਮ ਕੁਇਰ ਨੇ ਗੁਰੂ ਸਾਹਿਬਾਨ ਦੀਆਂ ਵਾਰਤਾਵਾਂ ਦੱਸੀਆਂ, ਇਹ ਲਿਖਦਾ ਗਿਆ। *ਸੌ ਸਾਖੀ* ਦਾ ਲਿਖਣ ਕਾਲ ੧੭੯੧ ਬਿ: ਕਿਹਾ ਜਾਂਦਾ ਹੈ, ਪਰ ਪਿਛੋਂ ਇਸ ਵਿਚ ਕਈ ਵਾਰ ਵਾਧੇ ਘਾਟੇ ਹੋਏ। ਇਸੇ ਪੁਸਤਕ ਵਿਚ 'ਰਹਿਤਨਾਮਾ' ਤੇ 'ਮੁਕਤਨਾਮਾ' ਦੋ ਰਚਨਾਵਾਂ ਹਨ, ਜਿਨ੍ਹਾਂ ਵਿਚ ਸਿਖ-ਮਰਯਾਦਾ ਦਾ ਨਿਰੂਪਣ ਹੈ। ਭਾਈ ਸੰਤੋਖ ਸਿੰਘ ਜੀ ਨੇ ਇਸੇ ਦਾ ਰੂਪ ਕੁਝ ਸੋਧ ਕੇ ਗੁਰ ਪ੍ਰਤਾਪ ਸੂਰਜ, ਵਿਚ ਦਿਤਾ ਹੈ।

(੧੧) **ਰਹਿਤਨਾਮਾ ਸਹਿਜਧਾਰੀਆਂ ਕਾ**—ਇਹ ਨਾਂ ਅਸਾਂ ਦਿਤਾ ਹੈ ਤੇ ਇਹ ਰਚਨਾ *ਭਗਤ ਰਤਨਾਵਲੀ* ਵਿਚ 'ਵਾਜਬੁਲ ਅਰਜ਼' ਕਰਕੇ ਅੰਕਿਤ ਹੈ, ਇਸ ਦਾ ਕਰਤਾ ਕੌਣ ਸੀ, ਕਹਿ ਨਹੀਂ ਸਕਦੇ। ਆਮ ਤੌਰ ਤੇ *ਭਗਤ ਰਤਨਾਵਲੀ* ਦਾ ਕਰਤਾ ਭਾਈ ਮਨੀ ਸਿੰਘ ਨੂੰ ਮੰਨਿਆ ਜਾਂਦਾ ਹੈ, ਪਰ ਸ਼ਾਇਦ ਭਾਈ ਸੂਰਤ ਸਿੰਘ ਜੀ ਨੇ ਲਿਖੀ ਜੋ ਗਿਆਨੀ ਸੰਤ ਸਿੰਘ ਜੀ ਦੇ ਪਿਤਾ ਸਨ।

(੧੨) **ਕਰਤਾ 'ਸਰਬਲੋਹ ਗ੍ਰੰਥ'**—ਇਹ 'ਮੰਗਲਾਚਰਣ ਗ੍ਰੰਥ' ਗੁਰੂ ਸਾਹਿਬ ਨਾਲ ਮਨਸੂਬ ਕੀਤਾ ਜਾਂਦਾ ਹੈ ਪਰ ਹਕੀਕਤ ਇਹ ਨਹੀਂ। ਇਸ ਦੇ ਪੰਜਾਂ ਅਧਿਆਂ ਵਿਚ ਮਹਾਂਕਾਲ ਦੇ ਅਵਤਾਰ ਸਰਬਲੋਹ ਦੀ ਵਿਜਯਕਥਾ ਹੈ ਜੋ ਉਸ ਨੇ ਭੀਮਨਾਦ ਤੇ ਬ੍ਰਿਜਨਾਦ ਆਦਿ ਦੈਂਤਾਂ ਨੂੰ ਮਾਰ ਕੇ ਪਾਈ। ਇਹ ਗ੍ਰੰਥ ਕਿਸ ਨੇ ਲਿਖਿਆ ਇਹ ਪਤਾ ਨਹੀਂ। ਪਰ ਪੁਸਤਕ ਵਿਚ ਕਈ ਥਾਂ ਦਸ ਗੁਰੂਆਂ ਦੀ ਮਹਿਮਾ ਤੇ ਸੰਕੇਤ ਹਨ। 'ਗੁਰਗਦੀ ਪਾਤਸਾਹੀ ਦਸਨ ਚਤੁਰ ਬੰਸ।' ਸਿਰਲੇਖ ਦੇ ਕੇ ਲਿਖਿਆ ਹੈ:

**ਚਤੁਰ ਬੰਸ ਸਤਿਗੁਰ ਕੋ ਨੀਕਾ। ਸੁਭ ਬੰਸਨ ਬਰਨਤ ਜਸ ਟੀਕਾ।**
**ਬੇਦੀ, ਤ੍ਰੇਹਣ, ਭੱਲੇ, ਸੋਢੀ ਭਨ। ਚਤੁਰ ਬੰਸ ਗੁਰਬੰਸ ਸ਼ਿਰੋਮਣਿ।**
**ਦਸਕੁ ਰੂਪ ਧਰਿ ਆਪ ਪਰਮੇਸਰ, ਰਾਜ ਯੋਗ ਹਰਿ ਭਗਤਿ ਕਮਾਏ।**
**ਗੁਰ ਗੋਬਿੰਦ ਏਕ ਕਰਿ ਜਾਨੋ। ਏਕ ਜੋਤਿ ਦੁਇ ਰੂਪ ਬਖਾਨੋਂ।**

ਇਕ ਥਾਂ ਦਸ ਗੁਰੂਆਂ ਨਾਲ ਗ੍ਰੰਥ ਤੇ ਪੰਥ ਨੂੰ ਮਿਲਾਕੇ ਬਾਰਾਂ ਗਿਣਤੀ ਕੀਤੀ ਹੈ

**ਗੁਰੂ ਅਪਨ ਪੌ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗ੍ਰੰਥਾ......।**
**ਦ੍ਵਾਦਸ ਰੂਪ ਸਤਿਗੁਰ ਏ ਕਹੀਅਹਿ ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ।**

ਇਨ੍ਹਾਂ ਗੱਲਾਂ ਤੋਂ ਪਰਗਟ ਹੈ, ਦਸਮੇਸ਼ ਗੁਰੂ ਆਪ ਅਜੇਹਾ ਨਹੀਂ ਸੀ ਲਿਖ ਸਕਦੇ, ਇਹ ਤਾਂ ਕਿਸੇ ਪ੍ਰੇਮੀ ਸਿਖ ਦਾ ਹੀ ਬਿਆਨ ਹੋ ਸਕਦਾ ਹੈ।

ਇਸ ਗ੍ਰੰਥ ਦੇ ਅੰਤ ਵਿਚ ਇਕ ਮੰਗ ਹੈ, ਜੋ ਸਿਖ ਮਿਸਲਾਂ ਦੇ ਸਮੇਂ ਕੀਤੀ ਗਈ ਲਗਦੀ ਹੈ। ਸਿੰਘ ਅਰਦਾਸ ਕਰਦਾ ਹੈ:

**ਨਊਂ ਲਾਖ ਐਰਾਕੀ ਮਿਲੇਂ, ਮਿਲੈ ਸਰਾਯਚ ਲਾਖ।**
**ਸਵਾ ਲਾਖ ਹਾਥੀ ਮਿਲੈਂ, ਦੇਹੁ ਯਹੈ ਅਭਿਲਾਖ।**
**ਖਾਸ ਸ੍ਵਾਰੀ ਸੋਹ ਚਲੈ, ਨੇਜਾ ਲਾਖ ਨਿਸ਼ਾਨ।**
**ਵਾਹ ਗੁਰੂ ਕਾ ਖਾਲਸਾ, ਜੀਤਹਿ ਸਤਰ ਚੌਗਾਨ।**
**ਯਹਿ ਲਾਲਚ ਗੁਣ ਤ੍ਰ ਕਹਯੋ, ਦਾਸ ਗੁਬਿੰਦ ਸਮਾਜ।**
**ਫਤਹਿ ਹੋਵੈ ਸਤਿਗੁਰੂ ਕੀ, ਉਦਯ ਅਸਤ ਲੌਂ ਰਾਜ।**

ਇਹ ਗੱਲ ਤਾਂ ਸਪੱਸ਼ਟ ਹੈ ਕਿ ਇਸ ਦੇ ਲਿਖਣ ਵਾਲਾ ਕੋਈ ਬੀਰ-ਰਸੀ ਸਿਖ ਕਵੀ ਹੈ। ਦੂਜੇ, ਇਸ ਦੀ ਕਥਾ ਵਸਤੂ ਕਿਸੇ ਪੁਰਾਤਨ ਸੰਸਕ੍ਰਿਤ ਗ੍ਰੰਥ ਤੇ ਅਧਾਰਿਤ ਹੈ, ਜੈਸਾ ਕਿ ਸ਼ੁਕ੍ਰ ਭਾਸ ਵਿਚੋਂ ਸਾਮੱਗਰੀ ਲੈਣ ਦਾ ਉਲੇਖ ਵੀ ਹੈ।

ਇਸ ਵਿਚ ਖਾਲਸਾ ਮਹਿਮਾ ਦੇ ਛੰਦ ਆਏ ਹਨ, ਉਨ੍ਹਾਂ ਵਿਚ ਜੋ ਭਾਵਨਾ ਤੇ ਸਪ੍ਰਿਟ ਅੰਕਿਤ ਹੈ ਉਹ ਸਚਮੁਚ ਬਹੁਤ ਪ੍ਰਭਾਵਸ਼ਾਲੀ ਹੈ। ਉਸੇ ਪ੍ਰਭਾਵ ਹੇਠ ਕੁਝ ਲੋਕਾਂ ਇਸ ਸਾਰੇ ਗ੍ਰੰਥ ਨੂੰ ਸਤਿਗੁਰਾਂ ਨਾਲ ਸਬੰਧਿਤ ਕਰਨਾ ਮੁਨਾਸਬ ਸਮਝਿਆ ਹੈ ਪਰ ਵਾਸਤਵ ਵਿਚ ਅਜਿਹਾ ਨਹੀਂ।

(੧੩) **ਕਵੀ ਰਾਜ ਸੰਤ ਨਿਹਾਲ ਸਿੰਘ ਲਾਹੌਰੀ :** ਇਹ ਬੜੇ ਉਚੇ ਵਿਦਵਾਨ ਸਨ ਜੋ ਸ਼ੇਰਿ ਪੰਜਾਬ ਦੇ ਜ਼ਮਾਨੇ ਹੋਏ। ਇਨ੍ਹਾਂ *ਸਿਖੀ ਪ੍ਰਭਾਕਰ* ਵਿਚ ਪੰਥ ਖਾਲਸੇ ਦੀ ਉਸਤਤਿ ਗਾਈ ਹੈ ਜੋ ਸਿਖ ਚਰਿਤਰ ਨੂੰ ਪ੍ਰਗਟ ਕਰਦੀ ਹੈ।

(੧੪) **ਬਾਵਾ ਸੁਮੇਰ ਸਿੰਘ :** ਇਹ ਪਟਨੇ ਸਾਹਿਬ ਦੇ ਮਹੰਤ ਸਨ। ਇਨ੍ਹਾਂ *ਖਾਲਸਾ ਪੰਚਾਸਿਕਾ* ਵਿਚ ਖਾਲਸੇ ਦੇ ਵਿਸ਼ੇਸ਼ ਗੁਣ ਅੰਕਿਤ ਕੀਤੇ ਹਨ। ਇਹ ਪਹਿਲੇ ਪਹਿਲ ਬਨਾਰਸ ੧੮੬੩ ਈ: ਵਿਚ ਛਪਿਆ ਸੀ।

(੧੫) ਭਾਈ ਬੁਧ ਸਿੰਘ ਰਚਿਤ *ਖਾਲਸਾ ਸ਼ਤਕ* ਅਪ੍ਰਕਾਸ਼ਿਤ ਹੈ ਤੇ ੧੮੭੬ ਈ: ਦੀ ਕਿਰਤ ਹੈ।

## ਸੰਪਾਦਕੀ

ਜਿਥੋਂ ਤਕ ਇਨ੍ਹਾਂ ਪੰਦਰਾਂ ਰਹਿਤਨਾਮਿਆਂ ਦੇ ਪਾਠ ਦਾ ਸੰਬੰਧ ਹੈ, ਅਸਾਂ ਵਧੇਰੇ ਹੱਥ-ਲਿਖਤ ਖਰੜਿਆਂ ਨੂੰ ਅਧਾਰ ਬਣਾਇਆ ਹੈ। ਭਾਈ ਨੰਦ ਲਾਲ ਤੇ ਭਾਈ ਪ੍ਰਹਿਲਾਦ ਸਿੰਘ ਵਾਲੇ ਪ੍ਰਾਚੀਨ ਰਹਿਤਨਾਮੇ ਅਸਾਨੂੰ ਅਨੰਦਪੁਰ ਲਾਗੇ ਕਿਸੇ ਪਿੰਡੋਂ ਗ੍ਰੰਥੀ ਸਿੰਘ ਦੇ ਘਰੋਂ ਮਿਲੇ ਸਨ।

ਭਾਈ ਦਯਾ ਸਿੰਘ ਅਤੇ ਭਾਈ ਦੇਸਾ ਸਿੰਘ ਵਾਲਾ ਰਹਿਤਨਾਮਾ ਅਸਾਂ ਭਾਈ ਕਾਨ੍ਹ ਸਿੰਘ ਜੀ ਦੀ ਲਾਇਬ੍ਰੇਰੀ ਵਿਚ ਪਏ ਖਰੜੇ ਤੋਂ ਉਤਾਰਿਆ ਸੀ। ਹੋਰਥੇ ਇਨ੍ਹਾਂ ਦੀ ਸੰਪੂਰਣ ਨਕਲ ਨਹੀਂ ਮਿਲੀ। ਚੌਪਾ ਸਿੰਘ ਵਾਲੇ ਰਹਿਤਨਾਮੇ ਦਾ ਖਰੜਾ ਕਿਸੇ ਸਮੇਂ ਗੁਜਰਾਤ ਛਿੱਬਰ ਘਰਾਣੇ ਪਾਸ ਸੀ, ਇਸ ਦੀ ਇਕ ਕਾਪੀ ੧੭੬੪ ਈ: ਦੀ ਨਕਲ ਸਿਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ (ਨੰ: ੬੧੨੪) ਵਿਚ ਸੁਰੱਖਿਅਤ ਹੈ। ਇਕ ਕਾਪੀ ਗਿ: ਕਰਨੈਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਪਾਸ ਸੀ, ਜਿਸ ਦਾ ਉਤਾਰਾ ਭਾਈ ਰਣਧੀਰ ਸਿੰਘ ਜੀ ਨੇ ਕੀਤਾ ਸੀ। ਅਸਾਂ ਇਹੋ ਪਾਠ ਵਰਤਿਆ ਹੈ *ਪਰਮ ਸੁਮਾਰਗ* (ਪ੍ਰੇਮ ਸੁਮਾਰਗ) ਭਾਈ ਰਣਧੀਰ ਸਿੰਘ ਜੀ ਨੇ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਸੀ, ਅਸਾਂ ਇਸ ਵਿਚੋਂ ਕੇਵਲ ਦੋ ਅਧਿਆਏ ਦਿਤੇ ਹਨ। ਭਾਈ ਬੁਧ ਸਿੰਘ ਵਾਲਾ *ਖ਼ਾਲਸਾ ਸ਼ਤਕ* ਆਪਣੇ ਪਾਸ ਪਏ ਹੱਥ-ਲਿਖਤ ਖਰੜੇ ਤੋਂ ਲਿਆ ਹੈ। ਬਾਕੀ ਚੀਜ਼ਾਂ ਛਪੀਆਂ ਵਿਚੋਂ ਲਈਆਂ ਗਈਆਂ ਹਨ।

ਭਾਈ ਧਰਮ ਸਿੰਘ ਅਕਾਲ ਗੜੀਏ ਨੇ ਵੀ ਇਕ ਛੋਟੀ ਜੇਹੀ ਧਰਮ ਪੋਥੀ ਲਿਖੀ ਸੀ। ਇਸੇ ਤਰ੍ਹਾਂ ਸੰਤ ਝੰਡਾ ਸਿੰਘ ਕਿਰਤ *ਸਿੰਘ ਮਤ ਸੰਸਕਾਰ ਗ੍ਰੰਥ* ਛੰਦਾਬੰਦੀ ਵਿਚ ਹੈ। ਨਵੀਨ ਰਚਨਾ ਹੋਣ ਕਰਕੇ ਇਨ੍ਹਾਂ ਨੂੰ ਸ਼ਾਮਲ ਕਰਨ ਦੀ ਲੋੜ ਨਹੀਂ ਸਮਝੀ ਗਈ।

'ਰਹਿਤਨਾਮੇ' ਸਿਖ-ਸਾਹਿਤ ਦਾ ਵਿਸ਼ੇਸ਼ ਅੰਗ ਹਨ। ਇਨ੍ਹਾਂ ਦਾ ਅਧਿਐਨ ਦਸਦਾ ਹੈ ਕਿ ਸਿੰਘ ਸੰਸਕ੍ਰਿਤੀ, ਸਿੰਘ ਸਰੂਪ ਤੇ ਸਿੰਘਾਂ ਦੀ ਸੁਤੰਤਰ ਸੂਰਬੀਰ ਹਸਤੀ ਨੂੰ ਸਥਾਪਨ ਵਿਚ ਇਨ੍ਹਾਂ ਦਾ ਢੇਰ ਹਿੱਸਾ ਹੈ।

ਜਨਵਰੀ ੧੯੭੪ **ਪਿਆਰਾ ਸਿੰਘ ਪਦਮ**

# ਰਹਿਤਨਾਮੇ

ਰਹਿਣੀ ਰਹਹਿ ਸੋਈ ਸਿਖ ਮੇਰਾ
ਵਹੁ ਠਾਕੁਰ ਮੈ ਉਸ ਕਾ ਚੇਰਾ ॥

ਗੁਰ ਸਿਖ ਮੀਤ! ਚਲਹੁ ਗੁਰ ਚਾਲੀ।

# ਤਤਕਰਾ


ਪ੍ਰਸਤਾਵਨਾ ੧੧

੧. ਰਹਿਤਨਾਮਾ ਭਾਈ ਨੰਦ ਲਾਲ ੫੫

੨. ਤਨਖਾਹਨਾਮਾ ਭਾਈ ਨੰਦ ਲਾਲ ੫੭

੩. ਸਾਖੀ ਰਹਿਤ ਕੀ (ਭਾਈ ਨੰਦ ਲਾਲ) ੬੧

੪. ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ੬੫

੫. ਰਹਿਤਨਾਮਾ ਭਾਈ ਦਯਾ ਸਿੰਘ ੬੮

੬. ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ ੭੭

੭. ਰਹਿਤਨਾਮਾ ਪਰਮ ਸੁਮਾਰਗ (ਅਗਿਆਤ) ੧੧੮

੮. ਰਹਿਤਨਾਮਾ ਭਾਈ ਦੇਸਾ ਸਿੰਘ ੧੨੮

੯. ਰਹਿਤਨਾਮਾ ਭਾਈ ਸਾਹਿਬ ਸਿੰਘ ੧੩੮

੧੦. ਮੁਕਤਿਨਾਮਾ (ਭਾਈ ਸਾਹਿਬ ਸਿੰਘ) ੧੪੨

੧੧. ਰਹਿਤਨਾਮਾ ਸਹਿਜਧਾਰੀਆਂ ਕਾ (ਵਾਜਬੁਲਅਰਜ਼) ੧੪੫

੧੨. 'ਸਰਬਲੋਹ' ਵਿਚੋਂ ਖਾਲਸਾ ਮਹਿਮਾ ੧੪੭

੧੩. ਖਾਲਸਾ ਉਸਤਤਿ (ਪੰਡਿਤ ਨਿਹਾਲ ਸਿੰਘ ਲਾਹੌਰੀ) ੧੫੦

੧੪. ਖਾਲਸਾ ਪੰਚਾਸਿਕਾ (ਬਾਵਾ ਸੁਮੇਰ ਸਿੰਘ) ੧੫੭

੧੫. ਖਾਲਸਾ ਸ਼ਤਕ (ਭਾਈ ਬੁੱਧ ਸਿੰਘ) ੧੬੧

੧੬. ਅੰਤਿਕਾ—ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ ੧੬੮

# (੧) ਰਹਿਤਨਾਮਾ ਭਾਈ ਨੰਦ ਲਾਲ

ਗੁਰਸਿਖ ! ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪੁ।੧।
ਦਰਸ਼ਨ ਕਰੇ ਮੇਰਾ ਪੁਨ ਆਇ। ਅਦਬ ਸਿਉਂ ਬੈਠ ਰਹਹਿ ਚਿਤ ਲਾਇ।
ਤੀਨ ਪਹਿਰ ਜਬ ਬੀਤੇ ਜਾਨ। ਕਥਾ ਸੁਨੈ ਗੁਰ ਹਿਤ ਚਿਤ ਠਾਨ।੨।
ਸੰਧਿਆ ਸਮੇਂ ਸੁਨੈ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਜਾਸ।
ਇਨ ਪੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰਪੁਰੀ ਮਹਿ ਜਾਇ।੩।
ਪਾਂਚ ਨੇਮ ਕਰ ਸਿਖ ਜੁ ਧਾਰਹਿ। ਇਕੀਸ ਕੁਲ ਕੁਟੰਬ ਕਉ ਤਾਰਹਿ।
ਤਾਰੇ ਕੁਟੰਬ ਮੁਕਤ ਸੋ ਹੋਇ। ਜਨਮ ਮਰਨ ਨਹਿ ਪਾਵਹਿ ਸੋਇ।੪।

ਨੰਦ ਲਾਲ ਉਵਾਚ

ਤੁਮ ਜੁ ਕਹਾ ਗੁਰਦੇਵ ਜੀ, ਦਰਸ਼ਨ ਕਰਿ ਮੁਹ ਆਇ।
ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ।੫।

ਸ੍ਰੀ ਗੁਰੂ ਵਾਚ

ਤੀਨ ਰੂਪ ਹੈਂ ਮੋਹ ਕੇ, ਸੁਨਹੁ ਨੰਦ! ਚਿਤ ਲਾਇ।
ਨਿਰਗੁਣ, ਸਰਗੁਣ, ਗੁਰਸ਼ਬਦ, ਕਹਹੁੰ ਤੋਹਿਂ ਸਮਝਾਇ।੬।

ਚੌਪਈ

ਏਕ ਰੂਪ ਤਿਹੁ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।
ਘਟਿ ਘਟਿ ਵਿਆਪਕ ਅੰਤਰਜਾਮੀ। ਪੂਰਿ ਰਹਯੋਂ ਜਿਉਂ ਜਲ ਘਟ ਭਾਨੀ।੭।
ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਰ ਮਾਨਹੁ।
ਰੋਮ ਰੋਮ ਅੱਛਰ ਸੋ ਲਹਹੁ। ਬਾਤ ਜਥਾਰਥ ਤੁਮ ਸੋਂ ਕਹਹੁੰ।੮।
ਜੋ ਸਿਖ ਗੁਰ ਦਰਸ਼ਨ ਕੀ ਚਾਹਿ। ਦਰਸ਼ਨ ਕਰੇ ਗ੍ਰੰਥ ਜੀ ਆਹਿ।
ਪ੍ਰਭਾਤ ਸਮੇਂ ਕਰਕੈ ਇਸਨਾਨ।, ਤੀਨ ਪ੍ਰਦੱਛਣਾ ਕਰੈ ਸੁਜਾਨ।੯।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸ਼ਬਦ ਗੁਰ ਸੁਨੈ ਸੁਨਾਇ।
ਜੋ ਮਮ ਸਾਥ ਚਹੇ ਕਰਿ ਬਾਤ। ਗ੍ਰੰਥ ਜੀ ਪੜ੍ਹੈ ਬਿਚਾਰਹਿ ਸਾਥ।੧੦।
ਜੋ ਮੁਝ ਬਚਨ ਸੁਨਨ ਕੀ ਚਾਹਿ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨ ਰੰਚਕ ਮਾਨ।੧੧।
ਤੀਸਰ ਰੂਪ ਸਿਖ ਹੈ ਮੋਰ। ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹੁ ਪ੍ਰੀਤਿ ਗੁਰਸ਼ਬਦ ਜੁ ਧਰੇ। ਗੁਰ ਕਾ ਦਰਸ਼ਨ ਨਿਤ ਉਠ ਕਰੇ।੧੨।

ਗਿਆਨ ਸ਼ਬਦ ਗੁਰੁ ਸੁਣੇ ਸੁਣਾਇ। ਜਪੁਜੀ ਜਾਪੁ ਪੜ੍ਹੇ ਚਿਤ ਲਾਇ।
ਗੁਰਦਵਾਰਨ ਕਾ ਦਰਸ਼ਨ ਕਰਹਿ। ਪਰਦਾਰਾ ਕਾ ਤਿਆਗ ਜੋ ਕਰਹਿ।੧੩।
ਗੁਰ ਸਿਖ ਸੇਵ ਕਰੇ ਚਿਤ ਲਾਇ। ਆਪਾ ਮਨ ਕਾ ਸਗਲ ਮਿਟਾਇ।
ਇਨ ਕਰਮਨ ਮਹਿ ਜੋ ਪਰਧਾਨ। ਸੋ ਸਿਖ ਮੇਰਾ ਰੂਪ ਪਹਿਚਾਨ।੧੪।

ਦੋਹਰਾ

ਐਸੇ ਗੁਰਸਿਖ ਮਾਨ ਹੈ, ਸੇਵਾ ਕਰੇ ਜੋ ਕੋਇ।
ਤਨ ਮਨ ਧਨ ਪੁੰਨ ਅਰਪਕੈ, ਸੋ ਮੁਝ ਸੇਵਾ ਹੋਇ।੧੫।
ਐਸੇ ਗੁਰਸਿਖ ਸੇਵ ਕੀ, ਮੋਹਿ ਪਹੁੰਚੈ ਆਇ।
ਸੁਨਹੁ ਨੰਦ! ਚਿਤ ਦੇਇ ਕਰਿ, ਮੁਕਤਿ ਬੈਕੁੰਠੈ ਪਾਇ।੧੬।

ਨੰਦ ਲਾਲ ਉਵਾਚ

ਨਿਰਗੁਣ ਸਰਗੁਣ ਗੁਰ ਸ਼ਬਦ, ਕਹੇ ਰੂਪ ਤੁਮ ਤੀਨ।
ਨਿਰਗੁਣ ਰੂਪ ਨਹੀਂ ਦੇਖੀਏ, ਸਰਗੁਣ ਸਿਖ ਅਧੀਨ।੧੭।

ਚੌਪਈ

ਤੁਮਰਾ ਨਿਰਗੁਣ ਰੂਪ ਅਪਾਰਾ। ਸੋ ਕਿਮ ਦੇਖੈਂ ਦੀਨ ਦਯਾਰਾ।
ਜਗਤ ਰੂਪ ਤੁਮ ਕਹਹੁ ਸੁਆਮੀ। ਘਟਿ ਘਟਿ ਵਾਸੀ ਅੰਤਰਯਾਮੀ।੧੮।

ਸ੍ਰੀ ਗੁਰੂ ਵਾਚ

ਸੁਨਹੁ ਸਿਖ ਭਾਈ ਨੰਦ ਲਾਲ! ਤੁਮਹਿ ਹਮਾਰੇ ਬਚਨ ਰਸਾਲ।
ਗੁਰਮੁਖ ਸਰਗੁਣ ਰੂਪ ਸੁਜਾਨ। ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ।੧੯।
ਗੁਰ ਸਿਖ ਸੇਵ ਸ਼ਬਦ ਜੋ ਗਹਹੁ। ਸ਼ਬਦ ਸਰੂਪ ਸੋ ਇਹ ਬਿਧਿ ਲਹਹੁ।
ਸ਼ਬਦ ਸਰੂਪ ਵਾਕ ਜੋ ਧਾਰੇ। ਤਿਸ ਤੇ ਲਖੀਏ ਅਪਰ ਅਪਾਰੇ।੨੦।
ਤੇ ਮੈਂ ਗੋਸ਼ਟਿ ਕਹੀ ਸੋ ਭਾਈ। ਪੜ੍ਹੇ ਸੁਨੇ ਜੋ ਮਨ ਚਿਤ ਲਾਈ।
ਤਿਸ ਕੀ ਮਹਿਮਾ ਕਹਹੁ ਬਖਾਨ। ਜੋਤੀ ਜੋਤ ਮਿਲੈ ਮੋਹਿ ਆਨ।੨੧।
ਸੰਮਤ ਸਤ੍ਰਹ ਸਹਸ ਸੁ ਬਾਵਨ। ਮੱਘਰ ਨੌਮੀ ਸੁਖ ਦਾਵਨ।
ਸੁਰਗੁਰ ਵਾਹ ਸ਼ਤਦਰੂ ਤੀਰ। ਬਚਨ ਕਹੇ ਨੰਦ ਲਾਲ ਸੁ ਬੀਰ।੨੨।

ਦੋਹਰਾ

ਵਾਹਿਗੁਰੂ ਗੁਰ ਜਾਪਈ, ਵਾਹਿਗੁਰੂ ਕਰਿ ਧਿਆਨ।
ਮੁਕਤਿ ਲਾਭ ਮੋ ਹੋਇ ਹੈ, ਗੁਰਸਿਖ ਰਿਦਿ ਮਹਿ ਮਾਨ।੨੩।

# (੨) ਤਨਖਾਹਨਾਮਾ ਭਾਈ ਨੰਦ ਲਾਲ

ਪ੍ਰਸ਼ਨ ਭਾਈ ਨੰਦ ਲਾਲ

ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੋਹਰਾ

ਪ੍ਰਸ਼ਨ ਕੀਆ ਨੰਦ ਲਾਲ ਜੀ, ਗੁਰੂ ਬਤਾਈਐ ਮੋਹਿ।
ਕਉਨ ਕਰਮ ਇਨ ਜੋਗ ਹੈ, ਕਉਨ ਕਰਮ ਨਹੀ ਸੋਹਿ।੧।
ਨੰਦ ਲਾਲ! ਤੁਮ ਬਚਨ ਸੁਨ, ਸਿਖ ਕਰਮ ਹੈ ਏਹੁ।
ਨਾਮ ਦਾਨ ਇਸਨਾਨ ਬਿਨ, ਕਰਹਿ ਨ ਅਨ ਸਿਉ ਨੇਹੁ।੨।

ਚੌਪਈ

ਪ੍ਰਾਤਹ ਕਾਲ ਸਤਿਸੰਗ ਨ ਜਾਵਹਿ। ਤਨਖਾਹਦਾਰ ਵਹ ਵਡਾ ਕਹਾਵਹਿ।
ਸਤਿਸੰਗ ਜਾਇ ਕਰਿ ਚਿਤ ਡੁਲਾਵਹਿ। ਈਹਾਂ ਊਹਾਂ ਠਉਰ ਨ ਪਾਵਹਿ।੩।
ਹਰਿ ਜਸ ਸੁਨਤੇ ਬਾਤ ਚਲਾਵਹਿ। ਕਹਿ ਗੋਬਿੰਦ ਸਿੰਘ ਜਮਪੁਰਿ ਜਾਵਹਿ।
ਨਿਰਧਨ ਦੇਖਿ ਨ ਪਾਸਿ ਬਹਾਵਹਿ। ਸੋ ਤਨਖਾਹੀ ਮੂਲ ਕਹਾਵਹਿ।੪।
ਸ਼ਬਦ ਗਿਆਨ ਬਿਨ ਕਰਹਿ ਜੁ ਬਾਤ। ਤਾਂ ਕੈ ਕਛੁ ਨਾ ਆਵਹਿ ਹਾਥ।
ਸ਼ਬਦ ਭੋਗ ਨ ਨਿਵਾਵੈ ਸੀਸ। ਤਾਂ ਕੋ ਮਿਲੈ ਨਾ ਪਰਮ ਜਗਦੀਸ਼।੫।

ਦੋਹਰਾ

ਜੋ ਪ੍ਰਸਾਦ ਕੋ ਬਾਂਟ ਹੈ, ਮਨ ਮਹਿ ਧਾਰਹਿ ਲੋਭ।
ਕਿਸੈ ਥੋੜਾ ਕਿਸੇ ਅਗਲਾ, ਸਦਾ ਰਹਹਿ ਤਿਸ ਸੋਗ।੬।
ਕੜਾਹ ਪ੍ਰਸਾਦ ਕੀ ਵਿਧਿ ਸੁਨ ਲੀਜੈ। ਤੀਨ ਭਾਂਤ ਕੋ ਸਮਸਰ ਕੀਜੈ।
ਲੇਪਨ ਆਗੇ ਬਹੁਕਰ ਦੀਜੈ। ਮਾਂਜਨ ਕਰ ਭਾਂਜਨ ਧੋਵੀਜੈ।੭।
ਕਰਿ ਇਸਨਾਨ ਪਵਿਤ੍ਰ ਹੁਇ ਬਹਹਿ। ਵਾਹਿਗੁਰੂ ਬਿਨ ਅਵਰ ਨ ਕਹਹਿ।
ਨਵਤਨ[1] ਕੁੰਭ ਪੂਰਿ ਜਲ ਲੇਹੁ। ਗੋਬਿੰਦ ਸਿੰਘ ਸਫਲ ਤਿਹ ਦੇਹ।
ਕਰਿ ਤਿਆਰ ਚਉਕੀ ਪਰ ਧਰੈ। ਚਾਰ ਓਰ ਕੀਰਤਨ ਬਹਿ ਕਰੈ।੮।

ਦੋਹਰਾ

ਮੋਹਰ ਤੁਰਕ ਕੀ ਸਿਰ ਧਰੇ, ਲੋਹ ਲਗਾਵਹਿ ਚਰਨ।
ਕਹੈ ਗੋਬਿੰਦ ਸਿੰਘ ਲਾਲ ਜੀ, ਫਿਰ ਫਿਰ ਹੁਇ ਤਿਸ ਮਰਨ।੯।

---

੧. ਪਾਠਾਂਤ੍ਰ-ਲੋਹਿਤ।

ਚੌਪਈ

ਲਗੈ ਦੀਵਾਨ ਮੂਲ ਨਹਿ ਜਾਵਹਿ। ਰਹਿਤ ਬਿਨਾ ਪ੍ਰਸਾਦ ਵਰਤਾਵਹਿ।
ਸੂਹਾ ਪਹਿਨ ਲਏ ਨਸਵਾਰ। ਗੋਬਿੰਦ ਸਿੰਘ ਜਮ ਕਰੈ ਖੁਆਰ।੧੦।
ਮਾਇ ਭੈਣ ਜੋ ਆਵਹਿ ਸੰਗਤਿ। ਦ੍ਰਿਸ਼ਟੀ ਬੁਰਿ ਦੇਖਹਿ ਤਿਸ ਪੰਗਤਿ।
ਸਿਖ ਹੋਇ ਜੋ ਕਰਹਿ ਕ੍ਰੋਧ। ਕੰਨਿਆ ਮੂਲ ਨ ਦੇਵਹਿ ਸੋਧ।
ਧੀ ਭੈਣ ਕਾ ਪੈਸਾ ਖਾਇ। ਗੋਬਿੰਦ ਸਿੰਘ ਧੱਕੇ ਜਮ ਲਾਇ।੧੧।
ਸਿਖ ਹੋਇ ਬਿਨ ਲੋਹ[1] ਜੋ ਫਿਰਹਿ। ਆਵਤ ਜਾਵਤ ਜਨਮੈ ਮਰੈ।
ਮਾਲ ਅਤਿਥਿ ਕਾ ਬਲ ਕਰ ਛਲਹਿ। ਜਪ ਤਪ ਤਾਂ ਕੋ ਸਭ ਨਿਹਫਲਹਿ।੧੨।

ਸੋਰਠਾ

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ।੧੩।

ਦੋਹਰਾ

ਦਸਵੰਧ ਗੁਰੂ ਨਹੀਂ ਦੇਵਹੀ, ਝੂਠ ਬੋਲਿ ਜੋ ਖਾਇ।
ਕਹਿ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੁ ਨ ਬਿਸਾਹੁ।੧੪।

ਚੌਪਈ

ਠੰਢੇ ਪਾਣੀ ਜੋ ਨਹੀਂ ਨ੍ਹਾਵੈ। ਬਿਨ ਜਪੁ ਪੜ੍ਹੇ ਪ੍ਰਸਾਦ ਜੁ ਖਾਵੈ।
ਬਿਨ ਰਹਿਰਾਸ ਸੰਧਿਆ ਜੋ ਖੋਵਹਿ। ਕੀਰਤਨ ਪੜ੍ਹੇ ਬਿਨ ਰੈਣ ਜੁ ਸੋਵਹਿ।੧੫।
ਚੁਗਲੀ ਕਰਿ ਜੋ ਕਾਜ ਬਿਗਾਰਹਿ। ਧ੍ਰਿਗ ਤਿਸ ਜਨਮ ਸੁ ਧਰਮ ਬਿਸਾਰਹਿ।
ਕਰੈ ਬਚਨ ਜੋ ਪਾਲਹਿ ਨਾਹੀ। ਗੋਬਿੰਦ ਸਿੰਘ ਤਿਸ ਠਉਰ ਕਤ ਨਾਹੀ।੧੬।
ਲੈ ਤੁਰਕਨ ਤੇ ਮਾਸ ਜੁ ਖਾਵਹਿ। ਬਿਨ ਗੁਰਸ਼ਬਦ ਬਚਨ ਜੋ ਗਾਵਹਿ।
ਤ੍ਰਿਯਾ ਰਾਗ ਸੁਨਹਿ ਚਿਤ ਲਾਇ। ਸੁਨਹੁ ਲਾਲ! ਸੋ ਜਮਪੁਰਿ ਜਾਇ।੧੭।
ਅਰਦਾਸ ਬਿਨਾਂ ਜੋ ਕਾਜ ਸਿਧਾਵੈ। ਭੇਟ ਕੀਏ ਬਿਨੁ ਕਛੁ ਮੁਖ ਪਾਵੈ।
ਤਿਆਗੀ ਵਸਤੂ ਗ੍ਰਹਿਣ ਜੋ ਕਰੈ। ਬਿਨ ਤ੍ਰਿਯ ਆਪਨੀ ਸੇਜ ਜੋ ਧਰੈ।੧੮।
ਅਤਿਥਿ ਦੇਖ ਨਹਿੰ ਦੇਵਹਿ ਦਾਨ। ਸੋ ਨਹਿ ਪਾਵਹਿ ਦਰਗਹਿ ਮਾਨ।
ਕੀਰਤਨ ਕਥਾ ਸਿਉਂ ਮਨ ਨਹੀਂ ਲਾਵਹਿ। ਸੰਤ ਸਿਖ ਕੋ ਬੁਰਾ ਅਲਾਵਹਿ।੧੯।
ਨਿੰਦਾ ਜੂਆ ਹਿਰੈ ਜੁ ਮਾਲ। ਮਹਾਂ ਦੁਖਾਵਹਿ ਤਿਸ ਕੋ ਕਾਲ।
ਗੁਰ ਕੀ ਨਿੰਦਾ ਸੁਨਹਿ ਨ ਕਾਨ। ਭੇਟਨ ਕਰੈ ਸੰਗਿ ਕ੍ਰਿਪਾਨ।੨੦।

ਦੋਹਰਾ

ਗੋਲਕ ਰਾਖਹਿ ਨਾਹਿ ਜੋ ਛਲ ਕਾ ਕਰਹਿ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗਹਿ ਨਰਕ ਹਜ਼ਾਰ।੨੧।
ਵਾਹਿਗੁਰੂ ਬਿਨ ਕਹੇ ਜੁ ਪਾਵਹਿ। ਵੇਸਵਾ ਦੁਆਰੇ ਸਿਖ ਜੋ ਜਾਵਹਿ।
ਪਰ ਇਸਤ੍ਰੀ ਸਿਉ ਨੇਹੁ ਲਗਾਵਹਿ। ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ।੨੨।

---

੧. ਭਾਵ ਸ਼ਸਤ੍ਰ ਤੋਂ ਹੈ।

ਗੁਰ ਤਲਪੀ[1] ਕਪਟੀ ਹੈ ਜੋਇ। ਬਡ ਤਨਖਾਈ ਜਾਨਹੁ ਸੋਇ।
ਗੁਰ ਕੋ ਛੋਡਿ ਅਵਰ ਸਿਉ ਮਾਂਗਹਿ। ਰਾਤ੍ਰੀ ਸੋਇ ਤੇੜ ਹੋਇ ਨਾਂਗਹਿ।੨੩।

ਦੋਹਰਾ

ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ,
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ।੨੪।

ਸਵੈਯਾ

ਜੋ ਗੁਰ ਵਾਕਨ ਕੋ ਤਜ ਕੈ, ਪੁਨ ਅਉਰਨ ਵਾਕ ਰਿਦੈ ਜੁ ਲਿਆਵੈ।
ਲੋਕ ਪਰਲੋਕ ਮੈਂ ਠਉਰ ਨਹੀਂ ਤਿਨ, ਸੋ ਨਰਕਾਂਤਰ ਬੀਚ ਭ੍ਰਮਾਵੈ।
ਤਾਂ ਨਰ ਸੋ ਯਮ ਧਾਮ ਭਰਉਂ, ਦਿਨ ਰਾਤ ਹਮੇਸਹਿ ਸੋ ਦੁਖ ਪਾਵੈ।
ਆਵਨ ਜਾਵਨ ਬੀਚ ਫਿਰਹਿ, ਯਮ ਕੀ ਸਦਹੀ ਪੁਨ ਚੋਟਨ ਖਾਵੈ।੨੫।

ਦੋਹਰਾ

ਖਲਕ[2] ਖਾਲਕ ਕੀ ਜਾਨ ਕੈ, ਖਲਕ ਦੁਖਾਵਹਿ ਨਾਹਿ।
ਖਲਕ ਦੁਖਹਿ ਨੰਦ ਲਾਲ ਜੀ, ਖਾਲਕ ਕੋਪਹਿੰ ਤਾਂਹਿ।੨੬।

ਚੌਪਈ

ਖਾਲਸਾ ਸੋਇ ਜੋ ਨਿੰਦਾ ਤਿਆਗੈ। ਖਾਲਸਾ ਸੋਇ ਲੜੈ ਹੁਇ ਆਗੈ।
ਖਾਲਸਾ ਸੋਇ ਪੰਚ ਕਉ ਮਾਰੈ। ਖਾਲਸਾ ਸੋਇ ਭਰਮ ਕਉ ਸਾੜੈ।੨੭।
ਖਾਲਸਾ ਸੋਇ ਮਾਨ ਜੋ ਤਿਆਗੈ। ਖਾਲਸਾ ਜੋ ਪਰਤ੍ਰਿਆ ਤੇ ਭਾਗੈ।
ਖਾਲਸਾ ਸੋਇ ਪਰਦ੍ਰਿਸਟਿ ਤਿਆਗੈ। ਖਾਲਸਾ ਸੋਇ ਨਾਮ ਰਤ ਲਾਗੈ।੨੮।
ਖਾਲਸਾ ਸੋ ਬਾਣੀ ਹਿਤ ਲਾਇ। ਖਾਲਸਾ ਸੋਇ ਸਾਰ ਮੁਹਿ ਖਾਹਿ।
ਖਾਲਸਾ ਸੋਇ ਨਿਰਧਨ ਕੋ ਪਾਲੈ। ਖਾਲਸਾ ਸੋਇ ਦੁਸਟ ਕੋ ਗਾਲੈ।੨੯।
ਖਾਲਸਾ ਸੋਇ ਨਾਮ ਜਪ ਕਰੈ। ਖਾਲਸਾ ਸੋਇ ਮਲੇਛ ਪਰ ਚੜ੍ਹੈ।
ਖਾਲਸਾ ਸੋਇ ਨਾਮ ਸਿਉਂ ਜੋੜਹਿ। ਖਾਲਸਾ ਸੋਇ ਬੰਧਨ ਕਉ ਤੋੜਹਿ।੩੦।
ਖਾਲਸਾ ਸੋਇ ਜੋ ਚੜ੍ਹਹਿ ਤੁਰੰਗ। ਖਾਲਸਾ ਸੋ ਜੋ ਕਰੈ ਨਿਤ ਜੰਗ।
ਖਾਲਸਾ ਸੋਇ ਸ਼ਸਤ੍ਰ ਕਉ ਧਾਰੈ। ਖਾਲਸਾ ਸੋਇ ਦੁਸ਼ਟਿ ਕਉ ਮਾਰੈ।੩੧।

ਦੋਹਰਾ

ਦੋਹੀ ਫਿਰੈ ਅਕਾਲ ਕੀ, ਨਿੰਦਾ ਕਰਹਿ ਨ ਕੋਇ।
ਬਨ ਪਰਬਤ ਸਭ ਭਜੈਂਗੇ, ਤ੍ਰਿਹੂ ਜਗਤ ਮੇਂ ਸੋਇ।੩੨।

ਚੌਪਈ

ਸੁਨਹੁ ਨੰਦ ਲਾਲ! ਇਹ ਸਾਜ਼। ਪਰਗਟ ਕਰਾਊਂ ਆਪਨੋ ਰਾਜ।
ਚਾਰ ਬਰਨ ਇਕ ਬਰਨ ਕਰਾਊਂ। ਵਾਹਿਗੁਰੂ ਕਾ ਜਾਪ ਜਪਾਊਂ।੩੩।
ਚਢਹਿੰ ਤੁਰੰਗ ਉਡਾਵਹਿੰ ਬਾਜ਼। ਤੁਰਕ ਦੇਖ ਕਰਿ ਜਾਵਹਿੰ ਭਾਜ।
ਸਵਾ ਲਾਖ ਸੇ ਏਕ ਲੜਾਉਂ। ਚੜ੍ਹੈ ਸਿੰਘ ਤਿਸ ਮੁਕਤ ਕਰਾਊਂ।੩੪।

---

੧. ਗੁਰੂ ਦੀ ਇਸਤ੍ਰੀ ਨੂੰ ਭੋਗਣ ਵਾਲਾ  ੨. ਖਲਕਤ, ਜਨਤਾ।

ਝੂਲਣ ਨੇਜੇ ਹਸਤੀ ਸਾਜੇ। ਦੁਆਰ ਦੁਆਰ ਪਰ ਨਉਬਤ ਵਾਜੇ।
ਸਵਾ ਲਾਖ ਜਬ ਧੁਖੇ ਪਲੀਤਾ। ਤਬ ਖਾਲਸਾ ਉਦੈ ਅਸਤ ਲਉ ਜੀਤਾ।੩੫।

ਦੋਹਰਾ

ਰਾਜ ਕਰੇਗਾ ਖਾਲਸਾ, ਆਕੀ ਰਹਹਿ ਨ ਕੋਇ।
ਖ੍ਵਾਰ ਹੋਇ ਸਭ ਮਿਲੈਂਗੇ, ਬਚਹਿ ਸ਼ਰਨ ਜੋ ਹੋਇ।੩੬।

ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ ਸੁੱਕੀ ਔਰ ਜੋ ਮੋਨਾ, ਸਿਖ ਹੋਇ ਜਾਵੇ ਤਿਸ ਕੀ ਜੜ ਹਰੀ।

# (੩) ਸਾਖੀ ਰਹਿਤ ਕੀ (ਭਾਈ ਨੰਦ ਲਾਲ)

ਇਕ ਦਿਨ ਭਾਈ ਨੰਦ ਲਾਲ ਜੀ ਬੋਲਿਆ, 'ਜੁ ਗਰੀਬ ਨਿਵਾਜ਼! ਸਿਖਾਂ ਪੁੱਤ੍ਰਾਂ ਨੂੰ ਕਉਣ ਕਰਮ ਕਰਨੇ ਜੋਗਿ ਹੈਨਿ?'

ਤਬ ਗੁਰੂ ਗੋਬਿੰਦ ਸਿੰਘ ਕਹਿਆ: ਜੋ ਮੇਰਾ ਸਿਖ ਹੋਵੈਗਾ ਸੋ ਖਾਲਸੇ ਥੀਂ ਬਗੈਰੁ ਹੋਰਥੈ ਪ੍ਰਤੀਤਿ ਨ ਕਰਸੀ। ਅਤੈ ਜਿਥੇ ਸ਼ਬਦੁ ਹੋਵੈ ਤਿਥੈ ਪੂਜਾ ਕਰਨੀ, ਹੋਰੁ ਮੜ੍ਹੀ ਮਸਾਣੀ ਨਹੀਂ ਜਾਵਣਾ। ਪੰਡਤ ਪਾਂਧੇ ਮੀਏਂ ਮਹਤੇ ਦੀ ਮਤ ਨਹੀਂ ਲੈਣੀ ਅਤੇ ਜੋ ਮੇਰਾ ਹੋਸੀ ਗੁਰ ਸਬਦਿ ਥੀਂ ਸਿਵਾਇ ਕਰਮ ਕਿਰਿਆ, ਭਦਣੁ, ਉਸਤਰਾ ਨਹੀਂ ਲਾਵਣਾ। ਗਾਇਤ੍ਰੀ, ਤਰਪਣੁ ਪੂਜਾ, ਅਰਚਾ, ਧੋਤੀ ਬੰਨ੍ਹ ਕੇ, ਸਿਰੀਂ ਨੰਗਾ ਖਾਵਣਾ ਨਾਹੀ। ਨੰਗੀ ਬੋਦੀ ਬ੍ਰਾਹਮਣ ਅਗੈ ਬੈਠਣਾ ਨਾਹੀ। ਜੋ ਕੋਈ ਸਿਖੁ ਗੁਰੂ ਕਾ ਹੋਸੀ ਸੋ ਇਤਨੀਆਂ ਵਸਤੂਆਂ ਦੇ ਨੇੜੇ ਨਾ ਆਵਸੀ।

ਅਤੇ ਆਤਮਾ ਰੂਪ ਗੁਰੂ ਹੈ। ਜੋ ਮੇਰਾ ਸਿਖੁ ਹੋਸੀ, ਸੋ ਉਸਤਰਾ ਨ ਲਾਵਸੀ ਅਤੇ ਮੇਰੇ ਸਿਖ ਨੋ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ ਤੇਹਾ ਧੀਅ ਨਾਲਿ ਸੰਗੁ ਕੀਤਾ। ਵਸਤਾਂ ਏਹੁ ਜੋ ਭਲੀ ਵਸਤੂ ਹੋਵੈ ਅਤੇ ਮਹਾਂਪੁਰਖਾਂ ਦੇ ਮੂੰਹੋਂ ਬੁਰੀ ਨਿਕਲੈ ਤਉ ਅੰਮ੍ਰਿਤ ਭੀ ਬਿਖੁ ਹੋਇ ਜਾਂਦੀ ਹੈ। ਕਿਉਂ ਜੋ ਗੁਰੂ ਨਾਨਕ ਸਾਹਿਬ ਬੇਦੀ ਦਾ ਬਚਨ ਹੈ—'ਜੋ ਸੰਤ ਪਰਸਾਦਿ ਪਸਰਿਓ ਪਸਾਰਿ।'

'ਸੰਤ ਕਰੇ ਸੋ ਹੋਵੈ', 'ਕੀਤਾ ਲੋੜੈ ਸੋ ਕਰੈ।'

ਹੁਕਮ ਪਰਮੇਸਰ ਦੇ ਸਾਥਿ ਗੁਰੂ ਕਾ ਆਖਣਾ ਹੈ, ਜੋ ਸਿਖੁ ਮੇਰਾ ਹੋਵੈ ਤਿਸ ਨੂੰ ਤਮਾਕੂ ਪੀਵਣਾ ਅਤੇ ਨਸਵਾਰ ਚੜ੍ਹਾਵਣੀ ਅਜੇਹੀ ਹੈ, ਜੈਸੇ ਗਊ ਮਾਸ ਖਾਇਆ ਤੇ ਤਮਾਕੂ ਇਕੋ ਜਿਹਾ ਹੈ। ਗੁਰੂ ਕਾ ਬਚਨੁ ਹੈ, ਜੋ ਕੋਈ ਸਿਖੁ ਮੇਰਾ ਹੋਸੀ ਏਨਾਂ ਬਚਨਾਂ ਤੇ ਪਰਤੀਤ ਕਰਸੀ। ਅਤੇ ਮੇਰੇ ਪਾਸੋਂ ਬੇਮੁਖੁ ਹੋਵੈਗਾ, ਜੋ ਇਨ੍ਹਾਂ ਬਚਨਾਂ ਨੂੰ ਨਾ ਮੰਨੈਗਾ। ਜੋ ਸਤਿ ਸਤਿ ਕਰਨ ਮੰਨੈਗਾ ਸੋ ਨਿਹਾਲੁ ਹੋਵੈਗਾ।

ਅਤੇ ਜਨੇਊ ਪਾਵਣ ਦਾ ਅਰਥੁ ਇਹੁ ਹੈ ਜੋ ਹਿੰਦੂ ਸਿਆਣਿਐ। ਸੋ ਖਾਲਸੇ ਨੂੰ ਏਹੁ ਨਿਸ਼ਾਨੀ ਲਗੀ ਹੈ। ਜੋ ਲੱਖ ਹਿੰਦੂ ਅਤੇ ਲੱਖ ਮੁਸਲਮਾਨ ਹੋਵਨਿ ਤਾਂ ਭੀ ਸਿਖੁ ਵਿਚ ਛਪਦਾ ਨਹੀਂ। ਕਿਉਂਜੋ ਹੱਛਾ ਦਾੜ੍ਹਾ, ਸਿਰ ਤੇ ਕੇਸ, ਸੋ ਕਿਥੋਂ ਛਪੈ।

ਅਤੇ ਜੋ ਬ੍ਰਾਹਮਣ ਤਮਾਕੂ ਪੀਵੈ ਅਤੇ ਮਾਸ ਖਾਵੈ ਤਿਸ ਪਾਸੋਂ ਜੰਞੂ ਪਾਵਣਾ ਮਹਾਂ ਹਤਿਆ ਹੈ। ਕਿਉਂ ਤਮਾਕੂ ਅਤੇ ਗਊ ਮਾਸ ਖਾਵੈ, ਤੈਸਾ ਬਰਾਬਰ ਹੈ। ਗੁਰੂ ਕਾ ਆਖਣਾ ਹੈ।

ਅਤੇ ਬ੍ਰਾਹਮਣ ਕੁਪਾਤ੍ਰ ਹੋਵੈ ਸੁਪਾਤ੍ਰ ਨਾ ਹੋਵੈ। ਅਰਥ ਏਹੁ ਜਨਮ ਬ੍ਰਾਹਮਣ

ਕੋ ਹੋਵੈ ਕਰਮ ਚੰਡਾਲ ਦੇ ਕਰੇ ਸੋ ਬ੍ਰਾਹਮਣੁ ਕੇਹਾ, ਨ ਵੇਦੁ ਪੜ੍ਹਿਆ, ਨ ਗੁਰਮੁਖ ਹੋਇਆ। ਤਾਂ ਏਹ ਬ੍ਰਾਹਮਣ ਨਹੀਂ ਮੰਨਣਾ ਜੋਗੁ। ਤਿਸੁ ਬ੍ਰਹਮਣ ਨੂੰ ਦਾਨੁ ਨਾ ਦੇਣਾ। ਦੇਵਣ ਵਾਲਾ ਕੁੱਤੇ ਕੀ ਜੂਨ ਆਵਤਾ ਹੈ। ਹੋਛੀ ਜਗ੍ਹਾ ਦਾਨੁ ਨਹੀਂ ਦੇਣਾ। ਕੁਹਤ੍ਰ ਜਾਗ੍ਹਾ ਵਸਤੁ ਪਾਈਦੀ ਹੈ, ਕੁਹਤ੍ਰੀ ਹੋਇ ਨਿਕਲਦੀ ਹੈ।

ਅਤੇ ਸ੍ਰੀ ਕ੍ਰਿਸ਼ਨ ਜੀ ਆਖਿਆ ਜੇ ਊਧੋ! ਕੋਈ ਇਕਾਦਸੀ ਬ੍ਰਤ ਰਖੇ ਅਤੇ ਦੁਆਦਸੀ ਨੂੰ ਲੱਖ ਬ੍ਰਾਹਮਣ ਖੁਆਏ ਅਤੇ ਲੱਖ ਗਊ ਦਾਨ ਕਰੇ ਤਾਂ ਭੀ ਉਸ ਦੇ ਸਾਥ ਫਲੁ ਬਰਾਬਰਿ ਨਹੀਂ ਹੋਤਾ। ਜੋ ਇਕਸੁ ਗੁਰਭਾਈ ਸਿਖ ਕੋ ਭਾਉ ਸਾਥ ਪ੍ਰਸਾਦ ਖਵਾਵੈ ਤਾਂ ਉਸ ਕਾ ਸਉ ਗੁਣਾਂ ਹੋਇ ਫਲਦਾ ਹੈ ਕਿਉਜੋ ਗੁਰਭਾਈ ਗੁਰੂ ਸਮਾਨ ਹੈ। ਕਿਉਂਜੁ ਗੁਰੂ ਹੈ ਸੋ ਸਿਖੁ ਹੈ, ਸਿਖ ਗੁਰੂ ਸਮਾਨ ਹੈ।

'ਗੁਰੂ ਸੋ ਜੋ ਗੁਰਉਪਦੇਸ ਦ੍ਰਿੜ੍ਹਾਵੈ।'

'ਬਾਣੀ ਕਹੈ ਸੇਵਕੁ ਜਨੁ ਮਾਨੈ ਪ੍ਰਤਖ ਗੁਰੂ ਨਿਸਤਾਰੈ।'

ਜੋ ਕੋਈ ਗੁਰਭਾਈ ਥੀਂ ਬੇਮੁਖ ਹੋਵੈਗਾ। ਗੁਰੂ ਕਾ ਆਖਣਾ ਹੈ, ਸਤਿ ਸਤਿ ਕਰਿ ਮੰਨਣਾ। ਮੰਨੈਗਾ ਸੋ ਨਿਹਾਲੁ ਹੋਵੈਗਾ।

ਅਤੇ ਸਿਖ ਨੂੰ ਚਾਹੀਦਾ ਹੈ ਜੋ ਪਹਿਰ ਰਾਤਿ ਹੋਵੈ ਤਾਂ ਉਠੇ, ਉਠ ਕੇ ਇਸਨਾਨ ਕਰੈ। ਅਤੇ ਜਪੁ ਤੇ ਜਾਪੁ ਪੜ੍ਹੈ ਦੋਵੈਂ ਅਤੇ ਦਾਤਣ ਕਰੇ। ਅਤੇ ਜੋ ਪੜ੍ਹ ਨ ਜਾਣੈ, ਤਾਂ ਜਪੁ ਜਾਪੁ ਦੀਆਂ ਪੰਜ ਪਉੜੀਆਂ ਪੜ੍ਹੈ। ਭਰਿਬਾਤ ਹੋਵੈ ਤੇ ਜਿਥੈ ਸ਼ਬਦ ਦੀਵਾਨ ਹੋਵੈ ਤਾਂ ਜਾਵੈ, ਮੱਥਾ ਟੇਕੈ, ਸਬਦੁ ਸੁਣੈ ਪੜ੍ਹੈ ਅਰਦਾਸ ਪਾਵੈ ਤਾਂ ਆਪਣੀ ਕਿਰਤ ਨੂੰ ਜਾਵੈ। ਜਬ ਦੋ ਪਹਿਰ ਦਿਨੁ ਰਹੈ ਤਾਂ ਹਾਥਿ ਪੈਰ ਧੋਵੈ, ਧੋ ਕਰ ਜਪੁ ਤੇ ਜਾਪੁ ਦੋਵੈਂ ਪੜ੍ਹੈ। ਜਬ ਦੁਇ ਘੜੀ ਰਹੇ ਦਿਨੁ ਤਾਂ ਸੋ ਦਰੁ ਰਹਿਰਾਸ ਨਾਲ, ਅਠੇ ਪਹਿਰ ਸਬਦਿ ਨਾਲ ਪ੍ਰੀਤਿ ਕਰੇ। ਜੋ ਕੋ ਏਹੁ ਰਹਤ ਕਮਾਵੈਗਾ, ਸੋ ਏਥੇ ਭੀ ਸੁਖ ਨਾਲਿ ਅਰੁ ਅਗੈ ਭੀ ਸੁਖ ਨਾਲਿ ਰਹੈਗਾ।

ਅਤੇ ਜੇ ਸਰਾਧ ਆਵਨ ਤਾਂ ਛੱਤੀ ਪ੍ਰਕਾਰ ਦਾ ਪ੍ਰਸਾਦੁ ਕਰੈ। ਕਰਕੈ ਤਿਆਰ ਪ੍ਰਸਾਦੁ, ਅਤੇ ਖਾਲਸੇ ਨੂੰ ਸੱਦ ਕੇ ਅਨੰਦ ਪੜ੍ਹੈ, ਪੜ੍ਹ ਕੇ ਅਨੰਦ, ਅਰਦਾਸ ਕਰੇ। ਸਿੱਖਾਂ ਨੂੰ ਪ੍ਰਸਾਦ ਖਵਾਵੈ। ਇਸ ਦਾ ਦਿਤਾ ਥਾਇਂ ਪੜੇ ਅਤੇ ਪਿਤਰਾਂ ਨੂੰ ਭੀ ਪਹੁੰਚੈ।

ਅਤੇ ਪੂਜਾ, ਅਰਚਾ, ਕਰਮ ਕਿਰਿਆ, ਧੋਤੀ ਬੰਨਣੀ, ਸਿਰਿ ਨੰਗੇ ਖਾਵਣਾ ਸੋ ਉਨ੍ਹਾਂ ਜੁਗਾਂ ਕਾ ਧਰਮੁ ਹੈ। ਅਤੇ ਕਲਿਜੁਗ ਵਿਚ ਗੁਰਮੁਰੀਦੀ ਪ੍ਰਵਾਨ ਹੈ। ਜੁਗ ਜੁਗ ਆਪੋ ਆਪਣਾ ਵੇਦ ਹੈ, ਅਥਰਬਣ ਕਾ ਵਾਕੁ ਹੈ। ਜੋ ਕਲਿਜੁਗ ਮਹਿ ਗੁਰੂ ਕਾ ਬਚਨੁ ਮੰਨੈਗਾ ਸੋ ਨਿਹਾਲੁ ਹੋਵੇਗਾ। ਅਤੇ ਹੋਰਤੁ ਗਲਿ ਮਿਲੈਗਾ ਸੋ ਬੂਡੇਗਾ। ਸ਼ਾਸਤ੍ਰ ਵੇਦ ਪੁਰਾਣ ਪੜ੍ਹੇ ਮੁਕਤ ਨਹੀਂ ਹੁੰਦਾ, ਮੁਕਤਿ ਕੀ ਪਉੜੀ ਨਾਮੁ ਹੈ। ਨਾਮੁ ਗੁਰੂ ਕਾ ਜਪਿਆ।

'ਗੁਰ ਬਿਨਾ ਮੁਕਤਿ ਨਹੀ ਸੋਧ ਦੇਖਉ ਬੇਦ ਪੁਰਾਨ।
ਕਹੈ ਗੋਬਿੰਦ ਸਿੰਘ ਖਾਲਸਾ ਕਲਿ ਮਹਿ ਨਾਮ ਪ੍ਰਧਾਨ।'

ਅਤੇ ਜੋ ਬ੍ਰਾਹਮਣ ਮਾਨਤੇ ਹੈਂ, ਤਿਨ ਕੀਆਂ ਕੁਲੀਂ ਨਰਕਿ ਜਾਤੀਆਂ ਹੈਨਿ। ਗੁਰੂ ਕੋ ਛੋਡਿ ਮੀਏਂ ਬ੍ਰਹਮਣ ਕੋ ਸੇਵੈ, ਉਸ ਕਉ ਆਗੇ ਥਾਉਂ ਨਾ ਥੇਹ।

ਗੁਰੂ ਸੱਚਾ ਬੋਲਿਆ ਜੋ ਬ੍ਰਹਮਣ ਪੰਡਤ ਮੀਏਂ ਮਹਤੇ ਮੜ੍ਹੀ ਮਸਾਨ ਪੂਜੇਗਾ

ਸੋ ਮੈਥੀਂ ਦੂਰ ਹੋਵੈਗਾ। ਅਤੇ ਜੋ ਮੇਰਾ ਸਿਖੁ ਹੋਵੈਗਾ ਸੋ ਬ੍ਰਹਮਣ ਅਗੇ ਬਹਿ ਕਰਿ ਕਰਮ ਨਾ ਕਰਿਵਾਵੈਗਾ। ਮੇਰੇ ਪੰਥ ਕੇ ਕਰਮ ਸਤਿਗੁਰੂ ਅਕਾਲ ਪੁਰਖ ਜੀ ਕਰਿ ਛੋਡੇ ਹੈਨਿ। ਜਦ ਇਸ ਪ੍ਰਾਣੀ ਨੂੰ ਕੋਈ ਬਿਘਨੁ ਹੋਵੈ ਤਾਂ ਪੰਜਾਂ ਸਿਖਾਂ ਪ੍ਰਸਾਦ ਖਾਧਾ ਅਤੇ ਅਰਦਾਸ ਭੀ ਕੀਤੀ ਇਕ ਕਰਮ ਕੀਆ ਕੋਟਿ ਕ੍ਰਿਆ ਕਰਮ ਹੋਵੈ। ਕਰਮ ਭੀ ਹੋਵੈ ਅਤੇ ਪਿਤ੍ਰਾਂ ਨੂੰ ਭੀ ਪਹੁੰਤਾ ਅਤੇ ਇਸ ਕਾ ਭੀ ਭਲਾ ਹੋਇਆ। ਮਣਸਣਾ ਮਣਿਸਾਵਣਾ ਏਹ ਸੰਸਾਰ ਕੀ ਭੇਡ ਚਾਲ ਹੈ। ਕਿਆ ਜੋ ਅਉਖੀ ਘਾਟੀ ਆਂਵਦੀ ਹੈ ਤਾਂ ਭੇਡਾਂ ਦਾ ਇਯੜੁ ਜਾਂਦਾ ਨਹੀਂ। ਏਕ ਭੇਡ ਗਈ ਤਾਂ ਸਭੇ ਜਾਂਦੀਆਂ ਹੈਨਿ। ਤੈਸਾ ਏਹੁ ਸੰਸਾਰੁ ਹੈ।

ਕ੍ਰਿਆ ਕਰਮ, ਪੂਜਾ ਹੁੰਦਾ ਕੁਕਰਮੀ, ਸੋ ਏਹੁ-ਸਭ ਕਰਮ ਮਾਨੁਖ ਕੇ ਹੈਨਿ ਕਿਉਂ ਏਹੁ ਮਣਿਸਦਾ ਹੈ ਤਾਂ ਆਖਦਾ ਹੈ ਜੋ ਮੈਂ ਕੀਤਾ, ਮੈਂ ਮਣਸਿਆ ਹੈ। ਜਦ ਏਹੁ ਗੱਲਾਂ ਆਖਦਾ ਹੈ ਤਾਂ ਇਸ ਦਾ ਕੀਤਾ ਕਤਰਿਆ ਸਭ ਬਿਰਥਾ ਗਇਆ। ਜੇ ਗੁਰੂ ਕਾ ਅਨੰਦੁ ਪੜ੍ਹਿਆ ਤੇ ਅਰਦਾਸ ਕੀਤਾ। ਤਾਂ ਸਿਖੁ ਭੀ ਗੁਰੂ ਕਾ ਖਾਵਇਦੇ ਖਾਂਵਦੇ ਸਭ ਗੁਰੂ ਕਾ ਹੋਇਆ ਤਾਂ ਸਭ ਕਾਰਜ ਏਸ ਕੇ ਸਿਧ ਹੋਏ। ਕਿਉਂ ਜੋ ਗੁਰਮੁਖੀ ਬਾਤ ਐਸੀ ਹੈ ਅਤੇ ਮਨਮੁਖੀ ਬਾਤ ਅਉਰ ਬਹੁਤ ਹੈ। ਸਤਿਗੁਰ ਕਾ ਆਖਣਾ ਹੈ। ਸਤਿ ਸਤਿ ਕਰਿ ਮੰਨਣਾ। ਮੰਨੈਗਾ ਸੋ ਨਿਹਾਲੁ ਹੋਵੈਗਾ। ਨਾ ਮੰਨੇਗਾ ਸੋ ਗੋਤੇ ਖਾਵੈਗਾ।

ਗੁਰੂ ਚਾਹੇ ਤਾਂ ਭਲੀ ਵਸਤੁ ਨੂੰ ਬੁਰੀ ਚਾ ਕਰੇ। ਗੁਰੂ ਕੀਤਾ ਲੋੜੈ ਸੋ ਕਰੈ, ਕਰੈ ਸੋ ਹੋਵੇ। ਹੁਕਮ ਮੰਨੇ ਸੋ ਹੋਵੈ। ਹੁਕਮ ਮੰਨੇ ਸੋ ਦਰਿ ਸਿਝੈ। ਹੁਕਮੁ ਨ ਮੰਨੇ ਸੋ ਜੂਨੀ ਦਝੈ।' ਮੰਨੇ ਕੀ ਮਹਿਮਾ ਬਹੁਤੁ ਹੈ।

ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਬੋਲਿਆ, ਏਹ ਕਹਿਆ। ਗੁਰਮੁਖਿ ਮੇਰਾ ਸਿਖ ਹੋਵੈਗਾ ਸੋ ਸ਼ਬਦ ਥੀ ਸਿਵਾਇ ਹੋਰ ਥਾਇਂ ਪ੍ਰੀਤਿ ਨ ਕਰਨੀ, ਸ਼ਬਦ ਬਿਨਾ ਹੋਰ ਪ੍ਰੀਤਿ ਨਰਕਿ ਲੈ ਜਾਂਦੀ ਹੈ। ਸਬਦੁ ਪੜ੍ਹਨਾ ਸੁਣਨਾ। ਸ਼ਬਦੁ ਕਮਾਵਣਾ

'ਸਬਦੁ ਬਾਝਹੁ ਨਾਹੀ ਥਾਉ। ਸਬਦੈ ਬਾਝਹੁ ਮੁਹਿ ਮੁਹਿ ਮੁਹਿ ਖਾਹਿ।'

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।
ਗੁਰੂ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।' *(ਨਟ ਮ: ੪)*

ਤਾਂ ਗੁਰੂ ਗੋਬਿੰਦ ਸਿੰਘ ਕਹਿਆ, ਜੋ ਭਾਈ ਸਿਖਾਂ ਨੂੰ ਹੁਕਮ ਹੈ ਜੁ ਗ੍ਰਿਸਤਿ ਬੈਰਾਗ ਖੋਲਣਾ ਅਤੇ ਭਾਈ! ਇਸਤ੍ਰੀ ਦੇ ਜਾਮੇ ਤੇ ਵਿਸਾਹੁ ਨਹੀਂ ਕਰਨਾ। ਅੰਤਹਿ ਦਾ ਲਾਹਾ ਇਸਤ੍ਰੀ ਕਉ ਨਹੀਂ ਦੇਵਣਾ। ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ। ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ। ਪਰਾਈ ਵਸਤੁ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ। ਸਭਨਾਂ ਰੋਗਾਂ ਕਾ ਦਾਰੂ ਨਾਮ ਹੈ। ਅਤੇ ਨਿੰਦਕ ਕਾ ਦਾਰੂ ਕੋਈ ਨਹੀਂ।

ਨਿੰਦਕ ਝੂਠਾ ਮਾਰੀਐ ਸਾਹਿਬ ਦੇ ਦਰਬਾਰਿ।
ਨਿੰਦਕ ਖਲਾ ਹੈਰਾਨ ਹ੍ਵੈ ਕੋਇ ਨ ਸੁਣੈ ਪੁਕਾਰ।

ਮਰ ਜਾਵਣਾ ਹੈ ਸਦਾ ਨਹੀਂ ਰਹਣਾ। ਗੁਰ ਤੇ ਬੇਮੁਖ ਨਹੀਂ ਹੋਵਣਾ, ਜਿਉਂ ਕਿਉਂ ਗੁਰੂ ਕੇ ਸਨਮੁਖ ਹੋਵਣਾ।

ਅਜੁ ਕਲਿ ਤਰੀ ਢੋਕ ਲਦੀਂਦੀ ਹੈ ਦੇਖੋ ਕਰ ਬੀਚਾਰੁ।
ਖਰਚੀ ਤੋਸਾ ਤੈਂ ਕੋਇ ਨ ਕੀਤੋ, ਕਿਉਂ ਕਰਿ ਉਤਰੈ ਪਾਰ।
ਤੋਸਾ ਧਰਮ ਕਾ ਬਾਂਧਹੁ ਭਾਈ।
ਹਰਿ ਦਰਗਹਿ ਮਹਿ ਹੋਇ ਸਹਾਈ।
ਧਰਮ ਕਾ ਤੋਸਾ ਇਉਂ ਜਾਨੋ।
ਭੂਖੇ ਨੰਗੇ ਕੀ ਸੇਵਾ ਮਾਨੋ।
ਸੇਵਾ ਭਾਉ ਕਰਿ ਸੁਖੀ ਬਹੀਜੈ।
ਹਰਿ ਦਰਗਹਿ ਮਹਿ ਸੁਖੀ ਰਹੀਜੈ।

ਸੇਵਾ ਕਰਣੀ ਸਿਖ ਕੀ ਅਰੁ ਅਥਿਤੀ ਕੀ। ਏਹੁ ਨਹੀਂ ਜਾਨਣਾ ਜੋ ਇਹ ਬ੍ਰਾਹਮਣ ਅਰੁ ਇਹ ਖਤਰੀ ਹੈ, ਭਾਵੇਂ ਜੋਗੀ ਹੈ, ਸੰਨਿਆਸੀ ਹੈ। ਭਗਵੇਂ ਕਪੜੇ ਅਤੇ ਲਿਟਾਂ ਇਨ੍ਹਾਂ ਦਾ ਨਾਉਂ ਅਥਿਤਿ ਨਾਹੀ। ਗੁਰ-ਭਾਈ ਜਾਣ ਕੈ ਪੂਜਾ ਸੇਵਾ ਕਰਨੀ।

ਗੁਰੂ ਗੋਬਿੰਦ ਸਿੰਘ ਜੀ ਕਾ ਵਾਕ ਹੈ ਜੈਸਾ ਗੁਰ-ਭਾਈ ਕਾ ਫਲੁ ਤੈਸਾ ਹੋਰਸ ਕੋ ਖਵਾਏ ਕਾ ਫਲੁ ਨਹੀਂ ਹੋਤਾ। ਜਿਤਨਾ ਧਨ ਵਧੇ ਸੋ ਗੁਰ-ਭਾਈ ਕੀ ਸੇਵਾ ਥੀਂ ਵਧੇ। ਭਾਈ ਜੀ ਬੋਲਹੁ ਵਾਹਿਗੁਰੂ ਜੀ ਕੀ ਫਤੇ! ਸੁਣਹੋ ਸਿਖੋ ਪੁੱਤੋ ਭਾਈਓ! ਗੁਰੂ ਕੇ ਵਾਕ ਸਤਿਗੁਰੂ ਵਾਕ ਸਤਿ ਸਤਿ ਕਰਿ ਮੰਨਣੇ। ਦਰਗਹਿ ਨ ਹੋਵੈ ਠਾਕ।

ਦਰਗਹਿ ਠਾਕ ਨ ਹੋਵਈ ਸਤਿਗੁਰੂ ਕੋ ਹੋਇ ਪ੍ਰਣਾਮ।

ਗੁਰੂ ਕਾ ਵਾਕ ਹੈ:

ਜੋ ਮੇਰਾ ਸਿਖ ਹੋਵੈਗਾ। ਕ੍ਰਿਆ ਕਰਮ, ਭੱਦ੍ਰ, ਉਸਤਰਾ, ਗਾਇਤ੍ਰੀ, ਤਰਪਣ ਪਖੰਡ ਕਰ ਮੰਨੇਗਾ। ਜੋ ਸਿਖ ਗੁਰੂ ਕਾ ਹੋਵੈ ਸੋ ਸ਼ਬਦ ਮੰਨੈ।

ਗੁਰੂ ਖਾਲਸਾ ਇਸ ਥੀਂ ਸਿਵਾਇ ਹੋਰੁ ਪ੍ਰਤੀਤਿ ਨਹੀਂ ਕਰਣੀ। ਹੋਰ ਪ੍ਰਤੀਤਿ ਨਰਕਿ ਲੈ ਜਾਂਦੀ ਹੈ।

ਬੋਲਹੁ ਭਾਈ ਜੀ ਵਾਹ ਗੁਰੂ! ਵਾਹ ਗੁਰੂ!!

ਸਾਖੀ ਸੰਪੂਰਨ ਹੋਈ, ਰਹਿਤਨਾਮਾ ਸੰਪੂਰਣ।

# (੪) ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਹੁਕਮ ਹੋਆ ਸਿਰੀ ਮੁਖ ਵਾਕ ਪਾ: ੧੦ ਲਾਲ ਦਰਿਆਈ ਕੇ ਪ੍ਰਥਾਇ।

ਦੋਹਰਾ

ਅਬਚਲ ਨਗਰ ਬੈਠੇ ਗੁਰੂ, ਮਨਿ ਮਹਿ ਕੀਆ ਬੀਚਾਰ
ਬੋਲਿਆ ਪੂਰਾ ਸਤਿਗੁਰੂ, ਕਰਿ ਨਮਸਕਾਰ ਕਰਤਾਰ।੧।
ਹੁਕਮੁ ਹੋਯਾ ਪ੍ਰਹਿਲਾਦ ਸਿੰਘ ਬਿਪ੍ਰ ਜਾਤਿ ਹੰਸਰਾਇ
ਨਿਕਟ ਬੁਲਾਯਾ ਗੁਰੂ ਜੀ, ਲੀਨਉ ਕੰਠ ਲਗਾਇ।੨।
ਪੰਥ ਚਲਯੋ ਹੈ ਜਗਤ ਮੈਂ, ਗੁਰ ਨਾਨਕ ਪ੍ਰਸਾਦਿ
ਰਹਿਤ ਬਤਾਈਏ ਖਾਲਸੇ, ਸੁਣ ਭਾਈ ਪ੍ਰਹਿਲਾਦ।੩।

ਚੌਪਈ

ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ।
ਜੋ ਸਿਖ ਗਲ ਮਹਿ ਤਾਗਾ ਮੇਲੈ। ਚੌਪੜ ਬਾਜ਼ੀ ਗਨਿਕਾ ਖੇਲੈ।੪।
ਜਨਮ ਸੁਆਨ ਪਾਵੈਗਾ ਕੋਟਿ। ਬੀਜਯੋ ਹਾਥ ਬੁਰਾ ਇਸ ਖੋਟ।
ਪਾਗ ਉਤਾਰਿ ਪ੍ਰਸਾਦਿ ਜੋ ਖਾਵੈ। ਸੋ ਸਿਖ ਕੁੰਭੀ ਨਰਕ ਸਿਧਾਵੈ।੫।

ਦੋਹਰਾ

ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ
ਹੋਇ ਸਿਖ ਵਰਤਨ ਕਰਹਿ ਅੰਤ ਕਰੇਗਾ ਖੁਆਰ।੬।
ਵਾਹਿਗੁਰੂ ਕੇ ਮੰਤ੍ਰ ਬਿਨ ਜਪੈ ਅਉਰ ਕੋਈ ਜਾਪ
ਸੋ ਸਾਕਤ, ਸਿਖ ਮੂਲ ਨਹਿ, ਬਾਚਤ ਸ੍ਰੀ ਮੁਖ ਆਪ।੭।
ਮੇਰਉ ਹੁਕਮ ਮਾਨਹਿ ਨਹੀਂ, ਕਰਹਿ ਨ ਸਿਖ ਕੀ ਸੇਵ
ਸੋ ਬੀਰਜ ਮਲੇਛ ਕੋ, ਪਰਗਟ ਪਛਾਨਹੁ ਭੇਵ।੮।

ਚੌਪਈ

ਹੁਕਮ ਦੇਖਿ ਕਾਰ ਨਹੀਂ ਰਾਖੈ। ਗੋਲਕ ਗੋਪ ਮਿਥਿਆ ਮੁਖ ਭਾਖੈ।
ਕਾਰ ਭੇਟ ਸੁੱਖ ਮੰਨਤ ਚੁਰਾਵੈ। ਐਸਾ ਸਿਖ ਗੁਰੂ ਨਹਿ ਭਾਵੈ।੯।
ਤੂਟ ਪਰਿਓ ਮਾਇਆ ਕੀ ਫਾਸੀ। ਭ੍ਰਮਤਾ ਫਿਰੈ ਲਾਖ ਚਉਰਾਸੀ।
ਸੋ ਬੀਰਜ ਮਲੇਛ ਕੋ ਜਾਨ। ਸੁਨ ਭਾਈ ਪ੍ਰਹਿਲਾਦ ਸੁਜਾਨ।੧੦।
ਗੁਰੂ ਖਾਲਸੇ ਆਦਿ ਲੋਂ, ਜੋ ਪਾਲੈ ਜਗ ਮੋਹਿ
ਸੋ ਸਾਕਤ ਨਰਕੀ ਸਦਾ, ਇਨ ਸੇ ਕਰੈ ਜੋ ਧ੍ਰੋਹ।੧੧।

ਸੂਹੇ ਅੰਬਰ ਪਹਿਨ ਕਰ, ਜੋ ਨਾਸੇ ਨਸਵਾਰ
ਲਗੇ ਤਾੜਨਾ ਸੀਸ ਪਰ, ਸੁਨੀਏ ਨਰਕ ਮੰਝਾਰ।੧੨।
ਬਿਨਾ ਜਪੁ ਜਾਪੁ ਜਪੇ, ਜੋ ਜੇਵਹਿ ਪ੍ਰਸਾਦਿ
ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ।੧੩।

ਚੌਪਈ

ਪ੍ਰਾਤਾ ਕਾਲ ਗੁਰ ਗੀਤ ਨ ਗਾਵੈ। ਰਹਿਰਾਸ ਬਿਨਾ ਪ੍ਰਸਾਦਿ ਜੋ ਖਾਵੈ।
ਬਾਹਰਮੁਖੀ ਸਿਖ ਤਿਸ ਜਾਨੋ। ਸਭ ਬਰਤਨ ਮਿਥਿਆ ਤਿਸ ਮਾਨੋ।੧੪।
ਲਖ ਚਉਰਾਸੀਹ ਭ੍ਰਮਤਾ ਫਿਰੈ। ਬਾਰ ਬਾਰ ਜਗ ਜਨਮੈ ਮਰੇ।
ਗੁਰੂ ਬਚਨ ਸਿਉ ਤੂਟਾ ਜਾਇ। ਦਰਗਹਿ ਤਾਂਕਉ ਮਿਲੈ ਸਜ਼ਾਇ।੧੫।

ਦੋਹਰਾ

ਅਕਾਲ ਪੁਰਖ ਕਉ ਛਾਡ ਕਰਿ, ਭਜੈ ਦੇਵ ਕੋਈ ਅਉਰ
ਜਨਮ ਜਨਮ ਭ੍ਰਮਤਾ ਫਿਰਹਿ, ਲਹਹਿ ਨ ਸੁਖ ਕੀ ਠਉਰ।੧੬।
ਪਾਹਨ ਕੀ ਪੂਜਾ ਕਰੈ, ਸਿਖ ਨ ਨਿਵਾਵਹਿ ਸੀਸ
ਸੋ ਸਾਕਤ ਨਿਗੁਰਾ ਸਦਾ, ਮਾਰਿਆ ਸ੍ਰੀ ਜਗਦੀਸ਼।੧੭।
ਕਰੀ ਥਾਪਨਾ ਜਾਸ ਕੀ, ਮੋਹ ਜੁ ਅਪਨੇ ਹਾਥਿ
ਤਿਸ ਕੀ ਸਮਸਰ ਜੋ ਕਰੈ, ਜਰ ਜਾਵਹਿ ਕੁਲ ਸਾਥਿ।੧੮।
ਕਾਰ ਭੇਟ ਸੁਖ ਮੰਨਤ ਕਰ, ਜੋ ਸਿਖ ਚਿਤ ਭ੍ਰਮਾਇ
ਸੋ ਸਾਕਤ ਪਾਪੀ ਸਦਾ, ਬਿਕਟ ਰੂਪ ਹੋਇ ਜਾਇ।੧੯।
ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ
ਲਏ ਜੁ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ।੨੦।
ਛਾਡ ਸਿਖਨ ਕੇ ਚਰਨ ਕਉ, ਲਏ ਪੰਥ ਜੋ ਅਉਰ
ਐਥਹਿ ਓਥਹਿ ਦੁਖ ਲਹੈ, ਗੁਰ ਸਿਖਨ ਕੋ ਚੋਰ।੨੧।

ਚੌਪਈ

ਮੜ੍ਹੀ ਗੋਰ ਦੇਵਲ ਜੋ ਮਾਨੈ। ਪਰ ਪੰਥਨ ਕੋ ਊਚ ਬਖਾਨੈ।
ਸੋ ਸੋ ਸਾਕਤ ਗੁਰ ਕਾ ਸਿਖ ਨਾਹੀ। ਫਾਸਿ ਪਰਯੋ ਜਮ ਕੰਕਰ ਪਾਹੀ।੨੨।
ਟੋਪੀ ਦੇਖਿ ਨਿਵਾਵਹਿ ਸੀਸ। ਸੋ ਸਿਖ ਨਰਕੀ ਬਿਸ੍ਵੈ ਬੀਸ।
ਅਕਾਲ ਪੁਰਖ ਕੀ ਸੇਵਾ ਕਰੈ। ਸੋ ਸਿਖ ਬੰਸ ਸਗਲ ਲੇ ਤਰੈ।੨੩।

ਦੋਹਰਾ

ਗੁਰੂ ਖਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ
ਜੋ ਸਿਖ ਮੋ ਮਿਲਬੇ ਚਹਿਹ, ਖੋਜ ਇਨਹੁ ਮਹਿ ਲੇਹੁ।੨੪।
ਕਾਨ ਕਟੇ ਅਰ ਤੁਰਕ ਕਾ, ਕਰੈ ਨ ਮੂਲ ਵਿਸਾਹੁ
ਜੋ ਸਿਖ ਸੋਂ ਹਿਤ ਨ ਕਰਹਿ, ਸੋ ਨਰਕੇ ਪਰਿ ਜਾਹੁ।੨੫।
ਸਤਿਗੁਰ ਕੀ ਬਾਣੀ ਬਿਨਾ, ਰਸਨਾ ਰਟਹਿ ਜੋ ਹੋਰ
ਸੋ ਮਾਰਿਆ ਕਰਤਾਰ ਕਾ, ਪੜਾ ਨਰਕਿ ਮਧ ਘੋਰ।੨੬।

ਚੌਪਈ

ਛੇ ਦਰਸਨ ਕੀ ਜੋ ਮਤ ਧਾਰੈ। ਕੁਲ ਸੰਬੂਹ ਲੈ ਨਰਕ ਸਿਧਾਰੈ।
ਬਾਝਹੁ ਗੁਰ ਸਿਖਨ ਕਰੇ ਸੇਵਾ। ਮਿਥਿਆ ਮਾਨੋ ਸੁਰ ਨਰ ਦੇਵਾ।੨੭।
ਅਕਾਲ ਪੁਰਖ ਕੀ ਮੂਰਤਿ ਏਹ। ਪਰਗਟ ਅਕਾਲ ਖਾਲਸਾ ਦੇਹਿ
ਯਾਮੇਂ ਰੰਚ ਨਹਿ ਮਿਥਿਆ ਭਾਖੀ। ਗੁਰ ਨਾਨਕ ਗੁਰ ਅੰਗਦ ਸਾਖੀ।੨੮।

ਦੋਹਰਾ

ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ
ਅਉਰ ਦੇਵ ਇਵ ਮਾਨੀਏ, ਜਿਉਂ ਬਾਰੂ ਕੀ ਮੂਠ।੨੯।
ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ।੩੦।
ਥਾਪ ਚਲਯੋ ਜੋ ਜਗਤ ਮੇਂ ਤਿਨਹਿ ਨਿਵਾਵਉ ਮਾਥ
ਵਾਹਿਗੁਰੂ ਕੇ ਮੰਤ੍ਰ ਬਿਨ, ਮਿਥਿਆ ਸਾਰੀ ਗਾਥ।੩੧।
ਸਿਖ ਕਉ ਸਿਖ ਜਉ ਅੰਬਰ ਦੀਨਾ। ਕੋਟਿ ਅਸੁਮੇਧ ਜੱਗ ਫਲ ਕੀਨਾ
ਜੋ ਗੁਰ ਕੀ ਬਾਣੀ ਸਿਖ ਗਾਵੈ। ਜੀਵਨ ਮੁਕਤਿ ਪਦਾਰਥ ਪਾਵੈ।੩੨।
ਚਾਪੀ ਕਰੋ ਮਲਹਿ ਸਿਖ ਚਰਨਾ। ਤਿਸ ਸਿਖ ਕੋ ਮੈਂ ਲੀਨੋ ਸਰਨਾ
ਕਰਿ ਪ੍ਰਸਾਦਿ ਸਿਖ ਮੁਖ ਪਾਵੈ। ਤਿਸ ਸਿਖ ਪੈ ਗੁਰ ਵਾਰਨੇ ਜਾਵੈ।੩੩।
ਰਹਿਰਾਸ ਸਮੇ ਗੁਰੂ ਹੁਕਮ ਕੋ, ਪਢਹਿ ਪ੍ਰੀਤ ਸਤ ਭਾਉ
ਪ੍ਰੇਮ ਸਹਿਤ ਰਸਨਾ ਰਟਹਿ, ਪ੍ਰਗਟ ਮਿਲਹਿ ਮੁਹਿ ਆਉ।੩੪।
ਬਚਨ ਪ੍ਰਤੀਤ ਰਖਹਿ ਸਿਖ ਜੋਈ। ਤੈਸੋ ਹੀ ਫਲ ਪਰਾਪਤ ਹੋਈ
ਗੁਰ ਕਾ ਬਚਨ ਗੁਰੂ ਕੀ ਮੂਰਤਿ, ਭੁਗਤਿ ਮੁਕਤਿ ਵਰ ਸਾਚੋ ਪੂਰਤ।੩੫।
ਰਹਿਣੀ ਰਹਹਿ ਸੋਈ ਸਿਖ ਮੇਰਾ, ਵਹ ਠਾਕੁਰ ਮੈਂ ਉਸ ਕਾ ਚੇਰਾ
ਕਰਹਿ ਅਕਾਲ ਪੁਰਖ ਕੀ ਆਸਾ। ਜਨਮ ਮਰਨ ਕਟ ਡਾਰੈ ਫ਼ਾਸਾ।੩੬।
ਸਤਿ ਅਕਾਲ ਸ੍ਰੀ ਵਾਹਿਗੁਰੂ ਧਰਮ ਬੀਜ ਯਹ ਮੰਤੁ
ਸਰਬ ਜਾਪ ਕਉ ਜਾਪੁ ਇਹ, ਕਹਿਓ ਆਦਿ ਅਰੁ ਅੰਤ।੩੭।
ਸੰਬਤ ਸਤ੍ਰਹ ਸੈ ਭਏ, ਬਰਖ ਬਵੰਜਾ ਨਿਹਾਰ
ਮਾਘ ਵਦੀ ਥਿਤਿ ਪੰਚਮੀ, ਰਵਿਵਾਰ ਸੁਭ ਵਾਰ।੩੮।

# (੫) ਰਹਿਤਨਾਮਾ ਭਾਈ ਦਯਾ ਸਿੰਘ

ਸ੍ਰੀ ਦਸਵੀਂ ਪਾਤਸ਼ਾਹੀ ਅਨੰਦ ਪੁਰ ਮੈਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ 'ਜੁ ਮਹਾਰਾਜ ਜੀ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤ ਹੋਇ।'

ਉਤਰ—ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ। '੧ੴ ਸਤਿਨਾਮ' ਉਪਦੇਸ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦੀਏ, ਬਾਹਨੀ ਕੱਛ ਹਨੂ ਜੀ ਦਈ, ਜਪੁਜੀ ਮੁਕਤ ਕੋ ਧਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਚੌਪਈ, ਸ੍ਵੈਯੇ ਸ੍ਰੀ ਮੁਖ ਦ੍ਰਿੜ ਚਿਤ ਤੇ ਜੁੱਧ ਨਿਮਿਤ। ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏਂ ਸਿਖੋਂ ਕੋ ਸਰਕਰ ਬਿਸ਼ਨੂ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ, ਜੇ ਤੀਨ ਭਾਵ ਤੇ ਘਟ ਕਰੇ ਤੋ ਗੁਰੂ ਜੀ ਕੋ ਨ ਪਹੁੰਚੇ ਔਰ ਜਦ ਅੰਮ੍ਰਿਤ ਛਕਾਨਾ ਹੋ ਤਬ ਪ੍ਰਸਾਦ ਗੁੜ ਕਾ ਨ ਕਰੇ। ਇਸ ਬਿਧਿ ਸੋਂ ਸਬ ਦੇਵਤਾ ਅੰਸ ਦੇਤ ਭਏ ਔਰ ਜੋ ਚਾਰ ਬਰਨ ਮੈਂ ਅੰਮ੍ਰਿਤ ਪਾਨ ਕਰੇਗਾ ਸੋ ਮੁਕਤ ਹੋਗਾ ਔਰ ਨੀਚਾਦਿ ਭੀ ਗਤੀ ਕੋ ਪਾਵਹਿੰਗੇ। ਜਹਾਂ ਸਰਬਤ੍ਰ ਖਾਲਸਾ ਹੋ ਤਹਾਂ ਬੀਚ ਗ੍ਰੰਥ ਸਾਹਬ ਰਖ ਲੈਣਾ, ਅੰਗ ਸੰਗ ਪੰਜ ਸਿੰਘ ਮਿਲੈ ਅੰਮ੍ਰਿਤ ਛਕਨੇ ਵਾਲੇ ਨੂੰ। ਪਹਿਲੇ ਕਛ ਪਹਰਾਨੀ, ਕੇਸ਼ ਇਕੱਠੇ ਕਰ ਜੂੜਾ, ਦਸਤਾਰ ਸਜਾਵਨੀ, ਗਾਤ੍ਰੇ ਸ੍ਰੀ ਸਾਹਬ ਹਾਥ ਜੋੜਿ ਖੜਾ ਰਹੈ। ਕੜਾਹ ਜੀ ਬੀਚ ਧਰੇ ਉਤਮ ਸਿੰਘ ਲੋਹ ਪਾਤ੍ਰ ਮੈਂ ਸ੍ਰੀ ਅੰਮ੍ਰਿਤਸਰ ਜੀ ਕਾ ਅੰਮ੍ਰਿਤ ਪਾਵੈ, ਪ੍ਰਥਮ ਸੰਪੂਰਨ ਜਪੁਜੀ ਸਾਹਿਬ ਆਦਿ ਅੰਤ ਪੂਰਨ, ਪੂਰਨ ਜਾਪੁ ਜੀ ਆਦਿ ਅੰਤ ਕਾ ਪਾਠ ਕਰੇ ਚੌਪਈ, ਪੰਜ ਪੰਜ ਸਵੈਯੇ ਭਿੰਨ ਭਿੰਨ ੧ ਸ੍ਰਾਵਗ ੨ ਦੀਨਨ ਕੀ ਪ੍ਰਤਿਪਾਲ ੩ ਪਾਪ ਸੰਬੂਹ ਬਿਨਾਸਨ ੪ ਸਤਿ ਸਦੈਵ ਸਦਾ ਬ੍ਰਤ ਪੰਜ, ਪਉੜੀ ਅਨੰਦ ਜੀ ਕੀ, ਕਰਦ ਅੰਮ੍ਰਿਤ ਬੀਚ ਫੇਰੇ ਅਪਨੀ ਓਰ ਕੋ। ਪੁਨਹ ਏਕ ਸਿੰਘ ਸਰਬਤ੍ਰ ਆਗਿਆ ਲੈ, ਹਥਿ ਮੈਂ ਕਟੋਰਾ ਲੇਕਰ ਅੰਮ੍ਰਿਤ ਛਕਾਵੈ, ਉਹ ਕਰਦ ਉਸ ਕੀ ਪਾਗ ਮੋ ਧਰ ਦੇ। ਛਕਨ ਵਾਲਾ ਬਾਂਏ ਹਾਥ ਪਰ ਦਾਇਆਂ ਰਖ ਕੈ ਛਕੈ। ਵਹ ਕਹੇ-ਬੋਲੋ ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤਹਿ। ਇਸ ਭਾਂਤ ਪਾਂਚ ਪਾਂਚ ਚੂਲੇ ਛਕਾਵੈ, ਨੇਤ੍ਰ ਮੋ ਪਾ ਫ਼ਤੇ ਬੁਲਾਵੈ, ਕੇਸ ਮੋ ਪਾਵੈ ਗੁਰਮੰਤ੍ਰ ਸਤਿਨਾਮ ਦੇ ਰਹਤ ਦਸਣੀ, ਨਾਮ ਰੱਖਣਾ।੧।

ਸਵਾ ਰੁਪਯਾ ਤਨਖਾਹ, ਅਰਦਾਸ ਕਰਨੀ, ਉਸ ਕਾਲ ਸਭ ਰਲ ਕਰਿ ਛਕੇ ਪ੍ਰਸਾਦ ਕੜਾਹ, ਪੀਛੇ ਅਪਨੇਂ ਅਪਨੇ ਬਰਤਨ ਮੈਂ ਛਕੇ, ਅੰਮ੍ਰਿਤ ਛਕਾਵਨ ਵਾਲੇ ਗੁਰਦੇਵ ਕੋ ਬਸਤ੍ਰ ਸ਼ਸਤ੍ਰ ਕਰਿ ਪੂਜੇ।

ਅਕਾਲ ਪੁਰਖ ਕਾ ਅਵਤਾਰ ਪ੍ਰਗਟ ਕੀਆ ਖਾਲਸਾ।

ਪੰਜ ਭੁਜੰਗੀ ਹੈਂ—ਮਹਾਂ ਮੁਕਤੇ ਨਾਮ—ਰਾਮ ਸਿੰਘ, ਫਤਹਿ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ—ਇਨਹੁੰ ਪਾਂਚੋਂ ਸਿੰਘੋਂ ਨੇ ਹਾਥ ਸੇ ਅੰਮ੍ਰਿਤ ਛਕਾ ਥਾ। ਜੋ ਗੁਰਦੇਵ ਅੰਮ੍ਰਿਤ ਛਕਾਨੇ ਵਾਲਾ। ੧ ਸਤਗੁਣੀ ਨਿਰਲੋਭੀ ਸੁਕਦੇਵ ਹੈ, ੨ ਤਮਗੁਣੀ ਦੁਰਬਾਸਾ ਸਮ, ੩ ਕਾਮੀ ਰਾਜਨੀਤੀ ਕ੍ਰਿਸ਼ਨ ਤੁਲ, ੪ ਮੋਹ ਜੁਗ ਕਰ ਵਸ਼ਿਸ਼ਟ ਸ੍ਰੂਪ, ਹੰਕਾਰੀ ਬਿਸਵਾਮਿਤ੍ਰ ਰੂਪ, ੬ ਅਚਾਰੀ ਬਿਆਸ, ੭ ਸਮਾਧਿ ਸਿਥਿਤ ਕਪਿਲ, ੮ ਭਿਖੁਯਕ ਜਾਗਵਲਿਕ, ੯ ਕਰਮਕਾਂਡੀ ਜੈਮਨਿ ਤੁਲ, ੧੦ ਪਾਤੰਜਲੀ ਸ਼ੇਸ਼ ਤੁਲ।

ਰਹਿਤ ਏਹੀ ਹੈ ਜੋ ੧ ਮਸੰਦੀਏ ੨ ਧੀਰਮੱਲੀਏ ੩ ਰਾਮਰਾਈਏ ੪ ਸਿਰ ਮੁੰਡਤ—ਇਨ੍ਹਾਂ ਨਾਲ ਵਰਤਣਾ ਨਹੀਂ। ਸਿੰਘੋਂ ਕੀ ਸੇਵਾ, ਸ਼ਬਦ ਕਾ ਅਭਿਆਸ, ਸ਼ਸਤ੍ਰ ਬਿਦਯਾ ਸੀਖਣੀ, ਮਨ ਵਾਹ ਗੁਰੂ ਓਰ ਰਖੈ, ਉਪਰ ਕਾ ਸ੍ਵਾਸ ਆਵੇ ਤੋਂ ਵਾਹ ਗੁਰੂ, ਅੰਤ ਕਾ ਵਾਹ ਗੁਰੂ ਮਨ ਵਸਤ ਕਰੇ। ਮਿਥਯਾ ਨ ਬੋਲੈ, ਪਰਨਾਰੀ ਤਯਾਗੈ, ਕ੍ਰੋਧ ਹੰਕਾਰ, ਮੋਹ, ਨਿੰਦਾ, ਹਿੰਸਾ, ਅਸਤ ਤਯਾਗੇ, ਬੁਰਾ ਨ ਕਰੇ, ਅੰਤ ਕੀ ਓਰ ਦੇਖੈ ਦੁਖਾਵੇ ਨਾਈ, ਮੀਠਾ ਬੋਲੈ, ਮਨ ਸੁਧ ਰਖੈ, ਹਰਖ ਸੋਗ ਹਰੈ, ਧਰਮ ਕਿਰਤ ਪਾਇ, ਦੂਸਰੇ ਪੰਥ ਮਾਰਗ ਕੀ ਮੜ੍ਹੀ ਨ ਸੇਵੈ, ਮਠ, ਬ੍ਰਤ, ਤੀਰਥ, ਦੇਵੀ ਦੇਵਤਾ, ਬਰਤ, ਪੂਜਾ ਅਰਚਾ, ਮੰਤ੍ਰ ਪੀਰ ਪੁਰਖ, ਬ੍ਰਾਹਮਨ ਪੂਛਨਾ, ਤਰਪਨ ਗਾਇਤ੍ਰੀ, ਸੰਧਯਾ ਹੋਰ ਕਿਤੈ ਵਲਿ ਚਿਤ ਦੇਵੈ ਨਾਹੀ। ਅਕਾਲ ਚਰਨ ਖਾਲਸੇ ਨਾਲ ਜੁੜੇ। ਖਾਲਸਾ ਸੋ ਜਿਨ ਤਨ, ਮਨ, ਧਨ ਗੁਰੂ ਅਕਾਲ ਪੁਰਖ ਕੋ ਸੌਂਪਿਆ ਹੈ।

ਜਨੇਊ ਧਾਇ ਕਰ ਪਿਤਰ ਸਿਰਾਧ, ਪਿਤਰ, ਪਿੰਡ, ਬਿਵਾਹ ਆਦਿ ਨ ਕਰਾਵੈ। ਸਭ ਜੁਗਤਿ ਗੁਰੂ ਕੀ ਮਰਯਾਦਾ ਅਰਦਾਸ ਸੇ ਕਾਰਜ ਕਰੈ, ਮਨ ਗੁਰੋਂ ਮੈਂ ਰਾਖੇ, ਵੰਡ ਖਾਇ, ਕਿਸੂ ਕਾ ਹੋਇ ਸਵਾਰੇ, ਗੁਰੂ ਪ੍ਰਸੰਨ ਹੋਵੈ, ਦਸਵੰਧ ਦੇਵੈ। ਹੁਕਮ ਮਾਨ ਅਭਿਮਾਨ ਨ ਕਰੈ, ਸਿੰਘ ਮੁਖ ਗੋ ਹੋਇ ਰਹੇ, ਜੋ ਗੁਰਦੁਆਰੇ ਜਾਵੈਂ ਮਾਰਗ ਮੈਂ ਬ੍ਰਹਮਚਰਜ ਧਾਰੇ, ਸਭ ਮਨੋਰਥ ਪੂਰੇ ਹੋਣ, ਅਰਦਾਸ ਮਨ ਵਿਚ ਲਾਇਕੇ ਕਾਰਨ ਕਾਰਜ ਸਿਧ ਹੋਵੇ। ਜਿਥੇ ਗੁਰੂ ਬਿਸਰੇ ਉਥੇ ਨਾ ਜਾਵੈ। ਅੰਨ ਬਹੁਤ ਨ ਖਾਇ, ਛਡੇ ਭੀ ਨਾਹੀ, ਬਹੁਤ ਸਾਉਣਾ ਨਹੀਂ, ਬਹੁਤ ਬੋਲਣਾ ਨਹੀਂ। ਗ੍ਰੰਥ ਵਿਚ ਪਰਮੇਸ਼ਰ ਅਰਾਧੇ, ਗੁਰੂ ਖੁਸ਼ੀ ਕਰੇ, ਧਰਮ ਦੀ ਕਿਰਤ ਕਰੇ, ਸਿੱਖਾਂ ਦੀ ਸੇਵਾ ਕਰੇ, ਦੇਵਨਹਾਰ ਗੁਰੂ ਹੈ।

ਪਾਂਚ ਕਰਮ ਨ ਕਰੇ ਜੋ ਜੀਵਨ-ਮੁਕਤ ਹੈ—

ਪਰਧਨ, ਪਰ-ਇਸਤ੍ਰੀ, ਪਰਨਿੰਦਾ, ਜੂਆ, ਮਦਰਾ।

ਸੰਗਤ ਮੈਂ ਖਾਲੀ ਜਾਵੈ ਨਾਹੀ ਕੀਰਤਨ ਸੁਨੇ ਸੁਨਾਵੈ, ਅਰਥੀ ਨੂੰ ਦਾਨ ਦੇ ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀ ਤਿਸ ਨੂੰ ਲੋਚਕੇ ਕਰੈ ਕਰਾਵੈ। ਕੁਸਿਖ ਹੋਵੇ ਤਿਸਕੋ ਸਿਖ ਕਰੇ, ਦੁਖੈ ਦੁਖਾਵੇ ਨਾ, ਸਿਖ ਸ਼ਬਦ ਤੇਂ ਜਾਣੀਏ, ਰਹਤ ਤੇ ਪਛਾਣੀਏ ਔਰ ਅੰਤਰਾਤਮਾ ਮੈਂ ਇਹ ਰਹਤ ਧਾਰੇ। ਨਾਮ-ਰੂਪੀ ਅੰਮ੍ਰਿਤ ਪੀਵੈ, ਸੀਲ ਜੁਗਤਿ

ਕੀ ਕੱਛ ਪਹਿਰੈ, ਫਤੇ ਮਨ ਜੀਤਬੇ ਕੀ ਬੁਲਾਵੈ, ਗੁਰੂ ਜੀ ਕੀ ਬਾਣੀ ਕੇ ਹਥਯਾਰ ਪਹਿਰੈ, ਬੁਧਿ ਕਾ ਨਿਹਚਲ ਇਹ ਕੇਸ ਧਾਰੇ, ਕੇਸਾਂ ਕਾ ਬੜਾ ਅਦਬ ਹੈ। ਕੇਸ ਮਾਤਾ ਕਾ ਸਰੂਪ ਹੈ ਜਹਾਂ ਕੇਸਾਂ ਦਾ ਜਲ ਪੜੇ ਸੋ ਅਸਥਾਨ ਸਰੀਰ ਈ ਪਵਿਤ੍ਰ ਹੋਤਾ ਹੈ, ਸਿੰਘੋਂ ਕੇ ਚਰਣੋਂ ਕਾ ਜਲ ਪੜੇ ਪਿਛੇ ਫਿਰੇ, ਅੰਤ ਕੋ ਗਤੀ ਕਰੇ। ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦ੍ਵੈ ਕਾਲ ਕਰੇ, ਪਾਗ ਚੁਨਕੇ ਬਾਂਧੇ, ਕੱਛ ਪਾਂਚ ਗਜ਼ ਵ ਢਾਈ ਗਜ਼ ਕੁ ਹੋ। ਚੌਥੇ ਦਿਨ ਕੇਸੀ ਸਨਾਨ ਕਰੈ, ਢਾਈ ਗਜ਼ ਕਾ ਸਾਫਾ ਕਛਹਿਰਾ ਬਦਲਾਨੇ ਕੋ।

ਚਤੁਰ ਬਰਨ ਮੇਂ ਕੋਊ ਅੰਮ੍ਰਿਤ ਛਕੇ, ਉਹ ਮੇਰਾ ਸਰੂਪ ਹੈ, ਅਪਨਾ ਧਰਮ ਸੁਮੇਰੁ ਤੁਲ ਪਰਾਇਆ ਰਾਈ ਤੁਲ। ਸੰਸਾਰ ਸਾਗਰ ਤੇ ਗੁਰੂ ਤਰਾਵੈ। ਲੋਹ ਕੀ ਕਰਦ ਸੀਸ ਮੈਂ ਰਖੈ, ੧ ਸੁਰਮਈ ੨ ਸ੍ਵੇ, ੩ ਪੀਤ, ੪ ਹਰਤ ਬਸਤ੍ਰ ਧਾਰੇ। ਬਸਤ੍ਰ ਕਸੁੰਭੇ ਕੋ ਨ ਪਹਿਰਹਿ ਹੁਕਮਨਾਮੇ ਕੋ ਭੇਟ ਦੇ, ਗੋਲਕ ਰਖੈ, ਨਸਵਾਰ ਤਮਾਕੂ ਕੀ ਨ ਲੇਵਹਿ, ਦਹੀਂ ਦੂਧ ਘ੍ਰਿਤ ਸੇ ਇਸਨਾਨ ਕਰੈ, ਧੂਪ ਦੈਵੈ ਫੂਲ ਚੜ੍ਹਾਵਹਿ, ਧੂੜ ਨ ਪੜ੍ਹਨੇ ਦੇਇ, ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ, ਨਗਨ ਹੋਇ ਜੋ ਨ੍ਹਾਵਹਿ ਕੁੰਭੀ ਨਰਕ ਭੋਗੈ। ਕੇਸ ਮੇਂ ਤੇਲ ਨ ਲਾਇ, ਕਾਦਰਾ ਤਣੀ ਵਾਲਾ ਪਹਰੇ, ਜੋਗੀ ਕਾਨ ਪਾੜੇ ਵਾਲੇ ਕੇ ਹਾਥ ਕਾ ਜਲਾਦਿ ਪਾਨ ਨ ਕਰੇ, ਪਹਿਲੇ ਫਤੇ ਬੁਲਾਵੈ ਫਲ ਬੀਸ ਗੁਣਾ, ਪੀਛੇ ਬੁਲਾਵੇ ਦਸ ਗੁਣਾਂ। ਜਿਸ ਪੁਤ੍ਰ ਕੇ ਪਿਤਾ ਨੇ ਅੰਮ੍ਰਿਤ ਛਕਾਇਆ ਹੋ, ਤਿਸ ਕਾ ਕੀਯਾ ਪੁਤ੍ਰ ਕੋ ਪਰਾਪਤ ਹੋਤਾ ਹੈ। ਪੁਤ੍ਰ ਕੋ ਅੰਮ੍ਰਿਤ ਨ ਛਕਾਵੈ ਪਿਤਾ ਸਿੰਘ, ਤਿਸਕਾ ਕੀਯਾ ਕੁਛ ਨਹੀਂ ਲਗਦਾ ਪਰਲੋਕ ਮੇਂ। ਜੋ ਸਿੰਘ ਕਾ ਆਧਾ ਨਾਮ ਬੁਲਾਵੇ ਬੜਾ ਤਨਖਾਹੀਆ ਔਰ ਕਿਸੀ ਦੇ ਚਰਨ ਨੂੰ ਹੱਥ ਨ ਲਾਵੈ ਬਿਨਾ ਗੁਰੂ ਸਿਖੋਂ ਕੇ ਖਾਲਸੇ ਕੇ, ਭਾਈ ਬਰਾਬਰ ਸਿੰਘ ਕੋ ਸਮਝੇ, ਕੇਸੀ ਇਸਨਾਨ ਕਰਾਵੇ, ਬਸਤ੍ਰ ਪਹਿਰਾਵੇ ਸਿੰਘੋਂ ਕੇ ਚਰਨ ਕੋ ਛੁਆ ਕੇ ਜ਼ਰੂਰ ਗ੍ਰੰਥ ਜੀ ਕੌ ਛੁਵਾ ਕੇ ਬਸਤ੍ਰ ਪਹਿਰੈ। ਉਪਰਿ ਸੇ ਸਿਖ ਹੈ ਭੀਤਰ ਸੇ ਧ੍ਰੋਹ ਹੈ, ਸੋ ਨਰਕ ਬੀਚ ਜਾਇਗਾ। ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇ, ਸੋ ਨਰਕ ਮੇਂ ਪੜੇਗਾ। ਕੰਦੂਰੀ, ਸਰੀਣੀ, ਸਰਬਰ, ਸ਼ਕਰ, ਮਹਾਂਮਦਰਾ ਇਨ ਕਾ ਜੋ ਪ੍ਰਸਾਦ ਖਾਵੈ ਸੋ ਨਰਕ ਜਾਵੈ। ਖੰਡੇ ਕਾ ਅੰਮ੍ਰਿਤ ਛਕਿ ਤੁਰਕ ਦੁਆਰੇ ਸੀਸ ਨਿਵਾਵੈ, ਸੋ ਮਲੇਛ ਕਾ ਬੀਰਜ ਹੈ, ਜੋ ਧਾਗਾ ਗਲ ਪਾਵੈ, ਭਾਦਨੀ ਕੋ ਅੰਨ ਖਾਵੈ, ਦੇਵਲ ਪੱਥਰ ਪੂਜੈ, ਮਿਟੀ ਬੁਤ ਮਾਨੈ ਅਪਨਿਯੋਂ ਕੋ ਛੋਡ ਕੇ, ਸੋ ਤਨਖਾਹੀਆ।

ਜੂਆ ਖੇਲੈ ਮਦ ਪੀਵੈ ਸੋ ਨਰਕ ਮੇਂ ਜਾਵੈ।

ਦੋਹਰਾ

ਸਿਖ ਕੋ ਸਿਖ ਪੁਤ੍ਰੀ ਦਈ ਸੁਧਾ[1] ਸੁਧਾ ਮਿਲ ਜਾਇ
ਦਈ ਭਾਦਨੀ[2] ਕੋ ਸੁਤਾ 'ਅਹਿ'[3] ਮੁਖ ਅਮੀ[4] ਚੁਆਇ।੧।
ਬਿਨਾ ਸਿੰਘ, ਸਿੰਘ ਦੇ ਸੁਤਾ ਅਜਾ ਕਸਾਈ ਸਾਕ
ਜਮ ਕੰਕਰ ਸੋ ਸਿਖ ਹੈ ਜਨਮ ਹੋਤ ਸਤ ਕਾਕ[5]।੨।

---

੧. ਅੰਮ੍ਰਿਤ। ੨. ਮੋਨਾ। ੩. ਸੱਪ। ੪. ਅੰਮ੍ਰਿਤ। ੫. ਕਾਂ ਦਾ।

ਧੂਮ੍ਰਪਾਨ ਛੁਇ ਹਾਥ ਮੈਂ, ਨਾਸਿਕਾ ਕਣੀ ਲੇਤ।
ਮਰੈ ਨਰਕ ਭੋਗੈ ਬਿਕਟ, ਧਰਮ ਸ਼ਾਸਨਾ ਦੇਤ[੧]।੩।

ਲੋਕ ਪਰਲੋਕ ਦੋਵੇਂ ਤੇ ਗਯਾ, ਕਹੀਂ ਗਤੀ ਨ ਹੋਗੀ। ਪ੍ਰੀਤ ਸੋਂ ਸਿੰਘ ਕੋ ਦੇਗਾ ਸੋ ਮੇਰੇ ਕੋ ਮਿਲੇਗਾ। ਤੁਰਕ ਕਾ ਮਾਸ ਖਾਇ ਔ ਬੇਸਯਾ ਭੋਗੈ, ਸੋ ਦੋਨੋਂ ਨਰਕ ਕੋ ਜਾਇ। ਤੁਰਕੋਂ ਕੀ ਸੰਗਤ ਕਰੈ ਉਸ ਕੁਸੰਗਤ ਮੈਂ ਨ ਮੇਲ ਕਰੇ, ਅੰਤ ਕੋ ਵਹਿ ਨਰਕ ਮੈਂ ਜਾਇਗਾ। ਸਿੰਘ ਹੋਇ ਕਰਿ ਟੋਪੀ ਧਾਰੈਗਾ ਸੋ ਕੁਸ਼ਟੀ ਹੋਗਾ, ਸਿੰਘ ਕਾ ਮੁਖ ਨ ਫਿਟਕਾਰੈ, ਸਿਖਾਂ ਬਿਨਾਂ ਸੀਸ ਨ ਨਿਵਾਵੈ ਜਿਨ ਕੋ ਗੁਰੂ ਬਖਸ਼ੀਸ਼ ਕਰੀ ਹੈ ਤਿਨ ਕੋ ਮਾਨੈ, ਸਭ ਕਿਛ ਪ੍ਰਾਪਤ ਹੋ।

ਅਸਵਾਰਾ ਗੁਰੂ ਗ੍ਰੰਥ ਜੀ ਕਾ ਸੀਸ ਪਰ, ਜੇਤੇ ਕਰਮ ਲੇਕਰ ਜਾਵੈ, ਸੁਰਗ ਤੇਤੇ ਬਰਸ ਭੋਗੇ। ਤਿਥ, ਦਸਮੀ, ਪੰਚਮੀ ਆਦਿ ਬ੍ਰਿਥਾ ਹੈ। ਗੁਰੂ ਕੇ ਚੋਰ ਹੈਂ, ਲੰਗੋਟ ਧੋਤੀ ਧਵਲੀ ਕਟਿ ਬਾਂਧੇ ਔ ਕੇਸ ਨਗਨ ਰਖੈ, ਸੋ ਮਹਾਂ ਨਰਕ ਭੋਗੈ।

ਇਸਤ੍ਰੀ, ਪੁਤ੍ਰ, ਬਹਿਨ, ਮਾਤ, ਇਕਸੇ ਕਿਸੀ ਦੂਸਰੇ ਕੀ ਸੇ ਸਿਖ, ਸੰਗਤ ਕਰੇ, ਘੋਰ ਨਰਕ ਮੈਂ ਜਾਇ। ਗੁਰੂ ਕੀ ਜੋ ਨਿੰਦਾ ਕਰੇ ਤਾਂ ਕਾ ਸੀਸ ਕਾਟੇ, ਨਹੀਂ ਵਹਾਂ ਸੇ ਭਾਗੇ। ਜਹਾਂ ਗ੍ਰੰਥ ਜੀ ਹੈ, ਸੋਈ ਮੁਕਤੀ ਦ੍ਵਾਰਾ ਹੈ। ਕਾਨ ਨਾਕ ਨ ਕਟਾਨੇ ਦੇਇ। ਜੈਸਾ ਮਨ ਮਹਿ ਹੈ ਤੈਸਾ ਰਹੇ ਅਖੰਡ ਸੁਧ। ਬੇਦੀ, ਭੱਲਾ, ਸੋਢੀ ਬੰਸ ਰਹਤ ਰਹੇ ਤਿਹਿ ਪੂਜਾ ਕਰੇ ਧਰਮ ਤੇ ਮਾਨੋ ਰਹਤ ਹੈ ਦਰਸ਼ਨ ਕੀ, ਜੋਊ ਬਿਨਾਂ ਕੱਛ ਪਹਿਰੇ, ਜੋ ਪ੍ਰਸਾਦ ਛਕੇ ਸੋ ਬਿਸਟਾ ਤੁਲ ਹੈ। ਜੋਗੀ, ਜੈਨੀ, ਮੋਨੀ ਤੁਰਕਾਦਿਕ ਕਾ ਬਿਸਾਸ ਨਹੀਂ ਕਰਨਾ। ਬਿਨਾਂ ਗੁਰੂ ਕੀ ਬਾਨੀ ਕੇ ਔਰ ਬਾਨੀ ਪੜ੍ਹੇ, ਸੋ ਕੁੰਭੀ ਨਰਕ ਮੇਂ ਪੜੇ। ਖਟ ਦਰਸਨੀ ਮਤ ਨ ਧਾਰੇ। ਪਰਗਟ ਮੂਰਤਿ ਅਕਾਲ ਕੀ ਗੁਰੂ ਖਾਲਸਾ ਕੀ ਦੇਹ ਹੈ, ਐਸਾ ਮਾਨੈਗਾ, ਜਨਮ ਮਰਨ ਤਿਸਕਾ ਕਟਾ ਜਾਇਗਾ। ਤਿਲਕ ਧਰੇ, ਧਾਗਾ ਧਾਰੇ, ਕੰਠ ਮੇਂ ਮਾਲਾ ਕਾਠ ਕੀ ਪਹਿਰੇ, ਅਪਨੇ ਧਰਮ ਕੋ ਛੋਦੇਗਾ, ਘੋਰ ਨਰਕ ਮੇਂ ਪੜੇ।

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।

ਗੁਰੂ ਕੀ ਬਾਣੀ ਦਿਨ ਰਾਤ ਜਪੈ, ਸਿੰਘ ਕੀ ਟਹਿਲ ਕਰੇ, ਚਰਨ ਮਲੇ ਚਾਪੀ ਕਰੇ, ਮੁਕਤਿ ਪਦਾਰਥ ਪਾਇ। ਪਿਤਾ ਸਿੰਘ, ਪੁਤ੍ਰ ਕੋ ਪ੍ਰਬੋਧ ਨ ਕਰੇ ਸੋ ਫਿਟਕਾਰਿਆ ਹੈ। ਪੁਤ੍ਰ ਸਿੰਘ ਹੋ ਪਿਤਾ ਕੋ ਪ੍ਰਬੋਧ ਕਰੇ ਸੋ ਪੁਤ੍ਰ ਨਰਕ ਸੇ ਨਿਕਾਲੇ।

ਜੋ ਗੁਰੂ ਕੀ ਸਰਣ ਪੜੇ ਤਿਸਕੋ ਯਮ ਕਾ ਬਾਣ ਨ ਲਗੇਗਾ।

ਬਿਨਾ ਗੁਰਦੇਵ ਕੇ ਜੂਠਾ ਕਿਸੀ ਕਾ ਨ ਛਕੈ। ਪੰਜ ਸਿੰਘ ਮਿਲ ਕਰਕੇ ਇਕੱਠਾ ਬਿਬੇਕ ਕਰਨ, ਰਹਤ ਬਮੂਜਬ, ਤਬ ਤਨਖਾਹ ਕੋ ਲਾ ਕਰ ਦੋਖ ਕੋ ਟਾਰ ਸਕਤੇ ਹੈਂ। ਜਿਸ ਕੀ ਲੜਾਈ ਮੈਂ ਪੱਗ ਉਤਰੈ ਸੋ ਟਕਾ ਪੱਕਾ ਤਨਖਾਹ ਜੋ ਉਤਾਰੇ ਦੋ ਟਕੇ ਪੱਕੇ। ਜੋ ਕਰਮ ਧਰਮ ਕਰਾਇ ਗਲ ਮੈ ਧਾਗਾ ਪਹਿਰੈ ੧।) ਸਵਾ ਰੁਪਯਾ ਤਨਖਾਹ ਦੇਵੈ। ਸਿੰਘ ਪ੍ਰਿਥਮੇਂ ਔਰ ਦੂਆ ਰੇਜਾਇ ਜਗਨਾਥਾਦਿਕ ਪਿਛੇ ਅਬਚਲ ਨਗਰਾਦਿ ਜਾਵੈ। ਉਥੇ

---

੧. ਧਰਮਰਾਜ ਤਾੜਦਾ ਹੈ।

ਪਚੀਸ ਰੁਪਏ ਤਨਖਾਹ ਲਗਾਵੇ ਜੋ ਤਖਤ ਜੀ ਮੈਂ ਅਮ੍ਰਿਤ ਛਕੇ ਔਰ ਸਵਾ ਰੁਪਯਾ ਦੇਵੈ। ਦਰਬਾਰ ਸਾਹਿਬ ਜੀ ਜਾ ਕੇ ਸਿਖਾਂ ਨੂੰ ਪੁਛਕੈ ਅਰਦਾਸ ਬਿਨਾ ਦੇ ਜਾਇ ਤਾਂ ਬਡਾ ਤਨਖਾਹੀਆ ਹੈ ਸੋ ਗੁਰੂ ਬਖਸ਼ੇ। ਲਖ ਹਜ਼ਾਰ ਦੋ ਸੌ ਵਾ ਮੋਹਰ ਵਾ ਸਵਾ ਪਚੀਸ ਕਦਰ ਮੂਜਬ ਤਨਖਾਹ ਲਾਏ। ਪੁਨਾ ਅੰਮ੍ਰਿਤ ਛਕੇ ਜੂਏ, ਚੋਰੀ, ਮਦਰਾ ਕੀ ਭੀ ਪੰਜੀ ਤਨਖਾਹ ਕਹੀ ਹੈ। ਜੇ ਬਾਲਕ ਭੋਗੇ ੧।) ਰੁਪਯਾ। ਜੇਕਰ ਯਵਨੀ ਯਾ ਬਾਮਨੀ ਭੋਗੇ ਪੱਕਾ ਤਨਖਾਹੀਆ, ਕੁਲਪੁਤ੍ਰੀ, ਬਹਿਨ ਆਦਿਕ ਭੋਗੇ ਸੋ ਤਨਖਾਹੀ ਨ ਬਖਸ਼ੀਏ। ਅੰਮ੍ਰਿਤਸਰ ਆਦਿਕ ਸਭ ਤੀਰਥੋਂ ਮੈਂ ਇਸਨਾਨ ਕਰਾਕੇ ਸਵਾ ਰੁਪਯਾ ਤਨਖਾਹ।

ਜੋ ਸਿਖ ਅੰਮ੍ਰਿਤਸਰ ਨਹੀਂ ਇਸਨਾਨ ਕੀਆ, ਸੋ ਅਪਵਿਤ੍ਰ ਹੈ ਕੋਰੇ ਬਸਤ੍ਰ ਕੀ ਨਯਾਈਂ। ਸ੍ਰੀ ਅਨੰਦਪੁਰ ਦਰਸ਼ਨ ਬਿਨਾ ਕੇਸ ਗੜ੍ਹ ਜੀ ਕੇ ਦਰਸ਼ਨ ਬਿਨਾ, ਸਿਖੀ ਨਹੀਂ ਪ੍ਰਾਪਤ ਹੋਤੀ। ਜੇਕਰ ਕੱਛ ਬਿਨਾ ਇਸ਼ਨਾਨ ਕਰੇ ਪੱਗ ਬੜੀ ਨਾ ਬਾਂਧੇ, ਸੀਸ ਕੇਸ ਨੰਗੇ ਰਹੈ ਤੋ ਉਸ ਕੋ ੧।) ਸਵਾ ਰੁਪਯਾ ਤਨਖਾਹ। ਜੋ ਕੱਛ ਬਿਨਾ ਮ੍ਰਿਤ ਹੋਵੇ ਤੋ ਅਗਤੀ ਜਾਵੇ ਕਿਉਂਕਿ ਸਿੰਘ ਕੋ ਕਹਾ ਹੈ—ਏਕ ਪਾਉਂਚਾ ਨਿਚੋੜ ਕੇ ਏਕ ਪਾਵੈ।

ਜੋ ਤੁਰਕ ਸੇ ਮਾਸ ਲੈਇਕੇ ਖਾਵੇ ਸੋ ਬੜਾ ਤਨਖਾਹੀਆ।

ਜੋ ਕੱਛ ਬੜੀ ਗੋਡੇ ਢਾਂਪੇ ਰਖੇ ਸੋ ਬੜਾ ਤਨਖਾਹੀਆ।

ਜੋ ਧੂਮ੍ਰਪਾਨ ਕਰੇ ਤਾਂ ਪਚੀਸ ਰੁਪਏ ਤੇ ਸਰੋਤਰ (ਸਲੋਤਰ, ਸੋਟਾ) ਪਚਾਸ ਮਾਰੇ ਪੁਨਾ ਅੰਮ੍ਰਿਤ ਛਕਾਵੇ ਤੋ ਸੁਧ ਹੋ।

ਜੋ ਕੇਸਾਂ ਦੀ ਬੇਅਦਬੀ ਹੋ ਤਾਂ ਤਨਖਾਹ ਪ੍ਰਾਣਾਂਤ ਹੈ। ਜੇ ਗੁਰੂ ਜੀ ਬਹੁਤ ਕ੍ਰਿਪਾ ਕਰੇ ਖਾਲਸਾ ਬਖਸ਼ੇ। ਸੌ ਯਾ ਪਚਾਸ ਡੰਡੇ ਮਾਰੇ ਪੂਰਬੋਕਤ, ਅੰਮ੍ਰਿਤ ਛਕਾਵੇ ਰਹਿਤਨਾਮੇ ਸੁਨਾਵੈ। ਔਰ ਜਪੁਜੀ ਕੇ ਚਾਲੀ ਦਿਨ ਅਨਗਨਤ ਪਾਠ ਕਰਾਵੈ, ਜਿਨ੍ਹੋਂ ਅਪਕਰਮ—ਬੇਸਵਾ, ਮਦਰਾ, ਤੁਰਕ ਕਾ ਮਾਸ, ਜੂਆ ਕੀਆ ਹੈ ਸੋ ਤੋਂ ਅੰਤ ਕਾਲ ਮੈਂ ਅਤਿ ਦੁਖ ਪਾਵਤੇ ਹੈਂ, ਪ੍ਰਾਣ ਨਹੀਂ ਨਿਕਲਤੇ ਤੋ ਤਿਨ ਕੋ ਅੰਤ ਕਾਲ ਮੈਂ ਅੰਮ੍ਰਿਤ ਛਕਾਵੇ। ਜਨਮ ਬਿਵਾਹ ਮਰਨ ਅੰਤ ਕਰਮ ਮੇਂ ਸਵਾ ਰੁਪਯਾ ਤਨਖਾਹ ਹੈ। ਗੁਰੂ ਗ੍ਰੰਥ ਸਾਹਿਬ ਜੀ ਕਾ ਪਾਠ ਕਰਾਇ ਤਿਲਕ ਲਗਾਵੇ, ਮੜ੍ਹੀ ਗੋਰ ਕੋ ਸੀਸ ਨਿਵਾਵੇ ਪੱਕਾ ਟਕਾ ਤਨਖਾਹ। ਭੋਜਨਾਦਿ ਮੁੰਡਿਤ ਨਾਲ ਛਕੇ ਤਨਖਾਹੀਆ। ਭਾਦਨੀ ਕੁੜੀਮਾਰ ਧੀਰਮੱਲੀਆ ਮਸੰਦ, ਰਾਮਰਾਈਆ ਗੇਰੂ ਰੰਗੇ ਕਸੁੰਭਾ ਕੇ ਰੰਗ ਸੇ ਬਰਤਨ ਕਰੇ ਸਵਾ ਰੁਪਯਾ ਤਨਖਾਹ। ਰੋਮ ਸਰੀਰ ਸੇ ਕਛੂ ਨ ਛੇਦੇ, ਨਖ ਕਟਾਇ ਕਿਉਂ ਕਿ ਪ੍ਰਸਾਦ ਮੈਂ ਮੈਲ ਨ ਪੜੇ। ਹਾਥ, ਪਾਂਵ ਧੋਇ ਸੁਧਿ ਸਥਾਨ ਮੈਂ ਬੈਠੇ ਪ੍ਰਸਾਦ ਕਰੇ, ਲੱਕੜੀ ਸੋਂ ਕਰੇ ਮਿਟੀ ਕਾ ਚੌਕਾਂ ਦੇਇ। ਵਾਹਗੁਰੂ ਮੰਤ੍ਰ ਪੜ੍ਹਤਾ ਰਹੈ, ਕੋਰਾ ਕੁੰਭ ਜਲ ਭਰ ਕਹ ਅੰਦਰ ਰਖੇ, ਪੰਚ ਸਿੰਘ ਬੈਠ ਕਰ ਸ਼ਬਦ ਉਚਾਰਨ ਕਰਨ, ਅਰਦਾਸ ਕਰੇ ਸਤਿਨਾਮ ਆਦਿ ਮੰਤਰ। ਅੰਤ 'ਕਾਮ ਕ੍ਰੋਧ ਆਦਿ ਅਹੰਮੇਵ' ਪੜ੍ਹੇ ਅਰਦਾਸ ਕਰਿ ਜਲ ਨੇਤ੍ਰੋਂ ਮੇਂ ਫੇਰੇ, ਚੁਲਾ ਕਰੇ, ਤਯਾਰ ਕਰ ਬਰਤਾਵੇ ਪ੍ਰਿਥਮੇ ਸ੍ਰੀ ਗੁਰੂ ਜੀ ਕੋ ਰਾਖੇ ਪੁਨਾ ਪੰਜ ਭੁਜੰਗੀਆਂ ਕੋ, ਪੁਨਾ ਸਿੰਘੋਂ ਕੋ ਛਕਾਵੇ, ਕੜਾਹ ਗੁੜ ਕਾ ਨ ਕਰੇ। ਐਸੇ ਗੁੜ ਬਰਤਾਇ ਦੇ। ਏਕ ਸਾ ਦੇਵੇ ਲੋਕ ਪਰਲੋਕ ਕੇ ਭੈ ਤੇ ਛੂਟੇ।

## ਪ੍ਰਸਾਦ ਛਕਾਨੇ ਕੀ ਬਿਧੀ

ਪ੍ਰਿਥਮ ਸਿੱਖਾਂ ਕੋ ਕੇਸੀ ਇਸਨਾਨ ਕਰਾਵੇ, ਰਾਤ੍ਰੀ ਬਤੀ ਜਾਇਕੈ ਕਹੈ:

ਪ੍ਰਾਤਹ ਹਮਾਰੇ ਪ੍ਰਸਾਦ ਛਕਨਾ। ਪੁਨਾ ਆ ਕੇ ਪੂਰਬੋਕਤ ਮਿਟੀ ਕਾ ਚੌਂਕ ਦੇਵੇ, ਧਰਤੀ ਮੇਂ ਬਿਧਿ ਵਤ ਕੜਾਹ ਕਰੇਂ ਭੂਰਿਓ ਕੀ ਤਾਣੀ ਬਿਛਾਵੇ ਫੇਰ ਸਿਖਾਂ ਸਰਬਤ੍ਰ ਕੋ ਇਸਨਾਨ ਕਰਾਵੇ। ਪੁਨਾ ਉਨ ਕੇ ਚਰਨ ਹਾਥ ਧੁਵਾ ਕਰ ਆਸਨ ਪਰ ਏਕ ਛੋਰ ਚਾਰ ਬਰਨ ਸਿੰਘੋਂ ਕੋ ਬੈਠਾਇ ਦੇ, ਸ਼ਬਦ ਉਚਾਰਨ ਕਰੇ, ਮੋਢੇ ਪੈ ਸਾਫੇ ਰਖਕੇ, ਫਿਰ ਉਨ ਕੇ ਹਾਥ ਧੁਵਾਇ, ਚੁਲਾ ਕਰਾਵੇ। ਅਰਦਾਸ ਕਰਾਵ ਖੜਾ ਹੋ ਕੇ ਜਬ ਪ੍ਰਸਾਦ ਬਰਤਾਵੇ ਤਬ ਪਹਿਲੇ ਕੜਾਹ ਪ੍ਰਸਾਦ ਬਰਤਾਵਨਾ। ਨ ਹੋਵੇ ਤਾਂ ਗੁੜ ਕਾ ਯਾ ਪਤਾਸੇ ਕਾ ਬਰਤਾਵੇ, ਸ਼ੱਕਰ ਕਾ ਨ ਬਰਤਾਵੇ। ਜਪ ਭਜਨ ਕਰਨਾ ਹੋਇ ਤੋ ਗ੍ਰੰਥ ਜੀ ਕੀ ਬਾਨੀ ਕਾ ਕਰੇ, ਜੋ ਕਥਾ ਬਾਰਤਾ ਕਰਨੀ ਹੋਇ ਤੋਂ ਦਸਵੀਂ ਪਾਤਸਾਹੀ ਜੀ ਕੀ ਕਰੇ।

ਏਕ ਸਿਖ ਨੇ ਦਹੀਂ ਰਾਖਾ ਥਾ ਕੇਸੀਂ ਇਸਨਾਨ ਲੀਏ ਕਾਕ ਨੇ ਚੁੰਚ ਮਾਰਾ। ਤਬ ਸਿੰਘ ਗੁਰੋਂ ਪਾਸ ਆਇਆ ਕਹਾ 'ਮਹਾਰਾਜ! ਦਹੀਂ ਖਰਾਬ ਹੋਇ ਗਯਾ ਹੈ।' ਸਾਹਬੋਂ ਕਹਾ, 'ਮੈਂ ਜਾਨਤਾ ਥਾ ਕਿਸੀ ਹੁੱਕੇ ਫੂਕਣੇ ਵਾਲੇ ਕਾ ਹਾਥ ਲਗਾ ਹੈ, ਇਸ ਤੇ ਬਚਾ ਕਰਾ ਦੀਆ।'

ਪੰਥ ਖਤ੍ਰੀ ਸੰਨਿਆਸਧਾਰੀਆਂ ਕਾ ਸ੍ਰੀ ਸਾਹਬ ਕਾ ਜਨੇਊ ਗਲ ਸਜਾਇ ਦੀਆ ਅਗੇ ਬਚਨ ਕੀਆ ਜੁ ਗਲ ਮੈਂ ਪਾਵੇਗਾ ਤਾਗਾ ਪਾਹੁਲੀਆ ਸਿੰਘ ਤਿਸਕੋ ਜਨਮ ਜਨਮ ਕੁੰਭੀ ਨਰਕ ਮੇਂ ਪਾਵਾਂਗਾ। ਕੱਛ ਬਿਨਾ ਨ ਰਹੈ, ਕਰਦ ਕੜਾ ਛਾਪ ਰਖੇ ਜੋ ਸਿਖ ਕੁਰਹਿਤ ਰਹੈ ਤੋ ਵਹ ਪ੍ਰਾਣਾਂਤ ਦੁਖੀ ਹੋਇ। ਸਿਖ ਮ੍ਰਿਤ ਹੋਇ ਤੋ ਕੱਛ ਪਹਿਰਾ ਕਰ ਇਸਨਾਨ ਕਰਾ ਕਰ ਦਸਤਾਰ ਸਜਾ ਕਰ ਉਸ ਸਮੇਂ ਜਪੁਜੀ ਪੜ੍ਹਤਾ ਰਹੈ। ਮਾਰੂ ਮਹਲਾ ੫—'ਖੁਲਿਆ ਕਰਮ ਕ੍ਰਿਪਾ ਭਾਈ ਠਾਕੁਰ ਕੀਰਤਨ ਹਰਿ ਹਰਿ ਗਾਈ—।' ਕੜਾਹ ਪ੍ਰਸਾਦ ਕਰਕੇ ਸਿਖਾਂ ਨੂੰ ਛਕਾਇ। ਸ਼ਸਤ੍ਰ ਬਿਨਾ ਖਤ੍ਰੀ ਬੁਰਾ ਪੜ੍ਹੇ ਬਿਨਾਂ ਬ੍ਰਾਹਮਣ ਬੁਰਾ, ਸੂਦ੍ਰ ਪੜ੍ਹਿਆ ਬੁਰਾ, ਤਯਾਗੀ ਨਾਰ ਗ੍ਰਹਣ ਕਰਨੀ ਬੁਰੀ, ਬਾਲ ਮਿਤ੍ਰ ਨ ਕਰੇ, ਜੁਧ ਮੇਂ ਮਨ ਨ ਡੁਲਾਵੇ, ਅੰਨ ਕਾ ਬਪਾਰ ਨ ਕਰੇ, ਬਹੁ ਝਗੜਾ ਨ ਕਰੇ, ਅਪਨੀ ਰਹਿਤ ਨ ਛਾਡੇ, ਖਤ੍ਰੀ ਘੋੜੀ ਨ ਚੜ੍ਹੈ, ਬਾਮਣ ਬੈਲ ਨ ਚੜੇ, ਰਹਿਤਵਾਨ ਦੇਖਕੈ ਪੁਤ੍ਰੀ ਦੇਵੈ, ਇਸਤ੍ਰੀਓਂ ਕਾ ਸੀਸ ਜੂੜੇ ਵਤ ਕਰਾਵੈ, ਲੰਬਾ ਨ ਕਰਾਵੈ। ਤਰਪਨ, ਸੰਧਯਾ, ਕੰਨਯਾ ਧਨ, ਗ੍ਰਹਿ, ਦੇਵਪੂਜਾ, ਪਖਾਣ ਪੂਜਾ, ਜੋ ਖਾਵੈ ਸੋ ਨਰਕ ਜਾਵੇ। ਝੂਠੀ ਚੁਗਲੀ ਕਰੇ ਮੇਰਾ ਸਿਖ ਨਹੀਂ, ਮੁਸਲਮਾਨ ਹਿੰਦੂ ਕੀ ਆਣ ਮੇਟ ਇਕਾਦਸੀ ਆਦਿਕ ਬ੍ਰਤ ਨ ਧਾਰੈ, ਸ਼ਸਤਰ ਧਾਰ ਕੇ ਪਰਸ਼ਾਦ ਛਕਣਾ—ਇਹ ਖਤਰੀਆਂ ਕਾ ਧਰਮ ਹੈ।

ਹਮਾਰੇ ਕੋ ਭੇਖ ਬਰਣ ਪਿਆਰਾ ਨਹੀਂ, ਰਹਣੀ ਪਿਆਰੀ ਹੈ। ਵਾਹਿਗੁਰੂ ਜੇ ਮੁਕਤ ਹੋਇ ਚਰਨ ਪਾਹੁਲੀਆ, ਪੁਤਰੀ ਦੇ ਪਾਹੁਲੀਏ ਕੋ, ਖੰਡੀਏ ਕੋ। ਖੰਡੇਪਾਹੁਲੀਆ, ਚਰਨ ਪਾਹੁਲੀਆ, ਕੁੱਠਾ ਔਰ ਸੂਰ ਪਾਲਿਆ ਨ ਖਾਇ, ਖੋਤੇ ਆਦਿ ਨ ਛੁਵੇ। ਸੁਰਮਾ ਦਿਨੇ ਨਾ ਪਾਵੈ, ਨੰਗਾ ਰਾਤੀਂ ਨ ਸੋਵੈ, ਅੱਧਾ ਨਾਮ ਸਿਖ ਕਾ ਲੇਇ ਸੋ ਤਨਖਾਹੀਆ।

ਜਿਸ ਜਲ ਮੈਂ ਹਾਥ ਪਵੈ ਸੋ ਨ ਪੀਵੈ, ਅਨੰਦ ਬਿਨਾ ਬਿਆਹ ਨ ਕਰੇ, ਸਾਂਝ ਪ੍ਰਾਤ ਨਾ ਭੋਗੇ, ਖੁਲ੍ਹੇ ਕੇਸੀਂ ਭੋਜਨ ਨ ਕਰੈ, ਮੂਏ ਸਿਖ ਰੋਵੈ ਨਾਹੀ, ਤੁਰਤਾ ਨ ਖਾਇ, ਜਿਸ ਖੇਤੀ ਮੈਂ ਤਮਾਕੂ ਉਗੇ ਸੋ ਭ੍ਰਸ਼ਟ ਹੈ। ਜੇ ਤਮਾਕੂ ਛੁਵੈ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਕਰੈ ਜੋ ਚੱਬ ਖਾਇ ਤੋ ਜਪ ਤਪ ਸਭ ਨਸ਼ਟ ਹੋਇ, ਨਿਜ ਗੋਡੇ ਮੈਂ ਪਗੜੀ ਨ ਰਖੈ, ਬਿਨਾ ਬੋਲਾਇ ਬੋਲੈ ਨਹੀਂ, ਰਣ ਮੈਂ ਸ਼ਤਰੂ ਕੇ ਸਾਮ੍ਹਨੇ ਹੰਕਾਰ ਕਰੇ, ਰਿਤਆਈ ਇਸਤ੍ਰੀ ਸੋਂ ਸੰਗ ਨ ਕਰੇ, ਘੋੜੇ ਸ਼ਸਤ੍ਰ ਕੀ ਖਬਰ ਰਖੈ, ਤੁਰਕ ਪਹਾੜੀਏ ਸੋ ਮਿਤ੍ਰਾਈ ਨ ਕਰੇ, ਲੋਭ ਕਰ ਖਾਇ ਔਰ ਪ੍ਰਸ਼ਾਦ ਕੋ ਨਿੰਦੈ ਸੋ ਨਰਕ ਜਾਵੈ। ਸਿਖ ਭੁੱਖੇ ਕੋ ਛਕਾਵੈ ਸੋ ਜੱਗ ਤੁਲ ਹੈ। ਦਮਦਮਾ ਗੁਰੂ ਜੀ ਕੀ ਕਾਂਸ਼ੀ ਹੈ ਸਿੰਘ ਹਿੰਦੂ ਕੋ ਛਕਾਵੈ ਸੋ ਜੱਗ ਤੁੱਲ ਹੈ।

ਤੁਰਕ ਬੈਰੀ ਹੈਂ ਮਾਰਨੇ ਖੰਡੇ ਸਾਥ, ਸਿਦਕ ਸਬ ਕਿਛੁ ਦੇਵੈ, ਗ੍ਰਿਸਥੀ ਬਹੁਤੇ ਖਾਲਸੇ ਘਰ ਸੁਧ, ਬਿਹੰਗਮ ਏਕਲ ਸੁਧ, ਖੰਡੇ ਕੇ ਪਾਹੁਲ ਬਿਨਾ ਕੇਸ ਰਾਖੈ, ਸੋ ਭੇਖੀ। ਬਾਣੀ ਗੁਰਮੁਖੀ ਪੜ੍ਹੇ, ਅਰਬੀ ਫ਼ਾਰਸੀ ਨ ਪੜ੍ਹੇ, ਸਿੰਘ ਹੋਕਰ ਸ਼ਾਸਤ੍ਰੀ ਨ ਪੜ੍ਹੇ। ਕਿਉਂਕਿ ਬਾਮਣੋਂ ਕੇ ਪਖਜ ਮੇਂ ਤਤਪਰ ਹੋ ਜਾਇ ਛੂਛਾ ਮੈਂ ਗੁਰੂ ਕੀ ਬਾਣੀ ਛੁਟ ਜਾਇਗੀ। ਜੋ ਸਿੰਘ ਹੋ ਕੇ ਪਹਿਲੇ ਪੜ੍ਹਾ ਹੈ ਉਸ ਕੀ ਤੋ ਸੁਫਲ ਹੁਈ। ਉਹ ਸ਼ਾਸਤ੍ਰੀ ਪੜ੍ਹ ਕਰ ਫਿਰ ਖਾਲਸੇ ਮੇਂ ਆਇਆ, ਅੰਮ੍ਰਿਤ ਖੰਡੇ ਕਾ ਜਿਨ ਛਕਾ ਹੈ, ਸੋ ਬਾਮ੍ਹਣ, ਸਰਵਗੀ, ਫਕੀਰੀਂ ਇਨ ਸੇ ਨ ਮਿਲੈ, ਬਾਮ੍ਹਣ ਕੇਸ ਪਾਹੁਲ ਬਿਨਾ ਹੋਇ ਤਿਸ ਕੇ ਹਾਥ ਕਾ ਨ ਖਾਇ, ਧਨ ਨ ਦੇਇ, ਜੋ ਰਿਖੀ ਸਦ੍ਰਿਸ਼ ਹੋਇ ਜਟਾਧਾਰੀ ਤਮਾਕੂ ਤਿਆਗੀ ਤਿਸ ਕੇ ਚਰਨ ਪੂਜੇ। ਤਹਾਂ ਕਹਾਂ ਕਾ ਭੋਜਨ ਨ ਖਾਇ, ਧਨ ਨ ਦੇਇ ਜੋ, ਜੋ ਪਰਨਾਰੀ ਭੋਗੇ, ਫ਼ਾਰਸੀ ਪੜ੍ਹੇ, ਨ ਮੈਂ ਉਹਦਾ, ਨ ਵਹ ਮੇਰਾ, ਉਸ ਸਿਖ ਕੇ ਹਾਥ ਕਾ ਜਲ ਨ ਪੀਵੈ। ਪਾਰਸੀ ਪੜ੍ਹੇ ਕਾ ਬਿਸਾਹ ਨਾ ਕਰੈ, ਅੰਨ ਉਸ ਕਾ ਨ ਖਾਵੈ, ਜੋ ਸਰਾਧ ਬਿਵਾਹ ਬ੍ਰਾਹਮਨ ਥੀਂ ਕਰਾਵੈ। ਗੁਰੂ ਕੀ ਰੀਤਿ ਨ ਕਰੇ ਸੋ ਤਨਖਾਹੀਆ। ਜੋ ਪਾਰਸੀ ਪੜ੍ਹੇ ਤਨਖਾਹੀਆ ਹੈ। ਸ਼ੰਕਰ, ਦੱਤ, ਰਾਮਾਨੁਜ, ਗੋਰਖ, ਮੁਹੰਮਦ ਇਨ ਕੋ ਪੂਜੇ, ਨਰਕ ਘੋਰ ਮੈਂ ਪਵੈਂਗੇ। ਬਾਣੀ ਸੁੱਧ ਪੜ੍ਹੇ, ਅੱਠੀਂ ਦਿਨੀ ਬਾਣੀ ਪੜ੍ਹ ਲਏ, ਸੋਧ ਲਏ। ਜੇ ਮੁਕਤਸਰ ਨ੍ਹਾਵੈ, ਤੋ ਮੁਕਤ ਹੋ। ਮੁਸਲਮਾਨ ਮੜ੍ਹਏ ਆਖੀਅਨਿ, ਇਨ ਕਾ ਬਿਸ੍ਵਾਸ ਨ ਕਰੇ। ਸਿਖੀ ਭੀ ਪੰਜ ਤਰ੍ਹਾਂ ਕੀ ਹੈ—ਇਕ ਧੰਦੇ ਕੀ, ਦੂਜੀ ਦੇਖਾਦੇਖੀ, ਜੋ ਬਹੁਤ ਕਰਨ ਸੋ ਕਰਨਾ, ਤੀਜੀ ਹਿਰਸੀ ਜੋ ਪਦਾਰਥ ਵਾਸਤੇ—ਚੌਥੀ ਸਿਦਕੀ, ਪੰਜਵੀਂ ਭਾਵ ਕੀ।

ਸ੍ਰੀ ਸਤਿਗੁਰੂ ਵਾਚ

ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਧਹਿਰਾਇ
ਜਪੇ ਜਾਪੁ ਗੁਰਬਰ ਅਕਾਲ, ਸਰਬਲੋਹ ਪਹਿਰਾਇ।੧।
ਸਰਬ ਲੋਹ ਚਕ੍ਰ ਕਰਦ.......ਛੱਲਾਦਿ,
ਬੀਧੇ ਕਾਨ ਨਾ ਨਾਕ ਕੋ, ਸਤਿਗੁਰ ਕੀ ਮ੍ਰਿਜਾਦ।
ਪੰਜ ਸ਼ਸਤ੍ਰ ਧਰ ਦੇਹ ਪੈ, ਕ੍ਰਿਪਾਣ ਗਾੜ੍ਹੇ ਰਾਖ
ਕਰਦ ਭੇਟ ਬਿਨ ਪਾਨ ਨਹਿ, ਅਕਾਲ ਭਾਵ ਸਤ ਭਾਖ।
ਸੁਰਮਾਦਿਕ ਸ਼ਿੰਗਾਰ ਨਹਿੰ, ਨਹਿੰ ਪਰ ਤਰੁਨੀ ਸੰਗਿ

ਯਥਾਰਥ ਇਸਤ੍ਰੀ ਤਯਾਗ ਨਹਿੰ, ਗੁਰਕੋ ਧਯਾਨ ਅਭੰਗ।
ਪਾਤ੍ਰ ਸਰਬ ਸੁਲੋਹ ਕੇ, ਭੁਗਤੇ ਅਸਨ ਸੁਆਦਿ
ਲੱਕੜੀ ਕੋ ਭੋਜਨ ਭਖੇ, ਨੀਲ ਬਸਤ੍ਰ ਮਿਰਜਾਦ।
ਕੱਛ ਸ੍ਵੇਤ ਔਰ ਨੀਲ ਪਟ, ਜਪੁ ਅਰੁ ਜਾਪੁ ਉਚਾਰ
ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰਿ।
ਰੋਮ ਬਸੰ ਤਨ ਮੈਂ ਕ੍ਰਿਯਾ ਪਿੰਡ ਕਰਮ ਕੋ ਤਯਾਗ
ਗੁਰੂ ਗ੍ਰੰਥ ਮੈਂ ਪ੍ਰੀਤਿ ਕਰ, ਪੰਚ ਜਨਨ ਤੇ ਭਾਗ।
ਮੜ੍ਹੀ ਦੇਵ ਗੋਰਲ ਤਜੈ ਔਰ ਨ ਪੰਥ ਪੁਜਵਾਇ ........।
ਕਰੇ ਕੇਸ ਕੋ ਕਲਪ ਨਾ, ਕਾਮ ਕ੍ਰੋਧ ਦੈ ਤਯਾਗ
ਜੁਧ ਕਰੇ ਤ ਸੋਨਹਾਰ, ਦੀਨ ਪ੍ਰਤਗਿਯਾ ਲਾਗ।
ਕੱਛ ਅਢਾਈ ਗਜ ਮਾਨ, ਸਾਫਾ ਭੀ ਤੁਲ ਤਾਸ
ਤੀਨ ਕਾਲ ਮੇਂ ਨਾਮ ਜਪੁ, ਜਨਮ ਮਰਨ ਕਟ ਫਾਸਿ।
ਊਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁਜਾਨ
ਕਰਮ ਅਕਾਲੀ ਸਮ ਕਰੇ, ਸੁਨਹੁ ਸਿਖ ਧਰ ਕਾਨ।
ਸ਼ਸਤ੍ਰ ਤਨ ਮੈਂ ਧਾਰੇ, ਬਿਨਾ ਮਯਾਨ ਤੇ ਤੇਗ ਹਾਥ ਮੈਂ ਰਾਖੈ
ਭੇਸ ਸ਼ਤਰੂ ਕਾਰਨ ਕਰੇ ਮਰਨ ਜਨਮ ਕਾ ਭੈ ਨ ਹੋਇ।
ਕ੍ਰਿਪਾਨ ਸੀਸ ਪੈ ਰਾਖ ਕੈ, ਬੁੰਗਾ ਊਚਾ ਧਾਰ
ਧਰੀ ਸੁ ਕਲਗੀ ਪੰਥ ਸਿਰ ਸਤਿਗੁਰ ਹੋਇ ਦਯਾਰ।
ਲੋਹ ਪਾਤ੍ਰ ਮੈਂ ਛਕੈ, ਨੀਲ ਪੀਤ ਧਾਰੇ ਬਸਤ੍ਰ
ਭੂਸ਼ਨ ਲੋਹ ਕੇ ਧਾਰੇ, ਕੋਟਿ ਗੰਗਾ ਸਮ ਅੰਮ੍ਰਿਤਸਰ ਸਮਝੇ
ਫੌਜ, ਮੁਸੱਦੀਂ, ਵਜ਼ੀਰ, ਦੀਵਾਨ ਸਭ ਖਾਲਸਾ ਰਖਣੇ, ਧਰਮ ਬਢੈਗਾ।
ਭੇਟ ਕਰਦ ਬਿਨ ਨਹਿ ਭਖੈ, ਤਯਾਗੀ ਨਾ ਗ੍ਰਹਨਾਇ
ਬਿਨ ਬਿਵਾਹੀ ਨ ਸੇਜ ਰਮ, ਤਿਸ ਸਦ ਧਰਮ ਸਹਾਇ।
ਫੂਕ ਨ ਬੂਈਏ ਦੀਨ ਕੌ, ਗੁਰ ਸੋ ਕਪਟ ਨ ਕੀਨ
ਅਗਨਿ ਨਾ ਬੁਝਈ ਜੂਠ ਜਲ, ਤੋ ਸੁਖ ਜਗ ਮੈਂ ਲੀਨ।
ਵੈਸਾਖੀ ਦੀਪਮਾਲਾ ਅੰਮ੍ਰਿਤਸਰ ਕਰੇ, ਹੋਲਾ ਅਨੰਦਪੁਰ ਕਰੇ,
ਅਬਚਲ ਨਗਰ ਜਾਇ ਕੁਲ ਸੰਬੂਹ ਤਰੇ।
ਰਹਿਤ ਰਹਤ ਸਮ ਸਿਖ ਜੋ, ਸੋ ਮੋਰੋ ਰੂਪਾਇ
ਵਾ ਮੈ ਮੋ ਮੈਂ ਭੇਦ ਨਹਿ, ਮਮ ਸਰੂਪ ਹੁਇ ਜਾਇ।

## ਅਬ ਬਿਹੰਗਮ ਕੇ ਲੱਖਨ

ਜਗਤ ਮੇਂ ਮਾਯਾ ਕਾ ਸੰਗ ਤਯਾਗ ਕਰਿ ਰਹੈ, ਇਸਤ੍ਰੀ ਕੋ ਦੇਖਤ ਭਾਗੇ, ਧਨ ਕੇ ਹੇਤ ਨ ਲਾਗੇ, ਸਵਾ ਗਜ਼ ਕੀ ਕੱਛ ਰਾਖੇ, ਏਕ ਸਰਬਲੋਹ ਕੀ ਗੜਵੀ ਰਖੈ, ਏਕਾਕੀ ਬਿਚਰੇ, ਧਾਤੂ ਕੋ ਸਪਰਸ਼ ਨ ਕਰੇ, ਸ਼ਹਰ ਮੈਂ ਨਾ ਰਹੈ, ਅਸਵਾਰੀ ਪੈ ਨ

ਚੜ੍ਹੈ, ਔਰ ਗੁਰਦੁਆਰੇ ਮੇਂ ਫਿਰਤਾ ਰਹੈ। ਭੱਲਾ, ਬੇਦੀ, ਤ੍ਰੇਹਨ, ਉਦਾਸੀ, ਸੋਢੀ ਇਨ ਕੋ ਨਿੰਦੇ ਨਾਹੀ, ਮਦਰਾ ਮਾਸ ਕੋ ਛੁਏ ਨਾਹੀ, ਪ੍ਰਿਥਮੈਂ ਤੋਂ ਬੈਰਾਗ ਕਰੇ, ਖਾਣਾ ਪੀਣਾ ਹੱਸਣਾ ਛੋਡੇ, ਸ੍ਵਾਦ ਅਸ੍ਵਾਦ ਸਭ ਛੋਡੇ, ਜੋ ਕਰਮ ਤੀਨ ਕਾਲ ਮੇਂ ਕਹੇ ਹੈਂ, ਖਾਲਸੇ ਕੋ। ਸੋ ਚੌਗੁਨੇ ਕਰੇ ਤੋ ਸੁਧ ਹੋ। ਦ੍ਵੈ ਚਾਦਰੇ ਰਖੇ, ਇਸਤ੍ਰੀ ਕੋ ਦਰਸ਼ਨ ਤਜੈ, ਰਕਤ ਬਸਤ੍ਰ ਤਜੇ, ਮਨ ਕੋ ਅਸਥੰਭ ਰਖੇ, ਇਸਤ੍ਰੀ ਕੇ ਹਾਥ ਕਾ ਅੰਨ ਜਲ ਨ ਛਕੇ, ਇਤਯਾਦਿ ਧਰਮ ਚਾਰੋਂ ਆਸ਼੍ਰਮੋਂ, ਕੇ ਲੀਏ ਕਹੇ ਹੈਂ, ਸੋ ਯਥਾ ਬਿਧਿ ਕਰਿ ਸਮਝ ਲੇਵੇ ਇਸ ਗ੍ਰੰਥ ਮੇਂ। ਸ੍ਰੀ ਵਾਹ ਗੁਰੂ ਜੀ ਸਹਾਇ।

# (੬) ਰਹਿਤਨਾਮਾ ਹਜ਼ੂਰੀ , ਭਾਈ ਚਉਪਾ ਸਿੰਘ ਛਿੱਬਰ

ਸ੍ਰੀ ਵਾਹਗੁਰੂ ਪੂਰਨ ਪੁਰਖ ਅਬਿਨਾਸੀ ਜੀ ਕਾ ਬਚਨ ਹੈ, ਜੋ ਸਰਬਤਿ ਸੰਗਤਿ ਮੇਰਾ ਖਾਲਸਾ ਹੈ, ਸਰਬਤਿ ਨੂੰ ਰਹਿਤ ਗੁਰੂ ਕੀ ਕਮਾਵਣੀ ਪਰਵਾਨ ਹੈ। ਇਹ ਜੋ ਮੁਕਤੇ ਸਿਖ ਗੁਰਮੁਖ ਬਰੋ ਪੂਰਨ ਪੁਰਖ ਅਬਿਨਾਸੀ ਦੇ ਹਜੂਰਿ ਹੋਸਨਿ, ਤਿਨ੍ਹਾਂ ਬਿਚਾਰ ਕਰਕੇ ਏਕ ਰਹਿਤਨਾਮੇ ਕਾ ਚਿੱਠਾ ਲਿਖਿਆ ਹੈ ਜੋ ਸਿਖ ਗੁਰੂ ਕਾ ਹੋਵੈ, ਸੋ ਗੁਰੂ ਕੀ ਰਹਤ ਪਰ ਚਲੇ। ਰਹਿਤ ਸਿਖ ਕੀ ਇਹੁ ਹੈ:

ਬ੍ਰਹਮੇ ਅਤੇ ਮੁਹੰਮਦ ਕੀ ਕਾਣ ਨਾ ਕਰੈ, ਆਪਣੇ ਗੁਰਾਂ ਕੇ ਬਚਨ ਮੰਨੇ। ਅੱਗੇ ਜੋ ਸਹਾਇਤਾ ਕਰਨੀ ਹੈ, ਸੋ ਆਪਣੇ ਗੁਰਾਂ ਕਰਨੀ ਹੈ। ਸਾਖ ਗੁਰਾਂ ਦੀ ਹੈ ਗ੍ਰੰਥ ਬੀਚ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਬਾਰ।

ਤਾਂ ਤੇ ਲੋਕ ਅਰੁ ਪਰਲੋਕ ਬੀਚ ਆਪਣੇ ਸਤਿਗੁਰਾਂ ਹੀ ਸਹਾਇਤਾ ਕਰਨੀ ਹੈ। ਸੋ, ਗੁਰੂ ਕੇ ਸਿਖਾਂ ਨੂੰ ਰਹਿਤ ਰਖਣੀ ਪ੍ਰਵਾਨ ਹੈ। ਜੋ ਸਿਖ ਸੰਗਤਿ ਹਜੂਰੀ ਦੀਦਾਰ ਵਾਸਤੇ ਆਵਨ ਅਤੇ ਇਨ੍ਹਾਂ ਸਿਖਾਂ ਮੁਕਤਿਆਂ ਪਾਸ ਦੀਦਾਰ ਜਾਵਨ, ਤਾਂ ਸਿਖ ਮੁਕਤੇ, ਸਿਖਾਂ ਨੂੰ ਸਿਖੀ ਕਾ ਉਪਦੇਸ ਕਰਨ। ਜੋ ਸਿਖ ਵਾਸੀਆਂ ਵਾਲੇ ਆਵਨ ਇਹੁ ਰਹਿਤ ਮੰਨਕੇ ਚਲੇ ਜਾਵਨ। ਅਤੇ ਕਿਸੇ ਸਿਖ ਮਨ ਵਿਚ ਵਿਕਲਪ ਕੀਤਾ, ਇਸ ਗੱਲ ਦੀ ਵੀਚਾਰ ਬਹੁਤ ਸਿਖਾਂ ਵਿਚ ਟੁਰੀ। ਜੋ ਮੁਕਤੇ ਸਿੰਘ ਏਹੁ ਉਪਦੇਸ ਕਰਦੇ ਹੈਨਿ—ਜੋ ਸਿਖ ਨਾਲਿ ਨਾਤਾ ਕਰੈ। ਨਾ ਦੇਖੈ ਖਤ੍ਰੀ, ਨਾ ਦੇਖੈ ਸੂਦ ਕਿ ਵੈਸ਼ ਹੈ। ਸਿਖ ਗੁਰੂ ਕਾ ਦੇਖੈ, ਜਾਤਿ ਬਰਨੁ ਨ ਦੇਖੈ। ਅਤੇ ਜੰਞੂ ਟਿੱਕਾ ਧੋਤੀ ਕ੍ਰਿਆ ਕਰਮ ਕੋਈ ਨ ਕਰੈ। ਸ਼ਬਦ ਪੜ੍ਹੇ, ਕਾਰਜ ਵਿਆਹ ਨੂੰ ਬ੍ਰਾਹਮਣ ਨਾ ਸੱਦੇ। ਅਨੰਦ ਪੜ੍ਹ ਲਏ, ਤੁਰਕ ਦੀ ਸੰਗਤ ਭੇਟਾ ਨਾ ਕਰੈ। ਏਹੁ ਚਰਚਾ ਬਹੁਤ ਹੋਈ। ਮੁਸੱਦੀਆਂ ਸਿਖਾਂ ਨੂੰ ਸਿਖਾਂ ਆਖਿਆ, ਜੋ ਮੁਕਤੇ ਸਿਖ ਏਹੁ ਉਪਦੇਸ ਕਰਦੈ ਹੈਨਿ। ਬਚਨ ਗੁਰੂ ਕੇ ਨਾਲਿ ਆਖਦੇ ਹੈਨਿ। ਤਾਂ ਮੁਸੱਦੀ ਸਿਖ ਜੋ ਭਲੇ ਹੈਸਨ, ਸੋ ਮੁਕਤਿਆਂ ਸਿੰਘਾਂ ਪਾਸ ਆਏ, ਅਰੁ ਕਹਿਆ, 'ਤੁਮ ਕਿਸ ਬਾਤ ਦਾ ਉਪਦੇਸ ਕਰਤੇ ਹੋ?' ਤਾਂ ਮੁਕਤਿਆਂ ਸਿਖਾਂ ਆਖਿਆ, 'ਸਿਖਾਂ ਦੀ ਗਤੀ ਸਤਿਗੁਰੂ ਪਾਸਹੁੰ। ਪੰਥ ਗੁਰੂ ਨੇ ਸੰਸਾਰ ਨਾਲੋਂ ਜੁਦਾ ਕੀਤਾ ਹੈ। ਰਹਿਤ ਭੀ ਗੁਰੂ ਜੀ ਕੀ ਜੁਦਾ ਹੈ।' ਮੁਸੱਦੀਆਂ ਸਿਖਾਂ ਆਖਿਆ, 'ਤੁਸੀਂ ਹੱਛੀ ਆਖਦੇ ਹੋ। ਪਰ ਗੁਰਾਂ ਕੇ ਬਚਨਾਂ ਨਾਲ ਆਖਹੁ, ਤਾਂ ਸਭ ਮੰਨਣਗੇ। ਬਿਨਾਂ ਖਾਵੰਦ ਬਚਨ ਸਿਖ ਨਹੀਂ ਮੰਨਦੇ। ਤੁਸੀ ਹਜੂਰਿ

ਅਰਦਾਸ ਕਰੋ ਜੋ ਸਿਖ ਸਰਬ ਮੰਨ ਲੈਸਨਿ।' ਤਾਂ ਸਿਖਾਂ ਮੁਕਤਿਆਂ ਇਕ ਕਾਗਦ ਲਿਖ ਦਿਤਾ ਰਹਿਤ ਦਾ ਮੁਸੱਦੀਆਂ ਕਹਿਆ, 'ਹਜੂਰਿ ਰੋਬਰੋ ਖਾਵੰਦ ਨੂੰ ਪੜ੍ਹਾਇ ਸੁਣਾਵਾਂਗੇ। ਅਗੈ ਜੋ ਹੁਕਮੁ ਕਰਹਿੰਗੇ, ਸੋ ਪਰਵਾਨ।' ਤਾਂ ਮੁਕਤਿਆਂ ਆਖਿਆ, 'ਸਮਾਂ ਦੇਖ ਕੈ ਸੁਨਾਵਣਾ।' ਮੁਸੱਦੀਆਂ ਕਹਿਆ, 'ਸਮਾਂ ਦੇਖ ਕੈ ਸੁਣਾਵਾਂਗੇ। ਪਰ ਖਾਵੰਦ ਸਭਨਾਂ ਘਟਾਂ ਕਾ ਮਾਲਕ ਹੈ, ਜੇ ਖਾਵੰਦ ਉਪਰਿ ਦਸਖਤ ਕੀਤੇ ਤਾਂ ਪਰਵਾਣ ਹੋਸੀ।'

ਸੋ ਮੁਸੱਦੀ ਸਿਖ ਲੈ ਆਏ। ਸਮਾਂ ਖੁਸ਼ੀ ਦਾ ਦੇਖ ਕੇ ਅਰਦਾਸ ਕੀਤੀ ਅਤੇ ਕਾਗਦ ਪੜ੍ਹਿ ਸੁਣਾਇਆ ਤਾਂ ਬਚਨ ਹੋਇਆ:

'ਅਸਾਂ ਪੰਥ ਧਰਮ ਦੇ ਵਾਸਤੇ ਕੀਤਾ ਹੈ, ਭਰਿਸ਼ਟ ਤਾਂ ਨਹੀਂ ਕਰਨਾ।' ਗ੍ਰੰਥ ਜੀ ਕਾ ਬਚਨ ਹੈ;

'ਸ੍ਰਿਸਟਿ ਸਭ ਇਕ ਵਰਨ ਹੋਇ ਧਰਮ ਕੀ ਗਤਿ ਰਹੀ।'

ਬਚਨ ਹੋਇਆ:

'ਚਾਰੇ ਬਰਨ ਏਕੋ ਭਾਈ। ਗੁਰੂ ਕਾ ਨਾਤਾ ਚਹੁੰ ਬਰਨਾਂ ਨੂੰ ਸਾਂਝਾ ਇਕੋ ਜੇਹਾ ਹੈ। ਇਸ ਵਿਚ ਵਿਕਲਪ ਨਾਹੀ ਕੋਇ।'

ਬਚਨ ਹੋਇਆ:

'ਮੁਕਤੇ ਮੇਰੇ ਪ੍ਰਾਨ, ਇਹ ਕਰਨ ਸੋ ਪਰਵਾਨ!'

ਬਚਨ ਹੋਇਆ ਮੁਕਤਿਆਂ ਸਿੰਘਾਂ ਨੂੰ, ਰਹਿਤ ਦਾ। 'ਭਾਈ! ਗ੍ਰੰਥ ਸਾਹਿਬ ਦੀ ਸਾਖ ਨਾਲਿ ਰਹਿਤ ਸਿੱਖੀ ਦੀ ਬਣਾਵੋ।' ਤਾਂ ਮੁਕਤਿਆਂ ਕਹਿਆ, 'ਜੀ! ਜੰਤ ਹਾਂ ਅਸੀਂ, ਤੂੰ ਹੈਂ ਖਾਵੰਦ, ਤੇਰੇ ਰਿਦੇ ਕੀ ਕਿਆ ਜਾਣਦੇ ਹਾਂ?'

ਬਚਨ ਹੋਇਆ 'ਤੁਸਾਡੀਆਂ ਰਸਨਾ ਉਪਰਿ ਹਉਂ ਹਾਂ। ਬੁੱਧਿ ਨਾਲ ਅਤੇ ਗ੍ਰੰਥ ਜੀ ਕੀ ਸਾਖ ਨਾਲ ਸ਼ਬਦ ਲਿਖੋ।'

ਤਾਂ ਮੁਕਤਿਆਂ ਭੈਮਾਨ ਹੋਇਕੈ, ਸਿਖੀ ਦੀਆਂ ਰਹਿਤਾਂ ਗ੍ਰੰਥ ਜੀ ਦੀ ਸਾਖ ਨਾਲ ਲਿਖੀਆਂ। ਸੱਤਵੇਂ ਦਿਨ ਤਿਆਰ ਕਰਕੇ, ਗੁਰੂ ਦੇ ਹਜੂਰਿ ਲੈ ਆਏ। ਬਚਨ ਹੋਇਆ: ਪੜ੍ਹਿ ਸੁਨਾਓ, ਤਾਂ ਸਿੰਘਾਂ ਪੜ੍ਹਿ ਸੁਣਾਇਆ।

ਤਾਂ ਬਚਨ ਹੋਇਆ: 'ਹੱਛਾ ਲਿਖਿਆ ਜੇ। ਕੁਛੁ ਥੋੜਾ ਹੀ ਪੜ੍ਹਿਆ ਸੀ ਜੋ ਸੁਣਕੇ ਸਹੀ ਪਾਇ ਦਿਤੀ। ਤਾਂ ਸਿੰਘਾਂ ਹੱਥ ਜੋੜ ਕੇ ਮੱਥਾ ਟੇਕਿਆ। ਸੰਮਤੁ ਸਤਾਰਾਂ ਸੌ ਸਤਵੰਜਾ, ਜੇਠ ਦਿਨ ਸੱਤਵੀਂ। ਬਚਨ ਹੋਇਆ ਜੇ ਕੋ ਨਕਲ ਉਤਾਰੇਗਾ, ਸੋ ਸਹੀ ਪਵਾਇ ਲੈਣੀ। ਏਹੁ ਰਹਿਤਨਾਮਾ ਹਜੂਰੀ ਹੈ ਜੋ ਕੋਇ ਸਿਖ ਹੋਵੇਗਾ ਸੋ ਹੋਰੁ ਮਨੋਂ ਉਕਤਿ ਨਾਲ ਨਾ ਰਲਾਵੇਗਾ। ਮ੍ਰਿਜਾਦਾ ਨਾਲਿ ਤੁਰੇਗਾ, ਗੁਰਮੁਖਾਂ ਸਿਖਾਂ ਬਿਚਾਰ ਨਾਲ ਲਿਖਿਆ ਹੈ। ਅੜੀ ਨਹੀਂ ਕਰਨੀ।

## ਅਥ ਰਹਿਤ

ਗੁਰ ਪ੍ਰਮਾਣ—'ਰਹਤ ਰਹਿਤ ਰਹਿ ਜਾਇ ਬਿਕਾਰਾ।' ਜਿਸ ਰਹਿਤ ਕੀਤਿਆਂ ਬਿਕਾਰ ਨਾ ਹੋਵਨਿ ਤਿਸਕਾ ਨਾਮ ਰਹਿਤ ਹੈ। ਸਾਖ ਗਰੰਥ ਜੀ ਕੀ:

'ਐਸੀ ਰਹਿਤ ਰਹਉਂ ਗੁਰ ਪਾਸਾ।'

ਗੁਰੂ ਕਾ ਸਿਖ ਹੋਵੈ, ਸੋ ਐਸੀ ਰਹਿਤ ਦੀ ਖੋਜਣਾ ਕਰੈ, ਜੇਹੜੀ ਰਹਿਤ ਸਾਹਿਬ ਖੁਸ਼ੀ ਆਵੈ। ਸਾਖ—'ਕਹਿਤਿਉ ਕਹਤੀ ਸੁਣੀ ਰਹਿਤ ਕੋ ਖੁਸੀ ਨ ਆਇਓ।' ਕਹਿੰਦੀ ਬਹੁਤ ਹੈ ਰਹਿਤ ਗੁਰੂ ਕੀ ਕਿਸੇ ਵਿਰਲੇ ਨੂੰ ਪ੍ਰਾਪਤ ਹੋਂਦੀ ਹੈ। ਪਰ ਗੁਰੂ ਕਾ ਸਿਖ ਰਹਿਤ ਕੀ ਖੋਜਣਾ ਕਰੈ। ਤਬ ਗੁਰੂ ਕਾ ਸਿਖ ਹੋਇ ਹੈ।

ਜੋ ਗੁਰੂ ਕਾ ਸਿਖ ਹੋਇ ਕੇਸਧਾਰੀ ਅਥਵਾ ਸਹਜਧਾਰੀ ਸੋ ਪ੍ਰਾਤਾ ਸਮੇਂ ਇਸ਼ਨਾਨ ਅਥਵਾ ਪੰਜ ਇਸ਼ਨਾਨ ਕਰੈ। ਪੰਜ ਵੇਰੀ 'ਜਪੁਜੀ' ਪੜੈ। ਗੁਰੂ ਰਾਮਦਾਸ ਸਾਹਿਬ ਜੀ ਕਾ ਬਚਨੁ ਹੈ। ਪੰਜ ਵੇਰੀ 'ਜਪੁਜੀ' ਕੇ ਪੜ੍ਹਨੇ ਕਰਿ ਬੁੱਧਿ ਉਜਲ ਹੋਂਦੀ ਹੈ। ਉਪਰੰਤ, ਹੋਰ ਬਾਣੀ ਕੰਠ ਹੋਇ, ਸੋ ਪੜ੍ਹੈ। ਪਾਠ ਕਰਕੇ ਹਥ ਜੋੜ ਕਰਿ ਅਰਦਾਸਿ ਕਰੈ।

ਫੇਰ ਧਰਮਸਾਲਾ—ਜਿਥੇ ਕਥਾ ਸਬਦ ਗ੍ਰੰਥ ਜੀ ਪੜੀਐ ਤਹਾਂ—ਜਥਾ ਸ਼ਕਤਿ ਹਾਥਿ ਵਿਖੇ ਕੁਛ ਲੈ ਕਰਿ ਜਾਏ ਫੁਲ, ਫਲ, ਪੈਸਾ, ਕਉਡੀ, ਦਾਣੇ; ਮੱਥਾ ਟੇਕੇ। ਫਿਰ ਧਰਮ ਦੀ ਕਿਰਤ ਕਰੇ, ਜੇਹੀ ਵਾਹਗੁਰੂ ਦੇਵੇ।

ਜਦ ਪ੍ਰਸਾਦਿ ਖਾਵਣੈ ਆਵੈ ਤਾਂ ਜਥਾ ਸ਼ਕਤਿ ਪ੍ਰਸਾਦਿ ਏਕ ਗਰਾਸ ਅਰਪਨ ਕਰੇ, ਚਉਂਕੇ ਵਿਖੇ ਸਿਖ ਨੂੰ ਨਾਲ ਲੈ ਬੈਠੇ ਅਰਥ ਗੁਰੂ ਕੇ। ਸਾਖ ਗ੍ਰੰਥ ਸਾਹਿਬ ਕੀ ਹੈ:

'ਘਾਲ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹ ਪਛਾਣਹਿ ਸੇਇ।'

ਜੋ ਗੁਰਾਂ ਕਾ ਸਿਖ ਹੋਇ ਫੇਰ ਰਹਿਰਾਸ ਸਮੇਂ 'ਸੋ ਦਰੁ' ਪੜ੍ਹੈ, ਧਰਮਸਾਲ ਵਿਖੇ ਜਾ ਕਰਿ। ਅਰੁ ਜੇਕਰਿ ਧਰਮਸਾਲ ਪਹੁੰਚ ਨਾ ਹੋਇ ਤਾਂ ਆਪਣੇ ਘਰਿ ਬੈਠਉ ਵਿਚਾਰ ਕਰੈ। ਰਾਤੀਂ ਪ੍ਰਸਾਦਿ ਛਕੈ, ਧਰਮਸਾਲ ਵਿਖੇ ਜਾਇ ਬੈਠ ਕਥਾ ਕੀਰਤਨੁ—ਗੋਬਿੰਦ ਕਾ ਜਸੁ ਸੁਣੈ। ਪ੍ਰਮਾਣ:

'ਪਹਿਲੀ ਰਾਤੀਂ ਫੁਲੜਾ ਫਲ ਭੀ ਪਛਾ ਰਾਤਿ।
ਜੋ ਜਾਗੰਨਿ ਲਹੰਨਿ ਸੇ ਸਾਈਂ ਕੰਨੋ ਦਾਤਿ।'

ਜੇਕਰ ਸਿਖ ਕਬੀਲਦਾਰ ਹੋਇ ਤਾਂ ਇਸਤ੍ਰੀ ਸਾਥ ਪਹਿਲੇ ਪਹਿਰ ਤੇ ਪਿਛਲਾ ਪਹਿਰ (ਰਾਤਿ ਦੇ) ਸੰਗ ਨ ਕਰੈ। ਵਿਚਲੇ ਦੋ ਪਹਿਰ ਬਿਲਾਸ ਦੇ ਹੈਨਿ ਪਿਛਲੀ ਰਾਤਿ ਉਠ ਕੇ ਬੀੜੀ[1] ਕਰੈ, ਇਸਨਾਨ ਕਰੇ ਅਥਵਾ ਪੰਜ ਇਸਨਾਨ ਕਰੈ। ਅਰੁ ਜੋ ਨਾਰੀ ਸਾਥ ਸੰਗ ਕਰੈ ਤਾਂ ਠੰਢੇ ਪਾਣੀ ਸਾਥ ਇਸ਼ਨਾਨ ਕਰੇ ਜ਼ਰੂਰ।

ਬਾਣੀ ਗੁਰੂ ਜੀ ਕੀ ਨਿਤਾਪ੍ਰਤਿ ਪੜ੍ਹੈ।

ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ। ਵਰਤਣ ਭੀ ਨਾ ਕਰੈ—ਪਹਿਲੇ ਮੀਣੈ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭੱਦਣੀ, ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਰਬੰਧੀ ਹੈਨਿ ਤਾਂ ਭੀ ਇਹ ਨਿੰਦਾ ਕਰਕੇ ਦੁਸ਼ਟ ਹੋਏ ਹੈਨਿ। ਜੈਸੇ ਦਰਖਤ ਵਿਚਹੁੰ ਫਲ ਪਤ੍ਰ ਟਾਸ ਨਿਕਸਦੇ ਹੈਨਿ ਅਤੇ ਕੰਡੇ ਭੀ ਵਿਚਹੁੰ ਹੀ ਨਿਕਸਦੇ ਹੈਨਿ। ਸੋ ਏਹੁ ਕੰਡੇਂ ਹੈਨਿ।

ਗੁਰੂ ਕਾ ਸਿਖ ਸ਼ਰਾਬ ਨ ਪੀਵੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਐਸਾ ਮਦ ਮੂਲ ਨਾ ਪੀਜਈ ਜੇਕਾ ਪਾਰ ਵਸਾਇ।'

ਅਤੇ ਪੰਜਾਂ ਨਾਲਿ ਮੇਲ ਕਰੇ—ਕੱਛ, ਕ੍ਰਿਪਾਨ, ਕੇਸ, ਬਾਣੀ, ਸਾਧਸੰਗਤਿ ਗੁਰੂ ਕਾ ਸਿਖ ਵਸ ਲਗਦੇ ਬਿਖਿਆ[2] ਕਾ ਵਣਜ ਭੀ ਨਾ ਕਰੇ।

੧. ਪਾਨ ਬੀੜਾ। ੨. ਤਮਾਕੂ।

ਗੁਰੂ ਕਾ ਸਿਖ ਬਿਖਿਆ ਨਾ ਪੀਵੈ। ਭਾਵੇਂ ਸਹਜਧਾਰੀ ਹੋਵੈ ਤਾਂ ਭੀ ਨਾ ਵਰਤੇ। ਨਾ ਨਸਵਾਰ ਲੇਵੈ।

ਗੁਰੂ ਕਾ ਸਿਖ ਪ੍ਰਸਾਦਿ ਛਕਣੇ ਬੈਠੇ ਹਥ ਪੈਰ ਧੋਇ ਲਏ। ਚੁਪ ਕਰਕੇ ਲੰਗਰ ਵਿਚ ਜਾਏ ਅਦਬ ਨਾਲਿ ਪ੍ਰਸਾਦਿ ਪਾਂਵਦਾ ਗੱਲਾਂ ਨਾ ਕਰੈ! ਕਿਸੈ ਆਏ ਨੂੰ ਪ੍ਰਸਾਦਿ ਛਕਦਾ ਉਠੇ ਨਾਹੀ। 'ਸਤਿਨਾਮ—ਵਾਹਿਗੁਰੂ'—ਆਖ ਕੇ ਪ੍ਰਸਾਦਿ ਪਾਏ, ਪ੍ਰਸਾਦਿ ਪ੍ਰਾਣਾਂ ਕਾ ਦਾਤਾ ਹੈ ਪ੍ਰਸਾਦਿ ਗੁਰਾਂ ਕੇ ਸਮ ਤੁਲ ਜਾਣੈ। ਸਾਖ ਗ੍ਰੰਥ ਜੀ ਕੀ:

'ਆਸਣ ਲੋਇ ਲੋਇ ਭੰਡਾਰੁ। ਜੋ ਕਿਛੁ ਪਾਇਆ ਸੁ ਏਕਾ ਵਾਰੁ।
ਕਰਿ ਕਰਿ ਵੇਖੈ ਸਿਰਜਣਹਾਰੁ। ਨਾਨਕ ਸਚੇ ਕੀ ਸਾਚੀ ਕਾਰ।'

ਗੁਰੂ ਕਾ ਸਿਖ ਹੋਇਕੈ ਤੁਰਕਣੀ ਨਾਲ ਸੰਗ ਨਾ ਕਰੈ, ਤੁਰਕ ਨਾਲਿ ਦੋਸਤੀ ਭੀ ਨਾ ਕਰੈ ਅਤੇ ਵਿਸਾਹੁ ਭੀ ਨਾ ਕਰੈ। ਤੁਰਕ ਦੇ ਹਥਹੁੰ ਪਾਣੀ ਨ ਪੀਵੈ। ਤੁਰਕ ਨਾਲ ਗਲਿ ਨਾ ਸਵੈਂ। ਤੁਰਕ ਦੀ ਸੁਗੰਦ ਦਾ ਇਤਬਾਰ ਨ ਕਰੈ। ਤੁਰਕ ਦੀ ਜ਼ਬਾਨੀ ਗਿਆਨ-ਚਰਚਾ ਸੁਣ ਕੇ ਮੋਹਿਤ ਨ ਹੋਇ। ਇਕ-ਸਫਾ ਬੈਠਿਆਂ ਤੁਰਕ ਦੇ ਪ੍ਰਸਾਦਿ ਨ ਖਾਏ। ਜੇਹਾ ਨਾਲ ਗਲਿ ਖਾਧਾ, ਤੇਹ ਇਕ-ਸਫਾ ਬੈਠੇ। ਤੁਰਕ ਨੂੰ ਧਰਮ-ਕਰਮ, ਗਊ-ਦੋਖੀ ਜਾਣੇ ਗੁਰੂ ਕਾ ਬਚਨੁ ਹੈ:

'ਸਕਲ ਮਲੇਛ ਕਰਹੁ ਰਣਿ ਘਾਤਾ।'

ਜੋ ਗੁਰੂ ਕਾ ਸਿਖ ਹੋਇ ਸੋ ਪਰ-ਇਸਤ੍ਰੀ ਦੇਖੇ ਨਾਹੀਂ। ਪਰ ਇਸਤ੍ਰੀਆਂ ਦੀ ਸੰਗਤ ਨਾ ਬੈਠੇ। ਬਿਆਹੁ ਕਰੈ ਆਪਣੇ ਬਰਨ ਆਸ਼੍ਰਮ ਕੁਲ ਦੀ ਇਸਤ੍ਰੀ ਨਾਲ ਬਰਤਨ ਕਰੇ। ਜਿਸ ਵਿਚ ਸਿਖ ਨੂੰ ਦਾਗ ਲਗੇ ਸੋ ਕਰਮ ਨਾ ਕਰੇ। ਗੁਰੂ ਕਾ ਸਿਖ ਗੁਰੂ ਕਾ ਬਚਨ ਮੰਨੇ।

ਜੋ ਗੁਰੂ ਕਾ ਸਿਖ ਹੋਇ ਸੋ ਕੰਨਿਆ ਨ ਮਾਰੇ। ਅਤੇ ਨੜੀਮਾਰ, ਕੁੜੀ ਮਾਰ ਨਾਲ ਨਾ ਵਰਤੇ। ਕੰਨਿਆ ਦੇ ਨਾ ਪੈਸੇ ਖਾਏ। ਸਾਖ ਗ੍ਰੰਥ ਸਾਹਿਬ ਦੀ:

'ਸਾਈ ਪੁਤ੍ਰੀ ਜਜਮਾਨ ਦੀ ਸਾ ਤੇਰੀ ਏਤ ਧਾਨ ਖਾਧੈ ਤੇਰਾ ਜਨਮ ਗਇਆ।'

ਏਹ ਬਚਨ ਪਰੋਹਿਤਾਂ ਨੂੰ ਹੋਇਆ ਹੈ।

ਗੁਰੂ ਕਾ ਸਿਖ ਕੰਨਿਆ ਆਪਣੀ, ਨੜੀਮਾਰਾਂ ਨੂੰ ਨਾ ਦੇਇ ਤੇ ਉਨ੍ਹਾਂ ਤੇ ਲੈਇ ਲਏ। ਗੁਰੂ ਕਿਆਂ ਬਚਨਾਂ ਅਨੁਸਾਰ ਪਾਹੁਲ ਚਰਨਾਂ ਦੀ ਪ੍ਰਮਾਣ ਹੈ। ਗੁਰੂ ਗ੍ਰੰਥ ਜੀ ਦੀ ਮੰਜੀ ਦਾ। ਚਰਨਾਮ੍ਰਿਤ ਵਿਚ ਪਤਾਸੇ ਪਾਏ ਜਪੁਜੀ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਥਵਾ ਅਨੰਦ ਦੀਆਂ ਪੰਜ ਪਉੜੀਆਂ ਪੜ੍ਹ ਕੇ ਪਿਆਵੈ। ਤਨਖਾਹ ਲੈਣੀ।

ਗੁਰੂ ਕਾ ਸਿਖ ਸਾਕ ਸਿਖ ਨਾਲ ਕਰੈ। ਦੇਣ ਲੈਣ ਦਾ ਲਾਲਚ ਨਾ ਕਰੈ, ਹਾਣੂ ਦੇਖੇ, ਹੱਡ ਸੁੱਚਾ ਦੇਖੇ, ਮੱਥਾ ਮਿਲਦਾ ਦੇਖ ਲਏ।

'ਮੂਲ ਜਾਣਿ ਗੱਲਾਂ ਕਰੈ, ਹਾਣ ਲਾਏ ਹਾਣ।'

ਗੁਰੂ ਕਾ ਸਿਖ ਗਰੀਬ ਸਿਖ ਨਾਲ ਨਾਤਾ ਕਰੈ ਗੁਰੂ ਗੰਢ ਪਾਉਂਦਾ ਹੈ।

ਗੁਰੂ ਕਾ ਸਿਖ ਕੇਸ ਦਾੜ੍ਹੀ ਛੰਨੀਆਂ ਨਾਈਆਂ ਦਾ ਪਾਣੀ ਸਿਰ ਨ ਪਵਾਏ।

ਗੁਰੂ ਕਾ ਸਿਖ ਜੰਞੂ ਟਿੱਕੇ ਕੀ ਕਾਣ ਨ ਕਰੈ, ਕੇਸਧਾਰੀ ਨੂੰ ਜੰਞੂ ਟਿੱਕਾ ਕੇਸ ਹੈਨਿ, ਸਹਜਧਾਰੀ ਨੂੰ ਪਰਵਾਨ ਹੈ। ਅਗੈ ਆਪਣੀ ਭਾਵਨੀ।

ਗੁਰੂ ਕੇ ਸਿਖ, ਸਿਖ ਨੂੰ ਜੇਕਰ ਢੰਗ-ਸੁਆਰਥ ਦਾ ਕਾਰਜ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਞੂ ਧਰ ਲਏ। ਕਾਰਜ ਕਰਕੇ ਆਪਣੀ ਭਾਵਨੀ ਨਾਲ ਉਤਾਰ ਛੋਡੇ।

ਗੁਰੂ ਕਾ ਸਿਖ, ਸਿਖ ਦੀ ਟਹਲ, ਸੇਵਾ ਅਰਥ ਕਰ ਦੇਵੇ, ਅਟਕਾਇ ਨਾਹੀ।

ਗੁਰੂ ਕਾ ਸਿਖ ਗਰੀਬ ਦੀ ਰਸਨਾ, ਗੁਰੂ ਕੀ ਗੋਲਕ ਜਾਣੇ।

ਜੋ ਬ੍ਰਾਹਮਣ ਗੁਰੂ ਕਾ ਹੋਵੈ, ਤਾਂ ਉਸ ਦੀ ਸੇਵਾ-ਟਹਿਲ ਕਰਣੀ ਦੂਣਾ ਨਫਾ। ਜੋ ਜਗਤ ਦਾ ਗੁਰੂ ਹੋਇਕੈ, ਗੁਰੂ ਸਰਨਿ ਆਵੈ ਤਾਂ ਦੂਣਾ ਮਰਾਤਬਾ।

ਜੇ ਗੁਰੂ ਕੇ ਸਿਖ ਨੂੰ ਕੋਈ ਅਰਥ-ਸੰਕਟ ਬਣ ਜਾਏ ਤਾਂ ਪਿਛਲੀ ਰਾਤੀਂ ਜਪੁ ਜੀ ਦਾ ਭੋਗ ਪੰਜ ਵਾਰੀ ਪਾਏ ਧਿਆਨ ਸਤਿਗੁਰਾਂ ਦਾ ਕਰੇ। ਸਿਖਾਂ ਪਾਸਹੁੰ ਹੱਥ ਜੁੜਾਏ। ਜਥਾ ਸ਼ਕਤਿ ਸੇਵਾ-ਟਹਲ ਕਰੈ। ਵਾਹਗੁਰੂ ਆਸਾਨ ਕਰੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਸਤਿਗੁਰੂ ਤ੍ਰਿਪਤੇ ਗੁਰਸਿਖ ਮੁਖਿ ਪਾਇ।'

ਜੇ ਸਤਿਗੁਰੂ ਪ੍ਰਸੰਨ ਹੋਇ ਤਾਂ ਦੂਖ ਕਿਉਂ ਰਹਿਣਾ ਹੈ?

ਗੁਰੂ ਕਾ ਸਿਖ ਗੁਰੂ ਕੇ ਸਿਖਾਂ ਨੂੰ ਪਛਾਣੈ। ਸੁਥਾਨ ਦਾ ਬੀਜਿਆ ਸਫਲ ਹੋਂਦਾ ਹੈ।

ਗੁਰੂ ਕਾ ਸਿਖ ਵਿਚਾਰ ਵਿਚ ਬੀਜੇ। ਸਾਖ: 'ਕਲਰਿ ਖੇਤੀ ਬੀਜੀਐ, ਕਿਉਂ ਲਾਹਾ ਪਾਈਐ?' ਸਾਖ:

'ਅਭਿਆਗਤਿ ਏਹ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ।
ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮ।'

'ਖੇਤ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਹਿ ਪਰਵਾਨੁ।'

ਖਤ੍ਰੀ ਕਿਸ ਦਾ ਨਾਮੁ ਹੈ। ਸੋ ਸੁਣੋ: ਖਤੇ ਪਾਪਾਂ ਕਾ ਨਾਮ ਹੈ। ਪਾਪਾਂ ਦਾ ਜੋ ਵੈਰੀ ਹੋਇ ਸੋ 'ਖਤਰੀ' ਹੈ। ਗੁਰੂ ਕਾ ਸਿਖ ਲੈਣ ਵਾਲਾ, ਸੋ 'ਅਰਥੀ'। ਸੋ ਭੀ ਅਰਥੀ ਧਾਨੁ ਕੁਧਾਨੁ ਕਉ ਦੇਖੈ। ਜੈਸਾ ਧਾਨੁ ਖਾਈਏ ਤੈਸੀ ਬੁਧਿ ਹੋਇਗੀ। ਸਾਖ:

'ਮਾਣਸ ਖਾਣੇ ਕਰਹਿ ਨਿਵਾਜੁ।
ਛੁਰੀ ਵਗਾਇਨਿ ਤਿਨਿ ਗਲਿ ਤਾਗੁ।'

ਗੁਰੂ ਕਾ ਸਿਖ ਇਨ੍ਹਾਂ ਅੱਠਾਂ ਦੀ ਸੰਗਤਿ ਨਾ ਕਰੇ। ਇਨ੍ਹਾਂ ਦਾ ਉਪਦੇਸੁ ਨਾ ਲਏ—ਤੁਰਕ ੧। ਜੋਗੀ ੨। ਪਗ-ਲੱਥਾ ੩। ਸਿਰ-ਖੁੱਥਾ ੪। ਲਿਟੀਆ[1] ੫। ਧੂੜੀਆ ੬। ਟੁਪੀਆ[2] ੭। ਬ੍ਰਾਹਮਣ ੮। ਏਹੁ ਆਪਣਾ ਧਰਮੁ ਦਸਣਗੇ ਅਗਲੇ ਦਾ ਖੋਹਣਗੇ।

ਗੁਰੂ ਕਾ ਸਿਖ 'ਪੁਜਾਰੀ' ਹੋਵੈ। ਗੁਰੂ ਕੀ ਅੰਸੁ ਨ ਖਾਵੈ ਅਰੁ ਨਾ ਚੁਰਾਵੈ। ਇਨ ਕੇ ਖਾਏ ਤੇ ਬੁਧਿ ਨਸ਼ਟ ਹੋਂਦੀ ਹੈ। ਮਾਨੀ ਕਸਬੀ ਆਦਿ ਭੀ ਨਾ ਹੋਵੈ। ਕਾਮੀ, ਕ੍ਰੋਧੀ, ਨਿੰਦਕ, ਅਹੰਕਾਰੀ ਭੀ ਨਾ ਹੋਵੇ। ਸਾਖ ਗ੍ਰੰਥ ਸਾਹਿਬ ਦੀ:

'ਅਵਖਧਿ ਸਭੇ ਕੀਤੀਅਨਿ ਨਿੰਦਕ ਕਾ ਦਾਰੂ ਨਾਹਿ।'

---

੧. ਲਿਟਾਂ ਵਾਲਾ ਜਟਾਧਾਰੀ। ੨. ਟੋਪੀ ਧਾਰੀ।

ਹੋਰ ਸਾਖ:

'ਭੂਲੇ ਮਨ ਮੇਰੈ ਕਪਟ ਨ ਕੀਜੈ। ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।'

ਦਾਨ ਦੀ ਅੰਸੁ ਅਧਿਕਾਰੀ ਨੂੰ ਜੋਗ ਹੈ।

ਗੁਰੂ ਕਾ ਸਿਖ ਆਪ ਕਉ 'ਭਾਈ' 'ਮਹੰਤ' ਨਾ ਅਖਾਏ। ਸਾਖ:

'ਆਪਸਿ ਕਉ ਜੋ ਭਲਾ ਕਹਾਵੈ। ਤਿਸਹਿ ਭਲਾਈ ਨਿਕਟਿ ਨ ਆਵੈ।'

ਕਪਟੀ ਨਾ ਹੋਵੈ। ਇਸ ਮਾਨ-ਵਡਿਆਈ ਨੇ ਮਸੰਦਾਂ ਦਾ ਨਾਸ ਕੀਤਾ ਹੈ।

ਗੁਰੂ ਕਾ ਸਿਖ, ਜੇ ਕਿਸੇ ਸਿਖ ਦੇ ਕੰਮ ਵਿਚ ਹੋਵੈ, ਅਥਵਾ ਧਰਮਸਾਲਾ ਵਿਚ ਹੋਵੈ, ਸੋ ਗੁਰੂ ਕੇ ਸਿਖ ਕੀ ਅੰਸੁ ਸੁਥਾਨ ਲਾਏ। ਬਿਕਾਰਾਂ ਵਿਚ ਨਾ ਲਗਾਏ। ਸਾਖ ਗ੍ਰੰਥ ਸਾਹਿਬ ਦੀ:

'ਵਢੀਅਹਿ ਹੱਥ ਦਲਾਲ ਕੇ, ਮੁਸਫੀ ਏਹ ਕਰੇਇ।'

ਗੁਰੂ ਕੇ ਸਿਖ ਜਿਥੇ ਪੰਜ ਸੱਤ ਰਲਿ ਬੈਠਣ, ਉਥੈ ਗੁਰੂ ਕੀ ਚਰਚਾ ਵਾਰਤਾ ਕਰਨ। ਸਾਖ:

'ਜਿਥੈ ਸਾਧ ਸੰਤ ਹੋਵਹਿ ਇਕਤ੍ਰ। ਹਰਿ ਜਸ ਗਾਵਹਿ ਨਾਦ ਕਬਿਤ।'

ਗੁਰੂ ਕਾ ਸਿਖ ਕੇਸਧਾਰੀ ਅਥਵਾ ਸਹਜਧਾਰੀ ਆਪਣਾ ਗੁਰੂ ਛਡ ਕੇ, ਹੋਰ ਭਾਵੈਂ ਕੇਹਾ ਹੋਇ, ਗੁਰੂ ਨਾ ਧਾਰੈ। ਕਿਸੇ ਦੇ ਕਹੇ ਕਹਾਏ ਚੰਗੇ-ਮੰਦੇ ਭੂਲੈ ਨਾਹੀ।

ਸਾਖ ਗ੍ਰੰਥ ਜੀ ਦੀ:

'ਪਰਮੇਸੁਰ ਤੇ ਭੁਲਿਆਂ ਵਿਆਪਨਿ ਸਭੇ ਰੋਗ।'

ਗੁਰੂ ਕਾ ਸਿਖ ਕਿਸੇ ਸਿਖ ਨੂੰ ਕਲਪਾਏ ਨਾਹੀ। ਸਿਖ ਦੀ ਮਾਰ ਗੁਰੂ ਨਾਲਹੁੰ ਡਾਢੀ ਹੈ। ਸਾਖ:

'ਮੇਰੀ ਬਾਂਧੀ ਭਗਤ ਛਡਾਵੈ ਬਾਂਧੈ ਭਗਤ ਨ ਛੂਟੈ ਮੋਹਿ।
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈਂ ਜਬਾਬੁ ਨ ਹੋਇ।'

ਗੁਰੂ ਕਾ ਸਿਖ ਜੋ ਗੁਰਾਂ ਕੇ ਅਸਥਾਨ ਪਰ ਬੈਠਾ ਹੋਇਗਾ, ਤਾਂ ਐਸਾ ਸੁਭਾਵ ਰਖੇ, ਜੋ ਸਦਾ ਦਿਆਲ ਕਿਰਪਾਲ, ਦਇਆ ਸੰਜੁਗਤ ਹੋਇ। ਕ੍ਰਿਪਨ[1] ਨਾ ਹੋਇ। ਸੰਗ੍ਰਹਿ ਨਾ ਕਰਦਾ ਜਾਏ।

ਗੁਰੂ ਕਾ ਸਿਖ ਸਿਰੀ ਸਾਹਿਬ[2] ਦਾ ਅਦਬ ਕਰੇ: ਪੂਜਾ ਕਰੈ। ਆਪਿ ਸਾਹਿਬ ਪੂਜਾ ਕੀਤੀ ਹੈ। ਗੁਰੂ ਕਾ ਸਿਖ ਕਰਦ ਭੇਟ ਕੀਏ ਬਿਨਾਂ ਪ੍ਰਸਾਦਿ ਨ ਛਕੇ।

ਗੁਰੂ ਕਾ ਸਿਖ ਦਾਨ—ਪੁੰਨ, ਪ੍ਰਸਾਦਿ ਪੁਰਬ, ਹੋਰ ਜੋ ਕਿਛੁ ਕਰੇ, ਗੁਰੂ ਕੇ ਅਰਥ। ਸੋ ਮਾਨੀ ਹੋਇਕੇ ਮੂੰਹੋ ਨ ਆਖੇ। ਹੌਲਾ ਹੋਛਾ ਨਾ ਹੋਇ। ਸਾਖ:

'ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।'

ਗੁਰੂ ਕਾ ਸਿਖ ਜਗਿਆਸੀ ਹੋਇ। ਸੋ ਨਿਰਵੈਰ, ਨਿਹਕਾਮ, ਨਿਰਮਾਨ, ਨਿਰਲੋਭ, ਹਿੰਸਾ ਤੇ ਰਹਿਤ, ਦੁਨੀਆ ਦੇ ਪਦਾਰਥਾਂ ਨਾਲ ਹੇਤ ਨਾ ਕਰੇ। ਗੁੱਸਾ ਮੂਲ ਨ ਕਰੈ। ਪ੍ਰਮਾਣ:

'ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ।
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।'

---

੧. ਸੂਮ ੨. ਤਲਵਾਰ, ਤੇਗ।

ਗੁਰੂ ਕਾ ਸਿਖ ਸਹਜਧਾਰੀ, ਭੱਦਣ ਨਾ ਕਰਾਏ। ਜੋ ਕੋਈ ਸਿਖ ਸਬੰਧੀ ਚਲਿ ਜਾਏ, ਸ਼ਬਦ ਕੀਰਤਨ ਕਰਾਏ। ਜਥਾ ਸ਼ਕਤਿ ਪ੍ਰਸਾਦ ਲੈ ਜਾਏ। ਇਸਨਾਨ ਕਰਕੇ ਪ੍ਰਸਾਦ ਵਰਤਾਏ, ਸੋਗ ਭੰਨਿ ਆਵਣਾ, ਕ੍ਰਿਆ-ਕਰਮ ਆਪਣੀ ਭਾਵਨਾ। ਹਰਿ ਸਰ ਫੁਲ ਪਾਏ। ਕਥਾ ਕੀਰਤਨ ਹੋਂਦੇ ਰਹਿਣ। ਗ੍ਰੰਥ ਜੀ ਕਾ ਭੋਗ ਪਵਾਏ। ਦਿਨਾਂ ਦਸਾਂ ਯਾਰਾਂ ਵਿਖੇ, ੧੬ ਤਥਾ ੧੫ ਤਥਾ ੧੭ ਦਿਨਾਂ ਵਿਖੇ ਪਾਠ ਕਰਾਏ। ਹੋਰ ਜਗਤ-ਚਾਲ ਪੁੰਨ ਦਾਨ ਕਰਾਏ, ਪ੍ਰਾਣੀ ਦੇ ਵਾਸਤੇ, ਪਿਛੇ ਜੋੜ-ਪੁਰਬ ਕਰੇ ਜਥਾ ਸ਼ਕਤਿ ਸਿਖਾਂ ਦੇ ਹੱਥ ਧੁਆਏ, ਪ੍ਰਸਾਦਿ ਕਰਵਾਏ। ਜੋ ਪ੍ਰਾਣੀ ਦਾ ਵਾਸਾ ਸਤਿ ਸੰਗਤਿ ਵਿਖੇ ਹੋਇ ਜੋ ਗੁਰੂ ਕਾ ਸਿਖ ਪਿਛੈ ਸਰਾਧ ਪਿਆਹ ਕਰੈ। ਸੋ ਪ੍ਰਾਨੀ ਸਿਖ ਹੋਇ ਤਾਂ ਸਿਖ ਨੂੰ ਪੂਜੈ, ਦਾਨ ਅਧਿਕਾਰੀ ਨੂੰ ਦੇਵੈ। ਸਿਖ ਦੇ ਨਾਮ ਦੀ ਪਰਸਾਦੀ ਧਰਮਸਾਲਾ ਅਥਵਾ ਅਧਿਕਾਰੀ ਨੂੰ ਦੇਵੈ।

ਗੁਰੂ ਕਾ ਸਿਖ ਕਿਰਤ ਦੇ ਨਫੇ ਵਿਚਹੁੰ ਦਸਵੰਧ ਗੁਰੂ ਕਾ ਦੇਵੈ। ਗੁਰੂ ਕੇ ਅਰਥ ਲਗਾਏ। ਪਰਸਾਦਿ ਛਕਾਏ।

ਹਜ਼ੂਰ ਸਿਰੀ ਵਾਹਗੁਰੂ ਪੂਰਨ ਪੁਰਖ ਜੀ ਦੇ ਅੱਗੇ ਇਕ ਸਿਖ ਨੇ ਬੇਨਤੀ ਕਰੀ 'ਜੀ ਸਚੇ ਪਾਤਸ਼ਾਹ! ਮੇਰੇ ਬੇਟੀ ਕਾ ਸੁਆਰਥ ਹੈ ਜੀ। ਮੇਰੇ ਹੱਥ ਪੱਲੇ ਸੋ ਤੁਹਾਨੂੰ ਮਲੂਮ ਹੈ।'

ਬਚਨੁ ਹੋਆ........'ਸਾਕ ਕਿਸ ਨਾਲ ਕੀਤਾ ਹਈ ?' ਜੀ, 'ਸਿਖ ਨਾਲ'। ਤਾਂ ਬਚਨ ਹੋਆ ਧਰਮਚੰਦ ਖਜ਼ਾਨਚੀ! ਵਿਚ ਬੈਠ ਕੇ ਸਿਖ ਦਾ ਕਾਰਜ ਉਜਲਾ ਕਰ ਦੇਣਾ। ਤਾਂ ਧਰਮ ਚੰਦ ਵੀ ਆਪ ਬੈਠ ਕੇ ਜੋ ਲਗਾ ਸੋ ਸਿਰਕਾਰੋਂ ਲਾਇਕੈ ਕਾਰਜ ਕਰ ਦਿਤਾ। ਉਸ ਸਿਖ ਆਪਣਾ ਪਰਸਾਦੀ ਦਾ ਲੋਭ ਭੀ ਨਾ ਕੀਤਾ ਗੁਰੂ ਕਾ ਸਿਖ ਗੁਰੂ ਕੀ ਅੰਸ਼ ਤੇ ਡਰਿਆ।

ਗੁਰੂ ਕਾ ਸਿਖ ਜੂਠਾ ਕਰਕੇ ਕਿਸੇ ਨੂੰ ਭੋਜਨ ਨਾ ਦੇਵੈ।

ਗੁਰੂ ਕਾ ਸਿਖ ਸਹਜਧਾਰੀ, ਰੋਮ ਕੈਂਚੀ ਨਾਲ ਉਤਰਾਵੇ, ਚਿਹਰਾ ਜ਼ਰੂਰ ਸਾਬਤ ਰਖੇ। ਦੀਦਾਰ ਚਿਹਰੇ ਦਾ ਹੈ।

ਗੁਰੂ ਕਾ ਸਿਖ ਦੇਹੀ ਦੇ ਰੋਮ ਨ ਲੁਹਾਏ। ਗ੍ਰਿਹਸਤੀ ਹੋਇ ਤਾਂ ਭੀ ਪਾਕੀ ਹੂਕੀ ਨਾ ਕਰਾਏ।

ਗੁਰੂ ਕਾ ਸਿਖ ਵਣਜ ਵਪਾਰ ਅਥਵਾ ਕਿਸੇ ਹੋਰ ਸਬੱਬ ਸਿਖ ਨਾਲ ਉਚਾ ਨੀਵਾਂ ਨਾ ਬੋਲੇ, ਤਾਂ ਬਖਸ਼ਾਇ ਲਏ। ਰਾਤਿ ਵਿਚ ਨਾ ਪਾਏ।

ਗੁਰੂ ਕਾ ਸਿਖ, ਗੁਰੂ ਕੀ ਮੰਨਤ ਰਖੇ ਨਾਹੀ, ਹੋਂਦੇ ਬਲ ਦੇ ਛੋਡੇ।

ਗੁਰੂ ਕਾ ਸਿਖ, ਸਿਖ ਦੀ ਨਿੰਦਾ ਚੁਗਲੀ, ਦਗ਼ਾ ਬਖ਼ੀਲੀ ਨਾ ਕਰੇ।

ਕਿਸੇ ਦੀ ਕਿਰਤ ਲਗੀ ਦੇਖ ਕੇ, ਅਥਵਾ ਮਾਇਆ, ਪਰਵਾਰ ਸੁਖ ਦੇਖ ਕੇ, ਦੁਖੀ ਨਾ ਹੋਇ। ਈਰਖਾ ਨਾ ਕਰੇ। ਸਾਖ ਗ੍ਰੰਥ ਸਾਹਿਬ ਦੀ:

'ਅਹਿਰਖਵਾਦ ਨ ਕੀਜੈ ਰੇ ਮਨ। ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ।'

ਹੋਰ ਸਾਖ ਗ੍ਰੰਥ:

'ਨਿੰਦਕ ਕੀ ਗਤਿ ਕਤਹੂ ਨਾਹੀ।'

ਗੁਰੂ ਕਾ ਸਿਖ ਪੜਦਾ ਕਿਸੇ ਦਾ ਨ ਉਘਾੜੈ, ਘਾਤੀ ਨ ਹੋਇ।

ਗੁਰੂ ਕੇ ਸਿਖ ਦੇ ਘਰ ਲੜਕਾ ਜਨਮੈ, ਤਾਂ ਗੁੜ੍ਹਤੀ ਵਿਚ ਪੰਜਾਂ ਸਿਖਾਂ ਦੇ ਚਰਨ ਧੋਇ ਕਰਿ ਪਾਹੁਲ ਪਾਏ। ਸਿਖ ਗੁਰੂ ਕਾ ਕਰਕੇ ਦੀਦਾਰ ਲਏ। ਜੇਕਰ ਕੇਸ ਧਾਰੀ ਕਰਨਾ ਹੋਇ ਜਨਮ ਦੇ ਨਾਲ ਰਖੇ। ਨਾਉਂ ਗ੍ਰੰਥ ਸਾਹਿਬ ਜੀ ਦੀ ਅਵਾਜ਼ ਲੈਕਰਿ ਰਖਾਏ। ਗੀਤਾਂ ਕਰੈ, ਦਹੀ ਪਾਇ ਨੁਵਾਲੇ।

ਗੁਰੂ ਕਾ ਸਿਖ ਹੱਥੋ-ਪਾਈ, ਲੜਾਈ ਕਿਸੇ ਨਾਲਿ ਨਾ ਕਰੈ। ਆਪਣਿਆਂ ਕੇਸਾਂ ਦੀ ਅਬਰੋਇ ਵਲ ਦੇਖੇ।

ਗੁਰੂ ਕਾ ਸਿਖ ਚੰਗੀ ਚੋਖੀ ਵਸਤੁ ਇਕੱਲਾ ਨਾ ਖਾਏ, ਸਿੱਖਾਂ ਨਾਲ ਵੰਡ ਕਰਿ ਖਾਏ।

ਗੁਰੂ ਕਾ ਸਿਖ ਪੋਥੀ ਲਿਖ, ਪੜ੍ਹਕੇ ਵੇਚੇ ਨਾਹੀ। ਭੇਟ-ਮੋਖ। ਵੇਚੀ ਵਸਤੁ ਨਾਲ ਸਾਕ ਕੁਛ ਨਹੀਂ ਰਹਿੰਦਾ। ਸਾਖ ਗ੍ਰੰਥ ਸਾਹਿਬ ਦੀ:

'ਧ੍ਰਿਗੁ ਤਿਨ੍ਹਾਂ ਦਾ ਜੀਵਿਆ ਜੋ ਲਿਖਿ ਲਿਖਿ ਵੇਚਹਿ ਨਾਉ।
ਖੇਤੀ ਜਿਨ ਕੀ ਉਜੜੀ ਖਲਵਾੜੇ ਕਿਆ ਥਾਉਂ।'

ਗੁਰੂ ਕਾ ਸਿਖ ਆਪਣੇ ਧਰਮ ਵਿਚ ਕਾਇਮ ਰਹੈ। ਪਰਾਇਆ ਧਰਮ ਨਾ ਕਰੈ। ਸਾਖ ਗ੍ਰੰਥ ਸਾਹਿਬ ਦੀ:

'ਗੁਰ ਬਿਨੁ ਅਉਰ ਨ ਜਾਣਹੁ ਕੋਈ।'

ਗੁਰੂ ਕਾ ਸਿਖ ਪਰਉਪਕਾਰ ਨੂੰ ਢਿੱਲ ਨ ਕਰੈ। ਜੇਕਰ ਆਪਣੀ ਵਾਸੀ ਵਿਚ ਕਿਸੇ ਦਾ ਢੰਗ ਸੁਆਰਥੁ ਪਵੈ ਪਰਨੇ ਤਥਾ ਮਰਨੇ ਦਾ, ਤਾਂ ਤੰਬੋਲ ਪਗੜੀ ਪਹਿਲੈ ਗੁਰੂ ਕੇ ਵਲੋਂ ਸਿਖ ਨੂੰ ਸਿਖ ਕਰਿ ਦੇਵਨਾ।

ਗੁਰੂ ਕਾ ਸਿਖ ਲਿਖਾਰੀ ਹੋਵੇ, ਤਾਂ ਪੋਥੀ, ਗ੍ਰੰਥ ਸਾਹਿਬ ਜੀ ਲਿਖਕੇ ਸਿਖ ਨੂੰ ਦੇਵੇ। ਪ੍ਰੇਮ ਭੇਟ ਲਏ। ਸਾਖ ਗ੍ਰੰਥ ਸਾਹਿਬ ਜੀ ਦੀ:

'ਹਰਿਜਸ ਲਿਖਹਿ ਬੇਅੰਤ ਸੋਹਹਿ ਸੇ ਹਥਾ।'

ਗੁਰੂ ਕਾ ਸਿਖ ਜੋ ਧਰਮਸਾਲੀ ਹੋਵੇ, ਸੋ ਕੈਸਾ ਹੋਵੈ ? ਗ੍ਰਿਹਸਤੀ ਨਾ ਹੋਵੈ, ਨਿਰਲੋਭੀ ਹੋਇ, ਨਿਰਅਭਿਮਾਨੀ ਹੋਵੈ, ਜਤੀ ਸਤੀ ਹੋਵੇ, ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਪਤਵਾਨ, ਤਪੀਆ, ਅਨਿੰਦ, ਰਹਿਤਵਾਨ, ਮਤਸਰ ਬਿਨਾਂ, ਪੜਦੇ ਕੱਜ, ਸੁਚੇਤ, ਦੇਹੀ ਪਵਿਤ੍ਰ, ਟਹਿਲ ਕਰਿ, ਵੰਡ ਖਾਇ, ਪਰਦੇਸੀ ਸਿਖ ਦੀ ਚੀਜ਼ ਵਸਤ ਦੀ ਸੁਚੇਤੀ, ਜਿਸ ਵਿਚ ਇਤਨੈ ਗੁਣ ਹੋਵਣ, ਦਰਦਵੰਦ ਹੋਵੈ, ਸੋ ਧਰਮਸਾਲੀਆ ਹੋਵੈ। ਸਾਖ ਗ੍ਰੰਥ ਸਾਹਿਬ ਦੀ:

'ਮੋਹਿ ਨਿਰਗੁਨਿ ਦੀਜੈ ਥਾਂਉ ਸੰਤ ਧਰਮਸਾਲੀਐ।'

ਗੁਰੂ ਕੇ ਸਿਖ ਵਾਸੀ ਵਾਲੇ ਐਸੇ ਸਿਖ ਧਰਮਸਾਲੀਏ ਦੀ ਗੌਰ ਕਰਨ, ਢੰਗ ਸੁਆਰਥ ਵਿਚ ਪਲ ਪਲ ਅਰਦਾਸ ਗੁਰੂ ਕੀ ਕਰਨੀ, ਅਤੇ ਧਰਮਸਾਲੀਏ ਦੀ ਸਮ੍ਹਾਲ ਕੀਤੀ ਜਾਣੀ।

ਧਰਮਸਾਲਾ ਵਿਚ ਜ਼ਨਾਨਾ ਘਰ ਨ ਹੋਵੈ। ਗੁਰੂ ਕੇ ਘਰਿ ਗੁਰੂ ਕੇ ਸਿਖ ਗਰੀਬ, ਅਰਥੀ, ਭਜਨਵਾਨ ਰਹਿਣ, ਵਿਕਾਰੀ ਨਾਹੀ ਚਾਹੀਐ। ਸਾਖ ਗ੍ਰੰਥ ਸਾਹਿਬ ਜੀ ਦੀ:

'ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰ।'

ਗੁਰੂ ਕਾ ਸਿਖ, ਸਿਖਾਂ ਪੁਤ੍ਰਾਂ ਨੂੰ ਪੋਥੀ ਗ੍ਰੰਥ ਸਾਹਿਬ ਜੀ ਦੀ ਸ਼ਬਦ ਬਾਣੀ ਕੀਰਤਨ ਸਿਖਾਏ। ਪੀਰ ਮਸੰਦ ਨਾ ਬਣਾਏ। ਗੁਰੂ ਕਾ ਨਾਤਾ ਜਾਣੈ, ਬੁਰਾ ਨ ਤੱਕੇ। ਗੁਰੂ ਕਾ ਸਿਖ (ਸਿਖ ਦੀ) ਟਹਿਲ ਸੇਵਾ ਅਦਬ, ਭਾਉ ਕਰੇ, ਪਿਤਾ ਸਮਾਨ ਜਾਣੇ। ਜੇ ਸਿਖ ਪੁੱਤ ਨੂੰ ਮੰਦੀ ਨਦਰ ਕਰਿ ਦੇਖੇ, ਸੋ ਗੋ-ਹੰਤਾ ਹੈ, ਸਿਖ ਨਹੀਂ। ਗੁਰੂ ਕਾ ਸਿਖ ਹੋਇਕੈ, ਸਿਖ ਦੇ ਬਾਲ ਬੱਚੇ, ਧਨ ਨੂੰ ਦੇਖਕੇ ਬੁਰੀ ਨਜ਼ਰ ਨ ਤੱਕੇ।

ਗੁਰੂ ਕਾ ਸਿਖ ਜੇ ਅਰਥੀ (ਹੋਵੈ) ਜੋ ਸਿਖ ਦੇ ਘਰੋਂ ਪ੍ਰਸਾਦਿ ਸਰੇ, ਸੋ ਅੰਮ੍ਰਿਤ ਸਮਾਨ ਜਾਣੈ। ਗੁਰੂ ਕਾ ਸਿਖ ਨਵਾਂ ਭੋਜਨ ਫੁਲ, ਫਲ, ਅਨਾਜ ਆਦਿ ਲੈ ਕਰ ਪਹਿਲੇ ਸਿਖ ਦੀ ਰਸਨੀਂ ਚੜ੍ਹਾਇ ਲਏ, ਤਾਂ ਪਿਛੋਂ ਆਪ ਖਾਏ।

ਗੁਰੂ ਕਾ ਸਿਖ ਹੋਇਕੈ, ਸਿਖ ਉਪਰਿ ਸੱਟ ਨ ਕਰੈ। ਸਿਖ ਦੇ ਹਤ ਕੀਏ ਨਰਕ ਪ੍ਰਾਪਤਿ ਹੋਂਦਾ ਹੈ ਜੋ ਕੁਲ-ਹੱਤਿਆ, ਸੋ ਭਾਰੀ ਹੈ। ਕੈਰਵ ਗਲੇ, ਇਸੇ ਹਤਿਆ ਕਰਿ। ਇਕ ਗੋੜ੍ਹ ਕੁਲ ਹੈ, ਇਕ ਗੁਰੂ ਕੁਲ ਹੈ।

ਗੁਰੂ ਕੇ ਸਿਖ ਮੁਸੱਦੀ—ਜੋ ਸਰਕਾਰ ਤੁਰਕਾਂ ਦੀ ਵਿਚ ਹੋਵਨ, ਤਿਨ੍ਹਾਂ ਨੂੰ ਸਭੋ ਕੁਰਹਿਤਾਂ ਮਾਫ, ਇਕ ਇਨ੍ਹਾਂ ਤ੍ਰਿਹੁੰ ਬਿਨਾ—ਇਕ ਕੰਨਿਆਂ-ਹਤ, ਦੂਜਾ ਭੱਦਣ, ਤੀਜਾ ਬਿਖਿਆ (ਤਮਾਕੂ) ਇਹੁ ਨ ਕਰਨ, ਹੋਰ ਕਰਨ ਤਾਂ ਬਖਸ਼ਾਇ ਲੈਣ।

ਜੇ ਕਿਸੇ ਸਿਖ ਦਾ ਕਾਰਜ ਆਇ ਬਣੈ, ਤਾਂ ਮਾਇਆ ਸਿਖਾਂ ਨੂੰ ਦੇਵਣਾ। ਹੋਂਦੇ ਬਲ ਅਟਕਾਇ ਨ ਕਰੈ।

ਗੁਰੂ ਕਾ ਸਿਖ ਸੂਫੀ, ਘੋਰੀ ਨ ਹੋਵੈ।

ਗੁਰੂ ਕੇ ਸਿਖ ਪਾਸ ਜੇ ਕੋ ਹਿਤੀਆ ਝੁਣਕੈ ਆਵੈ ਸ਼ਰਨ ਗੁਰੂ ਕੀ, ਤਾਂ ਮੇਲਿ ਲੈਣਾ। ਗੁਰੂ ਕੇ ਸਿਖ ਕੁਰਹਿਤੀਏ ਧਾੜੀਏ ਦਾ ਧੜਾ ਨ ਕਰਨ। ਸਾਖ ਗ੍ਰੰਥ ਜੀ ਦੀ:

'ਮਿਥਿਆ ਦੂਜਾ ਭਾਉ ਧੜੇ ਬਹੁ ਪਕਾਏ।'

ਗੁਰੂ ਕਾ ਸਿਖ, ਸਰਦਾਰ ਹੋਵੈ, ਸ਼ਾਹੂਕਾਰ ਹੋਵੈ, ਮੁਸੱਦੀ ਹੋਵੈ, ਆਪਣੇ ਲੰਗਰ ਰਸੋਈ ਵਿਚ ਸਿਖ ਰਖੇ। ਹੁਕਈ, ਟੋਪੀਆ, ਭਾਦਣੀ, ਚੋਰ, ਯਾਰ, ਜੂਏਬਾਜ਼ ਕੁਰਹਿਤੀਆ ਨਾ ਰਖੈ।

ਗੁਰੂ ਕਾ ਸਿਖ ਬੇਮੁਖੀਆ ਨਾ ਹੋਵੈ, ਗੁਰੂ ਪਾਸੋਂ ਸਿਖ ਮੂੰਹ ਨ ਫੇਰੇ। ਸਾਖ ਗ੍ਰੰਥ ਜੀ ਦੀ:

'ਮੁਹਿ ਫੇਰੇ ਮੁਹ ਜੂਠਾ ਹੋਇ।'

ਗੁਰੂ ਕਾ ਸਿਖ ਲੰਗਰ ਗੋਹੇ ਨਾ ਬਾਲੇ, ਲੱਕੜੀਆਂ ਬਾਲੇ। ਜੇ ਲੱਕੜੀਆਂ ਨਾ ਹੋਵਨ, ਤਾਂ ਭੀ ਇਕ ਅੱਧ ਲੱਕੜੀ ਰਖੇ।

ਗੁਰੂ ਕਾ ਸਿਖ, ਗੁਰਮੰਤ੍ਰ ਬਿਨਾਂ ਨ ਹੋਵੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਿਸਟਣਹ।
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲ ਖਲਹ।'

ਗੁਰੂ ਕਾ ਸਿਖ ਪਾਹੁਲ ਲਏ ਜੂੜੇ ਸੰਪੂਰਨ ਹੋਂਦੇ ਤੋੜੀਂ। ਸੇਵਕੀ, ਟਹਿਲ ਭਾਉ ਗੁਰਮਤਿ ਸਿਖਦਾ ਰਹੈ।

ਗੁਰੂ ਕਾ ਸਿਖ ਜਾਤੇ ਪਛਾਤੇ ਬਿਨਾ ਨਾ ਵਰਤੇ, ਨਾ ਵਿਸਾਹੁ ਕਰੇ। ਸੁਚੇਤ ਰਹੈ।

ਗੁਰੂ ਕਾ ਸਿਖ, ਸਿਖ ਨੂੰ ਪਾਹੁਲ ਦੇਵਣ ਲਗੇ, ਤਾਂ ਗੁਰਦੀਖਿਆ ਦੀ ਮ੍ਰਿਜਾਦਾ ਹੈ; ਪੰਜ ਚੂਲੇ, ਰਸਨੀਂ ਚੜ੍ਹਾਏ, ਪੰਜ ਸੀਸ, ਨੇਤ੍ਰੀਂ..........

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਬੁਲਾਏ।

ਸਤਿਨਾਮ ਮੰਤ੍ਰ ਗੁਰਮਤਿ ਦਾ ਉਪਦੇਸ ਕਰੈ।

ਪਾਹੁਲ ਦੇਵਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨ ਹੋਵੈ। ਰਹਿਤਵਾਨ ਹੋਵੈ। ਆਪ ਗੁਰੂ ਨਾ ਸਦਾਏ।

ਗੁਰੂ ਕਾ ਸਿਖ ਕੇਸਾਂ ਦੀ ਪਾਲਨਾ ਕਰੈ। ਦੋ ਵਕਤ ਕੰਘਾ ਹੋਵੈ। ਧੋਵੈ ਦਹੀਂ ਨਾਲ, ਮੈਲਾ ਹੱਥ ਨਾ ਲਾਏ, ਜੀਉ ਨ ਪਵਣੇ ਦੇਵੇ। ਸੁਚੇਤ ਰਹੈ।

ਗੁਰੂ ਕਾ ਸਿਖ ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ।

ਜੋ ਪਾਹੁਲ ਬਿਨਾ ਰਖੇ, ਸੋ ਭੰਡ ਭਗਤੀਆ ਜਾਣਨਾ ਨਿਗੁਰਾ। ਉਸ ਦੀ ਗੱਲ ਚਤੁਰਾਈ ਸਭ ਝੂਠੀ। ਸਾਖ ਗ੍ਰੰਥ ਸਾਹਿਬ ਜੀ ਦੀ:

'ਜਿਉਂ ਨਿਗੁਰਾਂ ਬਹੁ ਬਾਤਾਂ ਜਾਣੈ, ਉਹ ਹਰਿ ਦਰਗਹਿ ਹੈ ਭ੍ਰਿਸਟੀ।'

ਗੁਰੂ ਕਾ ਸਿਖ ਜੋੜ ਮੇਲ ਸਿਖਾਂ ਵਿਚ ਜਾਏ। ਜੇ ਰੁੱਠਾ ਹੋਵੇ, ਤਾਂ ਸਿਖ ਮਨਾਇ ਲੈਣਾ।

ਗੁਰੂ ਕੇ ਸਿਖ, ਸਿਖਾਂ ਨੂੰ ਆਦਰ ਦੇਣ। ਭਾਉ ਕਰਨ, ਮਾਨ ਕਰਨ, ਮਾਨ ਛੱਡਣ। ਵਾਸੀ ਦਾ ਧਰਮ ਹੈ, ਮਿਲਣਾ ਪਿਆਰ ਨਾਲ।

ਸਿਖਾਂ ਵਿਚ ਸਿਖ ਨੂੰ ਗਇਆਂ ਚਾਰ ਨਫੇ ਹੁੰਦੇ ਹੈਨ, ਇਕ ਤਾਂ ਸ਼ਬਦ ਪੜ੍ਹਨਾ ਅਰੁ ਸੁਨਣਾ, ਦੂਜੀ 'ਸਿਖੀ ਪਛਾਣ' ਅਰੁ ਮਰਮੀ, ਤੀਜੀ ਸਿਖੀ ਰਹਿਤ-ਬੁਧਿ ਆਂਵਦੀ ਹੈ। ਚੌਥੇ ਯਥਾ-ਸ਼ਕਤਿ ਪੁੰਨ ਕਰਨਾ।

ਗੁਰੂ ਕਾ ਸਿਖ, ਜੇ ਸਿਖਾਂ ਵਿਚ ਜਾਏ, ਤਾਂ ਵਿਚਾਰ ਕੇ ਬੈਠੇ। ਪੰਗਤ ਦੇ ਵਿਚ ਕਿਸੇ ਦੇ ਅੱਗੇ ਨਾ ਬੈਠੇ। ਦੋ ਘਾਟੇ ਹੁੰਦੇ ਹੈਨਿ, ਅੱਗੇ ਬੈਠਿਆਂ, ਇਕੇ ਪਿਛਲੇ ਦਾ ਮਾਨ ਘਟਦਾ ਹੈ, ਦੂਜਾ ਅਪਣਾ ਵਧਦਾ ਹੈ।

ਗੁਰੂ ਕਾ ਸਿਖ, ਸਿਖਾਂ ਦੇ ਜੋੜੇ ਸਿਧੇ ਕਰਿ ਰਖੇ, ਤਾਂ ਜੁ ਮਾਨ ਨ ਵਧੇ। ਗੁਰੂ ਕਾ ਸਿਖ, ਚੰਗਾ ਕੋਈ ਸਰਦਾਰ ਬਣਿਆ ਚਾਹੇ, ਤਾਂ ਸਿੱਖਾਂ ਦੀ ਟਹਿਲ ਕਰੇ। ਸਾਖ ਗ੍ਰੰਥ ਸਾਹਿਬ ਜੀ ਦੀ:

'ਟਹਲ ਮਹਲ ਤਾਂ ਕੋ ਮਿਲੈ, ਜਾ ਕਉ ਸਾਧ ਕ੍ਰਿਪਾਲੁ।'

ਗੁਰੂ ਕਾ ਸਿਖ, ਨਾਰੀ ਦਾ ਵਿਸਾਹ ਨਾ ਕਰੈ।

ਗੁਰੂ ਕੇ ਸਿਖ ਨੂੰ ਕੋਈ ਸਿਖ ਅਰਥੀ ਮਿਲੇ, ਅਥਵਾ ਪਰਚੇ ਵਾਲਾ ਹੋਂਦੇ ਬਲ ਬਸਤ੍ਰ ਸਿਖ ਨੂੰ ਪੁਆਇ ਦੇਵੈ। ਕੇਸੀ ਨ੍ਵਾਲੇ, ਪ੍ਰਸਾਦਿ ਛਕਾਏ

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ।

ਸਾਖ:

'ਚੋਰ ਯਾਰ ਜੂਆਰ ਪੀੜੇ ਘਾਣੀਐ।'

ਗੁਰੂ ਕਾ ਸਿਖ, ਜੇ ਕਿਸੇ ਕੰਮ ਵਿਚ ਹੋਵੈ, ਤਾਂ ਗੁਰੂ ਨਾਲ ਸਨਮੁਖ ਰਹੇ।

ਮਾਇਆ ਦਾ ਵਿਸਾਹ ਨਹੀਂ। ਸਾਖ:

'ਇਨ ਮਾਇਆ ਘਰ ਬਹੁਤੇ ਗਾਲੇ।'

ਗੁਰੂ ਕਾ ਸਿਖ ਪ੍ਰਸਾਦਿ ਪਾਂਵਦਾ ਗੱਲਾਂ ਨ ਕਰੈ। ਊਪਰਿ ਥੁੱਕਾਂ ਪਉਂਦੀਆਂ ਹੈਨਿ। ਗਿਲਾਨਿ ਨ ਹੋਵੈ।

ਗੁਰੂ ਕਾ ਸਿਖ, ਅਥਵਾ ਸਿਖਣੀ ਆਟਾ ਗੁੰਨ੍ਹਦੀ, ਪ੍ਰਸਾਦ ਪਾਂਵਦੀ, ਹੱਥ ਧੋਇ ਲਵੈ। ਪਿੰਡਾ ਖੁਰਕੈ, ਤਾਂ ਵੀ ਹੱਥ ਧੋ ਲਏ। ਨਹੁੰ ਵਡੇ ਨ ਰਖੇ।

ਗੱਲਾਂ ਨਾ ਕਰੇ, ਪ੍ਰਸਾਦਿ ਪਾਂਵਦੀ।

ਗੁਰੂ ਕਾ ਸਿਖ ਕਾਵ੍ਹੇ[1] ਬੈਠਕੇ ਮਿਟੀ ਨਾਲ ਸੋਚ ਕਰੇ, ਪੰਜ-ਇਸਨਾਨਾ ਕਰੇ, ਗੁਰੂ ਕੀ ਅਉਲਾਦ ਨੂੰ ਮੰਨੇ। ਗੁਰੂ ਕੀ ਜਾਗ੍ਹਾ ਨੂੰ ਮੰਨੇ, ਗੁਰੂ ਕੇ ਟਹਲੀਆਂ ਨੂੰ ਮੰਨੈ। ਗੁਰੂ ਕੇ ਲਿਖੇ ਨੂੰ ਮੰਨੇ। ਜਿਨ੍ਹਾਂ ਨੂੰ ਖਾਵੰਦ ਨੇ ਆਪਨਾ ਆਖਿਆ ਹੈ, ਤਿਨ੍ਹਾਂ ਨੋ ਮੰਨੇ ਅਰੁ ਪੂਜੇ।

ਗੁਰੂ ਕਾ ਸਿਖ ਕਿਤੇ ਕਾਰਜ ਜਾਏ—ਦੇਸ ਅਥਵਾ ਪਰਦੇਸ, ਆਪਣੇ ਗੁਰੂ ਕੀ ਅਰਦਾਸ ਕਰਕੇ ਟੁਰੇ।

ਗੁਰੂ ਕਾ ਸਿਖ ਦੇਸੋਂ ਪਰਦੇਸੋਂ ਨੇੜਿਓਂ ਅਥਵਾ ਦੂਰੋਂ ਘਰਿ ਆਵੈ, ਪਹਿਲੇ ਧਰਮਸਾਲੇ ਮੱਥਾ ਟੇਕੈ। ਯਥਾ-ਸ਼ਕਤਿ ਘਰੋਂ ਆਇਕੇ ਪੂਜਾ ਕਰੈ।

ਗੁਰੂ ਕਾ ਸਿਖ ਜੋ ਕਿਸੇ ਗ਼ੈਰ ਨਾਲ ਬਾਹਰ ਵਰਤਿਆ ਹੋਵੇ, ਤਾਂ ਹੱਥ ਜੁੜਾਇ ਲਏ।

ਗੁਰੂ ਕਾ ਸਿਖ ਤੀਰਥ ਜਾਏ, ਗੁਰਦੁਆਰੇ ਜਾਇ, ਹੋਂਦੇ ਬਲ ਕਿਸੇ ਦਾ ਧਾਨ ਨ ਖਾਏ। ਕੁਝ ਕਿਸੇ ਨੂੰ ਖਵਾਏ। ਵਿਕਾਰ ਚਿਤਵੈ ਨਾ, ਨਾ ਕਰੈ। ਘਰ ਆਵੈ, ਯਥਾ ਸ਼ਕਤਿ ਸਿਖ ਨੂੰ ਹੱਥ ਧੁਆਏ:

'ਤੀਰਥ ਤਪੁ ਦਇਆ ਦਤੁ ਦਾਨ। ਜੇ ਕੋ ਪਾਵੈ ਤਿਲਕਾ ਮਾਨੁ।'

ਤਿਲ ਕਾ ਮਣ ਹੋਂਦਾ ਹੈ। ਦਾਨ ਕਰੇ, ਜੋ ਪਾਪ ਨਾ ਕਰੇ।

ਗੁਰੂ ਕਾ ਸਿਖ, ਜੋ ਅਰਥੀ ਆਵੈ, ਤਿਸ ਕਾ ਅਰਥ ਪੂਰਾ ਕਰੇ। ਅਰੁ ਜੋ ਨਾਲਿ ਤਿਨਾਂ ਕੇ ਹੋਰ ਹੋਵਨਿ ਤਾਂ ਯਥਾ ਸ਼ਕਤਿ ਸਭਨਾਂ ਸਿਖਾਂ ਦੀ ਪੂਜਾ ਕਰਨੀ, ਉਸਦੇ ਅਧਿਕਾਰ ਸਮਾਨ।

ਗੁਰੂ ਕਾ ਸਿਖ ਸਿਖਾਂ ਵਿਚ ਬੈਠ ਕੇ ਕਾਈ ਗੱਲ ਵਧ ਕੇ ਨਾ ਕਰੈ।

ਗੁਰੂ ਕਾ ਸਿਖ, ਸ਼ਬਦ-ਪਾਠ, ਕੀਰਤਨ, ਚਰਚਾ ਸਿਖਾਂ ਵਿਚ ਬੈਠ ਕੇ ਕਰੈ, ਹੋਰ ਗੱਲ ਨਾ ਕਰੇ, ਨਾ ਸੁਣੈ।

ਗੁਰੂ ਕਾ ਸਿਖ ਗੰਦ-ਵਾਕੀ ਨਾ ਹੋਵੈ:

'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ।'

ਗੁਰੂ ਕਾ ਸਿਖ, ਰਜਿਕ ਘਾਟ[2] ਇਸਨਾਨ ਨ ਕਰੈ।

ਗੁਰੂ ਕਾ ਸਿਖ ਭਜਨਵਾਨ ਪ੍ਰਸਾਦਿ ਮ੍ਰਿਜਾਦਾ ਦਾ ਖਾਏ। ਜਿਸ ਦੀ ਚਾਹ ਰਹੇ,

---

੧. ਜੰਗਲ ਪਾਣੀ, ਪਖਾਨੇ। ੨. ਧੋਬਿ ਘਾਟ।

ਸੋ ਪਵਿਤ੍ਰ ਅੰਮ੍ਰਿਤ ਦੇਵਤਿਆਂ ਦਾ ਭੋਜਨ ਪੁਰ ਕਰਿ ਭਾਂਡਾ ਭਰਿਆ ਹੋਇਆ ਸੋ ਅੰਨ ਮਾਨੁਖ ਕਾ ਅਹਾਰ ਭਾਂਡਾ ਭਰ ਲੈਣਾ। ਅਤੇ ਜੋ ਵਧੀਕ ਸੋ ਸਮਾਨ ਪਸ਼ੂਆਂ ਦਾ ਅਹਾਰ, ਬੁੱਧਿ ਨੂੰ ਅਛਾਦ ਲੈਂਦਾ ਹੈ, ਨਾਲੇ ਦੁੱਖ ਦੇਂਦਾ ਹੈ।

ਗੁਰੂ ਕਾ ਸਿਖ, ਭੁੱਲੇ ਨੂੰ ਮਾਰਗ ਪਾਇ।

ਗੁਰੂ ਕਾ ਸਿਖ, ਕੀਰਤਨ ਸ਼ਬਦ ਸੋਹਿਲਾ ਪੜ੍ਹ ਕੇ ਸਵੈਂ।

ਗੁਰੂ ਕਾ ਸਿਖ, ਕਾਰਜ, ਵਿਆਹ ਵਿਚ ਕੰਮ ਉਸ ਬ੍ਰਾਹਮਣ ਪਾਸੋਂ ਕਰਾਏ, ਜੋ ਰਹਿਤ ਗੁਰੂ ਕੀ ਰਖੇ।

ਗੁਰੂ ਕਾ ਸਿਖ, ਹੋਂਦੇ ਬਲ ਧੌਂੜੀ ਦੇ ਬੋਕੇ ਪਾਣੀ ਨਾ ਪੀਐ, ਨਾ ਤੁਰਕ ਕੇ ਪਾਸੋਂ ਜਲ ਪੀਐ।

ਗੁਰੂ ਕਾ ਸਿਖ ਦਇਆ ਪਾਲੇ, ਸਰਬਤ ਉਪਰਿ। ਪਰ ਜਿਸ ਦਇਆ ਵਿਚ ਵਿਘਨ ਨਿਕਲੈ, ਸੋ ਨਾ ਕਰੈ।

ਗੁਰੂ ਕਾ ਸਿਖ, ਨੀਚ ਕਰਮ ਨਾ ਸਿਖੇ। ਕੁਸੰਗਤਿ ਨਾ ਕਰੇ। ਜੜ੍ਹ ਅਚੇਤ ਨਾ ਹੋਵੈ। ਆਪਣੇ ਗੁਰੂ ਬਿਨਾ ਹੋਰ ਨਾ ਜਾਣੇ। ਗੁਰੂ ਕੀ ਬਾਣੀ ਸੋਧੇ, ਅਰਥ ਵੀਚਾਰੇ।

ਗੁਰੂ ਕਾ ਸਿਖ ਜੇ ਉਦਾਸੀ[1] ਕਰੇ ਤਾਂ ਆਪਣੇ ਗੁਰਾਂ ਦੇ ਅਸਥਾਨ ਦੇਖੇ।

ਗੁਰੂ ਕਾ ਸਿਖ ਜੋ ਬਚਨ ਕਹੇ, ਮਿਠਾ ਮਿਠਾ ਕਰੇ, ਕੌੜਾ ਨ ਕਰੈ।

ਰਿਦਾ ਨਾ ਦੁਖਾਇ। ਸਾਖ :

'ਇਕੁ ਫਿਕਾ ਨ ਗਾਲਾਇ, ਸਭਨਾ ਮੈ ਸਚਾ ਧਣੀ।'

ਗੁਰੂ ਕਾ ਸਿਖ, ਸਨਬੰਧੀਆਂ ਨੂੰ ਗੁਰਮਤਿ ਧਰਮ ਦਾ ਉਪਦੇਸ਼ ਕਰੈ। ਜੋ ਧਨਵਾਨ ਹੋਵੈ, ਆਪਣੇ ਧਰਮ ਦਾ ਉਪਦੇਸ਼ ਕਰੈ। ਦੁਸ਼ਟ ਨਾਲ, ਤਤੇ[2] ਨਾਲ ਚਰਚਾ ਨਾ ਕਰੈ। ਧੀਰਜ ਦੀ ਚਰਚਾ, ਸਾ ਚਰਚਾ। ਕਾਗ-ਚਰਚਾ ਨਾ ਕਰੈ।

ਗੁਰੂ ਕਾ ਸਿਖ ਪਾਹੁਲ ਲਏ, ਤਾਂ ਸੁਚੇਤ ਰਹੇ, ਭਜਨਵਾਨ, ਬੁਧਿਮਾਨ ਦੇ ਹੱਥੀਂ ਲਏ। ਕਾਣਾ, ਗੰਜਾ, ਕੋੜ੍ਹਾ ਨਾ ਹੋਵੈ। ਗੰਦ-ਵਾਕੀਆ, ਅਣਦਾੜ੍ਹੀਆ, ਬਦ-ਕਰਮੀ, ਚੋਰ, ਯਾਰ, ਜੂਆਰੀ, ਵਿਕਾਰੀ ਨਾ ਹੋਵੇ। ਜਿਸ ਕੇ ਹਾਥੋਂ ਗੁਰਦੀਖਿਆ ਲਈਦੀ ਹੈ, ਤਿਸ ਕੇ ਕਰਮਾਂ ਨਾਲ ਹਿਸਾਬ ਹੋਂਦਾ ਹੈ, ਲੈਣ ਵਾਲੇ ਦਾ। ਤਾਂ ਤੇ ਸੁਚੇਤ ਪਾਸੋਂ ਦੀਖਿਆ ਲਏ।

ਗੁਰੂ ਕਾ ਸਿਖ, ਧਨਵਾਨ ਹੋਵੈ, ਗਰੀਬ ਹੋਵੈ, ਆਪਣੇ ਪਰਵਾਰ ਵਲਿ ਨਦਰਿ ਕਰਿ ਦੇਖੇ। ਆਪਣੀ ਉਮਰ ਵਲਿ ਨਜ਼ਰ ਕਰ ਦੇਖੇ—ਜੋ ਬੀਤੀ ਕਿਤਨੀ ਅਤੇ ਰਹਿੰਦੀ ਕਿਤਨੀ ? ਚਾਰ ਅਵਸਥਾ ਦੇਹ ਦੀਆਂ ਹਨ—ਬਾਲ, ਜੁਆਨੀ, ਬ੍ਰਿਧਾ ਤੇ ਮਿਰਤਕ। ਤਾਂ ਤੇ ਭਰੋਸਾ ਜੀਵਣ ਦਾ ਕਿਆ ਹੈ।

ਅਰੁ ਭਾਉ-ਮੁਹਬਤ ਸਮਾ ਪਾਇਕੇ ਘਟ ਜਾਇਗੀ। ਗੁਰੂ ਕਾ ਸਿਖ ਮਿਲਦਾ ਮੇਲ ਕਰੇ, ਭ੍ਰਿਸ਼ਟ ਨਾ ਹੋਵੈ।

ਗੁਰੂ ਕਾ ਸਿਖ, ਪ੍ਰਸਾਦ ਖਾਂਦਾ, ਦਾਨ ਦੇਂਦਾ, ਭਜਨ ਕਰਦਾ ਕ੍ਰੋਧ ਨਾ ਕਰੇ।

---

੧. ਯਾਤਰਾ, ਭ੍ਰਮਣ। ੨. ਤੁਰਕ ਤੋਂ ਭਾਵ ਹੈ।

ਕ੍ਰੋਧ ਚੰਡਾਲ ਦੀ ਸੰਗਤਿ ਨਾਹੀ ਕਰਨੀ। ਸਾਖ ਪਾਤਿਸ਼ਾਹੀ ੧੦:

'ਧਰਮ ਜਿਉਂ ਕ੍ਰੁਧ ਤੇ, ਭਰਮ ਸੁ ਬੁਧਿ ਤੇ ਚੰਡਿ ਕੇ ਜੁਧ ਤੇ ਦੈਂਤ ਪ੍ਰਾਨੇ।'

ਗੁਰੂ ਕਾ ਸਿਖ, ਭਲੇ ਸਿਖ ਕੀ ਸੰਗਤਿ ਕਰੈ, ਜਿਸ ਕੇ ਸੰਗਿ ਭਾਉ-ਪ੍ਰੀਤਿ ਸ਼ਬਦ ਦੀ ਪ੍ਰਾਪਤੀ ਹੋਇ। ਗੁਰੂ ਕਾ ਸਿਖ, ਸ਼ਬਦ ਬਾਣੀ, ਚਰਚਾ, ਉਸ ਨਾਲ ਕਰੈ, ਜਿਹੜਾ ਪ੍ਰੀਤਿ ਦੇ ਨਾਲ ਪੁੱਛੈ ਅਰੁ ਸੁਣੇ। ਸਾਖ:

'ਵਿਣੁ ਗਾਹਕ ਗੁਣ ਵੇਚੀਐ ਤਉ ਗੁਣ ਸਹਿਘੋ ਜਾਇ।'

ਪ੍ਰੀਤਵਾਨ ਨਾਲ ਚਰਚਾ ਕਰਨੀ, ਤਿਸ ਦਾ ਫਲ ਏਹੁ ਹੈ:

'ਗੁਣ ਕਾ ਗਾਹਕੁ ਜੇ ਮਿਲੈ, ਤਉ ਗੁਣ ਲਾਖ ਬਿਕਾਇ।'

ਗੁਰੂ ਕਾ ਸਿਖ ਗੁਰੂ ਕੀ ਚਰਚਾ ਸ਼ਬਦ ਦੀ, ਗੈਰ ਨਾਲ ਨ ਕਰੇ। ਸਾਖ:

'ਪਰ ਘਰ ਜਾਇ ਨ ਕੀਜੈ ਕਥਾ। ਏਹੁ ਸਤਿਗੁਰੂ ਕੀ ਹੈ ਮਥਾ।'

ਗੁਰੂ ਕਾ ਸਿਖ, ਆਪਣੇ ਗੁਰੂ ਕੀ ਉਸਤਤਿ ਕਰੈ।

ਜੋ ਗੁਰੂ ਕਾ ਸਿਖ ਅਖਾਏ, ਅਤੇ ਸ਼ਬਦ ਗ੍ਰੰਥ ਸਾਹਿਬ ਜੀ ਦਾ ਗੁਰੂ ਕਰਕੇ ਨਾ ਮੰਨੇ, ਆਪਣੀ ਮਾਇਆ ਦੇ ਹੰਕਾਰ ਵਿਚ ਗਲਤਾਨ ਰਹੇ। ਸਾਖ:

'ਪੂਰੇ ਗੁਰੂ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ।'

ਗੁਰੂ ਕਾ ਸਿਖ ਸ਼ਬਦ ਦੀ ਖੋਜਨਾ ਵਿਚਾਰ ਕਰਦਾ ਰਹੈ, ਸਿਖੀ ਦੀ ਪ੍ਰਾਪਤੀ ਹੋਂਦੀ ਹੈ। ਸਾਖ:

'ਸਿਖੀ ਸਿਖਿਆ ਗੁਰ ਵੀਚਾਰਿ।'

ਗੁਰੂ ਕਾ ਸਿਖ, ਗੀਤ, ਟੱਪੇ, ਖਿਆਲ ਦੁਨੀਆ ਦੇ ਨਾ ਸੁਣੇ।

ਗੁਰੂ ਕਾ ਸਿਖ, ਦੁਨੀਆਂ ਦੇ ਰਸਾਂ-ਕਸਾਂ ਵਿਚ ਨਾ ਪਵੈ। ਸਾਖ:

'ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ।'

ਗੁਰੂ ਕਾ ਸਿਖ, ਗੁਰੂ ਕੀ ਬਾਣੀ ਬਿਨਾ ਹੋਰ ਬਾਤਾਂ ਨਾ ਸੁਣੇ। ਸਾਖ:

'ਸਤਿਗੁਰੂ ਬਿਨਾ ਹੋਰੁ ਕਚੀ ਹੈ ਬਾਣੀ।'

ਗੁਰੂ ਕਾ ਸਿਖ, ਸ਼ਾਹ ਨਾਲ, ਟਣੌਟੇ ਨਾਲ, ਚਾਕਰ, ਖਾਵੰਦ ਨਾਲ ਧ੍ਰੋਹ ਨਾ ਕਰੈ, ਬੁਰਾ ਨ ਚਿਤਵੈ। ਸਾਖ:

'ਪਰ ਕਾ ਬੁਰਾ ਨ ਰਾਖਹੁ ਚੀਤ।
ਤੁਮ ਕਉ ਦੁਖ ਨਹੀ ਭਾਈ ਮੀਤ।'

ਗੁਰੂ ਕਾ ਸਿਖ ਧਰਮਸਾਲੇ—ਗ੍ਰੰਥ ਸਾਹਿਬ ਜੀ ਦੇ ਪਾਸ ਸਾਧਸੰਗਤਿ ਸਿਖਾਂ ਦੀ ਸੁਹਬਤਿ ਵਿਚ ਬੈਠ ਕੇ ਕਿਸੇ ਗੁਣ ਚਤੁਰਾਈ ਧਨ ਜੁਆਨੀ ਦਾ ਮਾਣ ਨਾ ਕਰੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਮਾਨ ਮੁਨੀ ਮੁਨਿਵਰ ਗਲੇ, ਮਾਨ ਸਭੈ ਕਉ ਖਾਇ।'

ਗੁਰੂ ਕਾ ਸਿਖ, ਤਨ, ਧਨ ਗੁਰੂ ਨੂੰ ਅਰਪੇ, ਆਪਣਾ ਨਾ ਰਖੇ। ਸਾਖ:

'ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭ ਜਗ ਤੇਰਾ ਹੋਇ।'

ਗੁਰੂ ਉਸ ਦਾ ਹੁੰਦਾ ਹੈ ਜੋ ਗੁਰੂ ਦਾ ਹੋਇ ਰਹੇ।

ਗੁਰੂ ਕਾ ਸਿਖ ਦੇਸ-ਪਰਦੇਸਿ ਸੁਸਤ-ਨਰਮ ਹੋਇ ਜਾਇ ਤਾਂ ਸਿਖ ਵਸਤੀ ਵਾਲੇ

ਓਸ ਦੀ ਟਹਿਲ ਕਰਨ ਅਤੇ ਦਰਦ ਨਾਲ ਗੁਰੂ ਕੇ ਨਾਤੇ, ਉਸ ਦੇ ਪੱਲੇ ਹੋਵੈ ਅਥਵਾ ਨਾ ਹੋਵੈ ਸਿਖ ਨੂੰ ਤਾਜ਼ਿਆਂ ਕਰਨ, ਆਪਣੇ ਪੱਲਿਓਂ ਲਾਵਣ। ਗੁਰੂ ਨਾਲ ਗੰਢ ਪਾਉਂਦਾ ਹੈ। ਜੇਕਰ ਗੁਰੂ ਕੇ ਸਿਖ ਨੂੰ ਕੋਈ ਸੰਕਟ ਬਣ ਜਾਏ, ਮਾਇਆ ਦਾ, ਅਥਵਾ ਹੋਰ ਕੋਈ–ਹੋਂਦੇ ਬਲ ਸਿਖ ਸਿਖ ਦਾ ਸੰਕਟ ਦੂਰ ਕਰੇ। ਉਸ ਦਾ ਵਿਤ ਵੇਖ ਕੇ ਆਪ ਪੱਲਿਓਂ ਦੇਵਣ। ਮਕਰੀ, ਭੇਖਧਾਰੀ, ਪਖੰਡੀ ਬਹੁਤੇ ਪੰਥ ਵਿਚ ਧਸ ਜਾਵਣਗੇ। ਵਿਚਾਰ ਕਰਕੇ ਦੇਖ ਲੈਣ।

ਸਿਖ ਦੀ ਲੜਕੀ ਦਾ ਸੁਆਰਥ ਹੋਵੇ ਸਿਖ ਨਾਲ ਤਾਂ ਸਿਖ ਵਾਸੀ ਵਾਲੇ ਲਾਗਤ ਆਪ ਦੇਵਣ। ਅਤੇ ਜਿਤਨੀ ਸਰੇ, ਤਿਤਨੀ ਸਹਾਇਤਾ ਦੇਵਣ।

ਗੁਰੂ ਕਾ ਸਿਖ ਗੋਰ, ਮੜ੍ਹੀ, ਕਬਰ, ਦੇਹਰਾ, ਮਸੀਤ, ਮੁੱਲਾਂ, ਕਾਜ਼ੀ ਨੂੰ ਨਾ ਮੰਨੇ, ਬਿਨਾਂ ਗੁਰੂ ਆਪਣੇ। ਸਾਖ:

'ਗੋਰ ਮੜੀ ਮਠ ਭੂਲ ਨ ਮਾਨੈ।'

ਗੁਰੂ ਕਾ ਸਿਖ ਲੜਕਾ ਅਚੇਤ ਗ੍ਰੰਥ ਸਾਹਿਬ ਦੇ ਪਾਠ ਨੂੰ ਨਾ ਬੈਠਾਏ। ਸਿਖਾਲਣੇ ਵਾਲੇ ਪਾਸ ਬੈਠਾ ਰਹੇ। ਅਦਬ ਦੱਸੇ। ਗ੍ਰੰਥ ਸਾਹਿਬ ਨੂੰ ਗੁਰੂ ਕਰਿ ਜਾਣੇ।

ਗੁਰੂ ਕਾ ਸਿਖ ਪਾਠ ਕਰਨ ਬੈਠੇ ਗ੍ਰੰਥ ਜੀ ਦਾ ਸੁਚੇਤ ਹੋਇ ਕੇ ਬੈਠੇ। ਨੱਕ, ਪਿੰਡਾ ਖੁਰਕ ਕੇ ਹੱਥ ਧੋਇ ਲਏ। ਸਾਖ:

'ਪੋਥੀ ਪਰਮੇਸਰ ਕਾ ਥਾਨੁ।'

ਗੁਰੂ ਕਾ ਸਿਖ ਜੋ ਕਿਸੇ ਸਿਖ ਭੁੱਲੇ ਨੂੰ ਸੁਭ ਕਰਮਾਂ ਦਾ, ਸਿਖੀ ਦਾ, ਗੁਰਮਤਿ ਦਾ ਉਪਦੇਸ ਕਰੈ, ਤਾਂ ਸਿਖ ਨੂੰ ਕਰੈ, ਗੈਰ ਨੂੰ ਨ ਕਰੈ। ਪਰ-ਹਿਤ ਦਾ ਉਪਦੇਸ ਕਰੈ। ਕੁਝ ਆਪ ਭੀ ਕਮਾਏ, ਜੋ ਓਸ ਨੂੰ ਦ੍ਰਿੜ੍ਹ ਹੋਵੈ। ਸਾਖ:

'ਆਪ ਜਪੈ ਅਵਰਹ ਨਾਮ ਜਪਾਵੈ।'

ਹੋਰ ਸਾਖ:

'ਪ੍ਰਿਥਮੈ ਮਨ ਪ੍ਰਬੋਧੈ ਆਪਣਾ, ਪਾਛੈ ਅਵਰਿ ਰੀਝਾਵੈ।'

ਹੋਰ:

'ਅਵਰਿ ਉਪਦੇਸੈ ਆਪ ਨਾ ਕਰੈ। ਆਵਤ ਜਾਵਤ ਜਨਮੈ ਮਰੈ।'

ਗੁਰੂ ਕਾ ਸਿਖ, ਗ੍ਰੰਥ ਸਾਹਿਬ ਜੀ ਪੜ੍ਹਕੇ ਭੋਗ ਪਾਵਣ ਲਗੇ ਤਾਂ ਜਪੁ ਸਲੋਕ ਪੜ੍ਹ ਕੇ ਭੋਗ ਪਾਏ–'ਕੇਤੀ ਛੁਟੀ ਨਾਲਿ।'

ਗੁਰੂ ਕਾ ਸਿਖ, ਕਾਰਜ ਕਰਦਾ, ਵਸਤੂ ਕਢਦਾ, ਪਾਂਵਦਾ, ਵਾਹਗੁਰੂ ਵਾਹਗੁਰੂ ਆਖੇ।

ਗੁਰੂ ਕਾ ਸਿਖ, ਮਨ ਕਾ ਵਿਸਾਹੁ ਨਾ ਕਰੇ, ਵਿਕਾਰਾਂ ਤੇ ਵਰਜੇ।

'ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ।
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ।'

ਗੁਰੂ ਕਾ ਸਿਖ ਜਿਸ ਵਿਚ ਪੰਜ, ਸੱਤ, ਦਸ ਸੌ ਘਰ ਹੋਵਣ, ਉਥੇ ਇਕ ਸਥਾਨ ਗੁਰੂ ਕੀ ਧਰਮਸਾਲਾ ਬਣਾਵਣੀ ਤਾਂ ਜੁ ਆਇਆ ਗਇਆ ਸਿਖ ਅਰਾਮ ਪਾਏ। ਆਏ ਸਿਖ ਦੀ ਟਹਿਲ ਕਰੇਂ ਤਨੋਂ ਮਨੋਂ।

ਗੁਰੂ ਕਾ ਸਿਖ ਕੇਸਾਂ ਦੇ ਅਹੰਕਾਰ ਕਰਿ ਸਿਖੀ ਨਾ ਗਵਾਏ। ਕੇਸ ਬਾਹਰ ਦੀ ਨਿਸ਼ਾਨੀ ਹੈ, ਸਿਖੀ ਦੀ।

ਸਿਖੀ ਕੇਸਾਂ ਸੁਆਸਾਂ ਕੀ, ਚਰਚਾ ਸ਼ਬਦ ਕਾ, ਫਲ ਸੰਗਤਿ ਕਾ, ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜਤ ਕਾ, ਵਾਕ ਸਤ ਕਾ, ਭਾਗ ਪੂਰਬ ਕਾ, ਜਸ ਦੇਗ ਕਾ, ਪੂਜਾ ਅਕਾਲ ਕੀ, ਪੂਜਾ ਸ਼ਸਤ੍ਰ ਕੀ, ਸਾਖ ਪੁੰਨ ਕੀ, ਖੁਸ਼ਬੋਈ ਸਿਖੀ ਕੀ, ਸੋਭਾ ਸੇਵਾ ਕੀ, ਸ਼ੀਰੀਂ ਬਚਨ ਦੀ, ਲਾਜ ਲੈਣ ਕੀ, ਹਿਯਾਉ ਅੱਖੀਂ ਕਾ, ਘੁੰਡ ਪਰਨਾਰਿ ਕਾ, ਗ੍ਰਿਹਸਤ ਭਲੀ ਨਾਰਿ ਕਾ, ਨਾਰਿ ਭਲੀ ਕੁਲ ਕੀ, ਰਹਿਣਾ ਹਜ਼ੂਰੀ ਕਾ, ਮੰਨਣਾ ਕੁਲ ਕਾ, ਹੁਕਮ ਗੁਰੂ ਕਾ, ਸੇਵਕੀ ਸਿਖ ਕੀ, ਆਗਿਆ ਗ੍ਰੰਥ ਕੀ, ਦੀਦਾਰ ਖਾਲਸੇ ਕਾ, ਜਾਗਣਾ ਹਰਿਜਸ ਕਾ, ਇਸ਼ਨਾਨ ਕੇਸਾਂ ਕਾ, ਤਿਆਗਣਾ ਵਿਕਾਰਾਂ ਕਾ, ਵਰਤਣ ਸੁਚੇਤੀ ਕੀ, ਬੋਲਣਾ ਮਿਰਜਾਦਾ ਕਾ, ਰਹਿਤ ਰਿਦੇ ਕੀ, ਬਿਬੇਕ ਮੰਨਣ ਕਾ, ਸੇਵਾ ਸਿਖ ਕੀ, ਸਿਖ ਗੁਰੂ ਕਾ, ਪ੍ਰੀਤਿ ਗੁਰ-ਭਾਈ ਕੀ, ਟਹਿਲ ਮਾਤਾ ਪਿਤਾ ਕੀ, ਪੜ੍ਹਨਾ ਸ਼ੌਕ ਕਾ, ਗਾਂਵਣਾ ਕੰਠ ਕਾ, ਜੀਤਣਾ ਮਨ ਕਾ, ਸਿਰਦਾਰੀ ਟਹਿਲ ਕੀ, ਭਾਉ ਅੰਦਰ ਕਾ, ਵੰਡਿ ਖਾਣਾ ਹੋਂਦੇ ਦਾ, ਚਿਤਵਣਾ ਭਲ਼ਿਆਈ ਦਾ, ਮਾਰਨਾ ਪਾਪਾਂ ਦਾ, ਵਰਤਣ ਜੁਗਤਿ ਦੀ, ਅਮਲ ਪ੍ਰਸਾਦਿ ਦਾ, ਪ੍ਰਸਾਦ ਕੜਾਹ ਕਾ, ਜੁਧ ਜੁਟੇ ਕਾ, ਬਲ ਸ਼ਬਦ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ, ਤ੍ਰਿਸ਼ਨਾ ਭਜਨ ਕੀ।

ਗੁਰੂ ਕਾ ਸਿਖ ਗੁਰਮੁਖੀ ਅੱਖਰਾਂ ਦਾ ਅਦਬ ਕਰੈ ਪੈਰਾਂ ਹੇਠ ਨਾ ਆਵਣ, ਪੁੜੀਆਂ ਨਾ ਬੰਨੈ।

ਗੁਰੂ ਕਾ ਸਿਖ ਨੰਗਾ ਜਲ ਵਿਚ ਨਾ ਨ੍ਹਾਵੈ।

ਗੁਰੂ ਕਾ ਸਿਖ ਬਾਣੀ ਕੰਠ ਕਰੈ।

ਗੁਰੂ ਕਾ ਸਿਖ ਪ੍ਰਾਤੇ ਉਠ ਕੇ ਸੂਰਜ ਨੂੰ ਨਮਸਤੇ ਆਖ ਕੇ ਸਿਖਾਂ ਨੂੰ ਵਾਹਗੁਰੂ ਜੀ ਕੀ ਫਤਹਿ ਬੁਲਾਏ।

ਗੁਰੂ ਕਾ ਸਿਖ ਨਵੇਂ ਚੰਦ ਚੜ੍ਹੇ ਨੂੰ ਨਮਸਕਾਰ ਕਰਕੈ, ਸਿਖਾਂ ਨੂੰ ਵਾਹਗੁਰੂ ਜੀ ਕੀ ਫਤਹਿ ਬੁਲਾਏ।

ਗੁਰੂ ਕਾ ਸਿਖ ਬਿਦੋਸ਼ੇ ਨੂੰ ਦੋਸ਼ ਨਾ ਲਗਾਏ।

ਜੋ ਗੁਰੂ ਕਾ ਸਿਖ ਆਪਣੀ ਮੁਹਬਤਿ ਪ੍ਰੀਤੀ ਨਾਲ ਬੀਜੇਗਾ, ਸੋ ਸਹਸ੍ਰ ਗੁਣਾ ਅੰਮ੍ਰਿਤ ਫਲ ਹੋਇ ਕਰ ਫਲੇਗਾ।

ਜੋ ਦਿਲ ਟੂਟੇ ਅਤੇ ਬਿਨਾ ਪ੍ਰੀਤਿ ਕਰੇਗਾ ਸੋ ਬਰੋਬਰ.......

ਸਾਖ ਗ੍ਰੰਥ ਸਾਹਿਬ ਦੀ:

'ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰ।'

ਇਹ ਜੋ ਬਚਨ ਵਿਚਾਰ ਕਰਕੇ, ਸਿਖਾਂ ਦੀ ਮਰਜ਼ੀ ਨਾਲ, ਆਗਿਆ ਗੁਰੂ ਜੀ ਦੀ ਨਾਲ ਲਿਖੈ ਹੈਨਿ, ਜਗਤ ਨੂੰ ਨਹੀਂ ਆਖੇ, ਸੋ ਸਿਖਾਂ ਨੂੰ ਆਖੇ ਹੈਨਿ।

ਹੋਰ ਇਤਨੇ ਸਿਫਤ ਹੋਣ ਗੁਰਮਤਿ-ਰਹਿਤ ਹੱਛੀ ਹੋਵੈ, ਸਿਖਾਂ ਦੀ ਵਿਚਾਰ ਨਾਲ, ਸੋ ਭੀ ਗੁਰੂ ਕਾ ਸਿਖ ਕਮਾਵੈ। ਭਲੇ ਕਰਮਾਂ ਤੇ ਨ ਟਲੈ।

ਇਹ ਪੂਰਨ ਪਰਮ ਪੁਰਖ ਕਾ ਕਲਿਜੁਗ ਅਉਤਾਰ ਚਲਿਆ ਹੈ। ਆਗਿਆ ਸ੍ਰੀ ਅਕਾਲ ਪੁਰਖ ਦੀ ਨਾਲ, ਸ੍ਰੀ ਹਰਿਗੋਬਿੰਦ ਸੋਢੀ, ਦੇਗ ਤੇਗ ਦੇ ਧਨੀ, ਤਿਸ ਕੇ ਘਰਿ ਪੋਤ੍ਰੇ ਹੋਇ ਅਵਤਰੇ। ਹੇਮਕੁੰਟ ਪਰਬਤ-ਸੁਮੇਰ ਉਪਰੋਂ ਤਪ ਕਰਦੇ ਆਏ, ਗੁਰੂ ਤੇਗ ਬਹਾਦਰ ਜੀ ਦੇ ਘਰਿ ਸੁਤ ਹੋਇ, ਜਨਮੇ ਪਟਨਾ ਨਗਰ ਵਿਖੇ। ਸੰਮਤ ੧੭੧੮ ਮਾਘ ਦੇ ਮਹੀਨੇ, ਕ੍ਰਿਸ਼ਨਾ ਪੱਖ, ਦਿਨ ਸਪਤਮੀ, ਰਵਿਵਾਰ, ਪੁਖ ਨਿਖਤ੍ਰ ਪਹਰ ਕੁ ਰਾਤਿ ਰਹਿੰਦੀ।[੧]

ਤਹਾਂ ਤੇ ਮਦ੍ਰ ਦੇਸਿ ਆਏ। ਦਾਈਆਂ ਦਾਏ ਬਹੁਤ ਤਿਪਤਾਏ।

*(ਚਉਪਾ ਸਿੰਘ ਖਿਡਾਵਾ)*

ਸੰਮਤੁ ੧੭੨੨ ਸਾਹਿਬ ਹਥੀਆਰ ਬੰਨ੍ਹਵਾਏ। ਚੋਟੀ ਢਾਲ ਅਤੇ ਛੋਟੀ ਤਲਵਾਰ, ਤੀਰ-ਕਮਾਣ ਨਫਰ ਨਾਲਿ ਚੁਕੀ ਫਿਰਨ। ਨਾਲੇ ਹੋਰ ਅਵਸਥਾ ਬਾਲਕ ਆਦਿ ਸਾਥ ਵੀ ਖੇਡਣ। ਬਾਲਕੇ ਨਾਲ ਟਹਿਲੀਏ ਬਹੁਤ।

ਸੰਮਤ ੧੭੨੪ ਦਾਸ ਚਉਪਾ ਸਿੰਘ ਪਾਸੋਂ ਸਾਹਿਬ ਗੁਰਮੁਖੀ ਅੱਖਰ ਪੁਛਿਆ ਕਰਨ। ਉਹ ਕਹੇ, ਤੁਸੀਂ ਆਪ ਜਾਣ ਰਹੇ ਹੋ ਮਹਾਰਾਜ! ਜਾਣ ਤਾਂ ਰਹੇ ਹਾਂ, ਪਹਿਲੀ ਲਾਮ ਪੁਛਨੇ ਹਾਂ।

ਸੰਮਤ ੧੭੨੬ ਭਾਈ ਕ੍ਰਿਪਾਰਾਮ ਬ੍ਰਹਮਣ ਦੇ ਪਾਸੋਂ ਸ਼ਾਸਤ੍ਰੀ ਅੱਖਰ ਪੁਛਿਆ ਕਰਨ ਜਿਸ ਪ੍ਰਕਾਰ ਰਾਮ ਜੀ ਵਸ਼ਿਸ਼ਟ ਪਾਸੋਂ, ਕ੍ਰਿਸ਼ਨ ਜੀ ਸੰਦੀਪਨ ਪਾਸੋਂ, ਲੀਲਾ ਮਾਤ੍ਰ ਸਬ ਬਿਧਿ ਜਾਨਣਹਾਰ।

ਸੰਮਤ ੧੭੨੮ ਬਿਆਹੁ ਕੀਤਾ, ਅਤੇ ਦੇਵੀ ਦਾਸ ਪੰਡਿਤ ਕਥਾ ਕਰਨ ਲਗੇ ਨਿਤ। ਨਿਤ ਨਾਲੇ ਤੀਰ ਕਮਾਣ, ਬੰਦੂਕ, ਬਾਂਕ, ਪਟਹੁ, ਪਲੱਥਾ ਖੇਡਣ, ਨਾਲੇ ਸਿਖਾਂ ਨੂੰ ਦੇਸੀਂ ਦੇਸੀਂ ਤੋਰਿਆ, ਜੋ ਹੁਣ ਦੇ ਕਵੀਸਰਾਂ ਦੀ ਬਾਣੀ ਸੁਣੀਐ ਅਰੁ ਵਿਚਾਰੀਐ। ਆਪਣੈ ਜੋ ਸਨਬੰਧੀ ਆਹੇ, ਸੋ ਤੁਰਕਾਂ ਦੇ ਜਾਇ ਫਰਿਯਾਦੀ ਹੋਏ। ਸਾਹਿਬ ਤੇਗ ਬਹਾਦੁਰ ਜੀ ਦਿੱਲੀ ਗਏ। ਜੁਆਬ ਸੁਆਲ ਕਰਿ ਸੱਚੇ ਹੋਇ ਆਏ।

ਤੁਰਕਾਂ ਨੂੰ ਅਰੁ ਦੁਸਟਾਂ ਨੂੰ ਝੂਠੇ ਕਰਿ ਮਾਰਨਾ, ਤੁਰਕਾਂ ਦੀ ਜੜ ਪੁਟਣੀ ਜੋ ਦੁਸ਼ਟਾਂ ਦੇ ਕਹੈ ਲਗਕੇ ਨਿਆਇ ਕੀਤਾ ਨਾਹੀ। ਸਾਹਿਬ ਜਾਣਕੇ ਹਿੰਦ ਦੀ ਪਤ ਵਾਸਤੇ ਆਪਣਾ ਆਪ ਪਕੜਾਇਆ। ਕਿਉਂ ਜੁ ਬ੍ਰਹਮਣਾਂ ਦੇ ਜਨੇਊ ਸਵਾ ਮਣ ਉਤਾਰਣ ਲਗ ਪਏ ਸੀ, ਕਸ਼ਮੀਰ ਮੇਂ।

ਅੰਤ ਦੇ ਸਮੇਂ ਦੋ ਸਿਖ ਸਾਹਿਬਾਂ ਦੇ ਨਾਲ ਨਿਭੇ। ਟਹਿਲ ਪ੍ਰਸਾਦਿ ਪਾਣੀ ਦੀ ਕਰਕੇ ਦਿੱਲੀ ਗਏ। ਦੁਇ ਮਹੀਨੇ ਅਰੁ ਤ੍ਰੈ ਦਿਨ ਜਬਾਬ ਕਰਦੇ ਰਹੇ, ਸੀਸ ਦਿਤਾ ਸੰਮਤ ੧੭੩੨ ਮਾਘ ਸੁਦੀ ਪੰਚਮੀ। ਅਤੇ ਇਕ ਸਿਖ ਸੀਸ ਲੈ ਕੇ ਹਜ਼ੂਰ ਨਾਵੇਂ ਦਿਨ ਸਾਹਿਬ ਦੇ ਅਗੇ ਆਨ ਦਿਤਾ ਅਤੇ ਲੋਥ ਦਿਤੀ ਉਥੇ ਸਸਕਾਰ ਤਾਂ ਸਾਹਿਬ ਸੀਸ ਲੈ ਕੇ ਰੁਮਾਲ ਨਾਲ ਪੂੰਝਿਆ। ਅਤੇ ਨੇਤ੍ਰ ਰਸਨੀਂ ਲਾਇਆ। ਦਿਜਾਂ ਗੰਗਾ ਜਲ ਨਾਲਿ ਧੋਤਾ।

---

੧. ਪੁਰਾਤਨ ਲੇਖਕਾਂ ਤੇ ਭੱਟ ਵਹੀਆਂ ਵਿਚ ਇਹੋ ਜਨਮ-ਸੰਮਤ ਦਿਤਾ ਹੈ।

'ਠੀਕਰ ਫੋਰਿ ਦਿਲੀਸ ਸਿਰਿ, ਪ੍ਰਭੁ ਪੁਰ ਕੀਆ ਪਯਾਨ।
ਤੇਗ਼ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂੰ ਆਨ।'

ਚੰਦਨ ਨਾਲ ਸੀਸ ਸਸਕਾਰ ਕੀਤਾ। ਬਚਨ ਹੋਆ, 'ਸਿਖਾ! ਕਿਤਨੇ ਸਿਖ ਕੰਮ ਨਾਲ ਆਹੇ?'

ਬਚਨ ਹੋਇਆ। ਨਿਹਾਲ ਹੋਏ, ਮੁਕਤਿ ਹੋਏ। ਪਿਛਲਿਆਂ ਨੂੰ ਤਾਰ ਗਏ। ਫੇਰ ਦੁਇ ਘੜੀ ਪਕੀ ਤੀਕ ਸਾਹਿਬ ਤੂਸ਼ਨੀ[1] ਰਹੇ।

ਫੇਰ ਬਚਨ ਹੋਇਆ, 'ਸਿਖਾ! ਸਿਖ ਤਾਂ ਸਾਡੇ ਬਹੁਤ ਆਹੇ?'

'ਜੀ, ਸੱਚੇ ਪਾਤਿਸਾਹ! ਸਭ ਬੇਮੁਖ ਹੋਏ, ਸਭ ਫਿਰ ਗਏ।'

'ਨਿਸ਼ਾਨੀ ਤਾਂ ਨਾਹੀ ਸਿਖੀ ਦੀ ਕਿਸੇ ਨੂੰ ਲਗੀ, ਜੁ ਕੋਈ ਸਿਖ ਸਹੀ ਕਰੇ।'

ਤਾਂ ਕ੍ਰੋਧ ਨਾਲ ਬਚਨ ਹੋਇਆ : 'ਐਸੀ-ਨਿਸ਼ਾਨੀ ਸਿਖਾਂ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿਖ ਲੁਕੇ ਨਾਹੀ।'

ਇਉਂ ਬਚਨ ਕਹਿਕੇ ਸਾਹਿਬ ਕ੍ਰਿਆ ਉਪਰਿ ਬੈਠੇ। ਸੱਤਵੇਂ ਢਿਨ ਸਰੀਰ ਦੇ ਫੁਲ ਆਇ ਪਹੁਤੇ। ਸਭੇ ਰਲਾਇਕੇ, ਹਰਨ ਦੀ ਤੁਚਾ ਵਿਚ ਪਾਇਕੇ ਭੇਜੇ।

ਤੇਰਾਂ ਦਿਨ ਸੰਸਕ੍ਰਿਤੀ ਸਲੋਕਾਂ ਦੀ ਕਥਾ ਦੇਵੀਦਾਸ ਪੰਡਿਤ ਕਰਦਾ ਰਿਹਾ। ਸ਼ਾਸਤ੍ਰ-ਉਕਤਿ ਕਰਮ ਜੋ ਆਹੇ, ਸੋ ਸਾਰੇ ਹੀ ਕੀਤੇ। ਬ੍ਰਹਮ-ਭੋਜ ਜੱਗ ਕੀਤਾ।

ਤਾਂ ਮਸੰਦ ਅਤੇ ਸਿਖ ਰਲ ਕੇ ਮਾਤਾ ਗੁਜਰੀ ਸਾਹਿਬ ਪਾਸ ਆਏ। ਬੇਨਤੀ ਕੀਤੀਓਨਿ, 'ਗਰੀਬ ਨਿਵਾਜ! ਤੁਸੀਂ ਬਚਨ ਕਰੋ। ਜੁ ਸਾਹਿਬਜ਼ਾਦੇ ਨੂੰ ਰਾਜ ਤਿਲਕ ਹੋਵੈ। ਸੰਗਤਿ ਪਾਸ ਮਸੰਦ ਜਾਣ। ਜਦੂ ਏਹੁ ਮੰਜੀ ਬੈਠਨ, ਤਦੋਂ ਇਹੁਕਾਰਖਾਨਾ ਟੁਰੈ।'

ਤਾਂ ਮਾਤਾ ਕਹਿਆ, 'ਬੇਟਾ ਕਾਰਖਾਨਾ ਭੀ ਟੋਰਿਆ ਚਾਹੀਏ।' ਤਾਂ ਚੇਤ ਚੜ੍ਹਦੇ ਸੰਮਤ ੧੭੩੩ ਸਾਹਿਬ ਦੇਵੀਦਾਸ (ਪਾਸਹੁੰ) ਸਮਾ-ਸਾਇਤ ਪੁਛਿ ਕੇ, ਸਭਨਾਂ ਮਸੰਦਾਂ ਦੀ ਸਲਾਹਿ ਨਾਲ ਗੁਰਿਆਈ ਦੀ ਮੰਜੀ ਬੈਠੇ। ਬਚਨ ਹੋਇਆ, 'ਛਿਬਰਾਂ ਸਿਖਾਂ ਨੂੰ ਸੱਦੋ।' ਤਾਂ ਸਾਹਿਬ ਚੰਦ, ਧਰਮ ਚੰਦ ਦੋਨੋਂ ਸਿਖ ਆਨ ਹਾਜ਼ਰ ਹੋਏ। ਬਚਨ ਹੋਇਆ, 'ਕੰਮ ਸਮ੍ਹਾਲੋ।' ਤਿਨ੍ਹਾਂ ਆਖਿਆ, 'ਜੀ ਗਰੀਬ ਨਿਵਾਜ ਸਾਥੇ ਏਡੀ ਪਹੁੰਚ ਨਾਹੀ।'

ਬਚਨ ਹੋਇਆ, 'ਤੁਹਾਡੇ ਵਡੇ ਹਮੇਸ਼ਾ ਗੁਰੂ ਕੇ ਕੰਮ ਵਿਚ ਰਹਿੰਦੇ ਰਹੇ ਹੈਨਿ ਦਰਗਾਹ ਮਲ ਤੇ ਹੀਰਾ ਮਲ ਸਿਖ, ਛਿੱਬਰਾਂ ਸਿੱਖਾਂ (ਵਿਚੋਂ) ਸੱਤਵੀਂ ਪਾਤਸ਼ਾਹੀ ਦੇ ਕੰਮ ਵਿਚ ਰਹੇ ਹੈਨਿ। ਸਤੀ ਦਾਸ, ਮਤੀਦਾਸ ਬ੍ਰਾਹਮਣ ਛਿੱਬਰ ਸਿਖ ਅੱਠਵੀਂ ਤੇ ਨਾਵੀਂ ਪਾਤਿਸਾਹੀ ਪਾਸ ਰਹੈ ਹੈਨਿ ਅਤੇ ਨਾਲ ਨਿਭੇ ਗੁਰੂ ਕੇ। ਤੁਸੀਂ ਕਿਉਂ ਨੱਸਦੇ ਹਉਂ, ਕੰਮ ਸਮ੍ਹਾਲੋ।'

ਸਾਧੂ ਰਾਮ[2] ਸਿਖ ਨੂੰ ਬਚਨ ਹੋਇਆ, 'ਸਿਰੋਪਾਉ ਲਿਆਉ'। ਦਿਵਾਨੀ ਦਰਬਾਰ ਦੀ ਦਾ ਸਿਰੋਪਾਉ ਸਾਹਿਬ ਚੰਦ ਨੂੰ ਹੋਆ। ਇਹੁ ਕੰਮ ਵਿਚ ਹਾਜ਼ਰ ਹੋਇਆ। ਤਾਂ ਮਸੰਦਾਂ ਨੂੰ ਹੁਕਮਨਾਮੇ ਲਿਖਿ ਘੱਲੈ; ਮਸੰਦ ਸੰਗਤਾਂ ਵਲ ਟੁਰੇ ਅਤੇ ਖ਼ਜ਼ਾਨੇ ਦਾ

---

੧. ਚੁਪ-ਚਾਪ।

੨. ਸ਼ਾਇਦ ਇਹ ਸਾਧੂ ਰਾਮ ਬੀਬੀ ਵੀਰੋ ਦਾ ਪਤੀ, ਸ੍ਰੀ ਦਸਮੇਸ਼ ਜੀ ਦਾ ਫੁੱਫੜ ਸੀ।

ਸਿਰੋਪਾਉ ਧਰਮਚੰਦ ਨੂੰ ਹੋਇਆ। ਅਤ ਸਾਹਿਬ ਸ਼ਸਤ੍ਰ ਪਕੜੇ ਅਤੇ 'ਹਨੂਮਾਨ ਨਾਟਕ' ਦੀ ਪੋਥੀ ਇਕ ਸਿਖ ਲੈ ਆਇਆ।

ਫੇਰ ਹੋਰ ਕਬੀਸ਼ਰੀ ਸੁਨਣੋਂ ਛੱਡੀ। ਨਾਲੇ ਕਥਾ ਦੇਵੀਦਾਸ ਕਰੇ; ਸੋ ਸੁਣੀਐ। ਨਾਲੇ ਸ਼ਿਕਾਰ ਖੇਲੈਂ। ਨਾਲੇ ਬਾਂਕਪਣਾ ਖੇਡੈਂ। ਸੰਮਤ ੧੭੩੪, 'ਜਾਪੁ' ਆਪਨੀ ਰਸਨੀਂ ਉਚਾਰ ਕੀਤਾ। ਸ੍ਰੀ ਅਕਾਲ ਉਸਤਤਿ ਉਚਾਰੀ। ਸ੍ਰੀ ਮੁਖ ਵਾਕ ਸ੍ਵੈਯੇ ਉਚਾਰੇ।

ਹੁਕਮਨਾਮੇ ਸਿਖਾਂ ਵਲ ਲਿਖੇ : 'ਜੋ ਲਿਖਾਰੀ ਸਿਖ ਹੋਵੈ ਸੋ ਹਜ਼ੂਰ ਆਵੈ।'

ਸੰਮਤ ੧੭੩੫, ਮੱਘਰ ਸੁਦੀ ਪੰਚਮੀ ਗੁਰੂ ਤੇਗ ਬਹਾਦੁਰ ਜੀ ਕਾ ਸ੍ਰਾਧ ਕੀਤਾ, ਅਰ ਵੱਡਾ ਪੁਰਬ ਹੋਇਆ। ਬਾਣੀ ਦਾ ਉਚਾਰ ਹੋਂਦਾ ਰਹੇ, ਇਕ ਗੁਰੂ ਜੀ ਗ੍ਰੰਥ-ਸਾਗਰ ਬਣਾਇਆ, ਦੂਜਾ ਗ੍ਰੰਥ ਜੀ ਅਉਤਾਰ ਲੀਲ੍ਹਾ ਦਾ ਬਣਾਇਆ ਅਤੇ ਜੁੱਧ ਹੋਇਆ ਸ਼ਾਹ ਫਤਿਹ ਨਾਲ। ਅਤੇ ਕਰਤਾਰਪੁਰ ਆਦਮੀ ਭੇਜੇ।

ਜ ਆਦਿ ਗ੍ਰੰਥ ਸਾਹਿਬ ਜੀ, ਅਸਾਨੂੰ ਭੇਜੋ। ਤਿਨ੍ਹਾਂ ਜਵਾਬ ਦਿਤਾ, ਤਾਂ ਸੋਢੀਆਂ ਆਖ ਭੇਜਿਆ, 'ਜੋ ਤੁਸੀਂ ਗੁਰੂ ਹੋ ਹੋਰ ਬਣਾਇ ਲਓ।' ਬਚਨ ਹੋਇਆ, 'ਉਨ੍ਹਾਂ ਅਗੇ ਅਸਾਥੇ ਛਿੰਨਾ ਹੈ। ਉਹ ਕਦੋਂ ਦੇਂਦੇ ਹੈਨਿ।'

ਸੰਮਤ ੧੭੩੭ ਫਤਿਹ ਸ਼ਾਹ ਨੱਠਾ। ਮੁਲਕ ਲਿਆ, ਫਤਿਹ ਪਾਈ, ਜੁਧ ਰਾਜਿਆਂ ਨਾਲ ਸ਼ੁਰੂ ਹੋਇਆ। ਬਡੇ ਬਡੇ ਜੁਧ ਹੋਏ। ਸਾਹਿਬਜ਼ਾਦੇ ਭੀ ਕੰਮ ਆਏ। ਸਿਖ ਬਹੁਤ ਲੜੇ, ਅਖਾੜੇ ਹੋਂਦੇ ਰਹੈ।

ਸੰਮਤ ੧੭੪੯ ਇਕ ਖਤ੍ਰਾਣੀ ਰੂਪ ਕੌਰ ਸਰੀਰ ਦੀ, ਮੇਲੇ ਵੈਸਾਖੀ ਦੇ ਲਾਹੌਰੋਂ ਨਾਲ ਸੰਗਤਿ ਦੇ ਆਈ। ਉਸ ਨੇ ਸਾਹਿਬ ਨਾਲ ਵੱਡਾ ਛਲ ਕੀਤਾ ਪਰ ਭੇਸ ਨਾ ਗਿਆ। ਉਸ ਦੇ ਪ੍ਰਥਾਇ 'ਚਰਿਤ੍ਰ' ਉਚਾਰ ਹੋਏ। ਸੰਮਤ ੧੭੫੩ ਭਾਦ੍ਰੋਂ ਸੁਦੀ ਅਸ਼ਟਮੀ ਭੋਗ ਪਾਇਆ।

ਫੇਰ ਸਾਹਿਬ ਪੂਰਨ ਪੁਰਖ ਜੀ, ਪੰਥ ਲਗੇ ਨਿਖੇੜਨ, ਸੰਮਤ ੧੭੫੪ ਸਾਵਣ ਦਿਨ ਸੱਤਵੇਂ, ਕੇਸਾਂ ਦੀ ਪਾਹੁਲ ਦਾ ਉਦਮ ਕੀਤਾ। ਬਚਨ ਹੋਇਆ, 'ਚਉਪਾ ਸਿੰਘ! ਕਟੋਰੇ ਵਿਚ ਜਲ ਪਾ ਲੈ ਆਉ।' ਸੋ, ਲੈ ਆਇਆ, ਤਾਂ ਹੁਕਮ ਹੋਇਆ—ਹਥਿ ਖੰਡਾ ਪਕੜ ਕੇ ਵਿਚ ਫੇਰਹੁ ਅਤੇ ਪੰਜ ਪੰਜ ਸਵੈਯੇ ਪੰਜੇ ਪੜ੍ਹਨ ਲਗੇ। ਕੇਹੜੇ ? ਦਯਾ ਸਿੰਘ ਵਾਸੀ ਲਾਹੌਰ ਦੀ ਛਤ੍ਰਿ-ਬੰਸ। ਸਾਹਿਬ ਸਿੰਘ, ਦਛਣਿ ਸੈਨ ਕੇ ਜਨਮ ਥਾ। ਹਿੰਮਤ ਸਿੰਘ ਪੁਰੀ ਜੁਗਨਨਾਥ ਫੰਦਕ ਕੇ ਜਨਮ ਥਾ। ਧਰਮ ਸਿੰਘ ਘਰ ਹਸਤਨਾਪੁਰ ਦੀ ਵਾਸੀ ਧੰਨੇ ਕੇ ਜਨਮ ਥਾ। ਪੰਜਵੇਂ ਮੁਹਕਮ ਸਿੰਘ ਨਾਮਦੇਵ ਕਾ ਜਨਮ ਥਾ। ਇਹ ਪੰਜ ਸਿੰਘ ਸਵੈਯੇ ਲਗੇ ਪੜ੍ਹਨ ਤਾਂ ਸਾਹਿਬ ਚੰਦ ਦੀਵਾਨ ਬੇਨਤੀ ਕੀਤੀ, 'ਜੀ ਸੱਚੇ ਪਾਤਿਸਾਹ! ਜੇ ਵਿਚ ਪਤਾਸੇ ਪਉਨ, ਤਾਂ ਹੱਛਾ ਹੋਵੈ।' ਤਿਚਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ, ਦੇਵੀ ਦਾ ਰੂਪ ਧਾਰ ਕੇ, ਪਤਾਸੇ ਵਿਚ ਡਾਰ ਗਈ। ਤਾਂ ਸਾਹਿਬ ਪੂਰਨ ਪੁਰਖੁ ਜੀ ਵਿਚਹੁੰ ਪੰਜ ਚੁਲੇ ਲਏ, ਅੰਮ੍ਰਿਤ ਦੇ। ਪੰਜ ਨੇਤ੍ਰੀਂ, ਫੇਰ ਪੰਜ ਚੁਲੇ ਸੀਸ ਪਾਏ। ਰਸਨਾ ਚੰਡੀ ਚਰਿਤ੍ਰ ਦਾ ਸਵੈਯਾ ਪੜ੍ਹਿਆ :

'ਦੇਹ ਸ਼ਿਵਾ! ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ।

ਅਰੁ ਸਿੱਖਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉਂ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝਿ ਮਰੋਂ।'

ਫੇਰ ਸਾਹਿਬ ਨੇ ਆਪਣੇ ਹੱਥੀਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ—'ਬੋਲਹੁ ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤਿਹ।'

ਅਤੇ ਪਾਸਹੁੰ ਹੋਰ ਗਰੀਬ ਸਿਖ ਉਠਿ ਖੜੋਤੇ, ਹਥ ਜੋੜ ਕੇ। ਬਚਨ ਹੋਇਆ, ਇਨ੍ਹਾਂ ਪਾਸਹੁੰ ਛਕੋ। ਨਾਮ ਸਿੰਘਾਂ ਦੇ—ਧੰਨਾ ਸਿੰਘ, ਹਰੀ ਸਿੰਘ, ਮੇਵਾ ਸਿੰਘ, ਜੋਧ ਸਿੰਘ, ਪਹਿਲੇ ਇਹ ਵੀ ਕੇਸਧਾਰੀ ਸਿੰਘ ਬਨਾਏ।

ਦੂਜੇ ਦਿਨ ਹੋਰ ਸਿਖ ਹਥ ਜੋੜਿ ਖੜੇ ਹੋਇ। ਬਚਨ ਹੋਇਆ—ਜੁ ਕੜਾਹ ਪ੍ਰਸਾਦਿ ਕਰਕੇ ਪੰਜ ਸਿੰਘਾਂ ਪਾਸਹੁੰ ਪੰਜ ਸਵੈਯੇ ਪੜ੍ਹਾ ਕਰਿ ਅੰਮ੍ਰਿਤ ਛਕ ਲੈਣਾ। 'ਪੰਚ ਪਰਵਾਣ ਪੰਚ ਪਰਧਾਨ।' ਪੰਜਾਂ ਸਿਖਾਂ ਨਾਲ ਮਿਲ ਕਰਿ ਪਾਹੁਲ ਲੈਣੀ। ਗੁਰੂ ਕੇ ਸਿੰਘ ਕਰਨਾ। ਰਹਿਤ ਉਪਦੇਸ ਗੁਰਮੰਤ੍ਰ ਸ਼ਸਤ੍ਰ ਰਖਣੇ। ਨਾਂਵ ਏਥੇ ਆਇ ਕਰ 'ਸਿੰਘ' ਰਖਣਾ। ਉਸ ਦਿਨ ਪੈਂਤੀਹ ਸਿੰਘ ਕੇਸਧਾਰੀ ਹੋਏ। ਤੀਜੇ ਦਿਨ ਸਭ ਹੋਏ।

ਜੇਹੜਾ ਕੇਸਧਾਰੀ ਹੋਵੇ, ਤਾਂ ਸਾਹਿਬ ਤਿਸ ਦਾ ਮਾਨ ਵਧਾਵਣ। ਜੋ ਸ਼ਸਤ੍ਰ ਬੰਨ੍ਹ ਕੈ ਆਵੈ, ਤਿਸ ਦਾ ਬੜਾ ਮਾਨ ਕਰਨ। ਅਤੇ ਜਿਸ ਦੇ ਚਿਹਰੇ ਉਪਰ ਜ਼ਖ਼ਮ ਹੋਣ, ਉਸ ਦੀ ਵਡਿਆਈ ਕਰਨ।

ਬਚਨ ਹੋਇਆ : 'ਸਿੰਘ ਸੋਈ ਹੈ, ਜੋ ਸ਼ਸਤ੍ਰ ਰਖੇ।'

ਇਸ ਜੁਗਤਿ ਕਰਿ ਸਾਹਿਬ ਪੰਥ ਨਿਖੇੜਿਆ। ਨਿਸ਼ਾਨੀ ਸਿਖੀ ਦੀ 'ਕੇਸ' ਮਿਲੇ। ਜੋ ਕਰੋਧ ਨਾਲਿ ਬਚਨ ਕੀਤਾ ਸੀ, ਸੋ ਪੂਰਾ ਕੀਤਾ।

ਸੰਮਤ ੧੭੫੪, ਚੜਦੇ ਫਗੁਣ ਹੋਲੀ ਦਾ ਮੇਲਾ ਸੀ, ਜੁ ਮਸੰਦਾਂ ਉਪਰਿ ਕਰੋਪੀ ਹੋਈ। ਕੁਛ ਵਸਤੁ ਛਪਾਈ, ਚੇਤੋ ਮਸੰਦ ਨੇ, ਅਤੇ ਰੁੱਠੇ ਸਭੇ। ਤ੍ਰੈ ਵੇਰੀ ਲੰਗਰ ਵਿਚ ਸੱਦ ਭੇਜੇ, ਨਾ ਆਏ। ਬਚਨ ਹੋਇਆ, 'ਥਾਲੀਆਂ ਭੇਜੋ ਪ੍ਰਸਾਦਿ ਲੈਜਾਇਨ।' ਤਾਂ ਭੀ ਨਾ ਮਾਨੀ। ਸਾਹਿਬ ਪ੍ਰਸਾਦਿ ਪਾਇ ਉਠੇ। ਹੁਕਮੁ ਹੋਇਆ, 'ਜਾਣੇ ਨ ਪਾਵਣ। ਪਕੜਿ ਲੈ ਆਉ।' ਕੁਛ ਪਕੜੇ, ਕੁਛ ਨੱਠੇ ਮਾਰੇ ਸਾੜੇ। ਸਾਖ ਗ੍ਰੰਥ ਸਾਹਿਬ ਜੀ ਦੀ :

'ਖਸਮੈ ਕਰੇ ਬਰਾਬਰੀ ਫਿਰ ਗੈਰਤਿ ਅੰਦਰਿ ਪਾਇ।
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ।'

ਬਚਨ ਹੋਇਆ ਧਰਮ ਚੰਦ ਨੂੰ, ਸਿਖਾਂ ਨੂੰ ਲਿਖੋ, 'ਜੁ ਮਸੰਦ ਮਸੰਦੀਏ, ਧੜੀਏ ਨੂੰ ਨਹੀਂ ਮੰਨਣਾ। ਜੋ ਕੁਛ ਅੰਸੁ ਗੁਰੂ ਕੇ ਨਿਮਿਤ ਹੋਵੈ, ਸੋ ਆਪਿ ਲੈ ਆਵਣੀ। ਅਤੇ ਹਥੀਆਰ ਬੰਨ੍ਹ ਕੈ ਆਵਣਾ।'

ਤਾਂ ਦੀਵਾਨ ਸਾਹਿਬ ਚੰਦ ਅਰਦਾਸ ਕੀਤੀ : 'ਜੀ ਸੱਚੇ ਪਾਤਿਸਾਹ ਤ੍ਰੈ ਮੇਲ[1] ਆਪਣੇ ਸਕੇ, ਸੋ ਅਗੇ ਹੀ ਨਿਕਲੇ ਹੈਸਨਿ। ਹੁਣ ਏਹ ਭੀ ਨਿਕਾਲੇ।' ਬਚਨ ਹੋਇਆ : 'ਏਹਨਾਂ ਚਹੁੰਆਂ ਦੇ ਸੇਵਕ ਭੀ ਨਿਕਾਲੇ।' ਹੁਕਮ ਹੋਇਆ : 'ਸਿੱਖਾਂ ਨੂੰ ਲਿਖਣਾ ਕਾਰਭੇਟ ਦਾ ਹੁਕਮਨਾਮਾ ਸੰਮਤ ੧੭੫੫, ਮੇਵੜਾ ਗੁਰੂ ਕਾ ਮੰਨਣਾ, ਮਸੰਦ ਨਾਹੀਂ ਮੰਨਣਾ। ਸ਼ਸਤਰ ਰਖਣੇ।'

---

੧. ਮੀਣੇ, ਧੀਰਮੱਲੀਏ ਤੇ ਰਾਮਰਾਈਏ।

ਸ਼ਸਤਰਧਾਰੀ ਸਿਖ ਕੈਸਾ ਹੋਵੈ ? ਨਾਲੇ ਦਾ ਜਤੀ ਹੋਵੈ, ਹੱਥਾਂ ਦਾ ਸਖੀ ਹੋਵੈ। ਸ਼ਸਤਰ ਦਾ ਵਿਸਾਹੁ ਨਾ ਕਰੈ। ਕਾਵੇ ਬੈਠੇ, ਦੂਜੇ ਸਿੰਘ ਸ਼ਸਤਰ ਦੇ ਕਰਿ ਖੜੇ ਕਰੈ। ਦੂਤ-ਦੁਸ਼ਮਣ ਦੇਖੇ ਉਠਿ ਖੜਾ ਹੋਇ। ਸੋਚ ਕਰਨਿ ਬੈਠੇ ਤਾਂ ਵੀ ਸੁਚੇਤ ਹੋਇ ਬੈਠੇ, ਊਂਧਾ ਨਾ ਹੋਵੈ। ਜੈਸਾ ਜਾਨਵਰ ਦਾਣੇ ਭੀ ਚੁਗਦਾ ਹੈ ਅਤੇ ਤੱਕਦਾ ਭੀ ਰਹਿੰਦਾ ਹੈ। ਸ਼ਸਤਰਧਾਰੀ ਸਿੰਘ ਰਣ ਵਿਚ ਪਿਠ ਦੇਵੈ ਨਾਹੀ। ਜੀਤੇ ਜਸ ਪਾਵੇ, ਮੋਏ ਸੁਰਪੁਰੀ ਜਾਵੈ।

ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ। ਲੱਕੋਂ ਸਿਰੋਂ ਨੰਗਾ ਨ ਹੋਇ। ਪਗੜੀ ਤਕੜੀ ਬੰਨ੍ਹੇ। ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ।

ਸ਼ਸਤ੍ਰਧਾਰੀ ਸਿੰਘ ਨਾਰਿ ਉਪਰਿ ਸ਼ਸਤ੍ਰ ਨਾ ਉਠਾਵੈ।

ਸ਼ਸਤ੍ਰਧਾਰੀ ਹੋਰ ਕਪੜੇ ਆਪਣੀ ਭਾਵਨਾ ਤੇ ਰਖੈ, ਕਛ ਮਾੜੀ ਨਾ ਰਖੇ।

ਆਪ ਖਾਵੰਦ ਨੇ ਬਚਨ ਕੀਤਾ ਹੈ: 'ਮੇਰੇ ਸਰੂਪ ਡਿਠੇ ਤੇ ਮੁਕਤਿ ਨਾਹੀਂ, ਮੇਰੇ ਬਚਨ ਮੰਨੇ ਤੇ ਮੁਕਤਿ ਹੈ।' ਸਾਖ ਗ੍ਰੰਥ ਸਾਹਿਬ ਜੀ ਦੀ:

'ਸਤਿਗੁਰੂ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰੁ।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰਹਿ ਵੀਚਾਰ।'

ਜਬ ਏਹ ਗੁਰੂ ਕਾ ਸਿਖ ਹੋਂਦਾ ਹੈ ਤਾਂ ਗੁਰੂ ਭੀ ਇਸ ਨੂੰ ਸਮ੍ਾਲਦਾ ਹੈ।

'ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।
ਸੇਵਕ ਕਉ ਗੁਰੁ ਸਦਾ ਦਇਆਲ।'

ਸੋ, ਸਤਿਗੁਰੂ ਕੈਸੇ ਹਨ ? ਜਿਨ੍ਹਾਂ ਨੇ ਪੰਥ ਦੇ ਵਾਸਤੇ ਐਡਾ ਪੁਰਖਾਰਥ ਕੀਤਾ ਹੈ ਅਤੇ ਪੰਥ ਨੂੰ ਸਾਹਿਬ ਆਪਣੀ ਵਿਦਿਆ ਵਿਚ ਸੁਚੇਤ ਕਰਨ ਲਗੇ। ਆਪਣੇ ਹੱਥੀਂ ਤੀਰ ਬਣਾਇਅਨਿ, ਅਤੇ ਸਿਖਾਂ ਨੋ ਸਿਖਲਾਈਐ। ਅਤੇ ਰਹਿਤ ਸਿਖੀ ਦਾ ਉਪਦੇਸ ਹੋਵੈ, ਅਤੇ ਚਾਲੇ ਰਾਜਨੀਤਿ ਦੇ ਸਿਖਲਾਇਆ।

## ਤਨਖਾਹਨਾਮਾ

ਬਚਨ ਹੋਆ—ਜਿਸ ਕੋਲੋਂ ਕੁਰਹਿਤ ਹੋਵੈ, ਉਹ ਸਰਬਤ ਅੱਗੇ ਹੱਥ ਜੋੜਿ ਖਲੋਵੈ, ਤਾਂ ਉਸ ਨੂੰ ਬਖਸ਼ਣਾ, ਅੜੀ ਨਹੀਂ ਕਰਨੀ। ਤਨਖਾਹ ਲੈਣੀ ਵੈਰੁ ਨਾਹੀ ਕਰਨਾ। ਜੋ ਸਿਖ ਸਹਜਧਾਰੀ ਹੋਇਕੈ ਚਿਹਰੇ ਦੇ ਰੋਮ ਲੁਹਾਏ, ਸੋ ਭੀ ਤਨਖਾਹੀਆ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਹੋਵੈ ਅਤੇ ਆਪੇ ਹੀ ਕੋਈ ਹੱਥ ਪਾਏ, ਸੋ ਭੀ ਤਨਖਾਹੀਆ।

ਜੋ ਸਿਖ ਸਰਬਤ੍ਰ ਵਿਚ ਬੀਚਾਰ ਕੇ ਨ ਬੈਠੇ, ਸਾਹਿਬਜ਼ਾਦੇ ਤਥਾ ਸ਼ਬਦ ਗਾਵਣੇ-ਪੜ੍ਹਨੇ ਵਾਲੇ ਅੱਗੇ ਹੋਇ ਬੈਠੇ ਸੋ ਮੂਰਖ ਤਨਖਾਹੀਆ।

ਜੋ ਸਿਖ ਗ੍ਰੰਥ ਸਾਹਿਬ ਜੀ ਦੇ ਪਾਸ ਪ੍ਰਸ਼ਾਦਿ ਲਿਆਵੈ, ਅਤੇ ਧਰਮਸਾਲੀਆ ਅੰਤਰਿ ਧਰ ਲਏ, ਵਰਤਾਏ ਨਾਹੀ ਲੋਭ ਕਰਕੇ, ਸੋ ਭੀ ਤਨਖਾਹੀਆ।

ਜੋ ਕੇਸਧਾਰੀ ਟੋਪੀ ਰਖੇ, ਸੋ ਭੀ ਤਨਖਾਹੀਆ।

ਜੋ ਸਿਖ ਕੇਸਧਾਰੀ ਲੰਗੋਟ ਰਖੇ, ਸੋ ਭੀ ਤਨਖਾਹੀਆ।

ਜੋ ਸਿਖ ਕੱਛ ਅੰਦਰਿ ਲੰਗੋਟ ਰਖੇ, ਸੋ ਪੱਕਾ ਤਨਖਾਹੀਆ।

ਪ੍ਰਸਾਦ ਗੁਰੂ ਕਾ ਜੋ ਚੁਰਾਇ ਲਏ, ਸੋ ਦਰਿਦ੍ਰੀ ਤਨਖਾਹੀਆ।

ਕੇਸਧਾਰੀ ਛਾਤੀ ਦੇ ਰੋਮ ਲੁਹਾਏ, ਸੋ ਤਨਖਾਹੀਆ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਫਰਕ ਕਰੇ, ਪੰਗਤਿ ਵਿਚ, ਸੋ ਕਾਣਾ ਤਨਖਾਹੀਆ। ਪਰ ਅਦਬ ਅਧਿਕਾਰ ਦੇਖ ਕਰਿ ਕਰੇ। ਪ੍ਰਸਾਦ ਵਿਚ ਵਾਧ ਘਾਟ ਨ ਕਰੈ।

ਜੋ ਕੇਸਧਾਰੀ ਲੱਕ ਦਾ ਪੜਦਾ ਸਿਰ ਤੇ ਧਰੇ ਸੋ ਭੀ ਤਨਖਾਹੀਆ।

ਜੋੜੇ ਚੜ੍ਹੇ ਲੰਗਰ ਵਿਚ ਜਾਏ, ਸੋ ਭੀ ਤਨਖਾਹੀਆ।

ਜੋੜੇ ਚੜ੍ਹੇ ਪ੍ਰਸਾਦਿ ਖਾਏ, ਸੋ ਭੀ ਤਨਖਾਹੀਆ।

ਜੋ ਪ੍ਰਸਾਦਿ ਸਿਖ ਨੂੰ ਆਖ ਕੇ ਉਸ ਦੇ ਛਕਾਏ ਬਿਨਾ, ਆਪਿ ਅਗੇ ਖਾਇ ਲਏ, ਸੋ ਭੀ ਤਨਖਾਹੀਆ।

ਜੋ ਸਿਖ ਸਿਖਾਂ ਦੇ ਚੰਗਾ ਜੋੜ ਮੇਲ ਲਗੇ ਵਿਚ ਬੇ-ਪ੍ਰਯੋਜਨ ਉਠਿ ਜਾਏ, ਸੋ ਤਨਖਾਹੀਆ, ਦੇਣਦਾਰ ਜਾਨਣਾ।

ਜੋ ਸਿਖ, ਸਿਖਾਂ ਦੇ ਕੰਮ ਵਿਚ ਠੱਲ੍ਹ ਪਾਏ, ਅੜੀ ਕਰੈ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨਾਲ ਹਾਸਾ-ਮਸ਼ਕਰੀ ਕਰੈ, ਸੋ ਭੀ ਤਨਖਾਹੀਆ।

ਗੁਰੂ ਕਾ ਸਿਖ ਚੌਂਕੇ ਪਾਏ ਬਿਨਾ ਕੜਾਹ ਪ੍ਰਸਾਦਿ ਕਰੈ, ਸੋ ਭੀ ਤਨਖਾਹੀਆ।

ਜੋ ਸਿਖ ਵਾਸੀ ਦਾ ਜ਼ੁੰਮੇਦਾਰਿ, ਵਾਸੀ ਬਿਨਾ ਹੋਰਥੈ ਬਖ਼ਸ਼ਾਇ, ਸੋ ਭੀ ਤਨਖਾਹੀਆ।

ਜੋ ਕੇਸਧਾਰੀ ਲੱਕ ਦੇ ਪੜਦੇ ਹੇਠੋਂ ਲੰਘੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦਾ ਮੂੰਹ ਫਿਟਕਾਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨੂੰ ਬੁਰਾ ਆਖੇ ਕ੍ਰੋਧ ਨਾਲ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨੂੰ ਧੀਗੀ ਦੇਵੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੀ ਪੱਗ ਤੇ ਹੱਥ ਪਾਏ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਦਾੜ੍ਹੇ ਹੱਥ ਪਾਏ, ਅਰੁ ਲੜੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਕੇਸਾਂ ਨੂੰ ਹੱਥ ਪਾਏ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਘਰਿ ਆਵੈ ਅਰਥੀ, ਯਥਾਸ਼ਕਤਿ ਵੰਡ ਨਾ ਖਾਏ, ਸੋ ਨੀਚ ਤਨਖਾਹੀਆ।

ਜੋ ਸਿਖ ਅਰਥੀ ਨੂੰ ਧਰਮਸਾਲੀਆ ਜਬਾਬ ਦੇਵੇ, ਸੋ ਨੀਚ ਤਨਖਾਹੀਆ।

ਜੋ ਸਿਖ ਵਾਸੀ ਵਾਲੇ ਭਲੇ ਸਿਖ ਦੀ; ਹੋਂਦੇ ਧਨ ਟਹਿਲ ਨ ਕਰੇਨਿ, ਸੋ ਦੇਣਦਾਰ ਤਨਖਾਹੀਆ।

ਜੋ ਸਿਖ ਨਾਲ ਹੱਥੋਂ-ਪਾਈ-ਲੜਾਈ ਕਰੇ, ਸੋ ਭੀ ਤਨਖਾਹੀਆ।

ਜੋ ਅਰਥੀ ਸਿਖਾਂ ਨੂੰ ਵਾਸੀ ਵਾਲਾ ਦੁਖਾਏ, ਸੋ ਭੀ ਤਨਖਾਹੀਆ।

ਜੋ ਧਰਮਸਾਲੀਆ, ਪਰਦੇਸੀ ਸਿਖ ਦੀ ਰਸਤੁ ਤਕੜਾਈ ਨ ਕਰੈ, ਸੋ ਤਨਖਾਹੀਆ।

ਜੋ ਸ੍ਰੀ ਸਾਹਿਬ ਨੋ ਉਲੰਘੇ, ਸੋ ਭੀ ਤਨਖਾਹੀਆ।

ਜੋ ਸਿਖ ਦੀ ਆਪੇ ਪੱਗ ਉਤਾਰੇ, ਸੋ ਭੀ ਤਨਖਾਹੀਆ। ਫੇਰ ਬਖਸ਼ਾਏ ਭੀ ਨਹੀਂ।

ਜੋ ਸਿਖ ਕਰਦ ਦੇਂਦਾ ਭੁੰਞੇ ਸੁਟੇ, ਸੋ ਤਨਖਾਹੀਆ। ਹਥਿ ਦੇਵੇ।

ਜੋ ਕੁਰਹਿਤੀਏ, ਤਨਖਾਹੀਏ, ਧੜੀਏ ਦਾ ਪੱਖ ਕਰੇ, ਤਨਖਾਹੀਆ।

ਔਰਨਾ ਕੋ, ਉਪਦੇਸ ਕਰੇ, ਆਪ ਨ ਕਰੇ, ਤਨਖਾਹੀਆ।

ਕੁਰਹਿਤ ਕਰੇ ਬਖਸ਼ਾਏ ਨਾਹੀ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨੂੰ ਗੁਰੂ ਦਾ ਮਾਰਿਆ ਆਖੇ, ਸੋ ਭੀ ਤਨਖਾਹੀਆ।

ਤਲਵਾਰ ਮਗਰ-ਪਾਛੇ ਸਿਟੇ, ਸੋ ਭੀ ਤਨਖਾਹੀਆ।

ਮੁੱਠ ਮੋਢੇ ਉਪਰੋਂ ਪਿੱਛੇ ਰਖੇ ਤਲਵਾਰ ਦੀ, ਸੋ ਤਨਖਾਹੀਆ।

ਤੁਰਕ ਨਫਰ ਦੇ ਹਥਿ ਸ੍ਰੀ ਸਾਹਿਬ ਦੇਵੇ ਆਪ ਖਾਲੀ ਤੁਰੇ, ਸੋ ਭੀ ਤਨਖਾਹੀਆ।

ਕਾਵ੍ਹੇ ਬੈਠੇ, ਸ੍ਰੀ ਸਾਹਿਬ ਪਾਸ ਰਖੇ, ਸੋ ਭੀ ਤਨਖਾਹੀਆ।

ਸਿੰਘ ਨੂੰ ਭੀ ਸੁਚੇਤੀ ਚਾਹੀਦੀ ਹੈ। ਸ਼ਸਤ੍ਰ ਬਿਨਾ ਖਾਲੀ ਤੁਰੇ, ਸੋ ਭੀ ਤਨਖਾਹੀਆ।

ਕਾਵ੍ਹੇ ਫਿਰ ਕੇ, ਹੱਥ ਧੋਇ ਕੇ, ਪੰਜ-ਇਸ਼ਨਾਨਾ ਜਾਂ ਇਸ਼ਨਾਨ ਨਾ ਕਰੇ, ਸੋ ਤਨਖਾਹੀਆ।

ਜੋ ਪੱਗ ਨੂੰ ਬਾਸੀ ਰਖੇ, ਸੋ ਤਨਖਾਹੀਆ।

ਜੋ ਹੋਂਦੇ ਦਹੀਂ ਕੇਸ ਨਾ ਧੋਏ, ਸੋ ਆਲਸੀ ਤਨਖਾਹੀਆ।

ਕੇਸਾਂ ਵਿਚ ਜੀਅ ਪਵਨਿ ਦੇਵੇ, ਸੋ ਆਲਸੀ ਤਨਖਾਹੀਆ।

ਜੋ ਗੁਰਮੰਤ੍ਰ ਜਪੁਜੀ ਰੋਜ਼ ਨ ਪੜ੍ਹੇ, ਸੋ ਅਚੇਤ ਤਨਖਾਹੀਆ।

ਜੋ ਬਾਣੀ ਕੰਠ ਕੀਤੀ ਨ ਵਿਚਾਰੇ, ਸੋ ਆਲਸੀ ਤਨਖਾਹੀਆ।

ਗ੍ਰੰਥ ਜੀ ਦਾ ਪਾਠ ਲੱਕੋਂ ਨੰਗਾ ਕਰੈ, ਸੋ ਤਨਖਾਹੀਆ।

ਇਸ਼ਨਾਨ ਕਰੈ ਸਿੰਘ ਲੱਕੋਂ ਨੰਗਾ, ਸੋ ਤਨਖਾਹੀਆ।

ਗਿੱਲੀ-ਸੁੱਕੀ ਕੱਛ ਪਾਇ ਲਏ। ਕੱਛ ਦੇ ਪਹੁੰਚੇ ਦਾ ਸਿਖ ਵਿਸਾਹ ਨਾ ਕਰੇ।

ਜੋ ਸਿਖ ਪਰ ਨਾਰੀਆਂ ਦੀ ਸੰਗਤ ਕਰੇ, ਤਨਖਾਹੀਆ।

ਜੋ ਸਿਖ ਨਾਰੀ ਦਾ ਜੂਠਾ ਖਾਏ, ਸੋ ਤਨਖਾਹੀਆ।

ਜੋ ਸਿਖ ਮਾਤਾ ਪਿਤਾ ਬਿਨਾਂ ਤ੍ਰੀਮਤ ਦੀ ਪੈਰੀਂ ਪਵੈ, ਸੋ ਤਨਖਾਹੀਆ।

ਜੋ ਸਿਖ ਹੋਇ ਕਰਿ ਨੱਚੇ, ਸੋ ਤਨਖਾਹੀਆ।

ਜੋ ਸਿਖ ਗੁਰੂ ਕੇ ਜੋੜ ਵਿਚ ਗੁਰੂ ਕੀ ਬਾਣੀ ਬਿਨਾਂ ਹੋਰ ਬਾਣੀ ਗਾਵੈ, ਸੋ ਤਨਖਾਹੀਆ।

ਜੋ ਚਿਟੇ ਚੁਣਾਏ, ਸੋ ਤਨਖਾਹੀਆ।

ਜੋ ਕੇਸਧਾਰੀ ਕਲਫ ਲਾਏ, ਸੋ ਤਨਖਾਹੀਆ।

ਜੋ ਸਿਖ, ਸਿਖ ਦੀ ਚੁਗਲੀ ਕਰੈ। ਸੋ ਤਨਖਾਹੀਆ। ਗ੍ਰੰਥ ਸਾਹਿਬ ਜੀ ਦੀ ਸਾਖ :

'ਜਿਸੁ ਅੰਦਰਿ ਚੁਗਲੀ ਚੁਗਲੋ ਵਜੈ।
ਕੀਤਾ ਕਰਤਿਆ ਓਸ ਦਾ ਸਭੁ ਗਇਆ।'

ਜੋ ਸਿਖ ਸਿਖਾਂ ਵਿਚ ਮਨਸੂਬਾ ਕਰਿ ਦੁਬਿਧਾ ਪਵਾਏ, ਸੋ ਤਨਖਾਹੀਆ।

ਜੋ ਸਿਖ ਕੂੜ ਸੱਚ ਆਖ ਕੇ ਸਿਖਾਂ ਨੋ ਲੜਾਏ, ਸੋ ਤਨਖਾਹੀਆ।

ਜੋ ਪ੍ਰਸਾਦਿ ਪਾਂਵਦਿਆਂ ਆਏ ਸਿਖ ਨੂੰ ਸੁਲਾਹ ਨ ਕਰੈ, ਸੋ ਭੀ ਤਨਖਾਹੀਆ।

ਜੋ ਸਿਖ ਪਾਸਹੁੰ ਮੂੰਹ ਛਿਪਾਏ—ਚੋਰੀ ਖਾਏ, ਸੋ ਭੀ ਤਨਖਾਹੀਆ।

ਜਿਸ ਦੇ ਸਿਖ ਭੁੰਞੇ ਸਵਣ ਆਪ ਮਾਨੀ ਹੋਇ ਕਰਿ ਮੰਜੀ ਉਪਰਿ ਚੜ੍ਹ ਕਰਿ ਸਵੈਂ, ਸੋ ਪਾਖੰਡੀ ਤਨਖਾਹੀਆ।

ਜੇ ਦਸ ਸਿਖ ਮੰਜੇ ਚੜ੍ਹਿ ਸਵਨਿ, ਗਰੀਬ ਸਿਖ ਭੁੰਞੇ ਸਵਨਿ—ਆਦਰ ਨਾ ਕਰਨ, ਸੋ ਤਨਖਾਹੀਏ।

ਜੋ ਸਰਬਤ੍ਰ ਦੀ ਮਰਜ਼ੀ ਬਿਨਾਂ ਵਧੀਕੀ ਆਪ ਕਰੇ, ਸੋ ਤਨਖਾਹੀਆ।

ਜੋ ਸਿਖ ਦਾ ਮੰਦਾ ਹੋਵਣ ਲਗੇ—ਕਾਰਜ ਵਿਗੜੇ, ਜਾਂਦਿਆਂ ਦੱਸੇ ਨਾਹੀ, ਸੋ ਭੀ ਤਨਖਾਹੀਆ।

ਆਪ ਚੰਗਾ ਚੋਖਾ ਖਾਏ, ਸਿਖ ਨੂੰ ਮਾੜਾ ਖਵਾਏ, ਸੋ ਤਨਖਾਹੀਆ।

ਜੋ ਕੰਨਯਾ ਮਾਰੇ, ਸੋ ਖ਼ੂਨੀ ਤਨਖਾਹੀਆ।

ਸਿਖ ਦੀ ਵਸਤੂ ਚੁਰਾਏ, ਸੋ ਪ੍ਰੇਤ ਤਨਖਾਹੀਆ।

ਗਰੀਬਾਂ ਸਿਖਾਂ ਦਾ ਨਿਰਾਦਰ ਕਰੇ, ਸੋ ਅਹੰਕਾਰੀ ਤਨਖਾਹੀਆ।

ਸਿਖ ਵਾਹਗੁਰੂ ਜੀ ਕੀ ਫ਼ਤਿਹ ਬੁਲਾਵੇ, ਅਗੋਂ ਨਾ ਬੋਲੇ, ਸੋ ਭੀ ਤਨਖਾਹੀਆ।

ਗ੍ਰਿਹਸਤੀ ਸਿਖ ਕਿਰਤੀ ਘਰਿ ਹੋਂਦੇ ਅਰਦਾਸ ਦੀ ਕੌਡੀ ਖਾਏ, ਸੋ ਦਰਿੱਦਰੀ ਤਨਖਾਹੀਆ।

ਪੂਜਾ ਦੀ ਕੌਡੀ ਅਧਿਕਾਰੀ ਦੇਖ ਕੇ ਨਾ ਦੇਵੇ, ਸੋ ਭੀ ਤਨਖਾਹੀਆ।

ਜੋ ਇਹ ਅਰਦਾਸ ਦੀ ਕੌਡੀ ਗੁਰੂ ਕਾ ਦਾਨ ਜਾਣੈ, ਸੋ ਮੂਰਖ ਤਨਖਾਹੀਆ।

ਗੁਰੂ ਕੀ ਅੰਸ ਅਰਦਾਸ ਮਲੇਛਾਂ ਨੂੰ ਦੇਵੇ, ਜੋ ਤਨਖਾਹੀਆ।

ਜੋ ਸਿਖ ਕਬੀਲੇ ਨਾਲ ਰੈਣ-ਬਿਲਾਸ ਕਰਿ ਇਸ਼ਨਾਨ ਨਾ ਕਰੇ, ਸੋ ਪ੍ਰੇਤ ਤਨਖਾਹੀਆ।

ਜੋ ਸਰਬਤ ਦੀ ਮਰਜ਼ੀ ਨਾ ਮੰਨੇ, ਸੋ ਤਨਖਾਹੀਆ।

ਜੋ ਸਿਖ ਪਰਾਈ ਇਸਤ੍ਰੀ ਦੇ ਘਰਿ ਜਾਇ ਹਰਾਮੀ ਕਰੈ, ਸੋ ਤਨਖਾਹੀਆ।

ਜੋ ਮਾਤਾ ਪਿਤਾ ਦੀ ਆਗਿਆ ਨਾ ਮੰਨੇ, ਸੋ ਭੀ ਤਨਖਾਹੀਆ।

ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ।

ਜੋ ਨਿਗੁਰੇ, ਅਣਪਾਹੁਲੀਏ ਨਾਲ ਵਰਤੇ, ਸੋ ਭੀ ਤਨਖਾਹੀਆ।

ਨਿਗੁਰਾ ਪੁੱਤ੍ਰ ਘਰ ਵਿਚ ਰਖੇ, ਸੋ ਤਨਖਾਹੀਆ।

ਅਰਦਾਸ ਕੀਤੇ ਬਿਨਾ ਪ੍ਰਸਾਦਿ ਵਰਤਾਏ, ਸੋ ਤਨਖਾਹੀਆ।

ਪ੍ਰਸਾਦਿ ਲੈਂਦਾ ਸਿਖ ਬਹੁਤਾ ਬੋਲੇ—ਤ੍ਰਿਸ਼ਨਾ ਕਰੈ, ਸੋ ਤਨਖਾਹੀਆ।

ਗੁਰੂ ਕੇ ਬਚਨ ਉਪਰਿ ਪ੍ਰਤੀਤ ਨ ਕਰੈ, ਸੋ ਭੀ ਤਨਖਾਹੀਆ।

ਗੁਰੂ ਕੀ ਅਰਦਾਸੋਂ ਮੁੜੇ, ਸੋ ਭੀ ਤਨਖਾਹੀਆ।

ਕੇਸਧਾਰੀ ਬਗਲਬੰਦੀ ਜਾਮਾ ਪਾਏ, ਸੋ ਤਨਖਾਹੀਆ।

ਸੂਹਾ ਪਹਿਰੇ, ਸੋ ਤਨਖਾਹੀਆ।

ਸੁਰਮਾ ਪਾਏ, ਸੋ ਤਨਖਾਹੀਆ।

ਦੁਤਾਰਾ, ਪੋਥੀ, ਚੋਰੀ, ਰੁਮਾਲ ਚੁਰਾਏ ਸੋ ਤਨਖਾਹੀਆ।

ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ।

ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ।

ਤੁਰਕ ਦੇ ਅੱਖਰ ਸਿਰਿ ਧਰੇ, ਸੋ ਤਨਖਾਹੀਆ।

ਗੋਰ, ਮੜ੍ਹੀ ਪੂਜਣ ਜਾਇ, ਸੋ ਤਨਖਾਹੀਆ।

ਸ਼ਬਦ-ਕੀਰਤਨ ਪਾਠ ਵਿਚ ਗੱਲਾਂ ਚਰਚਾ ਕਰੈ, ਸੋ ਤਨਖਾਹੀਆ।

ਹੋਂਦੇ ਬਲ ਅਰਥੀ ਸਿਖ ਗਰੀਬ ਦੀ ਗੌਰ ਨਾ ਕਰੈ, ਸੋ ਪੱਕਾ ਤਨਖਾਹੀਆ।

ਸਾਬੁਣ ਕੱਲਰ ਕੇਸੀਂ ਪਾਏ, ਸੋ ਤਨਖਾਹੀਆ।

ਘਰਿ ਹੋਂਦੇ ਦਹੀਂ ਸਿਖਾਂ ਨੂੰ ਕੇਸੀ ਇਸਨਾਨ ਵਾਸਤੇ ਨਾ ਦੇਵੇ, ਸੋ ਭੀ ਤਨਖਾਹੀਆ।

ਬਾਹਰਿ ਬੋਹਲ ਵਿਚਹੁੰ ਗੁਰੂ ਕਾ ਹਿੱਸਾ ਨਾ ਕੱਢੈ, ਸੋ ਭੀ ਤਨਖਾਹੀਆ।

ਘਰ ਹੋਂਦੇ, ਅਰਥੀ ਗਰੀਬ ਦੇ ਬਸਤ੍ਰ ਨਾ ਧੁਵਾਇ ਦੇਵੈ, ਸੋ ਭੀ ਤਨਖਾਹੀਆ।

ਸਿਖ ਦੇਵਣ ਲਗੇ, ਦੂਜਾ ਸਿਖ ਮਨਹਿ ਕਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਪਾਸਹੁੰ ਮਾਇਆ ਲੈ ਕੇ ਜੂਆ ਖੇਡੇ, ਸੋ ਭੀ ਤਨਖਾਹੀਆ।

ਜੋ ਸਿਖ ਮਲੇਛਣੀ-ਬੇਸਵਾ ਕਾ ਸੰਗ ਕਰੇ, ਸੋ ਮਲੇਛ ਤਨਖਾਹੀਆ।

ਜੋ ਸਿਖ ਪਾਸਹੁੰ ਮਾਇਆ ਲੈਕਰ ਬਿਕਰਮ ਕਰੇ, ਸੋ ਨੀਚ ਤਨਖਾਹੀਆ।

ਜੋ ਸਿਖ ਪਾਸੋਂ ਮਾਇਆ ਲੈ ਕੇ ਨ ਖਵਾਏ, ਸੋ ਕ੍ਰਿਪਨ ਤਨਖਾਹੀਆ।

ਸਿਖ ਪ੍ਰਸਾਦਿ ਛਕਦਾ ਚੁਗਲੀ ਕਰੈ, ਸੋ ਤਨਖਾਹੀਆ।

ਸਿਖ ਜੋੜ-ਮੇਲੇ ਵਿਚਹੁੰ ਉਠਿ ਜਾਏ, ਸੋ ਪੱਕਾ ਤਨਖਾਹੀਆ।

ਜੋ ਭਲਾ ਸਿਖ ਹੈ, ਸੋ ਰਹਿਤ ਕੁਰਹਿਤ ਦਾ ਵਿਚਾਰ ਕਰ ਲਏ।

ਜੋ ਗਰੀਬ ਨਿਮਾਣਾ ਹੋਇ ਕੈ ਗੁੱਸਾ ਕਰੈ, ਸੋ ਝੱਲਣਾ।

ਸਾਖ ਗ੍ਰੰਥ ਸਾਹਿਬ ਜੀ ਦੀ:

'ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।'

ਜੋ ਘਰਿ ਆਏ ਸਿੰਘ ਨੂੰ ਭੁਖਿਆਂ ਟੋਰੇ, ਹੋਂਦੈ ਸ਼ਕਤਿ, ਸੋ ਤਨਖਾਹੀਆ।

ਜੋ ਸਿਖ ਕਰਜ਼ ਲੈ ਕੇ ਵੇਸ੍ਵਾ ਦਾ ਤਮਾਸ਼ਾ ਦੇਖੇ ਬਿਆਹੁ ਵਿਚ, ਸੋ ਤਨਖਾਹੀਆ।

ਜੋ ਸਿਖ, ਸਰਵਰ ਮੁਕਾਮ, ਮਾੜ੍ਹੀ ਜਾਏ, ਸੋ ਤਨਖਾਹੀਆ।

ਤੁਰਕ ਦੀ ਯਾਰ੍ਹਵੀਂ ਮਨਾਏ, ਸੋ ਤਨਖਾਹੀਆ।

ਜੋ ਸਿਖ ਦਾ ਅੱਧਾ ਨਾਉਂ ਸੱਦੇ, ਸੋ ਤਨਖਾਹੀਆ।

ਜੋ ਕੇਸਧਾਰੀ ਹੋਇ ਕੇ, ਬੇਟੇ ਕਤਰੂ[1] ਰਖੇ, ਸੋ ਤਨਖਾਹੀਆ।

ਜੋ ਕੇਸਧਾਰੀ ਦੰਦਾਂ ਨਾਲ ਦਾੜ੍ਹੀ ਟੁਕੇ ਅਥਵਾ ਕੈਂਚੀ ਮੋਚਨਾ ਲਵਾਏ, ਸੋ ਤਨਖਾਹੀਆ।

---

੧. ਕੇਸ ਕੱਟਣ ਵਾਲਾ।

ਗਰੀਬ ਅਰਥੀ ਸਿਖ ਬੈਠਾ ਰਹੇ, ਆਪ ਖਾਇ ਆਵੈ, ਸੋ ਤਨਖਾਹੀਆ।

ਭਲੇ ਸਿਖ ਮੰਨੇ-ਪ੍ਰਮੰਨੇ, ਅਥਵਾ ਸਾਹਿਬਜ਼ਾਦੇ, ਹੁਕਮਨਾਂਵੀਏ ਵਾਸੀ ਵਿਚੋਂ ਆਵਣ, ਵਾਸੀ ਵਾਲੇ ਸਿਖ ਨਾ ਲੇਵਨ, ਸੋ ਤਨਖਾਹੀਆ।

ਜੋ ਸਿਖ ਆਪਣੇ ਪੁਤ੍ਰ ਨੂੰ ਪੋਥੀ, ਗ੍ਰੰਥ ਸਾਹਿਬ ਜੀ ਨਾ ਸਿਖਾਏ, ਸੋ ਭੀ ਤਨਖਾਹੀਆ।

ਜੋ ਸਿਖ ਦੀ ਬੋਲੀ ਠਠੋਲੀ[1] ਕਰੇ, ਸੋ ਤਨਖਾਹੀਆ।

ਜੋ ਸਿਖ ਨੂੰ ਗੁਰੂ ਕੇ ਦਰਸਨਿ, ਸ਼ਬਦ-ਕੀਰਤਨ, ਕਥਾ ਜੋੜ (ਮੇਲੇ) ਜਾਂਦਿਆਂ ਮਨ੍ਹਾ ਕਰੇ, ਸੋ ਤਨਖਾਹੀਆ।

ਜੋ ਸਿਖ ਨੂੰ ਤੁਰਕਾਂ ਮਾਰੇ, ਸੋ ਤਨਖਾਹੀਆ।

ਜੋ ਸਿਖ ਨੂੰ ਸਿਖ ਹੋਂਦੇ ਬਲ, ਰਣ ਵਿਚ ਟੂਟੇ-ਭੁੰਨੇ, ਹਾਰੇ ਫੱਟੜ ਨੂੰ ਸਟਿ ਆਵੈ, ਸੋ ਤਨਖਾਹੀਆ।

ਜੋ ਸਿਖ ਨੂੰ ਗੈਰ ਮਾਰਗ ਲਾਏ, ਸੋ ਤਨਖਾਹੀਆ।

ਜੋ ਸਿਖ ਦਾ ਮੁਰਦਾ, ਹੋਂਦੇ ਬਲ, ਰਣ ਵਿਚ ਸਸਕਾਰ ਨਾ ਕਰੈ, ਸੋ ਤਨਖਾਹੀਆ।

ਜੋ ਸਿਖ, ਸਿਖ ਨੂੰ ਗੁਰੂ ਕਾ ਵਾਸਤਾ ਪਾਏ, ਜੋ ਨਾ ਮੰਨੇ, ਸੋ ਤਨਖਾਹੀਆ।

ਜੋ ਕਿਸੇ ਸਿਖ ਨੂੰ ਕਿਸੇ ਬੇਪ੍ਰਯੋਜਨ ਵਾਸਤਾ ਪਾਏ, ਸੋ ਤਨਖਾਹੀਆ।

ਇਹੁ ਓੜਕੁ ਦਾ ਬਚਨ ਹੈ।

ਜੋ ਗੁਰੂ ਕਾ ਸਿਖ ਪ੍ਰਸਾਦਿ ਗੁਰੂ ਕਾ ਕਰਕੇ, ਮੁਲਾਹਜ਼ੇ ਵਾਲੇ ਸੱਦ ਕਰ ਲੈ ਜਾਏ, ਗਰੀਬਾਂ ਨੂੰ ਨਾ ਸੱਦੇ, ਸੋ ਲਿਬਾਸੀ ਤਨਖਾਹੀਆ।

ਜੋ ਸਿਖ ਹੋਇ ਕੇ ਲੜਾਕਾ ਛਿਪਰਾ ਹੋਵੇ, ਤਨਖਾਹੀਆ।

ਜੋ ਗਰੀਬ ਹੋਇਕੈ ਮਸ਼ਕਰਾ ਹੋਵੇ, ਤਿਸ ਨੂੰ ਮਤ ਦੇਣੀ ਨਾਹੀ, ਗੁਰੂ ਕਾ ਬਚਨ ਹੈ:

'ਮੂਰਖ ਗੰਢੁ ਪਵੈ ਮੁਹਿ ਮਾਰੁ।'

ਜੋ ਸਿਖ ਮਾਪਿਆਂ ਦੀ ਟਹਿਲ ਨਾ ਕਰੇ, ਸੋ ਅਕ੍ਰਿਤਘਨ ਤਨਖਾਹੀਆ।

ਸਾਖ: 'ਪੁਤ ਨ ਮੰਨੈ ਮਾਪਿਆ, ਕਮਜਾਤੀਂ ਗਣੀਐ।'

ਕੇਸਧਾਰੀ ਹੋਂਦੇ, ਸਹਿਜਧਾਰੀ ਜੋੜ-ਮੇਲ ਵਿਚ ਪ੍ਰਸਾਦਿ ਵਰਤਾਏ, ਸੋ ਤਨਖਾਹੀਆ।

ਜੋ ਸਿਖ ਮਾਤਾ ਪਿਤਾ ਅੱਗੇ ਜਵਾਬ ਦੇਵੇ, ਸੋ ਤਨਖਾਹੀਆ।

ਸਾਖ: 'ਕਾਹੇ ਪੂਤ ਝਗਰਤ ਹਉ ਸੰਗਿ ਬਾਪ।'

ਜੋ ਮਾਪੇ ਗੁਰੂ ਪਾਸੋਂ ਬੇਮੁਖ, ਸੋ ਤਨਖਾਹੀਏ।

ਪ੍ਰਹਿਲਾਦ ਨੇ ਪਿਤਾ ਤਿਆਗਿਆ, ਭਰਥਰੀ ਮਾਈ ਤਿਆਗੀ।

ਜੋ ਸਿਖ ਅਨੰਦ ਪੜ੍ਹੇ ਬਿਨ੍ਹਾਂ ਕੜਾਹ ਵਰਤਾਏ, ਸੋ ਤਨਖਾਹੀਆ।

ਜੋ ਕੜਾਹ ਪ੍ਰਸਾਦਿ ਲੰਗਰ ਦਾ ਅਦਬ ਨਾਲ ਸੁੱਚੇ ਬਾਸਨ ਪਾਇਕੇ ਚੌਂਕਾ ਨਾ ਕਰੇ, ਸੋ ਤਨਖਾਹੀਆ।

---

੧. ਠੱਠਾ ਮਖੌਲ।

ਭਾਦਣੀ, ਹੁਕਈ, ਕੁਰਹਿਤੀਏ ਪਾਸੋਂ ਕੜਾਹ (ਪ੍ਰਸਾਦ) ਕਰਾਏ, ਸੋ ਤਨਖਾਹੀਆ।

ਕੜਾਹ ਪ੍ਰਸਾਦ ਕਰਕੇ ਤੱਕੜੀ ਤੋਲੇ, ਸੋ ਤਨਖਾਹੀਆ।

ਗ੍ਰੰਥ ਸਾਹਿਬ ਜੀ ਪਾਸ ਪਿੱਠ ਕਰਿ ਬੈਠੇ, ਸੋ ਤਨਖਾਹੀਆ।

ਸ਼ਬਦ ਹੇਠ ਪੜ੍ਹਨਿ, ਆਪ ਮੰਜੇ ਚੜ੍ਹਿ ਬੈਠਨਿ, ਸੋ ਭੀ ਤਨਖਾਹੀਏ।

ਤੁਰਕਾਂ ਦੇ ਵਿਚ ਆ ਬੈਠੇ ਆਪ ਪ੍ਰਸਾਦਿ ਖਾਏ-ਖਵਾਏ, ਸੋ ਤਨਖਾਹੀਆ।

ਹੱਥ ਧੋਤੇ ਬਿਨਾ ਪ੍ਰਸਾਦਿ ਵਰਤਾਏ, ਹੱਥ ਧੋਤੇ ਬਿਨਾਂ ਗ੍ਰੰਥ ਸਾਹਿਬ ਪੋਥੀ ਨੂੰ ਹੱਥ ਲਾਏ, ਸੋ ਤਨਖਾਹੀਆ। ਸਾਖ ਗ੍ਰੰਥ ਸਾਹਿਬ ਜੀ ਦੀ:

'ਪੋਥੀ ਪਰਮੇਸਰ ਕਾ ਥਾਨੁ।'

ਜੋ ਸਿਖ, ਬਿਖਿਆ ਪੀਂਦੇ ਦੇ ਕੋਲ ਬੈਠੇ, ਮੁਸ਼ਕ ਲਏ, ਸੋ ਪੱਕਾ ਤਨਖਾਹੀਆ।

ਜੋ ਗੁਰੂ ਕਾ ਸਿਖ ਹੋਇਕੇ, ਸਿਰੰਦ ਵਾਲੇ ਖਤ੍ਰੀ ਅਤੇ ਚੰਦੂਸ਼ਾਹੀ ਖਤ੍ਰੀ ਇਨ੍ਹਾਂ ਦਾ ਸੱਤ ਵਾਰੀ ਮੂੰਹ ਫਿਟਕਾਰੇ ਬਿਨਾਂ ਨਾਇ ਲਏ, ਸੋ ਤਨਖਾਹੀਆ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਪਹਿਲੇ ਰਖੇ, ਸੋ ਤਨਖਾਹੀਆ।

ਜੋ ਸਿਖ ਆਪਣੇ ਘਰ ਦੇ ਕੰਮ ਵਿਚ ਤੁਰਕ ਮੁਖਤਿਆਰ ਕਰੇ, ਸੋ ਤਨਖਾਹੀਆ।

ਜੋ ਸਿਖ ਘਰ ਦਾ ਭੇਤ ਤੁਰਕ ਨੂੰ ਦੇਵੇ, ਸੋ ਤਨਖਾਹੀਆ।

ਜੋ ਲੱਛਮੀ ਦਾ ਮੂੰਹ ਫਿਟਕਾਰੇ, ਸੋ ਭਲਾ ਨਹੀਂ ਜਾਨਣਾ।

ਤੁਰਕ ਕੀ ਚਾਕਰੀ ਕਰਿ ਹੱਥ ਜੁੜਾਇ ਲੈਣੇ।

ਜੋ ਸਿਖ ਆਪਣੇ ਘਰ ਦੇ ਕੰਮੋਂ ਸਿਖ ਨੂੰ ਦੂਰ ਕਰੇ, ਸੇਵਕ ਨ ਰਖੇ, ਸੋ ਤਨਖਾਹੀਆ।

ਜੋ ਸਿਖ ਕੰਮ ਵਿਚ ਸਿਖ ਰਹਿ ਕੇ ਖਿਆਨਤ ਕਰੇ, ਸੋ ਬਡਾ ਤਨਖਾਹੀਆ।

ਜੋ ਸਿਖ ਦਾ ਚਲਾਣਾ ਸੁਣ ਕੇ ਨਾਲ ਨਾ ਜਾਏ, ਸੋ ਪੱਕਾ ਤਨਖਾਹੀਆ।

ਜੋ ਸ਼ਬਦ ਨਾਲ ਹਾਸਾ ਕਰੇ, ਸੋ ਪੱਕਾ ਤਨਖਾਹੀਆ।

ਜੋ ਮੰਜੇ ਉਤੇ ਬਹੇ, ਅਤੇ ਸ਼ਬਦ ਸੁਣ ਕੇ ਹੇਠਾਂ ਨਾ ਬਹੇ, ਯਾ ਪੜ੍ਹਨ ਵਾਲੇ ਨੂੰ ਪਾਸ ਬਹਾਵੈ ਨਾਹੀਂ, ਸੋ ਤਨਖਾਹੀਆ।

ਜੋ ਸਿਖ, ਸਿਖ (ਪਾਸਹੁ) ਝੂਠੀ ਸਪਤ ਕਰਾਏ, ਸੋ ਤਨਖਾਹੀਆ।

ਜੋ ਕਿਸੇ ਦਾ ਸਰੀਰ ਹਤ ਹੋਵੇ, ਇਕੇ ਭਲਾ ਹੋਵੈ, ਇਸ ਦੀ ਸਪਤ ਕੀਤਿਆਂ, ਸਪਤ ਨਾ ਕਰੇ, ਤਾਂ ਰਾਖਸ਼ ਤਨਖਾਹੀਆ।

ਜੋ ਸਿਖ, ਗੁਰ-ਦੋਹੀ ਬਾਰ ਬਾਰ ਸ਼ਬਦ ਵਿਚ ਗੱਲਾਂ ਕਰੈ, ਸੋ ਤਨਖਾਹੀਆ।

ਜੋ ਸਿਖ, ਸਿਖ ਨਾਲ ਗੰਦ-ਜਬਾਬ ਕਰੈ, ਸੋ ਗੰਦਾ ਤਨਖਾਹੀਆ।

ਜੋ ਸਿਖ, ਸਿਖਾਂ ਨੂੰ ਮਾਇਆ ਦੇ ਕੇ ਕਿਰਤੇ ਲਾਵੇ ਉਹ ਮਾਇਆ ਛਲ ਕਰਕੇ ਖਾਇ ਲਏ, ਸਿਖ ਨੂੰ ਜਬਾਬ ਦੇਵੇ ਤਿਸ ਨਾਲ ਨਹੀਂ ਵਰਤਣਾ, ਤੇ ਨਾਲ ਭੀ ਨਾ ਰਲਾਵਣਾ। ਅਰਜ਼ ਦੇਵੇ ਤਾਂ ਬਖਸ਼ਣਾ।

ਜੋ ਸਿਖ ਪਾਸਹੁੰ ਵਣਜ ਨਾਲ ਵਧ-ਘਟ ਜਾਇ, ਤਾਂ ਕਿਰਤੇ ਲਾਇਕੇ ਉਤਾਰ ਲੈਣਾ।

ਅਤੇ ਸਿਖ ਭਲੇ ਕੰਮ ਵਿਚ ਸਿਖ ਨੂੰ ਰਖੇ।

ਜੋ ਸਿਖ ਜਾਣ ਬੁਝ ਕੇ ਸਿਖ ਨੂੰ ਦੁਖ ਦੇਵੇ, ਸੋ ਤਨਖਾਹੀਆ।

ਸਿਖ ਦਾ ਮਾਮਲਾ ਸਿਖਾਂ ਵਿਚ ਨਿਬੇੜੇ, ਦੇਣੇ-ਲੈਣੇ ਵਾਲਾ ਜੋ ਬੇਮੁਖ ਹੋਵੇਗਾ, ਸੋ ਨ ਨਿਬੜੇਗਾ, ਦੁਹਾਂ ਵਿਚੋਂ।

ਦੋਵੇਂ ਸਿਖ ਸਿਖੀ ਰਲਣ, ਗੋਬਿੰਦ ਅੰਤਰਜਾਮੀ ਹੈ, ਲੇਖਾ ਧਰਮਰਾਇ ਲੈਸੀ ਝੂਠੇ ਪਾਸਹੁੰ, ਜੋ ਸਿਖ ਦਾ ਆਖਿਆ ਨਾ ਮੰਨੇਗਾ, ਸੋ ਦੋਹਾਂ ਵਿਚਹੁੰ ਤਨਖਾਹੀਆ। ਸਿਖ ਭੀ ਸਾਲਸ ਹੋਇਕੈ ਆਖਣ।

ਜੋ ਸਿਖ ਸਿਖ ਨੂੰ ਜਾਣ ਕੇ ਕੈਦ ਕਰਾਏ, ਲੁਟਾਏ, ਮਰਵਾਏ, ਸੋ ਦੈਂਤ ਜਾਨਣਾ। ਗੁਰੂ ਕੇ ਸਿਖ ਐਸੇ ਨਾਲ ਨਾ ਵਰਤਣ, ਬੇਮੁਖ ਤਨਖਾਹੀਆ।

ਜੋ ਸਿਖ ਦੇ ਪਾਸਹੁੰ ਚਾਕਰੀ ਕਰਾਇਕੇ, ਨਾ ਦੇਵੇ, ਸੋ ਤਨਖਾਹੀਆ।

ਬਚਨ ਕਰਕੇ ਮੁੜਿ ਜਾਏ, ਸੋ ਤਨਖਾਹੀਆ।

ਜੋ ਸਿਖ ਦੇ ਦੋਵੇਂ ਹਥ ਸਾਬਿਤ ਹੋਵਣ ਅਤੇ ਸੱਜੇ ਨਾਲ ਸੌਚ ਕਰੇ, ਸੋ ਪੱਕਾ ਤਨਖਾਹੀਆ।

ਜੋ ਸਿਖ ਸਰੀਰ ਦੀ ਸੁਧਿ ਤਥਾ ਇਸ਼ਨਾਨ, ਪੰਜ-ਇਸ਼ਨਾਨਾ, ਹੋਂਦੇ ਬਲ ਨਾ ਕਰੇ, ਏਵੇਂ ਪ੍ਰਸਾਦਿ ਛਕੇ ਅਥਵਾ ਗ੍ਰੰਥ ਸਾਹਿਬ ਜੀ ਦਾ ਪਾਠ ਕਰੈ, ਸੋ ਅਚੇਤ ਤਨਖਾਹੀਆ।

ਜੋ ਸਿਖ ਸਿਖ ਨੂੰ ਤੁੱਛ ਬਚਨ ਕਰੇ, ਘਰਿ ਹੋਂਦੇ ਬਰੜਾਇਕੇ ਦੇਵੈ, ਸੋ ਪੱਕਾ ਤਨਖਾਹੀਆ।

ਜੋ ਸਿਖ ਦਾ ਕਾਰਜ ਤੋੜੇ, ਸੋ ਬੇਮੁਖ ਤਨਖਾਹੀਆ।

ਜੋ ਸਿਖ ਅਰੁ ਸੇਵਕ ਦਾ ਆਪਸ ਵਿਚ ਕਾਰਜ ਪੈ ਜਾਏ ਝਗੜੇ ਦਾ ਅਤੇ ਸਿਖ ਮੁਨਸਬ ਹੋਵੇ, ਤਾਂ ਧਰਮ ਵੀ ਕਰੈ, ਅਤੇ ਸਿਖ ਦਾ ਭਲਾ ਭੀ ਚਾਹੇ।

ਜੋ ਸਿਖ ਨਾਲ ਅੰਦਰੋਂ ਹੋਰ, ਬਾਹਰੋਂ ਹੋਰੁ—ਮੰਦਾ ਕਰੇਗਾ। ਸੋ ਗੁਰੂ ਕਾ ਚੋਰ ਤਨਖਾਹੀਆ।

ਗੁਰੂ ਕਾ ਸਿਖ ਇਸ਼ਨਾਨ ਕਰੇ, ਕੇਸਾਂ ਨੂੰ ਹੱਥਾਂ ਨਾਲ ਛਣਕੇ, ਸੋ ਤਨਖਾਹੀਆ।

ਜਿਥੇ ਸਿਖਾਂ ਸੀਸ ਦਿਤੇ ਹੋਵਣ, ਸਿਖੀ ਬਦਲੇ, ਸੋ ਸ਼ਹੀਦਗੰਜ ਜਾਨਣਾ ਅਤੇ ਦੀਵਾ ਬਾਲਣਾ।

ਅੰਨ ਦੇ ਪੱਕੇ ਖੇਤ ਵਿਚ ਕਾਵ੍ਹੇ ਬੈਠੇ, ਸੋ ਪੱਕਾ ਤਨਖਾਹੀਆ।

ਪਿਸ਼ਾਬ ਕਰਕੇ ਹੱਥ ਨਾ ਧੋਇ, ਸੋ ਭੀ ਤਨਖਾਹੀਆ।

ਜਲ ਦੇ ਕੰਢੇ ਉਪਰਿ ਕਾਵ੍ਹੇ ਬੈਠੇ, ਸੋ ਭੀ ਤਨਖਾਹੀਆ।

ਕੱਛਾ ਲਾਹਿ ਕਰਿ ਰਾਤੀਂ ਨੰਗਾ ਸਵੇਂ, ਸੋ ਭੀ ਤਨਖਾਹੀਆ।

ਪੱਗ ਰਾਤੀਂ ਲਾਹਿ ਕੇ ਸਵੇਂ, ਸੋ ਭੀ ਤਨਖਾਹੀਆ।

ਜੋ ਸਿਖ, ਸਿਖਾਂ ਬਿਨਾਂ, ਗੈਰ ਸੰਗਤਿ ਕਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖਾਂ ਦੇ ਕੰਮ ਵਿਚ ਦਲਾਲੀ ਖਾਏ, ਸੋ ਭੀ ਤਨਖਾਹੀਆ।

ਜੋ ਸਿਖ, ਬਿਰਧ ਅਥਵਾ ਸੂਰਮੇ ਸਿੰਘ ਨੂੰ ਪ੍ਰਸਾਦ ਖਵਾਵਣੇ ਲਗੇ, ਅਤੇ (ਪੱਖਾ) ਝੱਲ ਕਰਿ ਨਾ ਖਵਾਏ, ਸੋ ਤਨਖਾਹੀਆ।

ਜੋ ਸਿਖ, ਭੇਡਾਂ ਦਾ ਦੁਧ-ਦਹੀਂ ਖਾਏ, ਸੋ ਭੀ ਤਨਖਾਹੀਆ।

ਜੋ ਸਿਖ, ਸ਼ਬਦ ਪੜ੍ਹਦੇ ਚਰਚਾ ਕਰਦੇ ਸਿਖ ਨੂੰ ਟੋਕੇ, ਸੋ ਤਨਖਾਹੀਆ।

ਜੋ ਸਿਖ, ਕਿਸੇ ਸਿਖ ਦਾ ਮਾਨ ਭੰਗ ਕਰੇ, ਸੋ ਤਨਖਾਹੀਆ।

ਸਾਖ: 'ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।'

ਜੋ ਬੇਕਾਰਤੀ ਬਗ਼ੈਰ ਵਸਤ ਨਾ ਖਾਏ ਸੋ ਅਚੇਤ ਤਨਖਾਹੀਆ।

ਜੋ ਸਿਖ ਨੂੰ ਕਰੂਰ ਨੇਤ੍ਰ ਦੇਖੇ, ਸੋ ਭੀ ਤਨਖਾਹੀਆ।

ਪੰਥ ਏਹੁ ਵਾਹੁ ਗੁਰੂ-ਪੂਰਨ ਪੁਰਖ ਦਾ ਹੈ। ਸਮੁੰਦ੍ਰ ਵਿਚ ਰਤਨ ਭੀ ਹੋਂਦੇ ਹੈਨਿ, ਅਤੇ ਘੁਗੇ, ਸੰਖ ਸਿਪੀਆਂ ਭੀ। ਮਾਣਕ-ਮੋਤੀ ਨੂੰ ਖਰੀਦੇ, ਘੁਗੇ ਨਾ ਖਰੀਦੇ।

ਜੋ ਸਿਖ ਆਪ ਸੰਸਾਰ ਦੀ ਕਾਣ ਵਿਚ ਵਰਤੇ, ਅਤੇ ਬਾਹਰੋਂ 'ਮੁਕਤਾ' ਸਦਾਏ, ਸੋ ਕੂੜਾ ਤਨਖਾਹੀਆ।

ਜੋ ਸਿਖ ਸੁਸਤ ਹੋਵੇ, ਨਿਤ ਅਰਦਾਸਿ ਕਰਾਏ, 'ਤਾਜ਼ਾ ਹੋਵੇ'। ਸਿਖਾਂ ਦੇ ਹੱਥ ਨ ਧੁਆਏ, ਸੋ ਤਨਖਾਹੀਆ।

ਜੋ ਸਿਖ ਕਤੀਰਾ, ਮਹਿੰਦੀ ਹੱਥੀਂ ਲਾਏ, ਸੋ ਤਨਖਾਹੀਆ।

ਜੋ ਸਿਖ, ਗ੍ਰੰਥ ਸਾਹਿਬ ਜੀ ਅਥਵਾ ਪੋਥੀ ਸਾਹਿਬ ਬੇਅਦਬ ਜਗ੍ਹਾ ਰਖੇ, ਸੋ ਤਨਖਾਹੀਆ।

ਜੋ ਸਿਖ ਪੋਥੀ ਗ੍ਰੰਥ ਅੰਦਰ ਰਖੇ ਅਰੁ ਪੜ੍ਹੇ ਨਾਹੀ, ਸੋ ਪੱਕਾ ਤਨਖਾਹੀਆ।

ਜੋ ਨਗਰੀ ਵਿਚ ਧਰਮਸਾਲ ਹੋਵੇ, ਸਿਖ ਨਾ ਜਾਇ, ਸੋ ਤਨਖਾਹੀਆ।

ਜੋ ਸਿਖ, ਸਿਖਾਂ ਨੂੰ ਪ੍ਰਸਾਦਿ ਆਖ ਕੇ, ਫੇਰ ਫੇਰ ਤ੍ਰੈ ਵੇਰੀ ਅੱਗਹੁੰ ਮੋੜੇ, ਸੋ ਤਨਖਾਹੀਆ।

ਸਿਖ ਪ੍ਰਸਾਦਿ ਖਾਵਣੇ ਵਾਲਾ ਆਪ ਨੂੰ ਗੁਰੂ-ਪੀਰ ਨਾ ਜਾਣੇ। ਵਡਿਆਈ ਗੁਰੂ ਕੀ ਜਾਣੇ। ਅਤੇ ਸਿਖ ਛਕਾਵਣੇ ਵਾਲਾ ਆਪ ਨੂੰ ਦਾਤਾ ਨ ਜਾਣੇ। ਅਰੁ ਜਾਣੇ ਇਹ ਦਾਤ ਸਾਰੀ ਨਿਰੰਕਾਰ ਦੀ ਹੈ। ਨਿਰਅਭਿਮਾਨ ਹੋਇ ਰਹੈ।

ਇਕ ਦਿਨ ਗੁਰੂ ਜੀ ਪਾਸ ਇਕ ਸਿਖ ਬੇਨਤੀ ਕੀਤੀ, 'ਜੀ! ਮੇਰੀ ਅਰਜ਼ ਹੈ ਰਾਗੀ ਸਿਖਾਂ ਪਰ। ਜੋ ਸੁਖਮਨੀ ਪੜ੍ਹਦਾ ਸਾਂ, ਇਕੋ ਅਸ਼ਟਪਦੀ ਰਹਿੰਦੀ ਸੀ। ਮੈਂ ਰਾਗੀਆਂ ਨੂੰ ਕਹਿਆ 'ਮੈਂ ਪੜ੍ਹ ਲਵਾਂ' ਤਾਂ ਤੁਸਾਂ ਗਾਵਣਾ, ਮੇਰੇ ਕਹਿੰਦਿਆਂ ਹੀ ਲਾਗੇ ਸ਼ਬਦ ਪੜ੍ਹਨੇ, ਮੈਨੂੰ ਭੋਗ ਨਾ ਪਾਵਣ ਦਿਤਾ। ਤਾਂ ਮੈਂ ਕਹਿਆ ਹਜ਼ੂਰਿ ਅਰਦਾਸਿ ਕਰਕੇ ਫੇਰਿ ਤੁਸਾਂ ਨੂੰ ਤਨਖਾਹੀਆ ਕਰਾਵਾਂਗਾ। ਸੱਚੇ ਪਾਤਿਸ਼ਾਹ ਮੇਰਾ ਨਿਆਇ ਕਰਨਾ।' ਫੇਰਿ ਤਾਂ ਬਚਨ ਹੋਇਆ, 'ਤਿਨ੍ਹਾਂ ਰਾਗੀਆਂ ਨੂੰ ਤਨਖਾਹ ਨਾਹੀ ਭਾਈ ਸਿਖਾ! ਤੂੰ ਸੰਗਤਿ ਨੂੰ ਚਬੀਨਾ ਛਕਾਂਵਦਾ ਸੈਂ, ਅਤੇ ਰਾਗੀ ਲਗੇ ਪ੍ਰਸਾਦਿ ਛਕਾਵਣ। ਇਨ੍ਹਾਂ ਨੂੰ ਗੁਰੂ ਕੀ ਖੁਸ਼ੀ ਹੋਈ 'ਕਲਿ ਕੀਰਤਨ ਨਾਮ ਅਧਾਰ।' ਭਾਈ! ਜੋ ਭਾਵਣੀ ਨਾਲ ਕੀਰਤਨ ਕਰਨਗੇ, ਸੋ ਮੁਕਤਿ ਨੂੰ ਪ੍ਰਾਪਤ ਹੋਣਗੇ। ਈਹਾਂ ਭੁਗਤਿ ਅਗੇ ਮੁਕਤਿ ਹੋਵੇਗੀ, ਅਤੇ ਗੁਰੂ ਨਾਲ ਬਣ ਆਵੈਗੀ।'

ਗੁਰੂ ਕਾ ਸਿਖ ਮਾਰਗਿ ਜਾਂਦੇ, ਧਰਮਸਾਲਾ ਆਵੈ, ਅਥਵਾ ਕੀਰਤਨ ਸੰਤ-ਜਨ ਅਥਵਾ ਗ੍ਰੰਥ ਸਾਹਿਬ ਜੀ ਪੋਥੀ ਪੜ੍ਹਦੇ ਹੋਵਨਿ, ਮੱਥਾ ਟੇਕਣ ਨ ਜਾਏ, ਸੋ ਤਨਖਾਹੀਆ।

ਜੋ ਸਿਖ ਸਿਖਾਂ ਨੂੰ ਅਤੇ ਬ੍ਰਾਹਮਣਾਂ ਨੂੰ ਪ੍ਰਸਾਦਿ ਆਖੇ, ਤਾਂ ਅਗੇ ਪਿੱਛੇ ਨਾ

ਕਰੈ। ਇਕੱਠੇ ਦੋਨੋ ਪੰਗਤਾਂ ਬਹਾਲੇ। ਬ੍ਰਾਹਮਣਾਂ ਨੂੰ ਅੱਗੇ ਬਿਠਾਲੇ, ਤੇ ਪਾਛੇ ਸਿਖਾਂ ਨੂੰ ਬੈਠਾਲੇ, ਸੋ ਤਨਖਾਹੀਆ।

ਜੋ ਸਿਖ ਜਾਣ ਕੇ ਪੰਗਤਿ ਬ੍ਰਾਹਮਣ ਖਾ ਜਾਏ, ਤੇ ਮਗਰੋਂ ਜਾ ਖਾਵੇ, ਸੋ ਤਨਖਾਹੀਆ।

ਸ਼ਬਦ-ਪਾਠ, ਕੀਰਤਨ ਹੋਂਦੇ, ਕੋਈ ਮਾਇਆ ਦਾ ਝਗੜਾ ਆਇ ਪਾਏ, ਸੋ ਤਨਖਾਹੀਆ।

ਜੋ ਦਸਾਂ ਜਾਮਿਆਂ ਵਿਚ ਭੇਦ ਜਾਣੈ, ਸੋ ਪੱਕਾ ਤਨਖਾਹੀਆ।

ਗੁਰੂ ਕਾ ਸਿਖ ਜੰਞ ਨਾਲ ਜਾਏ, ਘਰਿ ਸੇਵਕਾਂ ਦੇ ਆਵੇ ਤਾਂ ਹੱਥ ਜੋੜ ਕੇ ਭੁਲ-ਚੁਕ ਬਖਸ਼ਾਇ ਲਏ ਨਹੀਂ ਤਾਂ ਤਨਖਾਹੀਆ ਰਹੈ ਗਾ।

ਗੁਰੂ ਕਾ ਸਿਖ ਸਾਸ ਸਾਸ ਵਾਹਗੁਰੂ ਉਚਾਰ ਕਰਦਾ ਰਹੈ।

ਜੋ ਦੀਪਕ ਨੂੰ ਠੰਢਾ ਕਰਨਾ ਹੋਵੇ ਤਾਂ ਪੱਖਾ-ਪੱਲਾ ਹਿਲਾਇ ਕੇ ਕਰੇ, ਮੂੰਹ ਦੀ ਫੂਕ, ਹਥ ਦਾ ਬੁੱਜਾ ਮਾਰੇ, ਸੋ ਤਨਖਾਹੀਆ।

ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ, ਸੋ ਤਨਖਾਹੀਆ।

ਆਏ ਪ੍ਰਸਾਦਿ ਨਿਰਾਦਰ ਕਰੇ, ਸੋ ਤਨਖਾਹੀਆ।

ਸਾਖ—'ਆਦਿ ਪੁਰਖ ਤੇ ਭਇਆ ਅਨਾਦ। ਜਪੀਐ ਨਾਮ ਅੰਨ ਕੈ ਸਾਦ।'

ਗੁਰੂ ਕਾ ਸਿਖ ਪੋਥੀ ਗ੍ਰੰਥ ਸਾਹਿਬ ਜੀ ਹੋਰ ਬਾਣੀ ਪੜ੍ਹਨ ਲਈ ਆਖੇ, ਜੋ ਆਖੇ ਪੜ੍ਹਿ ਛਡਿਆ ਹੈ, ਸੋ ਤਨਖਾਹੀਆ।

ਜੂਠੇ ਪ੍ਰਸਾਦਿ ਨੂੰ ਕਰਦ ਭੇਟਾ ਕਰੈ, ਸੋ ਤਨਖਾਹੀਆ।

ਪੋਥੀ ਗ੍ਰੰਥ ਸਾਹਿਬ ਜੀ ਪੜ੍ਹ ਕੇ, ਨਿਸ਼ਾਨੀ ਵਿਚ ਕੱਖ ਦੀ ਰਖੇ, ਸੋ ਤਨਖਾਹੀਆ।

ਕੇਸ ਧੋਇਕੇ ਹਰੇ ਕਰਨੇ ਦੀ ਥਾਂ 'ਸੁਕਾਵਣੇ' ਆਖੈ, ਸੋ ਤਨਖਾਹੀਆ।

ਪੱਟੀ ਲਿਖਣ ਵਾਲਾ ਧੋਇ ਕੇ 'ਸੁਕਾਵਣੀ' ਆਖੈ, ਸੋ ਤਨਖਾਹੀਆ।

ਰਾਹ ਚਲਦੇ ਸਿਖ ਦਾ ਸਾਥ ਛੋਡ ਜਾਏ, ਸੋ ਤਨਖਾਹੀਆ।

ਸਿਖ, ਸਿਖ ਨੂੰ ਦਗਾ ਦੇ ਕੇ ਕੁਮਾਰਗ ਪਾਏ, ਸੋ ਤਨਖਾਹੀਆ।

ਖੂਹੇ ਉਪਰਿ ਸਿਖ ਪਾਣੀ ਭਰਦਾ ਹੋਵੈ ਅਤੇ ਸਿਖ ਪਾਣੀ ਮੰਗੇ ਨਾ ਪਿਆਏ, ਸੋ ਤਨਖਾਹੀਆ।

ਜੋ ਸਿਖ ਮਾਰਗੋਂ ਆਏ ਥੱਕੇ ਹੋਏ ਨੂੰ ਖੇਚਲ ਕਰਾਏ, ਸੋ ਤਨਖਾਹੀਆ।

ਜੋ ਸੂਰਜ ਦੇਵਤੇ ਨੂੰ ਨਮਸਕਾਰ ਕਰੇ, ਸੋ ਤਨਖਾਹੀਆ।

ਜੋ ਸਿਖ, ਕੂਲਕ ਰਖੇ, ਤਨਖਾਹੀਆ।

ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।

ਨੰਗੇ ਕੇਸੀਂ ਮਾਰਗ ਟੁਰੇ, ਸੋ ਤਨਖਾਹੀਆ।

ਨੰਗੇ ਕੇਸੀਂ ਭੋਜਨ ਕਰੇ, ਸੋ ਤਨਖਾਹੀਆ।

ਦਾੜ੍ਹੀ ਵਾਲਾ ਤ੍ਰੀਮਤ ਪਾਸੋਂ ਕੇਸ ਦਿਖਾਏ, ਸੋ ਤਨਖਾਹੀਆ।

ਬੇ ਪ੍ਰਯੋਜਨ ਕੁੱਤੇ ਨੂੰ ਸੋਟਾ ਵੱਟਾ ਮਾਰੇ, ਸੋ ਤਨਖਾਹੀਆ।

ਤ੍ਰੀਮਤਾਂ ਵਿਚ ਕੇਸ ਖੋਲ੍ਹ ਬੈਠੇ, ਸੋ ਤਨਖਾਹੀਆ।

ਕੇਸਾਂ ਨੂੰ 'ਵਾਲ' ਆਖੇ, ਸੋ ਤਨਖਾਹੀਆ।

ਕੇਸਾਂ ਵਿਚ ਜੀ ਪਵਨ ਖਬਰ ਨਾ ਲਏ, ਸੋ ਤਨਖਾਹੀਆ।

ਕੇਸਾਂ ਨੂੰ ਮੰਦਾ ਹੱਥ ਲਾਏ, ਸੋ ਤਨਖਾਹੀਆ।

ਗੁਰੂ ਕੇ ਕੀਰਤਨ ਵਿਚ ਹੋਰ ਗੱਲਾਂ ਕਰੇ, ਸੋ ਤਨਖਾਹੀਆ।

ਸਿਖ ਸੁੱਤੇ ਨੂੰ ਪੈਰ ਮਾਰ ਕੇ ਜਗਾਏ, ਸੋ ਤਨਖਾਹੀਆ।

ਜੋ ਗੁਰੂ ਕਾ ਸਿਖ ਗੁਰੂ ਦਾ ਮਾਨ ਭੰਗ ਕਰੈ, ਸੋ ਤਨਖਾਹੀਆ।

ਜੋ ਦੂਇ ਸਿਖ ਆਪਸ ਵਿਚ ਲੜਨ, ਸਿਖ ਮਨ੍ਹਾ ਕਰਨ, ਅਤੇ ਲੜਾਈ ਨਾ ਛਡਣ, ਸੋ ਤਨਖਾਹੀਏ।

ਜੇਹੜਾ ਸਿਖ, ਸਿਖ ਦੇ ਕਹੇ ਉਪਰਿ ਚਲੇ ਨਾਹੀ, ਸੋ ਤਨਖਾਹੀਆ।

ਜੋ ਸਿਖ ਆਪਣੇ ਗੁਰਾਂ ਦੀ ਹਾਣਤ ਕਰੇ, ਸੋ ਤਨਖਾਹੀਆ।

ਜੋ ਸਤਿਗੁਰੂ ਦੇ ਕੀਤੇ ਉਤੇ ਬਾਕੀ ਕੱਢੇ, ਸੋ ਤਨਖਾਹੀਆ।

ਸਾਖ ਗ੍ਰੰਥ ਸਾਹਿਬ ਜੀ ਦੀ—'ਆਪ ਸਤਿ, ਕੀਆ ਸਭ ਸਤਿ।'

ਹੋਰ —'ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟ ਵਧ ਕਿਛੁ ਨਾਹੀ।'

ਪਰਦੇਸੀ ਸਿਖ ਨੂੰ ਮੀਂਹ ਝੜ ਵਿਚ ਬਿਸਰਾਮ ਨੂੰ ਜਾਹਗਾ ਨਾ ਦੇਵੇ, ਸੋ ਤਨਖਾਹੀਆ।

ਗੁਰੂ ਕੇ ਸਿਖ ਸੁਚੇਤ ਰਹਿਣ। ਠੱਗ, ਉਚੱਕੇ, ਭੇਖੀ ਦਾ ਵਿਸਾਹ ਨਾਹੀਂ ਕਰਨਾ। ਪੰਥ ਗੁਰੂ ਕਾ ਵਧੇਗਾ ਸਮਾ ਪਾਇਕੇ, ਅਤੇ ਮੁਹੱਬਤ ਘਟੇਗੀ। ਵਾਧੇ ਵਿਚ ਮੰਦਾ ਚੰਗਾ ਸਮਾਂਵਦਾ ਹੈ। ਗੁਰੂ ਕੇ ਸਿਖ ਸੁਚੇਤੀ ਨਾਲ ਵਰਤਨਗੇ।

ਦਰਬਾਰ ਸਿਖਾਂ ਦੇ ਲਗੇ ਵਿਚ ਮਾਈ ਦਾ ਜਾਮਾ, ਪੋਥੀ ਗ੍ਰੰਥ ਸਾਹਿਬ ਨਾ ਪੜ੍ਹੈ, ਸੁਣੇ ਸਹੀ।

ਮਾਈ ਮਾਈਆਂ ਵਿਚ ਬੈਠੇ। ਸਿਖ, ਸਿਖਾਂ ਵਿਚ ਬੈਠਣ।

ਜੋ ਸਿਖ ਕਾਵ੍ਹੇ ਬੈਠਾ ਗੱਲਾਂ ਕਰੇ, ਸੋ ਤਨਖਾਹੀਆ।

ਤੁਰਕ-ਮੰਡ੍ਰੀ ਸੀਰਨੀ ਲੈ ਕਰ ਵਸਤੁ ਸਿਖ ਖਾਏ, ਸੋ ਤਨਖਾਹੀਆ।

ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ।

ਬਸਤ—ਨੂੰ ਪਾਣੀ ਜੂਠੇ ਨਾਲ ਠੰਢਾ ਕਰੈ, ਸੋ ਭੀ ਤਨਖਾਹੀਆ।

ਸਿਖਾਂ ਵਿਚ ਬੈਠ ਕੇ ਬੇਮ੍ਰਿਜਾਦਾ ਬੋਲੇ, ਸੋ ਤਨਖਾਹੀਆ।

ਸਾਖ ਗ੍ਰੰਥ ਸਾਹਿਬ ਜੀ ਦੀ—'ਮੁਹਿ ਚਲੈ ਸੁ ਅਗੈ ਮਾਰੀਐ।'

ਹੋਰ ਸਾਖ—'ਜੇ ਕੋ ਦਰਗਹਿ ਬਹੁਤਾ ਬੋਲੈ ਨਾਉ ਪਵੈ ਬਾਜਾਰੀ।'

ਜਿਹੜਾ ਸਿਖ ਬਿਅਦਬੀ, ਕੁਰਹਿਤ ਕਰੇ ਉਸ ਪਾਸੋਂ ਤਨਖਾਹ ਨ ਲਵਾਇ ਨਾ ਬਖਸ਼ਾਏ ਤੇ ਉਹ ਭੀ ਤਨਖਾਹੀਆ।

ਜੋ ਕੁਰਹਿਤੀ ਚੋਰ, ਯਾਰ, ਲੰਪਟ ਦੀ ਹਮਾਇਤ ਕਰੇ, ਸੋ ਭੀ ਤਨਖਾਹੀਆ।

ਸਿਖ ਹੋਇਕੈ ਕੰਨਿਆ ਮਾਰੇ, ਪੰਜੀਂ ਮੇਲੀਂ ਵਰਤੇ, ਸੋ ਪੱਕਾ ਤਨਖਾਹੀਆ।

ਧਾੜਾ ਕਰਕੇ ਬਖਸ਼ਾਇ ਨਹੀਂ, ਤਿਸ ਨਾਲ ਨਹੀਂ ਵਰਤਣਾ।

ਗੁਰੂ ਕਾ ਸਿਖ ਐਸੀ ਸਿਖੀ ਰਖੈ ਜੈਸੇ ਗ੍ਰੰਥ ਸਾਹਿਬ ਜੀ ਵਿਚ ਬਚਨ ਕੀਤਾ ਹੈ। ਸਿਖ ਨੋ ਸੰਸਾਰ ਦਾ ਰਹਿਣਾ ਐਸੇ ਹੈ, ਜੈਸੇ ਰਾਤਿ ਦਾ ਰਹਿਣਾ ਪਰਦੇਸੀ। ਸਾਖ ਗ੍ਰੰਥ ਸਾਹਿਬ ਜੀ ਦੀ—'ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ।'

## ਸਿਖਣੀ ਹਿਤ ਰਹਿਤ

ਏਹੁ ਜੁਗਤਾਂ ਅਤੇ ਰਹਿਤਾਂ, ਤਨਖਾਹਾਂ ਗੁਰਾਂ ਦੀ ਆਗਿਆ ਅਨੁਸਾਰ ਆਖੀਆਂ ਹੈਨਿ ਸੇਵਕਾਂ ਨੂੰ, ਸੰਸਾਰੀਆ ਨੋ ਨਹੀਂ ਕਹੀਆਂ।

ਜੋ ਗੁਰੂ ਕੀ ਸਿਖਣੀ ਹੋਵੈ, ਜਲ ਵਿਚ ਇਸਨਾਨ ਨੰਗੀ ਨਾ ਕਰੈ। ਸੂਰਜ ਸਨਮੁਖ ਨੰਗੀ ਜਲ ਨਾ ਦੇਵੈ। ਜਲ ਅਤੇ ਸੂਰਜ ਪਿਤਾ ਹੈਨਿ।

ਗੁਰੂ ਕੀ ਸਿਖਣੀ ਮੈਲੀ ਹੋਇਕੈ ਨਾ ਪ੍ਰਸਾਦਿ ਪਕਾਇ ਅਤੇ ਨਾ ਖਵਾਇ।

ਗੁਰੂ ਕੀ ਸਿਖਣੀ ਮਰਦ ਦਾ ਮੂੰਹ ਨਾ ਫਿਟਕਾਰੇ।

ਗੁਰੂ ਕੀ ਸਿਖਣੀ ਸਾਧਸੰਗਤਿ ਵਿਚ ਮੱਥਾ ਕਜਿ ਬੈਠੇ।

ਗੁਰੂ ਕੀ ਸਿਖਣੀ ਗ੍ਰੰਥ ਸਾਹਿਬ ਪੋਥੀ ਪੜ੍ਹਨ ਸਿਖੇ, ਤਾਂ ਪਰ-ਕ੍ਰਿਤਾਂ ਸੰਸਾਰੀ ਤਿਆਗ ਦੇਵੇ। ਸੋ ਕਉਣ ਪਰ-ਕ੍ਰਿਤਾਂ—ਗੀਤ,ਟੱਪੇ ਗਾਵਣੇ, ਮਸ਼ਕਰੀਆਂ ਗੰਦੀ ਜ਼ਬਾਨ ਨਾ ਕਰੇ। ਆਪਣੇ ਧਰਮ-ਪਰਾਇਣ ਰਹੇ। ਕਾਹੇ ਤੇ ? ਜੋ ਆਪਣਾ ਧਰਮ ਕਲਿਆਣ-ਕਰਤਾ ਹੈ। ਬੁਰੀ ਇਸਤ੍ਰੀ ਨਾਲ ਏਕਲੀ ਬੈਠ ਕਰਿ ਗੱਲਾਂ ਨਾ ਕਰੈ।

ਗੁਰੂ ਕੀ ਸਿਖਣੀ ਸੀਲ-ਧਰਮ ਰਖੇ। ਆਪਣੇ ਭਰਤੇ ਨੂੰ ਭਰਤਾ ਜਾਣੇ, ਹੋਰ ਸਭ ਪਿਤਾ, ਭਾਈ, ਪੁਤ੍ਰ ਕਰਿ ਜਾਣੇ।

ਭਰਤੇ ਨੂੰ ਸਿਖੀ ਦਾ ਉਪਦੇਸ਼ ਕਰੈ।

ਕਲਿਜੁਗ ਦੇ ਪੁਰਖ ਨਾਰੀ ਦੇ ਮੁਰੀਦ ਹੋਸਨ, ਸਿਖਣੀ ਦਾ ਉਪਦੇਸ਼ ਉਨ੍ਹਾਂ ਨੂੰ ਕਾਰੀ ਲਗਦਾ ਹੈ।

ਗੁਰੂ ਕੀ ਜੋ ਸਿਖਣੀ ਹੋਵੈ, ਸੋ ਟੱਬਰ ਨਾਲੋਂ ਅਰਥੀ ਸਿਖ ਨੂੰ ਪ੍ਰਸਾਦਿ ਹੱਛਾ ਛਕਾਇ।

ਗੁਰੂ ਕੀ ਸਿਖਣੀ, ਸ਼ਬਦ-ਬਾਣੀ ਗੁਰੂ ਕੀ ਕੰਠ ਕਰੈ। ਧਰਮਸਾਲ ਦੁਇ ਵਕਤ ਮੱਥਾ ਟੇਕਣੇ ਜਾਇ।

ਪੱਛੀ ਵਿਚਹੁ ਪੂਣੀ; ਸੂਤਰ ਵਿਚੋਂ ਛੱਲੀ, ਅੱਟੀ, ਗੋਹੜਾ ਵਟੀਆਂ ਨੂੰ, ਤਾਣੀ ਵਿਚਹੁੰ ਰੁਮਾਲ, ਚਾਦਰ ਯਥਾ ਸ਼ਕਤਿ ਗੁਰੂ ਕੇ ਨਮਿਤ ਦੇਵੇ।

ਗੁਰੂ ਕੀ ਸਿਖਣੀ, ਚੌਂਕੇ ਵਿਚੋਂ ਪ੍ਰਸਾਦੀ, ਤੌਣ ਵਿਚਹੁੰ ਮੁਠ ਆਟੇ ਦੀ ਗੁਰੂ ਕੇ ਅਰਥ ਦੇਵੇ, ਧਰਮਸਾਲੇ ਅਰਥੀ ਸਿਖ ਨੂੰ। ਗੁਰੂ ਕਾ ਬਚਨ ਹੈ। ਸਾਖ ਗ੍ਰੰਥ ਸਾਹਿਬ ਜੀ ਦੀ: 'ਸਤਿਗੁਰੂ ਤ੍ਰਿਪਤੈ, ਗੁਰੂ-ਸਿਖ ਮੁਖਿ ਪਾਇ।'

ਗੁਰੂ ਕੀ ਸਿਖਣੀ ਸੁਚੇਤ ਰਹੈ। ਸਰੀਰ ਦੀ ਕ੍ਰਿਆ ਪਵਿਤ੍ਰ ਰਖੇ। ਸੌਚ ਜਲ ਮ੍ਰਿਤਕਾ (ਨਾਲ) ਕਰਕੇ ਚੌਂਕੇ ਵਿਚ ਜਾਇ।

ਆਟਾ ਗੁੰਨ੍ਹਦੀ, ਪ੍ਰਸਾਦਿ ਪਕਾਂਵਦੀ ਗੱਲਾਂ ਨਾ ਕਰੈ। ਜੁ ਪ੍ਰਸਾਦਿ ਤੇ ਥੁਕਾਂ ਪਉਂਦੀਆਂ ਹੈਨਿ।

ਗੁਰੂ ਕੀ ਸਿਖਣੀ ਪ੍ਰਸਾਦਿ ਕਰਦੀ ਨੱਕ ਸੁਨਕੇ, ਯਾ ਪਿੰਡਾ ਖੁਰਕੇ, ਹਥ ਧੋਇ ਲਏ। ਬਾਲਕਾ ਬਾਲਕੀ ਨਿਦਾਨ ਚੌਂਕੇ ਵਿਚ ਨਾ ਲੈ ਬੈਠੇ। ਪ੍ਰਸਾਦਿ ਤੋੜੀਂ ਨੈਦਾਨ ਦੀ ਸ਼ੰਕਾ ਰਖੇ।

ਗੁਰੂ ਕੀ ਸਿਖਣੀ ਪੰਜੀਂ ਮੇਲੀਂ ਸਿਆਪੇ ਨਾ ਜਾਏ। ਭਾਜੀ ਭੀ ਲੇਵੇ-ਦੇਵੇ ਨਾਹੀਂ।

ਆਪਣੇ ਘਰਿ ਸੁਆਰਥ ਹੋਵੇ, ਤਾਂ ਭਾਜੀ ਧਰਮਸਾਲੇ ਦੇਵੇ।

ਠੱਠਾ-ਮਸ਼ਕਰੀ ਸਿੱਠਣੀ ਨਾ ਦੇਵੇ। ਗਾਵੈ, ਤਾਂ ਸੁਭ ਗੀਤ, ਘੋੜੀਆਂ, ਸੁਹਾਗ ਗਾਏ। ਗੰਦੇ ਬੋਲ ਨ ਆਖੇ।

ਗੁਰੂ ਕੀ ਸਿਖਣੀ ਇਸਨਾਨ ਅਥਵਾ ਪੰਜ-ਇਸਨਾਨੀ ਕਰਕੇ ਗੁਰਮੰਤ੍ਰ ਪੜ੍ਹੇ, ਗੋਰ ਮੜ੍ਹੀ ਨਾ ਮੰਨੇ, ਦਇਆ (ਦਿਤਾ) ਗੁਰੂ ਕਾ ਲਏ। ਗੁਰ ਬਿਨਾ, ਭਗਤਾਂ ਬਿਨ, ਸਤਿ ਸੰਗਤਿ ਬਿਨਾਂ ਹੋਰਥੇ ਨਾ ਜਾਇ।

ਪਤਿਬ੍ਰਤ ਧਰਮ ਰਖੇ, ਜੈਸੇ ਗ੍ਰੰਥ ਸਾਹਿਬ ਵਿਚ ਕਹਿਆ ਹੈ।

ਰਹਿਤਵਾਨ, ਬੁਧਿਮਾਨ, ਸੀਲਮਾਨ, ਮਿਸਟ-ਬੈਨੀ, ਲਾਜ-ਚੱਛਾ, ਦਯਾਵਾਨ, ਏਹੁ ਉਪਦੇਸ ਗੁਰੂ ਕੇ ਸਿਖ ਅਤੇ ਸਿਖਣੀ ਨੂੰ ਹੈਨਿ। ਏਹੁ ਮਾਨੁਸ ਦਾ ਜਨਮ ਹਥ ਲਗਾ ਹੈ ਸੋ ਦੁਰਲਭ ਹੈ। ਇਸ ਕਉ ਬਿਰਥਾ ਨਾ ਗਵਾਏ।

ਸਾਖ ਗ੍ਰੰਥ ਸਾਹਿਬ ਜੀ ਦੀ:

'ਗੁਰਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ।

ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜ ਹਰਿ ਕੀ ਸੇਵ।'

ਸਰਬਤ ਵਿਚ ਵਾਹਗੁਰੂ ਹੈ। ਸਰਬਤ ਜੋੜ-ਮੇਲ ਸਿਖਾਂ ਦਾ ਦੀਦਾਰ, ਗੁਰੂ ਕਾ ਦੀਦਾਰ ਹੈ। ਗੁਰੂ ਕਾ ਬਚਨ ਹੈ—ਸਰਬਤ ਵਿਚ ਮੈਂ ਹਾਂ। ਸੋ ਸਰਬਤ ਸਿਖ ਸੰਗਤਿ ਵਿਚ ਗੁਰਦੇਵ ਜਾਨਣਾ। ਸਿਖੀ ਰੱਖਣੀ ਅਤੇ ਰਹਿਤ ਕਮਾਵਣੀ।

ਏਕ ਸਮੇਂ ਪੂਰਨ ਪੁਰਖ ਬਚਨ ਕੀਤਾ ਹੈ ਸੀ, ਜੋ ਸੌ ਬਰਸ ਨੂੰ ਮੇਰਾ ਪੰਥ ਜੁਆਨ ਹੋਸੀ। ਸੋ ਜੁਆਨੀ ਕਾ ਵਾਧਾ ਪਵੈਗਾ, ਅਤੇ ਪਰਪੱਕ ਹੋਵੇਗਾ। ਪਰ ਜੋ ਵਿਕਾਰ ਹੈਨਿ, ਸੋ ਜੁਆਨੀ ਵਿਚ ਹੈਨਿ। ਸੋ ਵਿਕਾਰ ਕਿਆ? ਸਭ ਜਾਤਿ-ਵਰਨ ਪੰਥ ਵਿਚ ਧਸ ਜਾਣਗੇ, ਮਲੇਛਾਂ ਥੀਂ ਆਦਿ ਲੈ ਕੇ ਮੰਦੇ ਚੰਗੇ ਪੰਥ ਵਿਚ ਧਸ ਜਾਣਗੇ। ਸੋ ਮੰਦਿਆਂ ਪਾਸੋਂ ਮੰਦੇ ਕਰਮ ਹੋਸਨ। ਦੇਖਣੇ ਨੂੰ ਸਿਖ ਅਤੇ ਕਰਮ ਚੋਰਾਂ ਠੱਗਾਂ ਦੇ ਅਤੇ ਮਲੇਛਾਂ ਦੇ। ਦੇਖਣ ਨੂੰ ਸਿਖ, ਕਰਮ ਸਾਕਤਾਂ ਦੇ, ਪੰਜਾਂ ਮੇਲਾਂ ਦੀ ਵਰਤਨ ਕਰਨ ਵਾਲੇ, ਪੰਜ-ਪੀਰੀਏ, ਵਿਸ਼ਵਾਸਘਾਤੀ, ਅਕ੍ਰਿਤਘਨ, ਜ਼ਨਾਹੀ, ਨਿੰਦਕ, ਦੁਸ਼ਟ, ਹਤਿਆਰੇ, ਧਾੜਵੀ, ਨਿਗੁਰੇ, ਮੰਦਵਾਕੀਏ, ਐਸੇ ਵੇਖਣ ਨੂੰ ਸਿਖ ਗਿਆਨੀ ਬੁਧਿਮਾਨ। ਰਉਲਾ ਪੈ ਜਾਸੀ। ਜੁਆਨੀ ਵਿਕਾਰਾਂ ਦਾ ਮੂਲ ਹੈ। ਸਿਖ ਗੁਰੂ ਕੇ ਪ੍ਰੀਤਿਵਾਨ ਭੀ ਹੋਸਨ। ਰੌਲਾ-ਗਉਲਾ ਪਉਸੀ। ਸਾਖ ਗ੍ਰੰਥ ਸਾਹਿਬ ਜੀ ਦੀ:

'ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ।'

ਗੁਰੂ ਕੇ ਸਿਖ ਜੋ ਉਸ ਸਮੇਂ ਵਿਚ ਹੋਸਨ, ਸੋ ਵਿਚਾਰ ਰਹਿਤ ਦੇ ਨਾਲ ਵਰਤਣਗੇ। ਜੇ ਕੋਈ ਮਲੇਛ ਕਿ ਸੁਪਚ ਭੇਖ ਸਿਖੀ ਦਾ ਰਖਕੇ, ਦੂਰੋਂ ਨੇੜੇ ਆ ਜਾਣ ਜਾਗ੍ਹਾ ਸਿੱਖਾਂ ਨਾਲ ਵਰਤ ਆਵੈ। ਤਿਸ ਨੂੰ ਸਹੀ ਹੋਵੇ ਤਾਂ ਪਹਿਲੇ ਉਸ ਦੇ ਸਿਰੋਂ

ਬਿਰਦ ਦਾ ਦੂਰ ਕਰਨਾ ਫੇਰ ਮ੍ਰਿਤੂ ਨੂੰ; ਪਹੁੰਚਾਵਨਾ।

ਪੂਰਨ ਪੁਰਖ ਪੰਥ ਜੁਦਾ ਕੀਤਾ ਹੈ ਪਾਤਿਸ਼ਾਹੀ ੧੦:

'ਹਮ ਇਹੁ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੈ ਧਰਮ ਚਲਾਇ। ਕੁਬੁਧਿ ਕਰਨ ਤੇ ਲੋਕ ਹਟਾਇ।'

ਸੋ ਏਹੁ ਪੂਰਨ ਪੁਰਖ ਦਾ ਪੰਥ ਹੈ। ਕੁਬੁਧੀਏ ਨੂੰ ਸਜ਼ਾਇ ਦੇਣੀ।

ਚਾਰੇ ਬਰਨ ਗੁਰੂ ਕੇ ਸਿਖ ਹੈਨਿ। ਸਿਖੀ ਦਾ ਸਾਕ, ਰਹਿਤ ਕੁਰਹਿਤ ਸਰਬਤ ਸਾਂਝੀ ਇਕੋ ਜੇਹੀ। ਅਤੇ ਬਰਨ ਆਪਣੇ ਆਪਣੇ ਦੀ ਵਰਤਣ।

ਇਕ ਸਮੇ-ਸੰਮਤ ੧੭੫੯ ਮੇਲਾ ਵਿਸਾਖੀ ਦਾ ਹੋਇ ਬੀਤਿਆ, ਬਚਨ ਹੋਇਆ ਨਕੀਬ ਨੂੰ—'ਆਵਾਜ਼ ਕਰ ਸੰਗਤਾਂ ਘਰਾਂ ਨੂੰ ਟੁਰ ਜਾਣ।' ਸੋ ਨਕੀਬ ਉਚੇ ਚੜ੍ਹ ਕੇ ਬੋਲਿਆ, 'ਬਚਨ ਹੈ ਸਤਿਗੁਰੂ ਜੀ ਦਾ ਜੁ ਸੰਗਤਾਂ ਘਰੋ ਘਰੀ ਟੁਰ ਜਾਣ।'

ਸੋ ਬਚਨ ਸੁਣਕੇ ਸਰਬਤ ਸੰਗਤਾਂ ਟੁਰ ਗਈਆਂ। ਨਕੀਬ ਨੇ ਖਬਰ ਲਈ ਸੰਗਤ ਸਾਰੀ ਟੁਰ ਗਈ। ਇਕ ਰਾਇ ਸਿੰਘ[1] ਹੀ ਰਹਿਆਂ ਸੰਗਤਿ ਵਿਚੋਂ ਤਿਸਨੂੰ ਬਚਨ ਹੋਆ, 'ਸਿਖਾ! ਜੇ ਸਿਖੀ ਰੱਖਣੀ ਹੈ ਤਾਂ ਘਰਿ ਜਾਹੁ।' ਤਿਨ ਕਹਿਆ ਜੀ, 'ਸੱਚੇ ਪਾਤਸ਼ਾਹ! ਮੈਂ ਘਰ ਦੀ ਸਾਰੀ ਆਸਾਂ ਚੁਕਾਇ ਕੇ ਆਇ ਰਹਿਆ ਹਾਂ। ਘਰਿ ਕੀਕੂੰ ਸਿਖੀ ਰਹਿਣੀ ਹੈ?' ਬਚਨ ਹੋਆ, 'ਤੇਰੀ ਸਿਖੀ ਘਰਿ ਹੀ ਰਹਿਸੀ। ਇਥੇ ਨਾ ਰਹਿਸੀ। ਤੂੰ ਹੈਂ ਪੜ੍ਹਿਆ ਹੋਯਾ ਫਾਰਸੀ ਅਤੇ ਅਸਾਂ ਕਰਨੇ ਹਨ ਜੁੱਧ; ਲੋਕਾਂ ਦੇ ਸਲਾਹ ਤੇ ਮਨਸੂਬੇ, ਅਸਾਡਾ ਰਉਲਾ। ਤੁਧੁ ਰਉਲਾ ਦੇਖਕੈ ਆਖਣਾ ਹੈ ਤਤਵੀਜਾਂ ਕਰਕੇ, ਜੁ ਏਹੁ ਕੰਮੁ ਨਹੀਂ ਸੀ ਕਰਨਾ, ਇਥੋਂ ਸਾਹਿਬ ਚੁਕ ਗਏ ਹੈਨਿ। ਤੁਧੁ ਬੈਠੇ, ਸੁਣਿ ਵੀਚਾਰਾਂ ਕਰਨੀਆਂ ਹੈਨਿ, ਦੇਖ ਦੇਖ ਕੇ ਗਣਤੀਆਂ। ਅਸਾਂ ਪਾਵਣਾ ਹੈ ਰਉਲਾ। ਜਾਂ ਰਉਲਾ ਪੰਥ ਵਿਚ ਪਾਇਆ ਤਾਂ ਜੁਧ ਹੋਇ, ਜੇ ਰਉਲਾ ਨਾ ਪਾਈਏ ਤਾਂ ਹੁਣੇ ਸਿਖ ਘਰਾਂ ਨੂੰ ਤੁਰ ਜਾਣਗੇ ਧੀਆਂ ਪੁਤਰ ਮਾਲ-ਧਨ ਦਾ ਮੋਹੁ ਉਪਜਿ ਖਲੋਵੇਗਾ। ਹੁਣ ਰਉਲੇ ਕਰਕੇ ਮੋਹ ਨਹੀਂ।'

ਤਾਂ ਉਸ ਨੂੰ ਤੋਰ ਛਡਿਆ। ਏਹੁ ਪੁਰਖੁ ਦਾ ਰਉਲਾ ਹੈ।

ਤਿਸ ਸਮੇ ਮਾਮੇ ਕ੍ਰਿਪਾਲ ਸਿੰਘ ਅਤੇ ਦੀਵਾਨ ਸਾਹਿਬ ਚੰਦ ਅਤੇ ਧਰਮਚੰਦ ਖਜ਼ਾਨਚੀ, ਅਤੇ ਕਉਰ ਸਿੰਘ ਚੰਦ੍ਰਾ, ਦਰਬਾਰੀ ਅਤੇ ਘਰਬਾਰੀ ਮੱਲ[2] ਭਾਈ ਛਉਨਾ ਸਿੰਘ ਹੋਰ ਸਿਖ ਸਭਨਾਂ ਰਲ ਕੇ ਅਰਦਾਸਿ ਕੀਤੀ:

'ਜੀ ਸਚੇ ਪਾਤਿਸ਼ਾਹ! ਬਚਨ ਹੋਆ ਹੈ ਜੀ ਮੇਰੈ ਰਉਲਾ।'

'ਗਰੀਬ ਨਿਵਾਜ਼! ਰਉਲੇ ਵਿਚ ਬੁਧਿ ਨਾ ਰਹੇਗੀ, ਬੁਧਿ ਚਲਿ ਜਾਇਗੀ, ਬੁਧਿ ਗਈ, ਸਿਖੀ ਕੀਕੂੰ ਰਹਿਣੀ ਹੈ ਜਾਂ ਸਿਖੀ ਗਈ ਤਾਂ ਨਰਕ ਦਾ ਅਧਿਕਾਰੀ ਹੋਆ।'

---

੧. ਇਹ ਵਿਦਵਾਨ ਸਿੰਘ ਆਪਣੇ ਸੁਪੁੱਤ੍ਰ ਮਹਾਂ ਸਿੰਘ ਸਣੇ, ਪਿਛੋਂ ਖਿਦਰਾਣੇ ਦੀ ਢਾਬ (ਮੁਕਤਸਰ) ਤੇ ਧਰਮ-ਯੁੱਧ ਵਿਚ ਸ਼ਹੀਦ ਹੋਇਆ ਸੀ।

੨. ਇਹ ਦੋਵੇਂ ਭਾਈ, ਗੁਰੂ ਅਮਰਦਾਸ ਜੀ ਦੇ ਭੱਲੇ ਬੰਸ ਵਿਚੋਂ ਸਨ। ਅਤੇ ਅੱਠਵੀਂ ਪੀੜ੍ਹੀ ਖੁਸ਼ਹਾਲ ਸਿੰਘ ਦੇ ਸਪੂਤ ਸਨ।

ਤਾਂ ਬਚਨ ਹੋਆ, 'ਮਾਮਾ ਜੀ! ਸਿਖਾਂ ਮੁਰੀਦਾਂ ਦੀ ਬੁਧਿ ਨਾ ਚਲੇਗੀ। ਰਉਲੇ ਦੇ ਸਿਖ ਹੋਣਗੇ ਮਾਇਕੀ, ਪੰਥ ਵਿਚ ਕੱਚੇ-ਪਿਲੇ ਤਿਨ੍ਹਾਂ ਦੀ ਬੁਧਿ ਜਾਸੀ।'

ਸੋ ਐਸੇ ਬੀ ਸਿਖ ਪੰਥ ਵਿਚ ਹੋਸਨ, ਤਦ ਮਾਇਕੀ ਪੰਥ ਵਿਚ ਹੋਸਨ ਹੁਣ ਭੀ ਕੋਈ ਕੋਈ ਹੈ।

ਦੀਵਾਨ ਸਾਹਿਬ ਚੰਦ ਅਤੇ ਛਉਨਾ ਸਿੰਘ ਅਰਦਾਸਿ ਕੀਤੀ:

'ਜੀ ਸਚੇ ਪਾਤਿਸਾਹੁ! ਉਹ ਰਉਲੇ ਦੇ ਸਿਖ ਪੰਥ ਵਿਚ ਪੈਦੇ ਹੋਸਨ? ਉਹ ਭੀ ਛਿੰਨਵੈ ਦੀ ਪੁਰੀ ਵਿਚ ਹੋਸਨ?'

ਬਚਨ ਹੋਆ, 'ਦੀਵਾਨ ਜੀ! ਛਿੰਨਵਿਆਂ ਵਿਚਹੁ ਜੋ ਹੈਨ, ਸੋ ਹੁਣ ਅਸਾਡੇ ਨਾਲ ਹੈਨਿ ਅਤੇ ਪਿਛੋਂ ਭੀ ਪੰਥ ਵਿਚ ਹੋਸਨ, ਅਗੇ ਭੀ ਪੰਥ ਵਿਚ ਹੋਸਨ। ਅਤੇ ਕੁਛ ਨਵਾਂ ਮਹਲਾਂ ਨੂੰ ਮਿਲ ਕੇ ਮੁਕਤ ਹੋਇ ਗਏ ਹੈਨਿ। ਸੋ ਬਹੁਤ। ਉਨ੍ਹਾਂ ਆਪ ਲਖਾਇਆ ਨਹੀਂ। ਅਤੇ ਕੁਝ ਸੰਸਾਰ ਵਿਚ ਭੀ ਹੈਨਿ ਅਤੇ ਕੁਝ ਥੋੜੇ, ਮਾਇਕੀ ਵਿਚ ਵੀ ਹੋਸਨ। ਅਤੈ ਜੋ ਰਉਲੇ ਦੇ ਸਿਖ ਹੋਸਨ, ਸੋ ਦੈਂਤ ਸਿਖਾਂ ਦੇ ਘਰੀਂ ਆਇ ਜਨਮ ਲੈਣਗੇ। ਅਤੇ ਦੈਂਤ ਸਿਖ ਬਣ ਕੇ ਪੰਥ ਵਿਚ ਵੜਿ ਜਾਣਗੇ।'

ਸੋ ਜਾਣੀਦਾ ਹੈ ਜੈਸੇ ਖਤ੍ਰੀਆਂ ਦੀ ਕੁਲ ਵਿਚ ਤ੍ਰੇਤੇ ਜੁਗ ਦੈਂਤ ਆਇ ਜਨਮੈ ਸੇ ਅਤੇ ਪਰਸਰਾਮ ਮਾਰੇ ਖਤ੍ਰੀ। ਕਿਉਂ ਮਾਰਨੇ ਸੇ? ਕੋਈ ਸੇਵਕਾਂ ਨੂੰ ਭੀ ਮਾਰਦਾ ਹੈ? ਖਤ੍ਰੀ ਬ੍ਰਾਹਮਣਾਂ ਦੇ ਸੇਵਕ ਹੈਸਨ। ਖਤ੍ਰੀ ਨਹੀਂ ਬਰੋਬਰੀ ਬ੍ਰਾਹਮਣਾਂ ਦੀ ਕਰਦੇ। ਦੈਂਤ-ਬੀਜ ਸਹੰਸ੍ਰਬਾਹੂ ਹੋਆ, ਸੋ ਖਤ੍ਰੀਆਂ ਦੇ ਘਰਿ, ਤਿਸ ਵਿਗਾੜੀ।

ਸੋਈ ਦੈਂਤ ਯਾਦਵ ਕੁਲ ਵਿਖੇ ਆਏ। ਕੋਈ ਸੇਵਕ ਵੀ ਗੁਰਾਂ ਨਾਲ ਮਸ਼ਕਰੀ ਕਰਦਾ ਹੈ? ਉਹ ਬਾਲਕੇ ਯਾਦਵਾਂ ਦੇ ਦੈਂਤ ਜਨਮੇ ਸੇ। ਸੋ ਕ੍ਰਿਸ਼ਨ ਜੀ ਯਾਦਵ ਦੇ ਪਾਸਹੁੰ ਸ੍ਰਾਪ ਦਿਵਾਇਆ ਅਤੇ ਖਟਾਏ। ਜੇ ਸਿਖੋ! ਕਿਸੇ ਦਾ ਰਾਜ ਹੋਂਦਾ ਹੈ ਤਿਸ ਦੇ ਰਾਜ ਵਿਚ ਦੈਂਤ ਵੜ ਜਾਂਦੇ ਹੈਨਿ। ਸੋ ਰਉਲੇ ਦੇ ਦੈਂਤ-ਬੁਧਿ ਸਿਖ ਮਾਇਕੀ ਪੰਥ ਵਿਚ ਰਲ ਜਾਣਗੇ। ਸੇਵਾ, ਭਗਤਿ ਭਾਉ, ਟਹਿਲ, ਭਜਨ, ਦਯਾ, ਰਹਿਤ, ਸ਼ਬਦ ਜੋ ਭਲੇ ਕਰਮ ਹੈਨਿ ਸੋ ਦੂਰ ਹੋ ਜਾਸਨਿ। ਉਹ ਆਪਣੇ ਸੁਭਾਉ ਅਧੀਨ ਦੈਂਤ-ਕਰਮ ਕਰਸਨ, ਕਿਆ ਰਾਜਾ ਕਿਆ ਰੰਕ।

ਏਕ ਸਮੇਂ ਧਰਮਚੰਦ ਬ੍ਰਾਹਮਣ ਖ਼ਜ਼ਾਨਚੀ ਗੁਰਾਂ ਕਾ, ਤਿਸ ਨੇ ਬੇਨਤੀ ਕੀਤੀ, 'ਜੀ ਸਚੇ ਪਾਤਿਸਾਹੁ! ਹਮਾਰਾ ਹਾਲ ਕਿਸ ਤਰ੍ਹਾਂ ਹੋਸੀ? ਅਸੀਂ ਗੁਰੂ ਕੀ ਅੰਸ਼ ਖਾਂਦੇ ਹਾਂ। ਅੰਸੁ ਭਾਰੀ ਦਾਨ ਹੈ। ਅਸੀ ਕੀਕੂੰ ਕਰੀਐ?'

ਬਚਨ ਹੋਆ, 'ਧਰਮ ਚੰਦਾ! ਤੁਸਾਡੇ ਵੱਡੇ ਭੀ ਗੁਰੂ ਕੇ ਘਰਿ ਹੋਇ ਅਤੇ ਰਹੇ ਹਨ ਅਤੇ ਪਿਉ ਤੇਰਾ ਦਰਗਾਹ ਮੱਲ, ਸੱਤਵੀਂ ਪਾਤਸਾਹੀ ਦੇ ਕੰਮ ਆਇਆ ਸੀ, ਦੀਵਾਨੀ ਕਰਦਾ, ਤੂੰ ਨਿਕਾ ਜੇਹਾ ਚਾਚਿਆਂ-ਤਾਇਆਂ ਪਾਸ ਰਹਿਓਂ। ਸੋ ਚਾਚੇ ਤਾਏ ਤੇਰੇ ਦੀਵਾਨ ਹੈਸਨ। ਸੋ ਗੁਰੂ ਤੇਗ ਬਹਾਦੁਰ ਜੀ ਦੇ ਨਾਲ ਨਿਭੇ। ਤੁਸੀ ਗੁਰੂ ਕੇ ਹੋ, ਤੁਸਾਂ ਕਿਥੈ ਜਾਣਾ ਹੈ। ਤੁਸਾਨੂੰ ਗੁਰੂ ਕੇ ਘਰ ਬਿਨਾ ਹੋਰ ਜਗਹ ਨਹੀਂ ਝੱਲਦੀ। ਪਾਣੀ ਮਣਤਾਰੂ ਨੂੰ ਡੋਬਦਾ ਹੈ, ਕੋਈ ਮੱਛੀਆਂ ਨੂੰ ਨਹੀਂ ਡੋਬਦਾ।'

'ਮਸੰਦ ਫਿੱਟੇ, ਤਾਂ ਮਾਰੇ। ਤੁਸੀਂ ਘਰੇ ਹੀ ਜੰਮੇ, ਵੱਡੇ ਹੋਏ, ਪਲੇ। ਤੁਸੀਂ ਛਡਿ

ਜਾਓ ਤਾਂ ਨਰਕੇ ਪਓ। ਖਾਓ, ਪਹਿਰੋ, ਪੜਦਾ ਨਾ ਕੀਤਾ ਕਰੋ।' ਤਾਂ ਧਰਮ ਚੰਦ ਮੱਥਾ ਟੇਕਿਆ ਤਾਂ ਚਉਪਾ ਸਿੰਘ ਚਰਨਾਂ ਪਾਸਿ ਖੜੋਤਾ ਸੀ।

ਬਚਨ ਹੋਆ, 'ਚਉਪਾ ਸਿੰਘ! ਕਾਗਦ ਲੈ ਆਉ!' ਮੈਂ ਕਾਗਦ ਲੈ ਆਇਆ, ਸਹੀ ਪਾਇ ਮਿਲੀ:

'ਧਰਮ ਚੰਦ ਮੇਰਾ ਹੈ। ਧਰਮ ਚੰਦ ਨੋ ਮੰਨੇਗਾ, ਤਾਂ ਭਲਾ ਹੋਇਗਾ।'

ਜੋ ਸਿਖ ਨੂੰ ਸਾਹਿਬ ਉਪਰਿ ਪ੍ਰਤੀਤ ਕਰਨੀ ਭਲੀ ਹੈ। ਜੋ ਅਚਲ-ਮਤੀ, ਅਹਿਰਨ-ਬੁੱਧੀ ਸਿਖ ਹੋਸਨ, ਸੋ ਨਾ ਭੁਲਣਗੇ। ਅਤੇ ਜੋ ਰਉਲੇ ਦੇ ਸਿਖ ਹੋਸਨ ਸੋ ਸਰਬਤ ਵਿਕਾਰਾਂ ਸੰਜੁਗਤਿ ਹੋਸਨ। ਉਨ੍ਹਾਂ ਨੂੰ ਪਰਤੀਤਿ ਗੁਰੂ ਉਪਰਿ ਨ ਹੋਸੀ, ਜੋ ਪਾਪ ਹੈ, ਸੋ ਉਨ੍ਹਾਂ ਪਾਸੋਂ ਹੋਸੀ। ਇਕ ਰਾਜੇ ਹੋਸਨ, ਸੋ ਮਾਇਆਂ ਦੇ ਮਦ ਕਰਿ ਅੰਧੇ ਹੋਸਨ।

ਸਾਖ ਗ੍ਰੰਥ ਸਾਹਿਬ ਜੀ ਦੀ:

'ਮਾਇਆਧਾਰੀ ਅਤਿ ਅੰਨਾ ਬੋਲਾ।

ਸਬਦ ਨ ਸੁਣਹੀ, ਬਹੁ ਰੋਲ-ਘਚੋਲਾ।'

ਏਹ ਪਦਾਰਥਾਂ ਨਾਲ ਪਰਚੇ ਰਹਿਨਗੇ। ਸਾਖ:

'ਦੇਂਦੇ ਥਾਵਹੁੰ ਦਿਤਾ ਚੰਗਾ ਮਨਮੁਖ ਐਸਾ ਜਾਣੀਐ।'

ਹੋਰੁ—'ਨਾਨਕ ਨਦਰੀ ਬਾਹਰੇ, ਰਾਚਹਿ ਦਾਨ ਨ ਨਾਇ।'

ਜੋ ਰਉਲੇ ਦੇ ਸਿਖ ਹੋਸਨ, ਸੋ ਦੇਣ ਵਾਲੇ ਨੂੰ ਤਾਂ ਨਾ ਪਛਾਨਣਗੇ। ਜੈਸੇ ਪਿਛਲਾ ਤਪੁ ਕਰਿਆ ਹੋਆਂ ਹੈ, ਤਿਸ ਦੇ ਅਨੁਸਾਰ ਫਲ ਭੋਗਣਗੇ।

ਸਾਖ ਗ੍ਰੰਥ ਸਾਹਿਬ ਜੀ ਦੀ—'ਦਾਨੰ ਪਰਾ ਪੂਰਬੇਣ ਭੁਚੰਤੇ ਮਹੀਪਤੇ।

ਬਿਪ੍ਰੀਤਿ ਬੁਧਿੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।'

ਅੰਤ ਨੂੰ ਨਰਕ ਭੋਗਣਗੇ। ਸੋ ਕੈਸੇ ਹੋਸਨ? ਸਾਖ ਗ੍ਰੰਥ ਸਾਹਿਬ ਜੀ ਦੀ:

'ਖਾਇ ਖਾਇ ਕਰੇ ਬਦਫੈਲੀ ਜਾਣ ਵਿਸੂ ਕੀ ਵਾੜੀ ਜੀਉ।'

ਅਤੇ ਰਾਜੇ ਕੈਸੇ—'ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।

ਚਾਕਰ ਨਹਦਾ ਪਾਇਨਿ ਘਾਉ। ਰਤ ਪਿਤ ਕੁਤਿਹੋ ਚਟਿ ਜਾਹੁ।'

ਜੈਸੇ ਰਾਜੇ, ਅਤੇ ਤੈਸੀ ਸੰਗਤਿ, ਐਸੇ ਹੋਸਨ ਤਾਂ ਨਰਕ ਵੀ ਭਰੀਐਗਾ।

ਪਹਿਲੇ ਜਾਮੇ ਨਰਕ ਖਾਲੀ ਕੀਤਾ ਹੈ, ਅਤੇ ਦਸਮੇ ਜਾਮੇ ਭਰਨਾ ਹੈ।

ਇਕ ਸਮੇਂ ਧਰਮਰਾਇ, ਗੁਪਤਿ ਹਜ਼ੂਰ ਆਇਆ ਸੀ:

'ਜੀ ਸੱਚੇ ਪਾਤਿਸਾਹੁ! ਤੁਸਾਂ ਇਕਰਾਰ ਕੀਤਾ ਸੀ—ਅਸੀਂ ਦਸਮੇ ਜਾਮੇ ਨਰਕ ਭਰ ਦੇਵਾਂਗੇ? ਸੁ ਹੁਣ ਨਰਕ ਭਰ ਦਿਓ।'

ਬਚਨ ਹੋਆ, 'ਤੁਸੀਂ ਚਲੋ ਅਸੀਂ ਭਰ ਦੇਵਾਂਗੇ।'

ਮਾਮੇ ਕ੍ਰਿਪਾਲ ਸਿੰਘ ਅਰਦਾਸਿ ਕੀਤੀ, 'ਗਰੀਬ ਨਿਵਾਜ਼! ਏਹੁ ਬਚਨ ਕਿਸ ਨਾਲ ਹੋਇਆ ਹੈ ਜੀ?' ਤਾਂ ਬਚਨ ਹੋਇਆ, 'ਮਾਮਾ ਜੀ! ਧਰਮਰਾਇ ਆਇਆ ਸੀ। ਅਤੇ ਅਸਾਂ ਇਕਰਾਰ ਕੀਤਾ ਹੈ 'ਨਰਕ ਭਰ ਦੇਵਾਂਗੇ'।'

ਜਾਣੀਦਾ ਹੈ, ਪੰਥ ਦੇ ਚਾਰ ਭਾਗ ਇਸੇ ਵਾਸਤੇ ਕੀਤੇ ਹੈਨ। ਸੋ ਅਗੇ ਬੇਮੁਖ ਹੋਣਗੇ। ਜੈਸੇ ਰੂ-ਬ-ਰੂ ਪੂਰਨ ਪੁਰਖੁ ਇਹੁ ਰਾਮ ਸਿੰਘ ਮੇਵੜਾ ਬੇਮੁਖ ਹੋਇਆ। ਧਰਮ

ਚੰਦ ਖਜ਼ਾਨਚੀ ਆਖ ਰਿਹਾ, ਨਾ ਮੰਨਿਆ। ਉਸ ਨੂੰ ਕੈਦ ਕਰਕੇ ਆਦਮੀ ਏਸ ਦੇ ਘਰੋਂ ਗੁੱਲੀਆਂ ਅਤੇ ਮੋਤੀ ਲੈ ਆਇਆ। ਸ਼ਰਮਿੰਦਾ ਹੋਇਆ, ਅਤੇ ਕੰਮੋਂ ਦੂਰ ਕੀਤਾ। ਜੇ ਗੁਰੂ ਜਾਣਦਾ ਤਾਂ ਕਿਉਂ ਮੁਕਰਦਾ। ਸੋ ਰਉਲੇ ਦਾ ਹੋਇਆ ਸੋ, ਹੁਣ ਜੇਹੜੇ ਰੂ-ਬ-ਰੂ ਮੁਕਰਦੇ ਹੈਨ, ਗੁਰੂ ਪਾਸਹੁੰ ਪਿਛੇ ਮਾਇਕੀ ਪੰਥ ਵਿਚ ਤਾਂ ਬਹੁਤ ਹੀ ਦੁਰਬੁਧੀ ਨੀਚ ਦੁਸਟ ਅਪਧਰਮੀ ਹੋਸਨ। ਜੋ ਹੁਣਿ ਨਸਿ ਨਸਿ ਜਾਂਦੇ ਹੈਨਿ, ਸੋ ਇਨ੍ਹਾਂ ਦੇ ਗਲਿ ਪਉਣਾ ਹੈ। ਜਦ ਇਨ੍ਹਾਂ ਨੂੰ ਰਾਜ ਪ੍ਰਾਪਤਿ ਹੋਇਆ ਤਾਂ ਏਹੁ ਦੁਰਬੁਧੀ ਆਪਸ ਬੀਚ ਲੜ ਕਰਿ ਮਰਸਨ। ਇਹੁ ਤਾਂ ਬਚਨ ਹੈ, 'ਧਨੁ ਅਰੁ ਭੂਮਿ ਪੁਰਾਤਨ ਬੈਰਾ।'

ਸੋ ਸਾਹਿਬ ਜੋ ਮਾਇਕੀ ਪੰਥ, ਕਾਲਕਾਦਾਸ ਨੂੰ ਆਖਿਆ ਹੈ, ਸੋ ਕੋਈ ਏਹੋ ਜੇਹਾ ਹੋਸੀ।

ਅਤੇ ਦੀਦਾਰੀ—ਜੋ ਪੁੰਨ ਕਰਨੇ ਵਾਲੇ ਹੈਨ, ਸੋ ਆਪਣਾ ਜਨਮ ਸੁਧਾਰ ਜਾਸਨਿ। ਮੁਕਤਿ ਭੀ ਲੰਘ ਜਾਸਨਿ। ਸਾਖ ਗ੍ਰੰਥ ਸਾਹਿਬ ਜੀ ਦੀ :

'ਹਰਿ ਦਰਸਨ ਕੈ ਜਨੁ ਮੁਕਤਿ ਨ ਮਾਂਗੈ ਮਿਲਿ ਸਤਿਗੁਰ ਤ੍ਰਿਪਤਿ ਮਨ ਭੀਜੈ।'

ਇਕ ਸਮੇਂ, ਡੱਲੇ ਬੈਰਾੜ ਸਾਹਿਬ ਪਾਸਹੁੰ ਪੁਛਿਆ, 'ਜੀ ਸੱਚੇ ਪਾਤਿਸਾਹ! ਲੱਖੀ ਜੰਗਲ ਵਿਚ ੧੭੬੧ ਸੰਮਤ ਮਾਘੀ ਦੇ ਮੇਲੇ ਉਪਰਿ ਦਰਬਾਰ ਲਗਾ ਹੋਇਆ ਹੈਸੀ, ਦਾਸ ਚਉਪਾ ਸਿੰਘ ਪਾਸ ਖੜੋਤਾ ਸਾ—ਏ ਸੱਚੇ ਪਾਤਿਸਾਹ! ਚਾਰ ਸਾਹਿਬਜ਼ਾਦੇ, ਚਾਰੇ ਦੇਵ ਲੋਕ ਨੂੰ ਟੋਰ ਛੱਡੇ, ਇਕ ਬੀ ਨਾ ਰਖਿਆ। ਇਹੁ ਪੰਥ ਕਿਸ ਦੇ ਆਸਰੇ ਠਹਿਰੇਗਾ। ਪੰਥ ਦਾ ਵਾਲੀ ਕਉਣ ਹੋਸੀ? ਤੁਰਕਾਂ ਨਾਲ ਵੈਰ ਹੈ। ਤੁਰਕ ਪੰਥ ਨਾਲ ਅੜਨਗੇ, ਸੰਗਤਾਂ ਨੂੰ ਭੰਨਕੇ ਸਿੰਘ ਕੀਤੇ। ਸੰਗਤਾਂ ਨੂੰ ਹਥਿਆਰ ਪਕੜਾਏ, ਤੁਰਕ ਡਾਢੇ ਹੈਨਿ।' ਤਾਂ ਬਚਨ ਹੋਇਆ :

'ਡੱਲਿਆ! ਅਗੇ ਮੰਜੀ ਨਹੀਂ ਸੀ ਰੱਖਣੀ। ਦਸਾਂ ਜਾਮਿਆਂ ਦਾ ਬਚਨ ਸੀ। ਇਸੇ ਵਾਸਤੇ ਮਸੰਦ ਕਢਿ ਛੋਡੇ, ਪਿਛੇ ਅਸਾਡੇ ਮਤਾਂ ਆਪ ਗੁਰੂ ਬਣਿ ਬਹਿਣ।'

ਗੁਰਿਆਈ ਸਰਬਤ ਖਾਲਸੇ ਦੀ, ਅਤੇ ਆਸਰਾ ਗੁਰੂ ਕੇ ਸ਼ਬਦ ਦਾ ਅਤੇ ਵਾਲੀ ਪੁਰਖੁ। ਅਤੇ ਚਿੜੀਆਂ ਪਾਸਹੁੰ ਬਾਜ਼ ਤੁੜਾਵਣੇ ਹੈਨਿ, ਬਲ ਭਗਵਤੀ ਦਾ ਹੋਸੀ। ਅਤੇ ਜ਼ੋਰ ਤੁਰਕਾਂ ਦਾ ਭੰਨ ਛਡਿਆ ਹੈ। ਇਕ ਬੰਦਾ ਭੇਜਾਂਗੇ, ਵੈਰ ਲੈ ਛੱਡਾਂਗੇ। ਅਤੇ ਤੁਰਕਾਂ ਨੂੰ ਆਪਣੇ ਦਾਉਣੋਂ[1] ਲੁਹਾਵਾਂਗੇ। ਅਤੇ ਪੰਥ ਵਿਚ ਪੁਰਾਤਨ ਸਿੰਘ ਸ਼ਸਤ੍ਰਧਾਰੀ ਪੈਦੇ ਹੋਸਨ ਸੋ ਜੁੱਧ ਰੱਖਣਗੇ।

ਤਾਂ ਡੱਲੇ ਆਖਿਆ, 'ਗਰੀਬ ਨਿਵਾਜ਼! ਉਹ ਬੰਦਾ ਕਦੋਂ ਪੈਦਾ ਹੋਸੀ? ਅਤੇ ਕਉਣ ਹੋਸੀ? ਅਤੇ ਉਹ ਖਾਲਸਾ ਕਦੋਂ ਪੈਦਾ ਹੋਸੀ? ਅਤੇ ਉਹ ਖਾਲਸਾ ਕਿਹੜਾ ਹੋਸੀ? ਜਿਸ ਨੂੰ ਗੁਰਿਆਈ ਦਿਤੀ ਹੈ।'

ਬਚਨ ਹੋਆ, 'ਖਾਲਸਾ ਉਹ ਜੋ ਖਾਲਸ ਹੋਵੈ ਸੰਸਾਰ ਦੀ ਕਾਣੋਂ। ਜਿਸ ਨੇ ਗੁਰੂ ਨੂੰ ਜਾਤਾ ਹੈ। ਗੁਰੂ ਗੁਰੂ ਜਾਤਿ ਹੋਇ ਨਿਬੜੇ। ਸਰਬਤ ਵਿਚ ਗੁਰੂ। ਬੰਦਾ ਇਕ ਸਾਧ ਹੋਸੀ। ਅਸਾਡੇ ਅਸਵਾਰੇ ਕੀਤਿਆਂ ਨਉਂ ਦਿਨ ਅਤੇ ਨਉਂ ਮਹੀਨਿਓਂ ਪਾਛੇ ਪ੍ਰਗਟ ਹੋਸੀ।'

---

੧. ਦਾਮਨ, ਪੱਲਾ; ਭਾਵ ਗਲੋਂ ਉਤਾਰਾਂਗੇ।

ਸੋ ਜਾਣੀਦਾ ਹੈ, ਸਾਹਿਬ ਪੂਰਨ ਪੁਰਖੁ ਜੀ ਸੰਮਤ ੧੭੬੩ ਵੈਸਾਖ ਦੇ ਮਹੀਨੇ ਇਕ ਅਤੀਤ ਸਾਧ ਬੈਰਾਗੀ ਨੂੰ ਮਿਲ ਕੇ, ਉਸ ਨਾਲ ਕੁਛ ਗੋਸ਼ੇ ਗੱਲਾਂ ਕੀਤੀਆਂ ਹੈਸਨ। ਅੱਗੇ ਉਸ ਦੀ ਉਹ ਜਾਣੈ। ਪਰ ਜਾਣੀਦਾ ਹੈ, ਜੋ ਪੰਥ ਵਿਚ ਬਲ ਦੇ ਕੇ ਉਸ ਨੂੰ ਖਬਰਦਾਰ ਕਰਨਗੇ। ਅਗੇ ਗੁਰੂ ਜਾਣੇ।

ਸੋ, ਜੁੱਧ ਅਰੁ ਪੰਥ ਭੀ ਕ੍ਰੋਧ ਕਰ ਕੇ ਕੀਤਾ ਹੈਸੁ। ਅਤੇ ਕ੍ਰੋਧ ਬਿਨਾ ਸ਼ਸਤ੍ਰ ਭੀ ਨਹੀਂ ਪਕੜੀਦਾ। ਸੋ ਕ੍ਰੋਧ ਭੀ ਪੰਥ ਵਿਚ ਰਹੈਗਾ। ਗੁਰੂ ਕੇ ਸਿਖ ਸਿਖੀ ਲੈ ਨਿਭਣਗੇ। ਏਹੁ ਕੇਸ ਨਿਸ਼ਾਨੀ ਸਿਖੀ ਦੀ ਹੈਨਿ, ਮੋਹਰ ਗੁਰੂ ਕੀ ਹੈ। ਇਹੁ 'ਧਰਮ ਪੰਥ' ਵਾਹਗੁਰੂ ਕੀਤਾ ਹੈ। ਦੀਦਾਰੀ, ਸਿਖੀ ਲੈ ਨਿਭੇ ਅਤੇ ਮੁਕਤੇ ਭੀ ਸਿਖੀ ਲੈਸਨ ਪਰ ਮਾਇਕੀ ਰਾਜ ਕਰਸਨ। ਤਿਨ੍ਹਾਂ ਵਿਚੋਂ ਮੁਰੀਦ ਜੋ ਹੋਸਨ, ਸੋ ਸਿਖੀ ਲੈਸਨ। ਪਰ ਮੁਰੀਦ ਥੋੜੇ ਹੋਸਨ। ਤੀਰਥ ਦੀ ਆਊ ਤੋੜੀਂ ਪੰਥ ਕਾ ਰਾਜ ਚਲਸੀ। ਅਗੇ ਬਡਾ ਰਉਲਾ ਪੈ ਜਾਸੀ। ਪਰ ਮਾਇਕੀ ਪੰਥ ਵਿਚ ਭੀ ਐਸੇ ਮੁਰੀਦ ਹੋਸਨ, ਦੇਖਣ ਨੂੰ ਮੈਲੇ, ਕਿਰਤੀ, ਨਿਮਾਣੇ; ਤੇ ਅੰਦਰੋਂ ਭਗਤ। ਸਾਖ ਗ੍ਰੰਥ ਸਾਹਿਬ ਜੀ ਦੀ:

'ਜਿਨ ਪਟ ਅੰਦਰਿ ਬਾਹਰਿ ਗੁਦੜ, ਤੇ ਭਲੇ ਸੰਸਾਰਿ।
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰ।'

ਸੋ ਤਿਤ ਸਮੇਂ ਭੀ ਤੁਰਕ ਦੁਖ ਦੇਣਗੇ, ਸਿਖਾਂ ਨੂੰ। ਸੋ ਸਿਖਾਂ ਦੇ ਸੀਸ ਦੇਣੇ ਕਰਕੇ, ਤੁਰਕਾਂ ਦਾ ਬਲ ਖੀਣ ਹੋਸੀ। ਇਕ ਤੁਰਕ ਐਸਾ ਹੋਵੈਗਾ, ਜੋ ਤੁਰਕਾਂ ਦੀਆਂ ਜੜਾਂ ਪੁੱਟ ਜਾਇਗਾ। ਪਿਛੋਂ ਇਕ ਮੁਰੀਦ ਐਸਾ ਹੋਸੀ, ਜਤੀ ਸਤੀ, ਸੱਤ ਬਰਸ ਤੇ ਤ੍ਰੈ ਮਹੀਨੇ ਰਹਸੀ। ਤਿਸ ਤੇ ਪਿਛੇ ਪੰਥ ਤਕੜਾ ਹੋਸੀ। ਸਾਹਿਬ ਬਚਨ ਮੂਜਬ ਦੇਵੀ ਦਾਸ ਪੰਡਿਤ ਨੇ ਬੀਚਾਰ ਕਰਕੈ, ਇਹੁ ਗੱਲ ਆਖੀ ਹੈ। ਅੱਗੇ ਗੁਰੂ ਜਾਣੈ।

ਇਕ ਦਿਨ ਸਿੰਘ ਪੰਜ ਸੌ ਰੁਪਯਾ ਤਨਖਾਹ ਦਾ ਇਕੱਠਾ ਕਰ ਕੇ ਹਜ਼ੂਰਿ ਲੈ ਆਏ। 'ਗਰੀਬ ਨਿਵਾਜ਼! ਧਰਮ ਚੰਦ ਨੂੰ ਬਚਨ ਕਰੋ, ਜੋ ਏਹੁ ਸਰਕਾਰੇ ਜਮ੍ਹਾ ਕਰੈ।' ਬਚਨ ਹੋਆ, 'ਕੇਹੇ ਰੁਪਯੇ ਹੈਨਿ ?' 'ਜੀ ਗਰੀਬ ਨਿਵਾਜ਼! ਤਨਖਾਹ ਦੇ ਇਕੱਠੇ ਹੋਇ ਹੈਨਿ।'

ਤਾਂ ਬਚਨ ਹੋਆ, 'ਗਰੀਬਾਂ ਸਿਖਾਂ ਨੂੰ ਕਪੜੇ ਜੋੜੇ ਕਰਾ ਦੇਹੁ। ਪ੍ਰਸਾਦਿ ਕਰ ਦਿਓ।'

ਸੋ ਸਾਹਿਬ ਪੂਰਨ ਪੁਰਖੁ ਆਪ ਗਰੀਬਾਂ ਦੀ ਗੌਰ ਕਰਦੇ ਹੈਨਿ। ਪੰਥ ਜਦ ਮਾਇਕੀ ਜੁਆਨੀ ਵਿਚ ਹੋਵੇਗਾ, ਤਾਂ ਸਭੇ ਗੱਲਾਂ ਰਹਿ ਜਾਸਨ। ਸਾਖ ਗ੍ਰੰਥ ਸਾਹਿਬ ਜੀ ਦੀ:

'ਰਾਜ ਮਾਲ ਰੂਪ ਜਾਤਿ ਜੋਬਨ ਪੰਜੇ ਠਗ।
ਇਨੀਂ ਠਗੀਂ ਜਗ ਠਗਿਆ, ਕਿਸੈ ਨ ਰਖੀ ਲਜ।'

ਸੋ ਇਹ ਪੰਜੇ, ਮਾਇਕੀ ਪੰਥ ਵਿਚ ਹੋਸਨ। ਸਾਖ ਗ੍ਰੰਥ ਸਾਹਿਬ ਜੀ ਦੀ:

'ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ।
ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ।'

ਸੋ ਰਾਜ ਵਿਚ ਇਹੁ ਵਸਤੂ ਹੋਸਨਿ। ਸਾਖ ਗ੍ਰੰਥ ਸਾਹਿਬ ਜੀ ਦੀ:

'ਭੂਲੇ ਮਨ ਮੇਰੇ ਕਪਟ ਨ ਕੀਜੈ। ਅੰਤਿ ਨਬੇਰਾ ਤੇਰੇ ਜੀਅ ਪਹਿ ਲੀਜੈ।'

ਬਚਨ ਹੋਆ ਹੈ ਪੰਥ ਨੂੰ। ਸੋ ਨਾਲੇ ਮਿਹਰ ਹੈ, ਨਾਲੇ ਕਹਿਰ ਹੈ।

ਜੇ ਸਿਖੀ ਰਹੇਗੀ ਰਾਜ ਵਿਚ ਤਾਂ ਮਿਹਰ, ਅਤੇ ਸਿਖੀ ਜਾਇ ਤਾਂ ਕਹਿਰ ਹੈ।

ਸੋ ਰਾਜ ਵਿਚ ਸਿਖੀ ਰਹਿਣੀ ਕਠਿਨ ਹੈ। ਬੁਧਿ ਚਲ ਜਾਂਦੀ ਹੈ।

ਰਾਜ ਦੇ ਉਪ੍ਰੰਤ ਨਰਕ। ਜੋ ਗੁਰੂ ਕਾ ਸਿਖ ਅਥਵਾ ਸਿਖਣੀ ਜੇ ਸਾਬਤ ਰਹਿਸੀ ਰਾਜ ਵਿਚ ਉਦਾਰਤਾ, ਮਾਇਆ ਵਿਚ ਉਜਲਤਾਈ, ਗਰੀਬੀ ਵਿਚ ਜੁਗਤਿ। ਸਾਖ ਗ੍ਰੰਥ ਸਾਹਿਬ ਜੀ ਦੀ:

'ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ।'

ਇਕ ਦਿਨ ਧਰਮਚੰਦ ਖਜ਼ਾਨਚੀ ਅਤੇ ਕਉਰ ਸਿੰਘ ਚੰਦ੍ਰੇ, ਇਨ੍ਹਾਂ ਅਰਦਾਸਿ ਕੀਤੀ, 'ਜੀ ਸੱਚੇ ਪਾਤਿਸ਼ਾਹ! ਤੇਰਾ ਬਚਨ ਹੈ ਜੋ ਸਰਬਤ ਵਿਚ ਮੈਂ ਹਾਂ ਅਤੇ ਖਾਲਸਾ ਮੇਰਾ ਹੈ! ਮੇਰਾ ਗੁਰੂ ਖਾਲਸਾ ਹੈ ਅਤੇ ਨਾਲੇ ਬਚਨ ਕੀਤਾ ਹੈ, ਅਸਾਂ ਪਾਪਾਂ ਨੂੰ ਠਾਹਰ ਪੰਥ ਵਿਚ ਦਿਤੀ ਹੈ। ਵਾਸਤੇ ਪੰਥ ਦੇ ਤੁਰਕਾਂ ਦਾ ਬਲ ਤੋੜਿਆ ਹੈ, ਹੋਮ ਕੀਤਾ ਅਤੇ ਉਦਾਰ ਕੀਤਾ ਪੰਥ ਵਾਸਤੇ।'

ਸੋ ਗਰੀਬ ਨਿਵਾਜ਼! ਤੇਰੇ ਵਿਚ ਹੋਂਦਿਆ ਪਾਪ ਕਿਤ ਭਾਂਤਿ ਰਹਿਣ ? ਬਚਨ ਹੋਆ, 'ਜਿਥੇ ਸਰਬਤ ਇਕੱਤ੍ਰ ਹੋਸੀ, ਤਿਥੈ ਹਉਂ ਹਾਂ। ਅਤੇ ਸਰਬਤ੍ਰ ਹੀ ਖਾਲਸਾ ਹੈ। ਇਕ ਕੋਈ ਨਹੀਂ।'

ਜਿਥੇ ਧਰਮ ਦੇ ਵਾਸਤੇ ਸਿਖੀ ਦੇ ਅਥਵਾ ਪਰਉਪਕਾਰ ਵਾਸਤੇ ਤੁਰਕਾਂ ਨਾਲ ਜੁੱਧ ਕਰਨਗੇ, ਉਥੇ ਮੇਰਾ ਸਿਖਾਂ ਦੇ ਵਿਚ ਦੀਦਾਰ ਹੋਸੀ। ਜਿਥੇ ਸ਼ਬਦ ਪਾਠ ਚਰਚਾ, ਕੀਰਤਨ ਹੋਵੈ, ਸੋ ਮੇਰਾ ਰੂਪ ਜਾਣੋ। ਜੋ ਮੇਰੇ ਬਚਨਾਂ ਉਪਰਿ ਚਲਣਗੇ, ਸੋ ਖਾਲਸਾ। ਸੋ ਵੰਡਿ ਖਾਣਗੇ, ਸੋ ਮੇਰੀ ਦੇਹਿ। ਜੋ ਸਿਦਕਵਾਨ ਤੇ ਰਹਿਤਵਾਨ ਹੋਸਨ, ਸੋ ਮੇਰੇ ਹੋਸਨ, ਸੋ ਮੇਰੇ ਰੋਮ ਰੋਮ ਹੈਨਿ ਅਤੇ ਵਾਧਾ ਧਰਮ ਕਾ ਕਰਨਾ, ਮਲੇਛਾਂ ਦੇ ਨਾਸ ਵਾਸਤੇ।

ਅਤੇ ਪਾਪਾਂ ਨੂੰ ਠਾਹਿਰ ਦਿਤੀ ਹੈ, ਨਰਕਾਂ ਨੂੰ ਭਰਨ ਵਾਸਤੇ।

ਇਹ ਬਚਨ ਸੁਣਕੇ ਮਾਮਾ ਕ੍ਰਿਪਾਲ ਸਿੰਘ ਅਤੇ ਹੋਰ ਸਿਖਾਂ ਨੇ ਆਪਣੇ ਡੇਰੇ ਵਿਚ ਆਇ ਵਿਚਾਰ ਕੀਤਾ ਜੋ ਇਹੁ ਠਹਿਰੀ ਜੋ ਪੰਥ ਦੇ ਰਾਜ ਵਿਚ ਬਰਲ ਅਤੇ ਕ੍ਰੋਧ ਰਹਿਸੀ। ਅਤੇ ਬਰਲ ਤੇ ਕ੍ਰੋਧ ਰਹਾ ਅਤੇ ਬਰਲ ਵਿਚ ਉਦਿਆਨੀ ਉਪਦ੍ਰਵ ਹੋਂਦੇ ਹੈਨਿ। ਕ੍ਰੋਧ ਵਿਚ ਜੁੱਧ ਲੜਾਈਆਂ ਵੈਰ ਹੋਂਦਾ ਹੈ। ਸਾਖ ਗ੍ਰੰਥ ਜੀ ਕੀ:

'ਸੂਰੇ ਏਹ ਨ ਆਖੀਅਹਿ ਅਹੰਕਾਰ ਮਰਹਿ ਦੁਖ ਪਾਵਹਿ।'

'ਹਰਿ ਜੀਉ ਅਹੰਕਾਰ ਨਾ ਭਾਵਈ....'

ਜਾਂ ਮਾਮੇ ਜੀ ਸ਼ਬਦ ਦੀ ਸਾਖ ਸਾਥ ਬਚਨ ਕੀਤਾ ਤਾਂ ਸਿਖ ਸੁਣਕੇ ਵਿਸਮਾਦ ਹੋ ਗਏ। ਸਾਖ ਗ੍ਰੰਥ ਸਾਹਿਬ ਜੀ ਦੀ:

'ਸੋ ਐਸਹੁ ਰਾਜ ਨ ਕਿਤੈ ਕਾਜੁ ਜਿਤੁ ਨਹਿ ਤ੍ਰਿਪਤਾਏ।'

ਸਮਾਂ ਪਾਇਕੇ ਮਾਮੇ ਕ੍ਰਿਪਾਲ ਸਿੰਘ ਅਰਦਾਸ ਕੀਤੀ, 'ਜੀ ਸੱਚੇ ਪਾਤਿਸ਼ਾਹ! ਉਸ ਰਾਜ ਵਿਚ ਸਿੱਖਾਂ ਦੀ ਗਤਿ ਕਿਕੂੰ ਹੋਸੀ ?' ਬਚਨ ਹੋਆ, 'ਮਾਮਾ ਜੀ! ਉਸ ਸਮੇਂ ਮੁਰੀਦ ਗੁਰੂ ਕੀ ਜਾਣੇ, ਸੋ ਵਿਰਲੇ ਥੋੜੇ ਭੀ ਹੋਸਨਿ ਜੋ ਸਭ ਕਿਛੁ ਦਾਤਿ।' ਸੁ ਕੈਸੇ, ਸਾਖ ਗ੍ਰੰਥ ਸਾਹਿਬ ਜੀ ਦੀ:

'ਤਿਨ ਕਾ ਖਾਧਾ ਪੈਧਾ ਸਭ ਪਵਿਤ੍ਰ ਹੈ......।'

ਸੋ ਇਨ੍ਹਾਂ ਦੇ ਉਪਰਾਂਤ ਹੋਰ ਕੋਈ ਰਾਜ ਹੋਣਾ ਨਹੀਂ, ਅੰਤ ਦਾ ਰਾਜ ਇਨ੍ਹਾਂ ਦਾ ਹੈ। ਇਕ ਸਮੇਂ ਸੰਮਤ ੧੭੬੩ ਪੋਹ ਦੇ ਮਹੀਨੇ ਡੇਢ ਪਹਰ ਰਾਤ ਰਹਿੰਦੀ ਦੁਸਾਖੇ ਦੱਖਣੀ ਪਏ ਜਲਦੇ ਹੈਸਨ ਅਤੇ ਦਰਵਾਜ਼ੇ ਬੰਦ, ਚੌਂਕੀਆਂ ਬੈਠੀਆਂ ਹੋਈਆਂ, ਸਾਹਿਬ ਸੁਖ ਵਿਚ ਟਿਕੇ ਹੋਏ, ਮੈਂ ਦਾਸ ਚੌਪਾ ਸਿੰਘ ਚਰਨ ਕਵਲ ਦੀ ਪਵਾਂਦੀ, ਚਰਨ ਕਮਲ ਮਲਦਾ ਮੈਂ ਟਿਕ ਗਯਾ। ਸੋ ਇਕ ਸਾਧ ਅਕਸਮਾਤੋਂ ਆਇ ਖੜੋਤਾ। ਸਾਹਿਬ ਜਾਗੇ ਮੈਂ ਭੀ ਅਵਾਜ਼ ਸੁਣਕੇ ਜਾਗਿਆ। ਉਸ ਇਕ ਕਾਗਤ ਸਾਹਿਬ ਨੂੰ ਦਿਖਾਇਆ। ਪੂਰਨ ਪੁਰਖ ਨੇ ਪੜ੍ਹਕੈ ਬਚਨ ਕੀਤਾ, ਧਰਮ ਚੰਦ ਨੂੰ ਸੱਦ ਦੇਹੁ। ਜੋ ਭਾਈ ਅਸਾਂ ਕੁਝ ਕਾਰਜ ਕੀਤੇ, ਕੁਛ ਕਰਨੇ ਹੈਨਿ, ਕਰਕੇ ਆਪ ਕੋ ਮਿਲੈਂਗੇ ਅਤੇ ਤੁਹਾਡੀ ਅਸਾਡੀ ਅਵਧੀ ਵਿਚ ਪੌਣੇ ਤ੍ਰੈ ਸਾਲ ਰਹਤੇ ਹੈਂ। ਤੁਸੀ ਮੰਦਾਕਨੀ ਕੇ ਕੰਨਾਂ, ਮੈਲਾਗਰ ਦੇ ਤਲੇ, ਜੋਗ ਨਿਧਿ ਦੀ ਕੁਟੀਆ ਵਿਚ ਠਹਰੋ। ਇਹ ਮਾਮੇ ਜੀ ਲਿਖ ਦਿਤਾ ਉਪਰਿ ਸਹੀ ਆਪ ਪਾ ਦਿਤੀ। ਉਹ ਸਾਧ ਲੈਂਦੇ ਹੀ ਅੰਤਰ ਧਿਆਨ ਹੋ ਗਿਆ। ਮਾਮਾ ਜੀ ਬੇਨਤੀ ਕਰਕੇ ਪੁੱਛ ਰਹੇ ਜੁ ਇਹ ਕੌਣ ਸੀ, ਕਿਥੋਂ ਆਇਆ, ਕਿਸ ਭੇਜਯਾ ਹੈ ਪਰ ਸਾਹਿਬ ਨਾ ਦੱਸਿਆ। ਸਰਬ ਭਲਿਆਂ ਬੁਧਿਵਾਨਾਂ ਇਹ ਬਿਚਾਰ ਕੀਤਾ ਜੋ ਜੈਸੇ ਪਹਿਲੇ ਜਾਮੇ ਨੂੰ ਸੱਦਾ ਦਰਗਾਹ ਦਾ ਹੋਇਆ ਸੀ ਤੈਸੇ ਹੀ ਏਹੁ ਹੈ ਸਾਹਿਬ ਦਾ ਹੋਣਾ, ਅਚਰਜ ਹੈ। ਅਸਾਂ ਜੀਆਂ ਨੂੰ ਇਹ ਦਿਦਾਰ ਕਿਥੋਂ ? ਪਿਛੋਂ ਤਾਂ ਅਨ੍ਹੇਰਾ ਪੜ ਜਾਸੀ ਅਤੇ ਕਲਿਜੁਗ ਖੜੋਸੀ, ਇਹੁ ਦੇਵੀਦਾਸ ਜੋ ਕਥਾ ਭੋਗਲ ਪੁਰਾਣ ਦੀ ਕਹਿੰਦਾ ਹੈ ਕਿ ਸੋ ਇਹੁ ਸਮਾਂ ਆਵਣਾ ਹੈ। ਗ੍ਰੰਥ ਸਾਹਿਬ ਜੀ ਪੋਥੀਆਂ ਪੁਰਾਣ ਪਏ ਆਖਦੇ ਹੈਨ। ਭਲਿਆਈ ਥੋੜੀ, ਬੁਰਿਆਈ ਬਹੁਤ। ਉਤਪਾਤ ਹੋਸਨ, ਉਪਦ੍ਰ ਹੋਸਨ, ਅਨਾਚਾਰ, ਅਣਹੋਣੀ, ਸ਼ੰਕਰਬਰਣ ਹੋ ਜਾਸੀ ਸਾਰੀ ਸ੍ਰਿਸਟਿ। ਸੰਕਰ ਬ੍ਰਣ ਪਰਜਾ ਸਭ ਹੋਈ। ਛਤ੍ਰੀ ਧਰਮ ਨ ਰਹਯਾ ਕੋਈ। ਸਾਖ ਗ੍ਰੰਥ ਸਾਹਿਬ ਜੀ ਕੀ:

'ਕਲਿ ਕਾਤੀ ਰਾਜੇ ਕਸਾਈ।'

ਐਸਾ ਸਮਾਂ ਹੋਸੀ। ਤਿਸ ਸਮੇਂ ਬੁਧਿਮਾਨ ਕੈਸੇ ਹੋਸਨ ?

ਸਾਖ ਗ੍ਰੰਥ ਸਾਹਿਬ ਜੀ ਦੀ:

'ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ।'

ਦੇਖਣ ਨੂੰ ਖਰੇ ਪਲੰਕ ਪਰ ਬਿਰਦੁ ਵਿਚ ਹੱਛੇ ਹੋਸਨ, ਬਿਰਦ ਜੁ ਪੂਰਨ ਪੁਰਖ ਦਾ ਹੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਇਕਿ ਕਹਿ ਜਾਣਨ ਕਹਿਆ ਬੁਝਨਿ ਸੇ ਨਰ ਸੁਘੜ ਸਰੂਪ।'

ਜੋ ਗੁਰੂ ਕੇ ਸਿਖ ਮੁਰੀਦ, ਰਾਜ ਵਿਚ ਗਰੀਬੀ ਵਿਚ ਭੀ ਪਰ ਵਿਰਲੇ, ਨੀਚ ਬਹੁਤ। ਸਾਖ ਗ੍ਰੰਥ ਸਾਹਿਬ ਜੀ ਦੀ:

'ਇਕਨਾ ਨਾਦ ਨ ਬੇਦ ਨ ਗੀਅ ਰਸ ਰਸ ਕਸ ਨ ਜਾਣੰਤਿ।'

ਸੋ ਰੌਲੇ ਦੇ ਸਿਖ ਹੋਏ ਭਾਵੇਂ ਰਾਜ ਵਿਚ, ਭਾਵੇਂ ਮਾਇਆ ਵਿਚ, ਭਾਵੇਂ ਗਰੀਬੀ ਵਿਚ ਦੇਖਣ ਨੂੰ ਚੰਗੇ, ਗਿਆਨੀ ਰਹਤਵਾਨ ਮਹੰਤ, ਭਗਤ, ਸਾਧ ਸੰਤ। ਬਚਨ ਹੈ ਪਾਤਸ਼ਾਹੀ ੧੦—'ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸ ਕੀਨ।' ਜੋ ਪੂਜਾ ਜੋਗ

ਹੋਸਨ ਤਿਨ੍ਹਾਂ ਦਾ ਨਿਰਾਦਰ। ਜੋ ਗਾਦੀ ਪੂਜਾ ਧਾਨ ਕੁਧਾਨ ਨ ਦੇਖਣਗੇ, ਆਖਣਗੇ ਅਰਦਾਸ ਕਰਕੇ ਖਾਇਓ ਪਵਿਤ ਹੋਆ। ਸਾਖ ਗ੍ਰੰਥ ਸਾਹਿਬ ਜੀ ਦੀ:

'ਮਾਰਣ ਪਾਇ ਹਰਾਮ ਮਹਿ ਹੋਇ ਹਲਾਲ ਨ ਜਾਇ।'

ਪਰ ਜੇ ਉਨ੍ਹਾਂ ਨੂੰ ਕੋਈ ਸ਼ਬਦ ਦਾ, ਬੁਧਿ ਦਾ ਉਪਦੇਸ਼ ਕਰੇ ਤਾਂ ਨਾਹੀ ਲਗਦਾ। ਸਾਖ ਗ੍ਰੰਥ ਸਾਹਿਬ ਜੀ ਦੀ:

'ਰਾਤੀਂ ਹੋਵਨਿ ਕਾਲੀਆਂ ਸੁਪੈਦਾ ਸੇਵੰਨਿ।'

'ਛਾਡਿ ਕੁਚਰਚਾ, ਅਵਰ ਜ਼ਾਨਹਿ।'

ਗੋਤ੍ਰ ਦੀ ਨਾਰਿ ਗਮਨ, ਅਤੀਤ ਦੀ ਨਾਰਿ ਦਾ ਗਵਨ। ਸਾਰਾ ਨੀਚਾਂ ਦੇ ਪ੍ਰਸੰਗ ਸੋ ਪਾਪਾਂ ਬਲ ਕਰਨਾ ਹੈ, ਐਸਾ ਸਮਾਂ ਹੋਸੀ। ਸਾਖ ਗ੍ਰੰਥ ਸਾਹਿਬ ਜੀ ਦੀ:

'ਸਤੀ ਪਾਪ ਕਰ ਸਤ ਕਮਾਹਿ।'

ਮਹਾਂ ਪਾਪ ਉਦੈ ਹੋਸਨ, ਬ੍ਰਹਮ ਹੱਤਿਆ ਬ੍ਰਾਹਮਣੀ ਦਾ ਗਮਨ; ਰਾਜਿਆਂ ਦੀਆਂ ਦਾਰਾ ਦਾ ਗਮਨ, ਗੁਰਭਾਈਆਂ ਦਾ ਮਾਰਨਾ, ਮਾਤ ਪਿਤਾ ਦਾ ਮਾਰਨਾ, ਪਰਨਾਰੀ ਦਾ ਗਮਨ, ਵਿਸ਼ਵਾਸਘਾਤੀ, ਧ੍ਰੋਹੀ ਅਪਲੱਛਨ ਹੈਨ, ਸੋ ਉਤਪਤ ਹੋਵਨ, ਏਸ ਕਲਿਜੁਗ ਦਾ ਸੁਭਾਉ ਹੈ—ਪਸ਼ੂ ਵਰਤਨ, ਪਰਜਾ ਭੀ ਘਟ ਜਾਸੀ, ਨਦੀਆਂ ਕੇ ਨੀਰ ਘਟ ਜਾਸੀ, ਗਊਆਂ ਕੇ ਖੀਰ, ਬਰਖਾ ਓਸ ਬਰਾਬਰ ਹੋਸੀ ਕੁਆਰੀ ਕੰਨਿਆ ਕੋ ਬਾਲਕਾ, ਸੌ ਸੌ ਕੋਸ ਉਪਰ ਬਸਤੀ, ਮਨੁੱਖ ਕੀ ਕਰਨ ਬੇਦ ਨਾ ਪੁਰਾਨ, ਨ ਕਰਮ ਧਰਮ, ਐਸੀ ਜੁਗਤਿ ਨਾਲ ਕਲਿਜੁਗ ਵਰਤੈਗਾ। ਅੱਠ ਸੈ ਪੈਂਤੀ ਬਰਖ ਸੇਖ ਰਹਸੀ ਤਾਂ ਸਤਿਜੁਗ ਜਨਮੈਗਾ ਬ੍ਰਾਹਮਣ ਕੇ ਘਰ ਨਿਹਕਲੰਕ ਅਵਤਾਰ ਪੈਦੇ ਹੋਸੀ, ਸੰਭਲ ਨਗਰੀ ਵਿਚ ਮਾਘ ਦੇ ਮਹੀਨੇ ਸੁਕਲ ਪੱਖ, ਥਿਤ ਪੰਚਮੀ ਸੋਮ ਦਿਨ ਬਿਸ਼ਨ ਦਾਸ ਬ੍ਰਾਹਮਣ ਦੀ ਰੱਖਿਆ ਵਾਸਤੇ, ਪਾਪਨ ਕੇ ਨਾਸ ਵਾਸਤੇ, ਧਰਮ ਮ੍ਰਿਜਾਦ ਰੱਖਣ ਵਾਸਤੇ। ਬਚਨ ਪਾਤਸ਼ਾਹੀ ੧੦:

'ਪਾਪ ਸਮੂਹ ਬਿਨਾਸਨ ਕੋ.......'

ਜਾ ਦਿਨ ਨਿਹਕਲੰਕ ਦੇਵਪੁਰੀ ਨੂੰ ਸਿਧਾਣਗੇ ਤਾਂ ਸਤਿਜੁਗ ਜਨਮੈਗਾ। ਬ੍ਰਾਹਮਣ ਕੇ ਘਰ ਕੱਤਕ ਸ਼ੁਕਲ ਪੱਖ ਨੌਮੀ ਮਨੁੱਖਾ ਦੇਸ ਗੰਗ, ਇੱਕੀ ਹੱਥ ਹੋਸਨ ਆਪਣੇ, ਆਰਬਲਾ ਲੱਖ ਬਰਸ ਦੀ, ਅਹਾਰ ਮਨੁੱਖ ਮਣ ਤੇਈ, ਅਵਤਾਰ ਬਿਸ਼ਨ ਦੇ ਤ੍ਰੁੰਣ ਮੱਛ ਕੱਛ, ਵੈਰਾਹ, ਨਰ ਸਿੰਘ, ਬਾਵਨ। ਧਰਮ ਸਤ ਸੀਲ ਦਾ, ਪਾਪਾਂ ਦਾ ਨਾਸ, ਸਤਿਜੁਗ ਦੀ ਆਰਬਲਾ ੧੭੨੮੦੦੦ ਫੇਰ ਤ੍ਰੇਤਾਜੁਗ ਜਨਮ ਲੈਸੀ ਖਤ੍ਰੀ ਦੇ ਘਰ ਵੈਸਾਖ ਸ਼ੁਕਲ ਪੱਖ ੩ ਸਰੀਰ ਮਨੁੱਖ ਦੇਹ ਹੱਥ ੧੪। ਤ੍ਰੇਤੇ ਜੁਗ ਦੀ ਆਰਬਲਾ ੧੨੯੬੦੦੦ ਅਹਾਰ ਮਣ, ਤ੍ਰੇਤੇ ਅਵਤਾਰ ਦੇ ਪਰਸਰਾਮ ਜੀ, ਰਾਮ ਜੀ। ਇਕ ਹਿੱਸਾ ਪਾਪ, ਪੁੰਨ ਤ੍ਰੈ ਹਿੱਸੇ। ਫੇਰ ਜਨਮ ਦੁਆਪੁਰ ਲੈਸੀ, ਸੂਦ੍ਰ ਦੇ ਘਰ, ਮਾਘ ਵਦੀ ੧੫ ਸਰੀਰ ਮਨੁੱਖ ਦਾ ਹਥ ਸੱਤ, ਅਹਾਰ ਸੇਰ ਬਾਰਾਂ। ਆਰਬਲਾ ਮਨੁੱਖ ਦੀ ਬਰਸ ੧੦੦੦ ਪਾਪ ਪੁੰਨ ਅੱਧੋ ਅੱਧ ਅਵਤਾਰ ਦੁਇ—ਕ੍ਰਿਸ਼ਨ ਜੀ ਤੇ ਬੋਧਾ। ਆਰਬਲਾ ਜੁਗ ਦੀ ੮੬੪੦੦੦ ਫੇਰ ਕਲਜੁਗ ਜਨਮ ਚੰਡਾਲ ਕੇ ਘਰ ਹੋਸੀ ਭਾਦ੍ਰੋਂ ਵਦੀ ੧੩ ਮਨੁੱਖ ਦੇ ਸਰੀਰ ਸਾਢੇ ਤਿੰਨ ਹੱਥ ਆਪਣੇ, ਆਰਬਲਾ ਬਰਸ ੧੦੦ ਪਾਪ ਹਿੱਸੇ ਤਿੰਨ, ਪੁੰਨ

ਇਕ ਹਿੱਸਾ, ਅਵਤਾਰ ਇਕ—ਨਿਹਕਲੰਕ। ਆਰਬਲਾ ਕਲਜੁਗ ਦੀ ਚਾਰ ਲੱਖ ਬੱਤੀ ਹਜ਼ਾਰ ਬਰਸ। ਏਹੁ ਚਾਰੋ ਜੁਗ ਤ੍ਰਿਤਾਲੀ ਲੱਖ ਅੱਸੀ ਹਜ਼ਾਰ ਬਰਸ ਚਹੁੰ ਜੁਗਾਂ ਦੀ ਮ੍ਰਿਜਾਦਾ ਹੈ। ਸੋ ਬਚਨ ਗੁਰੂ ਕਾ: 'ਜੁਗਨ ਕੀ ਚੌਂਕਰੀ ਫਿਰਾਏ ਹੀ ਫਿਰਤ ਹੈਂ।'

ਸੋ ਗੁਰੂ ਕਾ ਸਿੰਘ ਹੋਇਕੈ ਦੁਨੀਆਂ ਦੇ ਸੁਆਦ ਨਾਲ ਸਿਖੀ ਨ ਗਵਾਏ। ਅਤੇ ਸੁਣਨ ਵਾਲਾ ਸਿਖ ਕੈਸਾ ਹੋਵੈ—ਸਾਖ ਗ੍ਰੰਥ ਸਾਹਿਬ ਜੀ ਦੀ: 'ਆਪ ਮੁਕਤਿ ਮੋਹ ਤਾਰੇ।' ਗੁਰੂ ਕੇ ਸਿਖ ਹੋਣ, ਜੇ ਰਉਲੇ ਦਾ ਸਿਖ ਹੋਸੀ ਉਸ ਨੂੰ ਉਪਦੇਸ ਪ੍ਰਵੇਸ਼ ਨ ਹੋਵੈਗਾ। ਸਾਖ ਗ੍ਰੰਥ ਸਾਹਿਬ ਜੀ ਦੀ: 'ਮਨਮੁਖ ਪਥਰ ਸੈਲ ਹੈ, ਧ੍ਰਿਗੁ ਜੀਵਣ ਫੀਕਾ।'

ਇਹ ਜਨਮ ਦੁਰਲਭ ਹੈ, ਐਸਾ ਗੁਰੂ ਪਾਇਕੇ ਅਜਾਈਂ ਨਹੀਂ ਗਵਾਵਣਾ। ਇਹ ਦੁਨੀਆ ਦੇ ਪਦਾਰਥ ਮਾਇਆ ਰਾਜ, ਦਾਰਾ, ਮੀਤ ਪੂਤ ਛਲ ਦਾ ਰੂਪ ਹੈਨ, ਸਮੇ ਨਾਲਿ ਉਠ ਜਾਣਗੇ ਨ ਕੋਈ ਪਦਾਰਥ ਨਾਲ ਆਇਆ ਹੈ ਨ ਕਿਸੇ ਨਾਲ ਜਾਣਾ ਹੈ।

ਇਹ ਰਿਣ ਸਨਬੰਧੀ ਹੈ ਇਨ੍ਹਾਂ ਨਾਲ ਮਿਲ ਕੇ ਸਿਖੀ ਨਹੀਂ ਗਵਾਵਣੀ। ਏਹ ਰਹਿਤ ਉਪਦੇਸ਼ ਬੀਚਾਰ ਸਰਬਤ ਦਾ ਸਾਂਝਾ ਹੈ ਸਿਖੀ ਰੱਖਣੀ ਰਾਜ ਵਿਚ ਗਰੀਬੀ ਵਿਚ ਰਹੇ। ਸਿਖੀ ਰੱਖੇ, ਰਹਤ ਕਮਾਵੈ ਅੱਗੇ ਨਮਿਤ, ਇਹ ਪਰਉਪਕਾਰ ਸਿਖ ਮੁਕਤਿਆਂ ਕੀਤਾ ਹੈ, ਹਜ਼ੂਰ ਰੋਬਰੋ ਪੂਰਨ ਪੁਰਖ ਅਬਿਨਾਸੀ ਜੀ ਦੇ ਅਤੇ ਮਿਹਰ ਵਾਹਿਗੁਰੂ ਜੀ ਆਪ ਕੀਤੀ ਹੈ ਜਿਸ ਏਡੇ ਉਦਮ ਪੁਰਖਾਰਥ ਨਾਲ ਪੰਥ ਕੀਤਾ ਹੈ ਅਤੇ ਬੁਧਿ ਦਾਤ ਚੌਪਾ ਸਿੰਘ ਨੂੰ ਹੋਈ ਹੈ ਅਤੇ ਦਸਖਤ ਬਲਾਕਾ ਸਿੰਘ ਲਿਖਾਰੀ ਦੇ, ਪਰਵਾਨਗੀ ਹਜ਼ੂਰ ਦੀ ਨਾਲਿ ਅਤੇ ਏਹੁ ਕਾਗਤ ਰਹਤਨਾਮੇ ਦਾ ਚਿੱਠਾ ਲਿਖਾਇਆ, ਧਰਮ ਚੰਦ ਛਿੱਬਰ ਬ੍ਰਾਹਮਣ ਖਜ਼ਾਨਚੀ ਗੁਰੂ ਕਾ ਤਿਸ ਦਾ ਪੁੱਤਰ ਗੁਰਬਖਸ਼ ਸਿੰਘ ਲਿਖਾਇਆ ਹੈ ਅਤੇ ਸਿਖੀ ਇਤ ਸਮੇਂ ਵਿਰਲੇ ਗੁਰਮੁਖਾਂ ਸਿਖਾਲਣੀ ਹੈ, ਅਤੇ ਨਰਕ ਦਾ ਪਾਵਣਾ, ਮਾਇਆ ਇਕੱਤਰ ਕਰਨੀ, ਸੰਚਨੀ ਅਨਰਥ ਲਾਵਣੀ ਮਨਮੁਖਾਂ ਲਈ ਹੈ।

ਸਾਖ ਗ੍ਰੰਥ ਸਾਹਿਬ ਜੀ ਦੀ: 'ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥ ਨ ਜਾਈ।' ਪਰ ਸਿੱਖੀ ਲੈਣੀ ਗੁਰੂ ਕੇ ਸਿਖ ਨ ਭੁਲਣਗੇ, ਬਿਰਦ ਵਾਹਗੁਰੂ ਪੂਰਨ ਪੁਰਖ ਦਾ ਹੈ।

# (੭) ਰਹਿਤਨਾਮਾ ਪਰਮ ਸੁਮਾਰਗ
# (ਅਗਿਆਤ)

## ਪ੍ਰਿਥਮ ਧਿਆਉ

ਪਹਿਲਾ ਬਚਨੁ ਰਹਿਤ ਕਾ: ਇਸ ਪ੍ਰਾਨੀ ਕੇ ਉਧਾਰ ਕਰਨਿ ਕਾ ਸੁਨੁ : ਤਾਂ ਆਗਿਆ ਸ੍ਰੀ ਅਕਾਲ ਪੁਰਖੁ ਜੀ ਕੀ ਹੋਈ ਹੈ, ਜੋ ਇਸ ਪ੍ਰਾਨੀ ਕਉ ਇਹੁ ਚਾਹੀਦਾ ਹੈ, ਜੋ ਪਹਰ ਰਾਤਿ ਪਿਛਲੀ ਰਹੈ ਤਾਂ ਅੰਮ੍ਰਿਤ ਵੇਲੇ ਉਠੇ। ਉਠਿ ਕਰਿ ਤਾਜ਼ੇ ਪਾਣੀ ਨਾਲਿ ਇਸਨਾਨੁ ਕਰੇ। ਅਰੁ ਜਉ ਜਾਣੈ ਜੋ ਕਦਾਂਚ ਦੇਹੀ ਨੂੰ ਤਾਜ਼ਾ ਪਾਣੀ ਮਾਫਕ ਨ ਹੋਈ, ਤਾਂ ਗਰਮ ਕਰਿ ਕੇ ਪਾਣੀ ਕੈ ਸਾਥ ਨ੍ਹਾਵੈ, ਸਿਰ ਪਾਣੀ ਪਾਵੈ ਜੇ ਬੇਹਾ ਪਾਣੀ ਹੋਇ ਤਾਂ ਗਰਮ ਕਰ ਲੇਵੈ। ਅਤੇ ਜੇ ਕਦਾਂਚ ਜਾਣੈ ਜੋ ਕੋਈ ਸਬਬੁ ਨ ਬਣੇ, ਅਥਵਾ ਪਾਣੀ ਹਥਿ ਨਾ ਆਵੈ, ਅਕੈ ਦੇਹੀ ਨੋ ਕੁਛ ਹੀਲਾ ਹੋਇ, ਤਾਂ ਮੂੰਹੁ ਹਥ ਤੇ ਪੈਰਾਂ ਅਤੇ ਗੋਡਿਆਂ ਤਕ ਧੋਇ ਲੇਵੈ। ਅਰੁ ਇਕੁ ਨਾਮ, ਪਾਕੀ ਨਾਈਂ ਪਾਕੁ ਪੜ੍ਹੈ। ਤਾਂ ਉਸ ਸਮ ਮੂੰਹ ਹਥੁ ਧੋਇ ਕਰਿ ਪੜ੍ਹ ਸੱਤਿ ਵਾਰੀ ਜਦਿ ਪੜ੍ਹੈ ਤਬ ਹੀ ਹਥਾਂ ਨਾਲਿ ਦੇਹਿ ਸਾਰੀ ਸਿਰ ਪੈਰਾਂ ਤੇ ਲੈਕੇ.....ਜਿਉ ਪਾਣੀ ਸਾਥਿ ਧੋਈਦਾ ਹੈ—ਧੋਵੈ ਤਾਂ ਦੇਹਿ ਪਵਿਤ੍ਰ ਹੋਵੈ। ਪਰ ਏਹ ਜੁਗਤਿ ਤਦਿ ਕਰੈ ਜੋ ਪਾਣੀ ਹਥਿ ਨਾ ਆਵੈ, ਅਕੈ ਦੇਹ ਸਹਾਂਦੀ ਨਾਹੀ। ਅੰਮ੍ਰਿਤ ਵੇਲੇ ਪਹਰ ਰਾਤਿ ਰਹਿੰਦੀ ਇਹਿ ਕਿਰਤਿ ਦੇਹੀ ਦੀ ਕਰੇ।

ਪੰਜ ਵੇਰੀ ਜਪੁ ਤੇ ਜਾਪੁ ਪੜ੍ਹੈ। ਨਾਲੇ ਅਨੰਦ ਪੰਜ ਵੇਰੀ ਪੜ੍ਹੈ।

ਜੋ ਜਾਨੈ ਕਛੁ ਕੰਮੁ ਦੁਨੀਆ ਦਾ ਹੈ, ਤਾਂ ਚਰਨ ਕਮਲ ਆਰਤੀ ਪੜ੍ਹ ਕੈ ਮੱਥਾ ਟੇਕੈ। ਮੱਥਾ ਟੇਕ ਕੈ ਕੰਮ ਨੂੰ ਉਠੈ। ਖਤਾ ਹੋਵੈ ਅਰਦਾਸ ਕਰ ਕੇ ਜੋ ਕੰਮੁ ਆਇ ਰੁਜੂ ਹੋਵੈ ਕਿਹਾ ਮੁਸ਼ਕਲ ਕਿ ਆਸਾਨ, ਸਭ ਮਨੋਰਥ ਪੂਰੇ ਹੋਵਹਿੰ ਅਰੁ ਜੋ ਜਾਣੈ ਕਿਛੁ ਕੰਮ ਨਾਹੀ, ਢਿੱਲ ਹੈ ਤਾਂ ਪੋਥੀ ਗਰੰਥ ਪਾਤਿਸ਼ਾਹੀ ਪਹਿਲੀ ਤੋਂ ਲੈ ਕੇ ਅਰੁ ਪਾਤਿਸ਼ਾਹੀ ਨਾਵੀਂ ਤੀਕ ਜੋ ਬਾਣੀ ਹੈ ਸੋ ਪੜ੍ਹੈ। ਜੋ ਕਿਛੁ ਗੁਰੂ ਪੜ੍ਹਾਏ ਫੇਰ ਚਰਨ ਕਮਲ ਆਰਤੀ ਪੜ੍ਹਿ ਕੈ ਮੱਥਾ ਟੇਕੈ, ਆਪਣੀ ਬੇਨਤੀ ਆਜਜ਼ੀ ਕਰੈ।

'ਜੋ ਮੁਝ ਪਤਿਤ ਕਉ ਨਾਮੁ ਦਾਨੁ ਦੇਹਿ, ਸੁਖਾਲੀ ਸੁਵਾਸੀਂ ਗੁਰੂ ਚਿਤ ਆਵੈ।'

ਏਹਿ ਆਪਣੀ ਬੇਨਤੀ ਕਰਕੈ ਆਪਣੀ ਜਮਯਤਿ ਹੋਇ ਕਰਿ ਕਿਰਤਿ ਜੁਗਤਿ ਉਠਿ ਲਾਗੈ। ਪਰੁ ਪਿਆਰੁ ਬਾਣੀ ਸ਼ਬਦ ਨਾਲਿ ਰਾਖੇ। ਸਬਦੁ ਗੁਰੂ ਹੈ; ਸੁਰਤਿ ਇਸ ਦੀ ਚੇਲਾ ਹੈ ਮਨ ਬਚ ਕਰਮ ਏਕੁ ਅੰਗੁ ਪੜ੍ਹੈ।੧।

ਦੁਤੀਆ ਬਚਨ ਰਹਿਤ ਕਾ—ਹੁਕਮੁ ਹੈ,—ਜਾਣੈ ਜੋ ਦੋਇ ਪਹਿਰ ਦਿਨੁ ਆਇਆ ਹੈ ਤਾਂ ਫੇਰਿ ਹੱਥ ਪੈਰ ਗੋਡਿਆਂ ਤਕ ਧੋਇ ਕਰਿ ਇਕ ਵੇਰੀ ਜਪੁ, ਜਾਪੁ ਦੋਵੇਂ ਪੜ੍ਹੈ ਫੇਰ ਕਿਰਤਿ ਕਰੈ। ਅਤੈ ਜੋ ਜਾਨੇ ਪੜ੍ਹਿਆ ਬਨਿ ਨਹੀਂ ਆਂਵਦਾ ਤਾਂ ਹੱਥ ਪੈਰ ਧੋਵਣੇ ਧੋਇਕੇ ਇਹ ਜੁਗਤਿ ਕਰੈ, ਪਹਿਲਾਂ ਤਾਂ ਇਕੁ ਧਿਆਨੁ ਸ੍ਰੀ ਅਕਾਲ ਪੁਰਖੁ ਜੀ ਕਾ ਕਰੈ। ਅਰ ਪਾਕੀ ਨਾਮ ਪੜ੍ਹੈ, ਜੋ ਦੇਹੀ ਪਵਿਤ੍ਰ ਹੋਇ। ਫਿਰ ਇਹ ਜਾਨ ਪੜ੍ਹੈ ਮਨ ਬਿਖੇ ਸੱਤ ਵਾਰੀ:

'ਸ੍ਰੀ ਵਾਹਗੁਰੂ ਅਕਾਲਿ ਪੁਰਖੁ ਜੀ ਤੇਰੀ ਸਰਨੀਂ ਹਾਂ, ਸਤਿਨਾਮੁ
ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।੧।'
'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।
ਅਚਲ ਮੂਰਤਿ ਅਨਭਉ ਪ੍ਰਕਾਸੁ ਅਮਿਤੋਜਿ ਕਹਿਜੈ।
ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣੁ ਗਣਿਜੈ।
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨਿ ਤ੍ਰਿਣਿ ਕਹਤ।
ਤ੍ਵ ਸਰਬ ਨਾਮੁ ਕਥੇ ਕਵਨ ਕਰਮ ਨਾਮ ਬਰਨਤ ਸੁਮਤਿ।੨।'

ਏਹੁ ਪੜ੍ਹੇ। ਸਾਰੇ ਜਪੁ ਜਾਪੁ ਪੜ੍ਹੇ ਦਾ ਫਲੁ ਹੈ। ਅਤੇ ਹੋਰ ਕੋਈ ਜ਼ਰੂਰ ਕਿਤੇ ਜਾਣੈ ਦਾ ਕੰਮੁ ਹੋਵੇ ਅਤੇ ਹੋਰੁ ਕਿਛੁ ਪੜ੍ਹਿ ਨ ਸਕੈ ਤਾਂ ਇਤਨਾ ਹੀ ਪੜ੍ਹੇ। ਪਰ ਇਸ ਨੋ ਇਹੁ ਚਾਹੀਐ ਜੋ ਹਜ਼ਾਰ ਕੰਮੁ ਛਡਿ ਕੈ ਜ਼ਰੂਰ ਜੁਗਤਿ ਨਾਲ ਪੜ੍ਹੈ।੨।

ਤ੍ਰਿਤਿਆ ਬਚਨ ਰਹਿਤ ਕਾ: ਜਬ ਜਾਣੈ ਦੁਇ ਘੜੀਆਂ ਦਿਨ ਰਹਿਆ ਹੈ, ਤਾਂ ਸੋਦਰ ਰਹਿਰਾਸਿ ਨਾਲ ਪੜ੍ਹੈ। ਜਾਂ ਭੋਗ ਪਾਵੈ ਤਾਂ ਦੋਵੇਂ ਜਪੁ ਤੇ ਜਾਪੁ ਪੜ੍ਹ ਕੈ ਮੱਥਾ ਟੇਕੈ ਆਪਣੀ ਬੇਨਤੀ ਕਹੈ ਆਖੈ ਜੁ:

'ਹਉ ਅਪਰਾਧੀ ਹਾਂ, ਤੇਰਾ ਬਿਰਦੁ ਹੈ ਜਿਉਂ ਭਾਵੇ ਤਿਉਂ ਰਖਿ ਲੇਹੁ।'
'ਤੇਰਾ ਭਾਣਾ ਮਿੱਠਾ ਲਗੈ, ਨਾਮੁ ਚਿਤਿ ਆਵੈ ਜੀ। ਤੇਰੀ ਸਰਨਿ।੩।'

ਚਉਥਾ ਬਚਨ ਰਹਿਤ ਦਾ ਇਹੁ ਹੈ: ਜਬ ਜਾਨੈ ਰਾਤਿ ਹੋਈ ਹੈ ਸਭਨਾਂ ਕੰਮਾਂ ਦੁਨੀਆਂ ਸਿਉਂ ਫਾਰਕੁ ਹੋਇ ਰਹਿਆ ਹਾਂ। ਤਾਂ ਬਾਣੀ ਪਾਤਿਸ਼ਾਹੀ ਪਹਿਲੀ ਤੋਂ ਲੈਕਰਿ ਦਸਵੀਂ ਦੀ—ਬਚਿਤ੍ਰ ਨਾਟਕ, ਹੋਰ ਬਾਣੀ ਗ੍ਰੰਥ ਕੀ, ਹੋਰਨਾਂ ਪਾਤਿਸਾਹੀਆਂ ਦੀ ਹੋਵੇ ਸੋ ਪੜ੍ਹੈ। ਕੀਰਤਨ ਕਰੇ। ਜੇ ਜਾਣੇ ਜੁ ਨਿੰਦ੍ਰਾ ਬਹੁਤੁ ਆਈ ਹੈ, ਤਾਂ ਕੀਰਤਨ ਸੋਹਿਲਾ ਪੜ੍ਹ ਕੈ ਸੋਇ ਰਹੈ, ਮਨ ਆਪਣਾ ਓਤ ਵੇਲੇ ਵਾਹਗੁਰੂ ਜੀ ਕੇ ਚਰਨਾਂ ਬਿਖੇ ਰਖੈ। ਉਪਰਿ ਸਾਸੁ ਨਾਭਿ ਤੇ ਵਾਹ ਸੇ ਲੇਵੈ ਅਰੁ ਤਲੇ ਕਾ ਸਾਸੁ ਗੁਰੂ ਸੇ ਛੋਡੇ। ਵਾਹਗੁਰੂ ਦਾ ਜਪੁ ਕਰੈ। ਸੁਰਤੀ ਜਾਗਤੀ ਰਹੈ ਅਰੁ ਕਰਮ ਕਉ ਲੇਕਰਿ ਸੰਗ ਸੋਵੈ। ਆਪਣਾ ਮਨ ਹੋਰਤੇ ਠਉਰ ਬਿਖੇ ਜਾਵਣਿ ਨ ਦੇਇ। ਜੋ ਕੋਈ ਪ੍ਰਾਨੀ ਏਹ ਰਹਿਤ ਕਮਾਵੈ ਅਥਵਾ ਮਰਦ ਅਥਵਾ, ਇਸਤ੍ਰੀ ਸੋ ਪਾਰਗਿਰਾਮੀ ਹੋਇਗਾ। ਸ੍ਰੀ ਗੁਰੂ ਅਕਾਲ ਪੁਰਖੁ ਜੀ ਕੇ ਪੰਥੁ ਕੇ ਸੁਖੁ ਦੇਖੈਗਾ।੪।

ਅਰੁ ਸਭ ਤੇ ਵਡੀ ਰਹਿਤ ਏਹ ਹੈ ਜੋ ਮਿਥਿਆ ਨਾ ਬੋਲੇ। ਮਰਦੁ ਹੋਇਕੈ ਪਰਨਾਰੀ ਕਾ ਸੰਗ ਨਾ ਕਰੇ, ਇਸਤ੍ਰੀ ਹੋਇਕੇ ਮਰਦੁ ਨੋ ਨਾ ਦੇਖੇ। ਲੋਭ ਨਾ ਕਰੈ,

ਕ੍ਰੋਧ ਨਾ ਕਰੇ, ਅਹੰਕਾਰ ਨਾ ਕਰੇ, ਬਹੁਤ ਮੋਹ ਨ ਕਰੈ, ਨਿੰਦਿਆ ਨਾ ਕਰੈ ਅਰੁ ਅਸੱਤੁ ਵੀ ਨਾ ਬੋਲੇ। ਅਰੁ ਐਸਾ ਸੱਤ ਵੀ ਨਾ ਬੋਲੇ ਜੇ ਕਿਸੇ ਦਾ ਬੁਰਾ ਹੋਂਦਾ ਅਰੁ ਜੋ ਕਛੁ ਕਰੈ ਸੁਮਤਿ ਹੀ ਕਰੈ, ਅਰੁ ਅੰਤਕਾਲ ਨਦਰਿ ਕਰ ਦੇਖੈ, ਅਰੁ ਆਪਣਾ ਚਲਣਾ ਇਸ ਮ੍ਰਿਤ ਮੰਡਲ ਤੇ ਸਾਸਿ ਸਾਸਿ ਚਿਤਾਰੈ, ਭੂਲੇ ਨਾਹੀ। ਭਉ ਕਰੇ ਜੋ ਇਨ੍ਹਾਂ ਸਾਸਾਂ ਹੀ ਤੇ ਕਿਤੇ ਸਾਸਿ ਚਲਣਾ ਹੈ।

ਕੋਈ ਸਾਸ ਬਿਰਥਾ ਚਲਣੇ ਦੇਵੈ ਨਾਹੀਂ। ਦੁਖਾਵੈ ਕਿਸੇ ਕੋ ਨਾਹੀਂ। ਮੁਖ ਤੇ ਮਿਠਾ ਬੋਲੇ। ਜੇ ਕੋਈ ਬੁਰਾ ਭਲਾ ਕਹੈ; ਮਨ ਬਿਖੈ ਲਿਆਵੈ ਨਾਹੀਂ। ਭਾਵੇਂ ਕੋਈ ਆਦਰੁ ਕਰੈ ਭਾਵੇਂ ਕੋਈ ਅਨਾਦਰ ਕਰੈ; ਹਰਖ ਸੋਗ ਕਿਸੀ ਬਾਤ ਕਾ ਨਾ ਕਰੈ, ਪਰਾਏ ਦਰਬੁ ਕਉ ਅੰਗੀਕਾਰੁ ਨਾ ਕਰੈ, ਧਰਮ ਕੀ ਕਿਰਤ ਕਰਿ ਖਾਇ। ਦਾਤਾ ਗੁਰੂ ਬਾਬਾ ਅਕਾਲ ਪੁਰਖੁ ਹੈ ਹੋਰਤਿ ਕਿਤੈ ਵਲਿ ਦੇਖੈ ਨਾਹੀ। ਮਠ ਮੜ੍ਹੀ, ਦੇਵੀ ਦੇਵਤਾ, ਬ੍ਰਤ, ਤੀਰਥ ਬਰਤ, ਪੂਜਾ, ਅਰਚਾ, ਮੰਤ੍ਰ ਜੰਤ੍ਰ, ਪੀਰ ਪੁਰਸ਼ ਬ੍ਰਾਹਮਣ, ਪੁਛ ਨਾ ਲੇਵੈ। ਤਰਪਨ ਗਾਇਤ੍ਰੀ ਸੰਧਿਆ ਹੋਰਤਿ ਕਿਤੈ ਵਲਿ ਦੇਖੈ ਨਾਹੀਂ। ਮਨ ਆਪਣਾ ਸ੍ਰੀ ਅਕਾਲ ਪੁਰਖ ਜੀ ਕੇ ਚਰਨਾਰਬਿੰਦ ਬਿਖੇ ਰਖੇ। ਅਰੁ ਸੰਤ ਖਾਲਸਾ ਜੋ ਇਸ ਦਾ ਸੰਗੀ ਹੈ, ਸੋ ਤਿਨ੍ਹਾਂ ਨਾਲਿ ਪਿਆਰ ਰਖੇ। ਅਰੁ ਸੁਪਾਰਸ ਸਭ ਖਾਲਸੇ ਕਾ ਹੈ। ਸੋ ਕਉਨੁ ਖਾਲਸਾ ਹੈਨਿ ? ਜਿਨ੍ਹੀਂ ਕਿਨ੍ਹੀ ਆਪਣਾ ਤਨੁ ਮਨੁ ਧਨੁ ਗੁਰੂ ਸ੍ਰੀ ਅਕਾਲ ਪੁਰਖ ਜੀ ਕਉ ਸਉਂਪਿਆ ਹੈ, ਕਿਸੀ ਬਾਤ ਕਾ ਉਨ ਕਉ ਹਰਖੁ ਸੋਗ ਨਾਹੀਂ। ਅਰੁ ਕਿਸੀ ਕੀ ਆਸਾ ਨਾਹੀਂ ਕਰਤੈ। ਅਰੁ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ। ਅਰੁ ਚਿਤਵਨੀ ਅਪਨੀ ਕਉ ਸ੍ਰੀ ਅਕਾਲ ਪੁਰਖ ਜੀ ਕੇ ਚਰਨਾਰਬਿੰਦ ਬਿਖੈ ਰਖਿਆ ਹੈ।

ਅਰੁ ਜਬ ਜਾਨੇ ਜੋ ਏਹੁ ਸੰਸਾਰ ਦੇ ਕੰਮ ਤੇ ਨਿਹਚਿੰਤ ਹੋਇਆ ਹੈ, ਅਤੇ ਅਬ ਸਾਸ ਬਿਰਥੇ ਜਾਤੇ ਹੈਨਿ, ਤਬ ਆਪਣਾ ਮਨੁ ਪਰਮ ਪੁਰਖੁ ਗੁਰੂ ਬਿਖੈ ਰੱਖੈ। ਇਸ ਕਉ ਸਾਸਿ ਗਿਰਾਸਿ ਇਉਂ ਚਾਹੀਦਾ ਹੈ, ਜੁ ਭਾਵੇਂ ਕੈਸਾ ਕੰਮੁ ਖਰਾ ਜ਼ਰੂਰ ਕਾ ਹੋਵੇ ਦੁਨੀਆ ਕਾ, ਪਰ ਸੁਰਤਿ ਆਪਣੀ ਗੁਰੂ ਬਿਖੈ ਰੱਖੈ। ਅਰੁ ਅਪਨੀ ਕਰਨੀ ਸਿਮਰਨ ਜੁਗਤਿ ਜਪ ਤਪੁ, ਜੋ ਕਿਛੁ ਗੁਰੂ ਕਰਾਏ, ਸੋ ਕਿਸੀ ਕਉ ਜਣਾਏ ਨਾਹੀਂ। ਜਿਤਨਾ ਪੜਦੇ ਬਿਖੈ ਅਰਾਧੇਗਾ, ਤਿਤਨਾ ਹੀ ਫਲੁ ਹੋਇਗਾ; ਅਰੁ ਦਰਸ਼ਨ ਪ੍ਰਾਪਤਿ ਹੋਇਗਾ। ਸਦਾ ਇਸ ਕੀ ਪ੍ਰੀਤਿ ਚਰਨ ਕਵਲਾਂ ਨਾਲਿ ਜੁਗੋ ਜੁਗ ਲੱਗੀ ਰਹੈਗੀ। ਪਰੁ ਆਪਣਾ ਭੇਦੁ, ਜੁਗਤਿ ਸਿਮਰਨੁ ਰਹਿਤ ਕਾ ਜ਼ਾਹਿਰ ਕਰਨਾ ਡਿੰਭੁ ਹੈ। ਇਨ੍ਹੀਂ ਕੰਮੀਂ ਪਾਰਬ੍ਰਹਮ ਪਰਮੇਸੁਰ ਜੋ ਹੈ, ਅਕਾਲ ਪੁਰਖੁ, ਸੋ ਭਿਜਦਾ ਨਾਹੀਂ, ਅਰੁ ਰੀਝਤਾ ਭੀ ਨਹੀਂ। ਰੀਝਦਾ ਭੀਜਦਾ ਕਿਸ ਬਾਤ ਮੋਂ ਹੈ ? ਇਸ ਬਾਤ ਮੋਂ ਰੀਝਤਾ ਭੀਜਤਾ ਹੈ: ਸੋ ਪਹਿਲਾਂ ਤਾਂ ਅਪਨਾ ਚਲਨਾ ਇਸ ਮ੍ਰਿਤ-ਮੰਡਲ ਤੇ ਜਾਨੈ। ਜੋ ਸਾਸ ਆਂਵਤਾ ਹੈ, ਅੰਦਰਿ ਤੇ ਬਾਹਰਿ ਆਵੈ ਕਿ ਫੇਰਿ ਨ ਆਵੈ। ਏਹ ਜਾਨ ਕਰਿ ਆਪਨੀ ਦੇਹ ਤੇ ਬਿਰਕਤੁ ਰਹੈ। ਜਬ ਜਾਨੈ ਏਹਿ ਪ੍ਰਾਨੀ, ਜੋ ਮਨ ਬਚ ਕਰਮ ਦੇਹ ਤੇ ਬਿਰਕਤ ਹੂਆ ਹੈ ਤਬ ਸ੍ਰੀ ਅਕਾਲ ਪੁਰਖ ਕਉ ਹਿਰਦੇ ਮੈਂ ਅਪਨੇ ਊਪਰਿ ਹਰਦਮੁ ਹਾਜ਼ਰੁ ਹੀ ਜਾਨੈ। ਤਬ ਇਸ ਕਉ ਕੋਈ ਇੰਦ੍ਰੀ ਨ ਸੰਤਾਵੈ। ਆਪ ਹੀ ਸੋਂ ਬਿਨਾਸ ਉਪਜਤਾ ਹੈ। ਅਰੁ ਸਭਨਾਂ ਸੁਖਾਂ ਕਉ ਪ੍ਰਾਪਤਿ ਹੋਇ। ਅਰੁ ਗਿਆਨੁ ਕਉ ਰਮੈ। ਅਰੁ ਜੋ ਕੁਛ ਸਚੁ ਸ਼ਬਦ ਬਾਣੀ ਬਿਖੈ ਬੋਲਨਾ ਹੈ ਸੋ ਭੀ ਪ੍ਰਾਪਤਿ

ਹੋਇ। ਪਰੁ ਅੰਮ੍ਰਿਤ ਸ਼ਬਦ ਕਉ ਰਮੈ। ਅਰੁ ਜੋ ਕੋਈ ਭੁੱਖਾ, ਨੰਗਾ ਅਰਥੀ ਹੋਇ, ਤਾਂ ਉਸ ਨਾਲਿ ਆਪਣੀ ਵੰਡ ਵਿਚੋਂ, ਜੋ ਕਿਛੁ ਸਾਹਿਬ ਦਿਤਾ ਹੋਇ ਸੋ ਵੰਡਿ ਖਾਇ, ਵੰਡਿ ਪਹਰੈ। ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ, ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ, ਤਾਂ ਢਿੱਲ ਨ ਕਰੈ। ਅਪਣਾ ਕੰਮੁ ਛੋਡਿ ਕਰਿ ਉਸ ਪ੍ਰਾਨੀ ਕੇ ਕੰਮਿ ਕਉ ਉਠਿ ਖੜਾ ਹੋਇ, ਜਾਨਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੋਂ ਹੈ। ਜਿਉਂ ਕੋਈ ਜੀਉ ਰਾਜ਼ੀ ਹੋਇ, ਤਿਉਂ ਰਾਜ਼ੀ ਕਰੀਐ, ਦੁਖਾਵੈ ਕਿਸੈ ਨੋ ਨਾਹੀਂ। ਕੋਈ ਬੁਰਾ ਭਲਾ ਕਹੈ, ਮਨ ਬਿਖੈ ਕਿਛੁ ਲਿਆਵੈ ਨਾਹੀਂ। ਅਰੁ ਕਿਸੀ ਕਉ ਆਪਣਾ ਮਿਤ੍ਰ ਸ਼ਤ੍ਰ ਕਰਿ ਨ ਜਾਣੈ। ਜਹਾਂ ਦੇਖੈ ਤਹਾਂ ਅਬਿਨਾਸੀ ਪੁਰਖੁ ਬਿਆਪਿਆ ਹੂਆ ਹੀ ਦੇਖੈ। ਅਰੁ ਮੁਖ ਤੇ ਜੋ ਬੋਲੈ ਸੋ ਅੰਮ੍ਰਿਤ ਹੀ ਬੋਲੈ, ਬਹੁਤੁ ਗੱਲਾਂ ਨ ਕਰੇ। ਅਕੈ ਸਬਦੁ, ਅਕੈ ਬਾਣੀ, ਅਕੈ ਬਿਬੇਕ ਕੀ ਸੰਗਤਿ ਪਾਇ, ਗੁਰੂ ਬਾਬੇ ਕੀਆਂ ਸਾਖੀਆਂ ਕਰੈ, ਅਕੈ ਚੁੱਪ ਕਰਿ ਰਹੈ। ਚੁੱਪ ਸਭ ਤੇ ਉਤਮ ਹੈ। ਅੰਨ ਬਹੁਤ ਭੁਖ ਲਗੇ ਤਾਂ ਖਾਏ, ਭਰੇ ਪਰਿ ਨ ਭਰੇ। ਅਤੇ ਨਿੰਦ੍ਰਾ ਦੀ ਮਿਰਯਾਦਾ ਕਰਿ ਛੋਡੈ, ਸਿਵਾਇ ਮਿਰਜਾਦਾ ਸੋਇ ਜਾਵੈ ਨਾਹੀਂ। ਅਤੇ ਅਪਣਾ ਸਰਵੰਸ—ਕਿਆ ਪੁੱਤ ਕਿਆ ਇਸਤਰੀ ਕਿਆ ਹੋਰੁ ਲੋਕ ਕੁਟੰਬੁ, ਕਿਆ ਧਨੁ ਸਭ ਕਉ ਅਪਣਾ ਕਰਿ ਜਾਨੈ ਨਾਹੀਂ। ਇਉਂ ਹੀ ਕਰਿ ਜਾਨੈ ਜੋ ਮੈਂ ਹੁਕਮ ਸੋਂ ਆਇਆ ਹਾਂ, ਮੁਸਾਫ਼ਰ ਹਾਂ, ਇਨ ਮੋਂ ਆਇ ਬੈਠਾ ਹਾਂ, ਜਿਉਂ ਸਰਾਇ ਮੋਂ ਮੁਸਾਫਰੁ ਵਸੇਰਾ ਲੇਤਾ ਹੈ, ਤਿਉਂ ਇਨ ਮੋਂ ਵਸੇਰਾ ਹੈ। ਅਰੁ ਮ੍ਰਿਤੁ ਆਪਣੀ ਕਉ ਸੁਪਨੰਤਰੁ ਕਰਿ ਜਾਣੈ, ਜੋ ਮੈਂ ਉਹੀ ਮੁਸਾਫਰੁ ਹਾਂ। ਇਹੀ ਸਤਿ ਕਰਿ ਜਾਣੈ ਜੋ ਕੋਈ ਕਿਸੀ ਕਾ ਨਾਹੀਂ। ਰਾਤਿ ਕਾਰਣ ਆਇ ਇਕੱਠੇ ਹੋਏ ਹਾਂ। ਜਿਥੈ ਦਿਨੁ ਹੋਇਆ ਤਿਥੈ ਆਪੋ ਆਪਣੀ ਰਾਹੀਂ ਉਠਿ ਜਾਣਿਗੇ। ਇਸ ਕਰਕੈ ਮੋਹ ਲਗਾਵੈ ਨਾਹੀਂ। ਉਦਾਸੁ ਹੀ ਰਹੈ। ਕਰਤੇ ਪੁਰਖੁ ਕੀ ਲੀਲ੍ਹਾ ਵਰਤਾਰਾ ਦੇਖ ਕੇ ਉਦਾਸੁ ਹੀ ਰਹੈ। ਅਰੁ ਮਨੁ ਅਪਨਾ ਕਰਤੇ ਪੁਰਖੁ ਬਿਖੇ ਰੱਖੈ।

ਪਰੁ ਸਾਰੀ ਰਹਿਤੁ ਇਹੀ ਹੈ, ਜੋ ਕਿਸੀ ਕਉ ਕਲਪਾਵੈ ਨਾਹੀਂ, ਅਰੁ ਅੰਦਰਿ ਅਪਨਾ ਕਿਸੀ ਕਉ ਦੇਵੈ ਨਾਹੀਂ। ਪਰੁ ਕਿਰਤਿ ਰੁਜ਼ਗਾਰ ਕਰਤਾ ਰਹੈ। ਅਰੁ ਜੋ ਕੁਛ ਰੁਜ਼ਗਾਰ ਤੇ ਗੁਰੂ ਦੇਵੈ, ਉਸ ਸਿਉਂ ਦਸਵਾਂ ਹਿੱਸਾ ਸ੍ਰੀ ਅਕਾਲ ਪੁਰਖੁ ਜੀ ਕਾ ਜੁਦਾ ਕਰਿ ਰੱਖੈ। ਅਰੁ ਜੋ ਕਿਛੁ ਮੰਨਤਿ ਹੋਵੈ ਸੋ ਭੀ ਜੁਦਾ ਕਰਿ ਰਖੇ। ਅਰੁ ਅਪਨੇ ਗ੍ਰਿਹ ਬਿਖੇ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਕੋਠਾ ਕਰਿ ਰਖੇ। ਜਾਣੈ ਕੋਈ ਸਿਖੁ ਸਾਧੁ, ਕੋਈ ਅਰਥੀ, ਗਰੀਬੁ ਹੋਇ, ਤਿਸ ਕਉ ਕੋਠੇ ਸਿਉਂ ਦੇਵੈ, ਕਿਉਂ ਜੋ ਏਹੁ ਖ਼ਜ਼ਾਨਾ ਗੁਰੂ ਬਾਬੇ ਕਾ ਹੈ। ਜੋ ਇਸ ਗੁਰੂ ਕੇ ਖਜ਼ਾਨੇ ਵਿਚਹੁੰ ਸ੍ਰੀ ਅਕਾਲ ਪੁਰਖ ਜੀ ਕੇ ਸੰਤਾਂ, ਸਿਖਾਂ ਕੇ ਮੁਹ ਪਾਵੈਗਾ, ਕਪੜੇ ਪਹਿਰਾਵੈਗਾ ਤਿਸ ਕਾ ਸੱਚੇ ਖੰਡ ਜੰਮੈਗਾ। ਅਰੁ ਕਿਸੀ ਅਉਰ ਅਰਥੀਏ ਕਉ ਚਾਹੀਐ ਤਉ ਭੀ ਦੇਵੈ। ਅਰੁ ਉਸ ਪ੍ਰਾਨੀ ਕਉ ਕਹਿ ਦੇਵੈ, ਜੋ 'ਹੇ ਭਾਈ! ਜਬ ਗੁਰੂ ਬਾਬਾ ਤੇਰੀ ਜਮੀਅਤਿ ਕਰੈ : ਕੁਸਾਇਸ਼ ਕਰੇਗਾ, ਤਬ ਏਹੁ ਪੈਸਾ ਪਹੁੰਚਾਇ ਦੇਵਣਾ। ਅਕੈ ਆਪਣੈ ਪਾਸ ਜਹਾਂ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਖ਼ਜ਼ਾਨਾ ਹੈ, ਤਹਾਂ ਇਸ ਗੁਰੂ ਕੀ ਕਉਡੀ ਕਉ ਰੱਖਣਾ।' ਪਰ ਇਸਿ ਖਾਲਸੇ ਕਉ ਚਾਹੀਐ ਜੋ ਇਸ ਖ਼ਜ਼ਾਨੇ ਸਿਉਂ ਪੂੰਜੀ ਲੇਵੈ ਅਰੁ ਧਰਮ ਕੀ ਕਿਰਤਿ ਕਰਿ ਖਾਏ। ਜਦਿ ਗੁਰੂ ਬਾਬਾ ਕਿਛੁ ਨਫਾ ਦੇਇ ਤਦਿ ਪੈਸੇ ਪਹੁਚਾਇ ਦੇਇ, ਅਕੈ ਆਪਣੇ ਪਾਸਿ

ਰੱਖੈ, ਅਕੈ ਜਹਾਂ ਸ੍ਰੀ ਅਕਾਲ ਪੁਰਖੁ ਜੀ ਕਾ ਖ਼ਜ਼ਾਨਾ ਹੋਇ, ਤਹਾਂ ਰੱਖਣੇ। ਇਉਂ ਹੀ ਗੁਰੂ ਕੀ ਕਉਡੀ ਕਾ ਬਿਉਹਾਰ ਕਰਤਾ ਰਹੈ। ਤਬ ਉਸ ਖਾਲਸੇ ਕਉ ਕਿਸੀ ਬਾਤ ਕੀ ਕਮੀ ਨ ਹੋਇ, ਸਦਾ ਸੁਖੀ ਹੋਇ। ਅਰੁ ਰਜਾਇ ਸਿਰ ਉਪਰ ਮੰਨੇ, ਰਾਜ਼ੀ ਰਹੇ। ਭਾਵੇਂ ਖਸਮ ਸੁਖ ਦੇਵੈ, ਸੰਤੋਖ ਕਰਿ ਕੈ ਰਾਜ਼ੀ ਹੀ ਰਹੈ। ਆਪਸ ਕਉ ਕਛੁ ਜਣਾਵੈ ਨਾਹੀਂ। ਗੁਮਾਨ ਆਪਣੀ ਰਹਿਣੀ ਕਰਤੂਤ ਕਾ ਨ ਕਰੈ। ਅਰੁ ਜੋ ਕਿਛੁ ਜਨਾਵੈ ਸੋ ਪਾਰਬ੍ਰਹਮ ਪਰਮੇਸੁਰ ਸਿਉਂ ਜਨਾਵੈ। ਅਤੇ ਜੋ ਕਿਛੁ ਕਦਾਚਿਤੁ ਆਪ ਕਉ ਜਨਾਵੈਗਾ, ਸੋ ਸਭ ਬ੍ਰਿਥਾ ਜਾਵੈਗਾ। ਤਾਂ ਤੇ ਨਿਮਾਣਾ ਹੋਇ ਰਹੈ।

ਅਰੁ ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨਾ ਕਰੇ। ਅਰੁ ਸਿੰਘ ਮੁਖਗਊ ਹੋਇ ਰਹੈ ਅਤੇ ਜੇ ਕੋਈ ਪੰਜ ਕਪੜੇ ਪਹਿਰ ਕਰਿ ਨਿਕਲੇ ਦੁਨੀਆ ਵਿਚ ਉਸ ਨੂੰ ਸਬਬੁ ਆਇ ਬਣੈ। ਅਰੁ ਕਦਾਂਚ ਜਾਣੈ, ਜੇ ਕੋਈ ਦੁਸਟ ਖੜਾ ਹੈ, ਪਿੱਛਾ ਛਡਦਾ ਨਾਹੀਂ। ਅਰੁ ਧਰਮ ਉਪਰਿ ਅਰੁ ਆਪਣੀ ਗਰੀਬੀ ਅਬਰੋਈ ਉਪਰ ਆਇ ਬਣੀ ਹੈ। ਅਰੁ ਜਬ ਜਾਣੈ ਜੋ ਕਿਸੀ ਸਬਬੁ ਰਹਦਾ ਨਾਹੀ, ਤਾਂ ਓੜਕ ਨੋ ਹਥੀਆਰੁ ਕਰ। ਪਰੁ ਇਕ ਫੁਰ ਕੀ ਢਿੱਲ ਨ ਕਰੇ। ਅਰੁ ਪਿੱਛਾ ਨਾ ਦੇਇ। ਅਰੁ ਕਦਾਂਚ ਜਾਣੇ ਜੋ ਮੇਰੀ ਰੱਛਿਆ ਗੁਰੂ ਬਾਬਾ ਕਰਦਾ ਹੈ। ਅਰੁ ਦਾਉ ਨਿਕਲਣੇ ਦਾ ਹੈ, ਤਾਂ ਨਿਕਾਲ ਰਖੈ, ਆਪ ਕਉ ਬਚਾਇ ਕੱਢੈ। ਅਰੁ ਕਦਾਂਚ ਜਾਣੈ ਮੁਝ ਤੇ ਹਥੀਆਰ ਕਹਨੇ ਕਾ ਪਰਾਕ੍ਰਮ ਨਹੀਂ ਅਰੁ ਆਈ ਬਨੀ ਹੈ, ਤਾਂ ਓਤ ਵਖਤ ਓਨ੍ਹਾਂ ਦੇ ਵਡਕੇ ਨੂੰ ਜਿਸ ਨੋ ਉਹ ਮੰਨਦੇ ਹੈਨਿ ਆਖਦੇ ਹੈਨਿ : ਜੋ ਅਸਾਨੂੰ ਅੰਤ ਕਾਲ ਸਹਾਈ ਹੋਂਦਾ ਹੈ, ਉਸ ਦਾ ਅਮਰੁ ਪਾਏ। ਜੇ ਨਾ ਮੰਨਹਿਗੇ ਤਾਂ ਦਰਗਾਹ ਕਰਤੇ ਪੁਰਖੁ ਦੀ ਸ਼ਰਮਿੰਦਾ ਕਰਾਊਂਗਾ, ਨਰਕ ਘੋਰ ਮੈਂ ਗੋਤੇ ਦਿਵਾਊਂਗਾ। ਅਰੁ ਜੋ ਜਾਨੈ ਅਪਨੇ ਧਰਮ ਉਪਰਿ ਆਈ ਬਣੀ ਹੈ, ਤਾਂ ਓਤ ਵਖਤ ਉਨ੍ਹਾਂ ਦੇ ਵਡਕੇ ਨੋ ਬੁਰਾ ਬੋਲੈ। ਪਰ ਤਦਿ, ਜਦਿ ਜਾਨੈ ਜੋ ਸਖਤੀ ਕਰਦੇ ਹੈਨਿ, ਬਚਦਾ ਕਿਵੈਂ ਨਾਹੀਂ। ਤਾਂ ਆਪਣਾ ਧਰਮੁ ਰਖੈ, ਉਨ੍ਹਾਂ ਦੇ ਵਡਕੇ ਨੂੰ ਬੁਰਾ ਬੋਲੈ। ਕਿਉਂ ਜੋ ਉਨ੍ਹਾਂ ਦੁਰਬਚਨਾਂ ਦਾ ਸਦਕਾ ਉਸੀ ਵਖਤਿ ਮਾਰਸਨਿ। ਕਿਉਂ ਜੇ ਏਹੁ ਮਰਨਾ ਆਪਣੇ ਧਰਮਿ ਪਰਿ ਹੈ, ਤਾਂ ਨਾਮੁ ਜਪੈ। ਅਰ ਇਨ੍ਹਾਂ ਮਲੇਛਾਂ ਕੀ ਸਾਇਤ ਨਜੀਕਿ ਆਇ ਲਾਗੀ ਹੈ। ਬਹੁਤ ਸਖਤੀ ਕਰਨਿਗੇ। ਪਰ ਇਹ ਵੀ ਅੰਤ ਨੂੰ ਸਜ਼ਾਇ ਭਾਰੀ ਪਾਵਨਿਗੇ। ਅਰ ਜੋ ਕੋਈ ਸਿਖ ਖਾਲਸੇ ਕਾ ਹੋਵੇਗਾ, ਸੋ ਆਪਸ ਮੋਂ ਪਿਆਰ ਕਰਨਾ। ਅਰੁ ਨੇਕੀ ਬਦੀ ਨੂੰ ਇਕੱਠੇ ਹੋਇ ਜਾਣਾ। ਅਰੁ ਜੇ ਇਕ ਸਿਖ ਉਪਰਿ ਆਈ ਬਣੈਗੀ, ਤਾਂ ਸਭੇ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ। ਤਬ ਸਿਖਾਂ ਦਾ ਫਲੁ ਹੋਇਗਾ। ਅਰੁ ਉਸ ਵਖਤ ਗੁਰੂ ਬਾਬਾ ਸ੍ਰੀ ਅਕਾਲ ਪੁਰਖੁ ਉਨ੍ਹਾਂ ਦੇ ਸਿਰ ਉਪਰਿ ਪਰਤਖ ਆਇ ਸਹਾਈ ਹੋਇਗਾ ਇਸ ਗੱਲ ਵਿਚ ਫੇਰੁ ਨਾਹੀਂ।

ਅਰੁ ਜੋ ਕੋਈ ਸਿਖ ਸ੍ਰੀ ਅਕਾਲ ਪੁਰਖ ਖਾਲਸੇ ਕਾ ਹੋਵੈ, ਤਿਸ ਕਉ 'ਸਿੰਘ ਜੀ' ਕਹਿ ਆਦਰੁ ਕਰੇ। ਸਿਰ ਕੇਸ ਰੱਖੈ, ਦੂਰਿ ਨ ਕਰੈ, ਭੱਦਣ ਨ ਕਰੈ।

ਇਹ ਰਹਿਤਾਂ ਇਸ ਗਰੰਥ ਬਿਚੈ ਹੁਕਮ ਹੋਆ ਹੈ। ਸੋ ਜਿਸ ਪ੍ਰਾਨੀ ਕਉ ਪ੍ਰਾਪਤਿ ਹੈਨਿ, ਸੋ ਉਸ ਮੋ ਬਾਸੁ ਗੁਰੂ ਬਾਬੇ ਕਾ ਹੋਇਗਾ। ਗੁਰੂ ਉਸਕਾ, ਉਹ ਗੁਰੂ ਕਾ। ਅਰੁ ਉਸ ਕੇ ਬਚਨਾਂ ਸਿਉਂ ਅਉਰ ਕਾ ਭਲਾ ਹੋਵੇਗਾ। ਅਰੁ ਜੋ ਕੋਈ ਸੁਨਿਕੈ ਮਨ ਬਿਖੈ

ਕਹੈ, 'ਜੋ ਗੁਰੂ ਇਨ੍ਹਾਂ ਰਹਿਤਾਂ ਦੀ ਰਹਤਿ ਕਰਾਏ, ਤਾਂ ਮੁਝ ਪਾਪੀ ਦਾ ਭੀ ਉਧਾਰੁ ਹੋਇ।' ਤਾਂ ਉਸ ਨੂੰ ਗੁਰੂ ਸ੍ਰੀ ਅਕਾਲ ਪੁਰਖ ਸਭਸ ਕਾ ਉਧਾਰੁ ਕਰੇਗਾ। ਅਰੁ ਇਕ ਜੋ ਬੇਮੁਖ ਹੋਵਨਿਗੇ, ਜੋ ਜਾਮਾ ਬਦਲਨੇ ਕੇ ਸਮੇਂ ਜੋ ਬਚਨ ਹੋਏ ਹੈਨਿ, ਸੋ ਮੰਨਹਿਗੇ ਨਾਹੀਂ, ਆਖਨਿਗੇ ਜੋ ਗੁਰੂ ਅਬ ਪੂਰਬ ਤੇ ਪੈਦਾ ਇਤਨਿਆਂ ਦਿਨਾਂ ਨੋ ਹੋਇਗਾ। ਅਰੁ ਮਨੁੱਖਾਂ ਨੋ ਗੁਰੂ ਕਰਿ ਬੈਠਾਇਨਿਗੇ। ਸ੍ਰੀ ਅਕਾਲ ਪੁਰਖ ਨੂੰ ਮੰਨਨਿਗੇ ਨਾਹੀਂ, ਆਖਨਿਗੇ ਜੋ ਕਹਾਂ ਹੈਂ ? ਕਿਛੁ ਨਦਰਿ ਆਵਦਾ ਹੈ ਅਰ ਆਖਨਿਗੇ 'ਅਸੀਂ ਪਰਤਖ ਗੁਰੂ ਕਾ ਦਰਸ਼ਨ ਕਰਨੇ ਹਾਂ!' ਅਰੁ ਜੋ ਕੋਈ ਹੁਕਮ ਮੰਨਿ ਕੈ ਸ੍ਰੀ ਅਕਾਲ ਪੁਰਖੁ ਗੁਰੂ ਨੂੰ ਆਪਣਾ ਕਰਿ ਜਾਣੇਗਾ ਉਸ ਕੇ ਜੀਅ ਕੇ ਲਾਗੂ ਹੋਨਿਗੇ। ਸੋ ਅੰਤ ਕਾਲਿ ਨੂੰ ਬਖਸ਼ੀਅਹਿੰਗੇ ਨਾਹੀਂ। ਭਾਰੀ ਸਜ਼ਾਇ ਪਾਵਹਿੰਗੇ। ਅਰੁ ਇਨ੍ਹਾਂ ਤੇ ਸਿਵਾਇ ਜੋ ਕੋਈ ਹੋਵੈਗਾ, ਸੋ ਸਭ ਬਖਸ਼ੀਐਗਾ ਮਿਲਾਈਐਗਾ। ਸੋ ਕਿਸ ਵਾਸਤੇ ? ਜੋ ਗੁਰੂ ਬਾਬੇ ਸਾਂਗ ਬਖਸ਼ਿਆ ਹੈ, ਇਹ ਜੋ ਅਸਲ ਜਾਮਾ ਹੈ, ਸੋ ਅਕਾਲ ਪੁਰਖ ਕਾ ਹੈ। ਸਭਸ ਕਾ ਉਧਾਰੁ ਕਰੈਗਾ। ਅਰੁ ਸਾਸਾਂ ਕਾ ਜਾਪੁ ਜਪੇ। ਸਾਸਿ ਸਾਸਿ ਜੋ ਪ੍ਰੀਤਿ ਲਗਾਵੇਗਾ, ਉਸ ਨੂੰ ਸਹਾਈ ਹੋਵੇਗਾ। ਇਸ ਜਾਮ ਕਾ ਦਰਸਨੁ ਗੁਰਮੁਖਾਂ ਨੋ ਅੱਠੇ ਪਹਰ ਹੋਇਗਾ। ਇਹ ਜਾਮਾ ਜੋਤਿ ਦਾ ਹੈ। ਜਬ ਦਰਸਨੁ ਹੋਇਗਾ ਤਬ ਸਭਸ ਸੋਂ ਜਨਾਈਏ, ਜੋ ਇਹ ਕਰਤਾ ਪੁਰਖ ਹੈ। ਅਰੁ ਦੀਵਾਨ ਲਗੇਗਾ, ਸੋ ਇਸੀ ਜਾਮੇ ਜੋਤਿ ਦਾ ਲਗੇਗਾ। ਅਚਰਜ ਰੂਪ ਹੋਇ ਕੇ ਉਧਾਰੁ ਕਰੇਗਾ ਕਈ ਜੀਆਂ ਕਾ, ਭਗਤਾਂ ਕਾ, ਅਪਰਾਧੀਆਂ ਕਉ ਨਿਸਤਾਰੇਗਾ। ਅਰੁ ਆਖਨਿਗੇ ਜੋ ਇਸ ਨੋ ਨਾਰਾਇਣ ਕਰਿ ਜਾਣੇਗਾ, ਸੋਈ ਉਧਰੇਗਾ। ਅਰੁ ਓਤਿ ਸਮੇਂ ਖਾਲਸੇ ਕੀ ਉਸਤਤਿ ਸੰਸਾਰ ਮੇਂ ਬਹੁਤ ਹੋਇਗੀ। ਫਿਰਿ ਓਹ ਜੋਤਿ ਦਾ ਜਾਮਾ ਉਧਾਰ ਕਰਿਕੇ ਅਲਿਪਤਿ ਹੋਇ ਜਾਵੇਗਾ। ਜਾਮਾ ਛਡੇਗਾ ਨਾਹੀਂ। ਕਿਸ ਵਾਸਤੇ ? ਜੋ ਜੋਤਿ ਦਾ ਹੋਵੇਗਾ। ਕਲਿਜੁਗ ਕੇ ਸਮੇਂ ਜੋ ਸਤਿਜੁਗ ਵਰਤੇਗਾ, ਸੋ ਤਿਸ ਸਮੇਂ ਜੋਗ ਜੁਗਤਿ ਕਾ ਇਸੀ ਜਾਮੇ ਜੋਤਿ ਦਾ ਪ੍ਰਗਾਸ ਹੋਵੇਗਾ। ਜੋ ਕਿਛੁ ਕਾਰਨ ਕਰਨਾ ਹੋਵੇਗਾ ਸੋ ਇਹ ਕਾਰਨ ਹੋਵੇਗਾ ਅਰ ਫੇਰਿ ਅਲਿਪਤ ਹੋਇ ਜਾਵੇਗਾ। ਅਰੁ ਜੋ ਸਿਖ ਗੁਰੂ ਅਕਾਲ ਪੁਰਖ ਦੇ ਹੋਵਨਿਗੇ, ਸੋ ਕਰਾਰ ਦੇ ਉਪਰ, ਬਚਨ ਪਰਿ, ਸੀਲ ਸੰਤੋਖ ਧਰਿ ਪੜੇ ਰਹਿਨਗੇ।

ਜਬ ਫੇਰਿ ਜੁਗ ਬਦਲੇਗਾ। ਅਰ ਤ੍ਰੇਤਾ ਜੁਗ ਆਵੇਗਾ, ਤਾਂ ਫੇਰਿ ਮਨੁੱਖ ਦਾ ਜਾਮਾ ਪਹਿਰ ਕਰਿ ਦੀਵਾਨ ਜਾਈਏਗਾ। ਉਸੀ ਭਾਂਤਿ ਪ੍ਰਪੰਚ ਸਾਂਗ ਕਰੀਐਗਾ। ਅਕਾਲ ਪੁਰਖੁ ਕੇ ਨਾਮ ਤੇ ਫੇਰਿ ਗੁਰੂ ਕਾ ਨਾਮ ਪਾਈਐਗਾ। ਕਲਿਜੁਗ ਮਹਿ ਜੋ ਆਪਨੇ ਸਿਖ ਕਰੀਅਹਿੰਗੇ, ਸੋ ਓਸ ਸਮੇਂ ਭੀ ਆਇ ਮਿਲਹਿੰਗੇ ਅਰੁ ਮਿਲਾਇਅਹਿੰਗੇ। ਅਰ ਪੈਰੀਂ ਪਾਈਅਹਿੰਗੇ। ਇਹ ਸ੍ਰੀ ਅਕਾਲ ਪੁਰਖ ਕੇ ਖੇਲ ਹੈਨਿ। ਜੋ ਭਾਵੈ ਸੋ ਕਰੈ। ਅਰੁ ਖਾਲਸਾ ਜੋ ਕੀਆ ਹੈ, ਸੋ ਗੁਰਮਤਿ ਕਮਾਵਨੇ ਕਉ ਕੀਆ ਹੈ। ਪਰੁ ਇਸ ਪ੍ਰਾਨੀ ਨੋ ਇਹੀ ਚਾਹੀਐ; ਜੋ ਕਛੁ ਗੁਰੂ ਫੁਰਮਾਇਆ ਹੈ, ਸੋ ਉਸ ਕਉ ਅਪਨੇ ਬਿਖੇ ਪਿਆਰ ਰਾਖੈ। ਅਉਰ ਬੀਚਾਰ ਕਿਸੀ ਬਾਤ ਕਾ ਨ ਕਰੇ। ਉਸ ਕੀ ਉਹੀ ਜਾਣੇ। ਇਸ ਕਾ ਇਸੀ ਮੋਂ ਭਲਾ ਹੈ। ਪਰ ਇਸ ਖਾਲਸੇ ਨੋ ਆਦਰੁ ਕਰੈ; ਭਉ ਕਰੇ, ਤਾਂ ਇਸ ਕਾ ਨਿਸਤਾਰਾ ਹੋਇ।

## ਦੁਤੀਆ ਧਿਆਉ

ਜੇ ਕੋਈ ਪ੍ਰਾਨੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਜੀ ਕਾ ਹੋਇਆ, ਚਾਹੈ, ਤਿਸ ਕਉ ਇਸ ਜੁਗਤਿ ਸਾਥ ਸਿਖ ਕਰੀਐ—ਪਹਿਲਾਂ ਦੇ ਕੜਾਹ ਕਰੇ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਕਾ। ਫਿਰ ਨਾਰੀਅਲ ਸਵਾ ਰੁਪੈਯਾ ਭੇਟ ਰਖ। ਫੇਰਿ ਉਹ ਪ੍ਰਾਨੀ ਨਵੇਂ ਕਪੜੇ ਪਹਨੇ। ਅਰੁ ਪਗੜੀ ਜਾਮਾ ਸਪੇਦ ਪਹਰੈ ਅਗਲਬੰਦੀ, ਉਸ ਉਧਰਿ ਕਛ ਪਹਰੇ ਸੁਪੇਦ। ਸੁਥਨ ਪੈਰਾਂ ਤੋਂ ਲੈ ਕੇ ਕਮਰ ਤਕ ਮੌਜਿਆਂ ਦੀ ਤਰਹ ਸਿਵਾਏ, ਪਹਰੇ, ਚੂੜੀ ਕੋਇ ਵਿਚਿ ਪਵੈ ਨਾਹੀਂ। ਫੇਰ ਪਟਕਾ ਬੰਨ੍ਹੇ। ਤਿਸ ਤੇ ਉਪਰੰਤ ਪੰਜੇ ਹਥਿਆਰ ਬੰਨ੍ਹੇ। ਖਾਲਸੇ ਵਿਚਿ ਆਇ ਬੈਠੇ। ਜੋ ਅਪਨੇ ਗ੍ਰਿਹ ਬਿਖੇ ਖਾਲਸੇ ਕੋ ਬੁਲਾਵੈ ਤਾਂ ਪੰਜ ਸਿਖ ਖਾਲਸੇ ਦੇ, ਅਥਵਾ ਸੱਤ ਬੁਲਾਵੈ। ਜੇ ਕੋਈ ਕੋਈ ਸਹਜ ਭਾਇ ਆਵੇ, ਤਾਂ ਆਵਨੇ ਦੇਇ। ਆਖੈ ਜੋ ਧਨ ਭਾਗ ਮੇਰੇ ਹੈਂ। ਫੇਰ ਪਾਹੁਲ ਖੰਡੇ ਦੀ ਕਰੀਐ। ਮਿਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ। 'ਵਾਹਗੁਰੂ ਸ੍ਰੀ ਅਕਾਲ ਪੁਰਖ ਤੇਗੀ ਸਰਣਿ। ਤ੍ਵ ਪ੍ਰਸਾਦਿ! ਖਾਲਸਾ ਤੇਰਾ ਹੋਇਆ, ਗੁਰ ਪ੍ਰਸਾਦਿ।' ਫੇਰਿ ਇਹ ਮੰਤਰ ਪਾਹੁਲ ਨਾਲਿ ਦੇ ਕਰ ਪੰਜ ਪਉੜੀ ਅਨੰਦੁ ਪੜ੍ਹਨਾ—ਫੇਰਿ ਅਰਦਾਸ ਕਰਨੀ, ਜੋ ਜੀ, ਅਰਦਾਸ ਸ੍ਰੀ ਅਕਾਲ ਪੁਰਖ ਕੇ ਖਾਲਸੇ ਪਾਸ ਹੈ—ਉਨਿ ਕੇ ਹਥ ਜੋੜਿ ਕੇ ਕਰੇ, ਜੋ—

'ਇਹ ਸਿਖ,ਸਰਣਿ ਸ੍ਰੀ ਅਕਾਲ ਪੁਰਖ ਕੀ ਆਇਆ ਹੈ। ਇਸ ਕੋ ਦਾਨ ਸਿਖੀ ਖਾਲਸੇ ਸ੍ਰੀ ਅਕਾਲ ਪੁਰਖ ਕਾ ਹੋਵੈ। ਮਨ ਇਸ ਦਾ ਜਮੱਯਤ ਨਾਲਿ ਰਹੈ। ਜੋ ਕਿਛੁ ਇਸ ਦੇ ਮਨੋਰਥ ਹੈਨਿ, ਸੋ ਪੂਰੇ ਹੋਣ।'

ਅਰੁ ਪ੍ਰੇਮ ਜਨੇਊ ਲੋਹੇ ਦਾ, ਅਥਵਾ ਸੁਇਨੇ ਦਾ ਗੁਰੂ ਦੇਇ। ਅਕੈ ਲੋਹੇ ਉਪਰਿ ਸੁਇਨੇ ਕਾ ਰੰਗੁ ਕਰਾਇ ਲਏ। ਅਰੁ ਜੋ ਸੋਇਨੇ ਦਾ ਪਾਏ, ਤਾਂ ਭੀ ਇਕ ਦੁਇ ਤਾਰਾਂ ਲੋਹੇ ਦੀਆਂ ਅਮੇਜ਼ ਕਰੇ। ਸੋਇਨੇ ਰੰਗੁ ਕਰਕੈ ਪਹਿਰਾਈਐ ਜੋ ਉਸ ਸਿਖ ਪਾਸ ਕਦਾਂਚ ਸ਼ਕਤਿ ਸਵਾ ਰੁਪੈਯਾ ਭੇਟ ਦੀ ਨ ਹੋਇ, ਹੋਰ ਸਿਖ ਉਪਰਿ ਬਚਨ ਹੈ; ਨ ਹੋਇ, ਤਾਂ ਯੌਂ ਕਰੇ: ਸਵਾ ਪੈਸਾ ਅਥਵਾ ਸੱਤ ਪੈਸੇ ਦਾ ਪ੍ਰਸ਼ਾਦ ਇਸ ਜੁਗਤਿ ਭੇਟ ਅਰਦਾਸ ਕਰੇ, ਅਰੁ ਕਪੜੇ ਧੁਵਾਇ ਪਹਨੇ, ਹਥਿਆਰ ਹੋਣ ਤਾਂ ਭਲਾ ਨਹੀਂ ਤਾਂ ਕਿਸੇ ਸਿਖ ਦੇ ਲੈ ਪਹਰੇ। ਜਬ ਉਹ ਸਿਖ ਪਾਹੁਲ ਲਏ ਇਉਂ।

ਉਸ ਦੇ ਉਪ੍ਰੰਤ ਕੇਸਰ ਉਸਦੇ ਕਪੜਿਆਂ ਉਪਰਿ ਛਿੜਕਿਐ। ਜੋ ਸਭ ਕਪੜਿਆਂ ਉਪਰ ਛਿੜਕਿਆ ਨਾ ਜਾਇ ਤਾਂ ਪਗੜੀ ਉਪਰਿ ਛਿੜਕੈ। ਅਰੁ ਪ੍ਰਸਾਦਿ ਉਸ ਦੇ ਮੂੰਹ ਪਾਈਐ। ਪੱਲੇ ਪਟਕੇ ਦੇ ਨਾਲੀਯੇਰ ਭੇਟ ਪ੍ਰਸਾਦਿ ਬੀੜੇ ਉਸ ਦੇ ਸਿਖ ਦੇ ਪਾਈਐ।੧।

## ਦੁਤੀਆ ਬਚਨ

ਜੇ ਕੋਈ ਆਪਨੀ ਅਰਦਾਸ ਖਾਲਸੇ ਵਿਚ ਕਰੇ, ਤਾਂ ਚਾਹੀਐ ਜੋ ਸਿਖ ਖਾਲਸੇ ਦੇ ਹੋਣ, ਸੋ ਸਭ ਅਪਨਾ ਹ੍ਰਿਦਾ ਸਭੇ ਠਉਰੋਂ ਤੇ ਸਭ ਚਿਤਵਨੀਆਂ ਤੇ ਉਸ ਵਖਤ ਇਕਾਗਰ ਕਰਨ। ਅਰੁ ਚਰਨ ਕੰਵਲ ਕੇ ਬਿਖੈ ਲੀਨ ਕਰਨ। ਲੀਨ ਕਰਕੇ ਅਰਦਾਸ

ਸੁਣਨ। ਅਧੀਨ ਹੋਇਕੇ, ਆਪਸ ਕੋ ਕਿਛੁ ਨ ਜਨਾਇਨ, ਕਰਨ ਜੋ ਇਹ ਸਿਖ ਅਰਦਾਸ ਕਰਦਾ ਹੈ, ਇਸ ਦੇ ਮਨੋਰਥ ਗੁਰੁ ਬਾਬਾ ਅਕਾਲ ਪੁਰਖ ਪੂਰੇ ਕਰੈ।

ਅਰੁ ਜਹਾਂ ਜਹਾਂ ਜਾਇ ਸੰਗੁ ਇਕੱਠੇ ਹੋਨੇ ਦਾ ਹੋਵੈ, ਉਥੈ ਆਪਸ ਮੈਂ ਅਦਬ ਭਾਉ ਪਿਆਰ ਕਰਨਾ। ਬੈਠਣਾ ਅਦਬ ਨਾਲਿ, ਬੋਲਣਾ ਅਦਬ ਨਾਲਿ, ਪ੍ਰਸ਼ਾਦ ਖਾਣਾ ਪੀਣਾ ਅਦਬ ਨਾਲਿ। ਐਸਾ ਅਦਬ ਭਾਉ ਕਰਨਾ ਆਪਸ ਵਿਚਿ ਜੋ ਜੈਸਾ ਸਿਖ ਗੁਰੂ ਦਾ ਅਦਬ ਕਰਦਾ ਹੈ। ਬਹੁਤ ਬੋਲਣਾ ਨਾਹੀਂ। ਬਾਣੀ ਸ਼ਬਦ ਨਾਲਿ ਪਿਆਰ ਰਖਣਾ। ਜੈਸਾ ਚੰਦ ਨਾਲਿ ਚਕੋਰ ਦਾ ਪਿਆਰ ਹੈ, ਜੈਸੇ ਦੀਪਕ ਨਾਲਿ ਪਤੰਗ ਦਾ ਹੈ। ਜੈਸਾ ਚੁੰਬਕ ਲੋਹੇ ਨਾਲਿ, ਜੈਸੇ ਊਂਙ ਸੇਜਾ ਨਾਲਿ ਹੈ, ਜੈਸੇ ਭੁਖ ਸੁਆਦ ਨਾਲਿ ਹੈ, ਜੈਸੇ ਚੀਟੀਆਂ ਦਲ ਨਾਲਿ ਹੈ, ਜੈਸੇ ਲੋਭੀ ਦਾ ਮਾਲ ਨਾਲਿ ਹੈ ਅਤੇ ਤੈਸੀ ਪ੍ਰੀਤ ਕਰਨੀ ਸ਼ਬਦ ਨਾਲਿ, ਚਰਨ ਕੰਵਲ ਨਾਲ, ਦਰਸ਼ਨ ਨਾਲ ਅਰੁ ਨਾਮੁ ਨਾਲਿ। ਅਰੁ ਜਤ ਸੰਤੋਖ, ਦਇਆ, ਧਰਮ ਖਿਮਾ ਮੈਂ ਰਹੇ।

ਅਰੁ ਬ੍ਰਤ ਰਖਣਾ ਹੈ, ਹੁਕਮ ਹੈ, ਕਿਆ ਬ੍ਰਤ ਰਖੈ ? ਅੱਖੀਆਂ ਕਾ, ਅਰ ਜਿਹਵਾ ਕਾ, ਸ੍ਰਵਣੋਂ ਕਾ, ਹਾਥੋਂ ਕਾ, ਇੰਦ੍ਰੀ ਕਾ, ਪੈਰੋਂ ਕਾ, ਨਾਸਕਾ ਕਾ, ਇਹ ਬ੍ਰਤ ਰਖੈ। ਅੱਖੀਆਂ ਕਰਿ ਪਰ ਤ੍ਰਿਆ, ਪਰ ਦਰਬ ਨ ਦੇਖੈ। ਜਿਹਬਾ ਕਰ ਮਿਥਿਆ ਨ ਬੋਲੈ, ਨਿੰਦਿਆ ਨ ਕਰੈ, ਅਰ ਸੁਆਦ ਨਾ ਚਖੈ ਬਹੁਤਾ, ਸਹਜ ਮੈ ਆਵੈ ਸੁ ਅੰਗੀਕਾਰ ਕਰੈ। ਸ੍ਰਵਣੋਂ ਕਰਿ ਪਰ ਨਿੰਦਿਆ ਨ ਸੁਨੈ। ਹਾਥੋਂ ਕਰ ਪਰ ਦਰਬ ਨ ਹਿਰੈ, ਪਰ ਤ੍ਰਿਆ ਨੂੰ ਨ ਲਾਏ। ਪੈਰਾਂ ਕਰਿ ਬੁਰੈ ਕਰਮ ਨੂੰ ਨ ਧਾਏ। ਇੰਦ੍ਰੀ ਕੋ ਸਿਵਾਇ ਅਪਨੀ ਇਸਤ੍ਰੀ ਸੁਆਦ ਨ ਦੇਇ—ਅੰਗੀਕਾਰ ਨ ਕਰੈ। ਨਾਸਕਾ ਕਰਿ ਜੋ ਬਾਸਨਾਂ ਬਿਖਿਆ ਮੈ ਲੇਤਾ ਹੈ, ਸੋ ਨ ਲੇਇ, ਬਾਸ ਲੇਇ ਅਰੁ ਧਿਆਨ ਸ੍ਰੀ ਗੁਰੂ ਕਾ ਕਰਿਕੈ ਇਹ ਬ੍ਰਤ ਜੋ ਪ੍ਰਾਨੀ ਸਿਖ ਰਖੇਗਾ, ਅੰਤ ਕਾਲ ਸਾਸ ਸੁਖਾਲੇ ਨਿਕਲਨਗੇ। ਅਰੁ ਸ੍ਰੀ ਅਕਾਲ ਪੁਰਖ ਚਿਤਿ ਆਵੈਗਾ। ਅੰਤ ਕਾਲ ਨੂੰ ਬਹੁਤੀ ਬਿਲਲਾਇਗੀ ਅਰੁ ਥਿਲਲਾਂਦੀ ਹੈ। ਸੁਰ, ਨਰ, ਮੁਨਿ ਜਨ, ਪੀਰ ਪਿਕੰਬਰ, ਸੰਨਿਆਸੀ, ਬ੍ਰਹਮਚਾਰੀ, ਕਉਨ ਕਉਨ ਕਹੀਐ, ਸਭੇ ਥਿਲਲਾਂਦੀ ਗਈ ਹੈ। ਮਤ ਅੰਤਿ ਕਾਲ ਭੀੜ ਪਵੈ।

ਮੂਲ ਇਸ ਸਿਖੀ ਦੀ—ਸੇਵਾ, ਭਾਉ-ਭਗਤੀ ਹੈ। ਜੋ ਕੋਈ ਸੰਗਤ ਖਾਲਸੇ ਬਿਖੈ ਆਵੈ, ਉਸ ਨੂੰ ਜਿਤ ਵਲਿ ਬੈਠਨੇ ਨੋ ਆਵੈ ਪੰਜ ਸੱਤਿ ਸਿਖ ਉਠਾ ਕੈ ਅਦਬਿ ਨਾਲਿ ਤਾਜ਼ੀਮ ਕਰਨ। ਆਪਸ ਮੈ ਬੈਠਾਇਨ ਭਾਉ ਕਰਿਕੇ। ਜੋ ਕੋਇ ਇਸ ਬੋਲਨੇ ਉਪਰਿ ਚਲੇਗਾ, ਸਿਖੀ ਪ੍ਰਾਪਤ ਹੋਇਗੀ, ਸੁਖਾਲਾ ਰਹੇਗਾ। ਗੁਰੂ ਬਾਬੇ ਕੀ ਦਰਗਾਹ ਵਿਚਿ ਖਾਲਸੇ ਵਿਚ ਵਾਸਾ ਹੋਵੇਗਾ। ਜੀਵਦਿਆਂ ਹੀ ਮੁਕਤਿ ਹੋਵੇਗੀ।

ਅਰੁ ਬਿਖਿਆ ਕਉ ਬਿਖਿਆ ਕਰਿ ਤਜੇ। ਕਿਉਂ ਕਰਿ ਜਾਨੈ ? ਜਿਉਂ ਲੋਕ ਕਹਤੇ ਹੋਤੇ ਹੈਂ ਜਿਤਨਾ ਹਸਤਾ ਹੈ, ਤਿਤਨਾ ਹੀ ਦਿਲਗੀਰ ਹੋਇਆ : ਇਹ ਬੁਰਾ ਹੈ ਅਰੁ ਏਕ ਅਉਰ ਭੀ ਹੈ ਜਿਉਂ ਕੋਈ ਅਛੀ ਬਸਤੁ ਹੋਤੀ ਹੈ ਸੁਆਦ ਕੀ ਅਰੁ ਬਹੁਤ ਖਾਂਦਾ ਹੈ ਅੰਤਿ ਅਜੀਰਨ ਹੋਤਿ ਹੈ ਅਰੁ ਬਹੁਤ ਦੁਖ ਪਾਵਤਾ ਹੈ। ਅਰੁ ਏਕ ਅਉਰ ਭੀ ਹੈ ਜਿਉਂ ਕਿਸੀ ਸੰਗਿ ਬੁਰਾ ਕਰਤਾ ਹੈ ਅਰ ਪਕੜੀਂਦਾ ਹੈ ਸਜ਼ਾਇ ਮਿਲਤੀ

ਹੈ, ਸ਼ਰਮਿੰਦਾ ਹੋਂਦਾ ਹੈ। ਅਰੁ ਕਰਤਾ ਸੁਖ ਕੋ ਹੈ ਪਰ ਅੰਤਿ ਦੁਖ ਪਾਂਵਦਾ ਹੈ, ਤਿਉਂ ਬਿਖਿਆ ਹੈ।

ਅਰ ਜੋ ਕੋਈ ਅਉਰ ਠਉਰ ਬਿਖੈ ਮਿਲੈ, ਸਿਵਾਇ ਮੇਲ ਖਾਲਸੇ ਕੇ ਤਉ ਮਰਾਤਬ ਸਿਰ ਮਿਲੈ, ਜਿਸ ਮਰਾਤਬ ਦਾ ਹੋਵੇ ਉਸ ਮਰਾਤਬ ਅਦਬ ਕਰੇ। ਅਥਵਾ ਸਿਖ ਖਾਲਸੇ ਦਾ ਹੈ, ਅਰ ਸੰਜੋਗ ਪਾਇ ਚਾਕਰ ਹੈ, ਤਾਂ ਉਸ ਸਾਥ ਰਹਤ ਬੇਟੇ ਪਿਤਾ ਕੀ ਕਰੇ। ਅਰੁ ਉਸ ਪਿਤਾ ਕਰਿਕੇ ਜਾਨੇ ਅਦਬ ਕਰੇ। ਅਰ ਗੁਰੂ ਆਪਣਾ ਸ਼ਬਦ ਬਾਣੀ ਕੋ ਜਾਣੇ। ਜੋ ਕਿਛੁ ਬੋਲਣਾ ਸ਼ਬਦ ਵਿਚ ਹੈ ਸੋ ਹੁਕਮ ਅਪਨੇ ਗੁਰੂ ਕਾ ਜਾਨੇ। ਜਿਉਂ ਦੀਵਾਨ ਪ੍ਰਤੱਖ ਹੋਂਦੇ ਮੰਨੀਂਦਾ ਹੈ, ਤਿਉਂ ਮੰਨੇ ਅਰ ਖਾਲਸੇ ਕੀ ਸੇਵਾ ਕਰੇ। ਜਉ ਗੁਰੂ ਕੀ ਸੇਵਾ ਸਿਖ ਕਰਦਾ ਹੈ। ਅਰ ਦੀਵਾਨ ਮਉਕੂਫ਼ ਦੇ ਸਮੇਂ ਵਾਹਗੁਰੂ ਨਿਰੰਕਾਰ ਪੁਰਖ ਕਾ ਸਿਖ ਖਾਲਸੇ ਵਿਚ ਹੋਵੇਗਾ, ਚਾਹੇਗਾ ਜੇ ਮੈਂ ਗੁਰੂ ਨਾਲਿ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ, ਸਭ ਨਿਸ਼ਾ ਹੋਵਸਿ ਅਰੁ ਜੋ ਚਾਹੈ ਕਿ ਦਰਸ਼ਨ ਕਰਾਂ। ਜਿਥੇ ਖਾਲਸਾ ਸੰਬੋਹ ਪੰਜ ਸੱਤ ਅਕੈ ਬਹੁਤ ਹੋਨਿ, ਉਥੇ ਜਾਇ ਕੇ ਅਦਬ ਨਾਲਿ ਦਰਸ਼ਨ ਕਰੇ, ਪ੍ਰਤੀਤ ਕਰਿ। ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇ। ਇਸ ਵਿਚ ਫੇਰ ਨਾਹੀਂ।

## ਤ੍ਰਿਤੀਆ ਬਚਨ

ਉਚਾ ਬੋਲਣਾ ਨਾਹੀਂ। ਨਿੰਦਿਆ, ਲੰਪਟਾਈ, ਬਿਸ਼੍ਵਾਸ-ਘਾਤ, ਲਾਇਤਬਾਰੀ, ਤਜਾਰੀ, ਤਾਤ ਪਰਾਈ, ਬਖੀਲੀ, ਹਿਰਸ, ਹਿੰਸਾ, ਅਹੰਕਾਰ, ਅਰੁ ਕਾਮ, ਕ੍ਰੋਧ, ਲੋਭ, ਤਮ੍ਹਾ ਨ ਕਰੇ, ਅਪਨੇ ਜਾਨਿ। ਅਰ ਅਪਨੇ ਵਾਸਤੇ ਮਿਥਿਆ ਨ ਬੋਲੇ। ਪਰ ਜੇ ਕਿਸੇ ਦਾ ਭਲਾ ਹੋਂਦਾ ਹੋਵੇ ਤਾਂ ਝੂਠ ਬੋਲਣਾ ਜੋਗ ਹੈ। ਅਰੁ ਜੇ ਕਿਸੇ ਦਾ ਕੰਮ ਆਪ ਤੇ ਜਾਨੇ ਹੋਂਦਾ ਹੈ, ਤਾਂ ਆਪਣਾ ਕੰਮ ਛਡਕੇ, ਉਸ ਦਾ ਕੰਮ ਕਰ ਦੇਇ। ਅਰੁ ਅਹਿਸਾਨ ਨ ਜਨਾਵੇ। ਜੋ ਕਿਛੁ ਬਿਉਹਾਰ ਦੁਨੀਆਂ ਦਾ ਹੋਵੈ, ਤਾਂ ਉਸ ਨੂੰ ਹੋਣਾ ਅਨਹੋਣਾ, ਗੁਰੂ ਬਾਬੇ ਨਿਰੰਕਾਰ ਤੇ ਜਾਣੇ। ਕਿਸੈ ਉਪਰਿ ਹਰਖ ਸੋਗ ਨ ਕਰੈ। ਪਰ ਤਲਾਇਸ਼ ਕਰਦਾ ਰਹੈ। ਅਰੁ ਹੱਸੇ ਨਾਹੀਂ। ਇਹ ਹੱਸਣਾ ਅੰਤਿ ਅਉਖਾ ਕਰਸੀ। ਅਰੁ ਜਿਸ ਨੂੰ ਹੱਸੈਗਾ, ਉਹ ਕੰਮ ਇਸ ਤੇ ਜਨਮ ਬਿਖੈ ਕਰਾਈਐਗਾ। ਤਿਸ ਤੇ ਹਸਣਾ ਨਾਹੀ। ਜੋ ਕੋਈ ਕਿਸੀ ਤੇ ਭਲਾ ਬੁਰਾ ਹੋਂਦਾ ਹੈ, ਹੁਕਮ ਪਾਇ ਕੈ। ਜੋ ਕਿਛੁ ਇਹ ਕਰੇ, ਸੋ ਅੰਤਿ ਕਾਲ ਉਪਰਿ ਨਦਰਿ ਕਰੇ, ਅਰੁ ਗੁਰੂ ਪਰਮ ਗੁਰੂ ਸਹਾਈ ਹੈ।੩।

## ਚਤੁਰਥ ਬਚਨ

ਅਬ ਇਸਤ੍ਰੀ ਕਾ ਜਾਮਾ ਚਾਹੈ, ਜੋ 'ਮੈਂ ਇਸ ਮਾਰਗ ਬਿਖੈ ਆਵਾਂ। ਅਰੁ ਸਿਖ ਖਾਲਸੇ ਸ੍ਰੀ ਅਕਾਲ ਪੁਰਖੁ ਕੀ ਹੋਵਾਂ।' ਇਸ ਜੁਗਤਿ ਹੋਵੈ, ਜੋ ਸੁਹਾਗਣਿ ਹੋਵੈ ਤਾਂ ਅਛੇ ਨਵੇਂ, ਅਕੇ ਧੋਏ ਹੋਏ ਕਪੜੇ ਹੋਣਿ, ਪਹਨੇ। ਚੋਲੀ ਜੋ ਪਹਿਨੇ, ਕਜਲੀ ਪਹਿਨੇ। ਕਜਲੀ ਕਿ ਜੇ ਅਸਤੀਨ ਜਾਮੇ ਦੀਆਂ ਚੂੜੀਆਂ ਦਾਰ ਹੋਂਦੀਆਂ ਹੈਨਿ, ਤਿਉ ਅਸਤੀਨ ਉਸਨੂੰ ਹੋਨਿ। ਅਰੁ ਦਾਵਨ ਕਮਰ ਤਕ ਨਾਭਿ ਤੇ ਤਲੇ ਤਕ ਚੁਨਿਆ ਹੋਇਆ ਹੋਇ। ਹੋਰ ਸਭੇ ਤਰਹ ਚੋਲੀ ਰਹਰਾਸਿ ਕਰਿਕੈ। ਇਕ ਸਿਖ ਗੁਰਮੁਖ ਭਲਾ,

ਉਸ ਸਿਖਣੀ ਨੂੰ ਪਾਹੁਲ ਦੇਇ। ਅਰੁ ਉਸੀ ਤਰਹ ਅਰਦਾਸ ਕਰਨ ਗੁਰਮੁਖੀ ਬਿਦਿਆ ਪੜ੍ਹੇ। ਸ਼ਬਦ ਬਾਣੀ ਨਾਲਿ ਪਿਆਰੁ ਰੱਖੇ ਪੜ੍ਹੇ। ਅਰੁ ਜੋ ਸਿਖਣੀਆਂ ਇਸ ਮਾਰਗੁ ਦੀਆਂ ਹੋਵਨ, ਆਪਸ ਮੈਂ ਮੇਲ ਕਰਨ, ਸ਼ਬਦ ਬੀਚਾਰਨ। ਜੇ ਆਪਨੇ ਭਰਤੇ ਦੀ ਸੇਵਾ ਕਰੇ, ਆਗਿਆ ਵਿਖੈ ਰਹੈ, ਸਿਖੀ ਕਾ ਦਾਨ ਹੋਇਗਾ।੪।

ਅਰੁ ਜੇ ਕੋਈ ਸਿਖ ਸਿਖ ਨੂੰ ਮਿਲੈ, ਤਾਂ ਆਪਸ ਮੋਂ ਪਹਿਲੇ ਆਖੈ 'ਫ਼ਤੇਹ ਵਾਹਗੁਰੂ ਸ੍ਰੀ ਅਕਾਲ ਪੁਰਖ ਜੀ ਕੀ ਸਰਨ।' ਅੱਗੋਂ ਬੋਲੈ ਦੂਸਰਾ ਸਿਖ ਆਖੇ—'ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ।'

# (੮) ਰਹਿਤਨਾਮਾ ਭਾਈ ਦੇਸਾ ਸਿੰਘ

ਸੋਰਠਾ

ਗੋਬਿੰਦ ਸਿੰਘ ਸਿਰ ਨਯਾਇ, ਪੁਨ ਗੁਰ ਚਰਨਨ ਧਯਾਨ ਧਰਿ।
ਬਰਨਨ ਕਰੋਂ ਬਨਾਇ, ਸਿੰਘਨ ਕੀ ਸ਼ੁਭ ਰਹਿਤ ਜੋ।੧।
ਪੂਛਉਂ ਗੁਰ ਤੇ ਜਾਇ.........।੨।
ਮਨ ਮਹਿੰ ਐਸੋ ਧਾਰ ਕਰ, ਅਰ ਉਠ ਕੈ ਤਹਿ ਆਪ
ਜਹਿੰ ਬੈਠੇ ਗੋਬਿੰਦ ਸਿੰਘ, ਜਾਂ ਕੌ ਵਡ ਪ੍ਰਤਾਪ।੩।
ਪ੍ਰਸ਼ਨ ਕਰਾ ਨੰਦ ਲਾਲ ਤਬ, ਸੁਨਹੁ ਦੇਵ ਗੁਰਦੇਵ।
ਸਭ ਸਿਖਨ ਕੀ ਰਹਿਤ ਕੋ, ਮੋਹ ਬਤਾਵਹੁ ਭੇਵ।੪।
ਤਬ ਬੋਲੇ ਗੋਬਿੰਦ ਸਿੰਘ, ਸਰਲ ਗਿਰਾ ਗੰਭੀਰ
ਸਭ ਸਿੰਘਨ ਕੀ ਰਹਿਤ ਜੋ, ਤੁਮਹਿ ਸੁਨਾਵਹੁ ਬੀਰ।੫।

ਸੋਰਠਾ

ਪ੍ਰਿਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।੬।
ਪਾਂਚ ਸਿੰਘ ਜੋ ਅੰਮ੍ਰਿਤ ਦੇਵੈਂ। ਤਾਂ ਕੋ ਸਿਰ ਧਰਿ ਛਕਿ ਪੁਨ ਲੇਵੈ।
ਪੁਨ ਮਿਲਿ ਪਾਂਚਹੁ ਰਹਤ ਜੁ ਭਾਖਹਿਂ। ਤਾਂ ਕੋ ਮਨ ਮੈਂ ਦ੍ਰਿੜ ਕਰਿ ਰਾਖਹਿ।੭।
ਕੁੜੀ ਮਾਰ ਆਦਿਕ ਹੈਂ ਜੈਤੇ। ਮਨ ਤੇ ਦੂਰ ਤਿਆਗੇ ਤੇਤੇ।
ਬਾਣੀ ਮਾਹਿ ਨੇਹੁ ਨਿਤ ਕਰਨੋ। ਚੁਗਲੀ ਨਿੰਦਾ ਅਰ ਪਰਹਰਨੋ।
ਪ੍ਰਥਮ ਰਹਤ ਏਹੀ ਹੈ ਕਹੀ। ਪਾਹੁਲ ਮੈਂ ਜੋ ਸਿੰਘਨ ਕਹੀ।
ਔਰ ਜੁ ਰਹਤ ਕਹੀ ਹੈ ਨਾਨ੍ਹਾ। ਸੋ ਤੁਮ ਆਗੇ ਕਰਹੁ ਬਖਾਨਾਂ।੯।
ਵਾਹ ਗੁਰੂ ਨਿਤ ਬਚਨ ਉਚਾਰੇ। ਵਾਹ ਗੁਰੂ ਕੋ ਹਿਰਦੈ ਧਾਰੇ।
ਆਗੇ ਆਵਤ ਸਿੰਘ ਜੋ ਪਾਵੈ। ਵਾਹਗੁਰੂ ਕੀ ਫਤਹਿ ਬੁਲਾਵੈ।੧੦।
ਪ੍ਰਾਤਹਿ ਉਠ ਇਸ਼ਨਾਨਹਿ ਕਰੈ। ਪੁਨ ਮੁਖ ਤੇ ਜਪੁ ਜਾਪੁ ਉਚਰੈ।
ਯਥਾਸ਼ਕਤਿ ਕਿਛ ਦੇਵਹਿ ਦਾਨ। ਸੋਈ ਸਿੰਘ ਹੈ ਪਰਮ ਸੁਜਾਨ।੧੧।
ਨਾਮ ਦਾਨ ਪ੍ਰਾਤੇ ਇਸਨਾਨਾ। ਜਿਨ ਗੁਰ ਕ੍ਰਿਪਾ ਤਿਨਹੁ ਇਹ ਜਾਨਾ।
ਦਸ ਨਖ ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮੈ ਆਵੈ।੧੨।
ਤਿਹਤੇ ਗੁਰ ਦਸਵੰਧ ਜੁ ਦੇਈ। ਸਿੰਘ ਸੁ ਜਸ ਬਹੁ ਜਗ ਮਹਿ ਲੇਈ।
ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।

ਆਪਨਿ ਇਸਤ੍ਰੀ ਸੋਂ ਰਤਿ ਹੋਈ। ਰਹਤਵੰਤ ਸਿੰਘ ਹੈ ਸੋਈ।੧੩।
ਕਾਮ ਕ੍ਰੋਧ ਮਾਨ ਮਦ ਲੋਭਾ। ਇਹ ਵੈਰੀ ਕਰ ਹੈ ਮਨ ਛੋਭਾ।੧੪।
ਇਨ ਕੋ ਹਠ ਕਰ ਜੀਵਤ ਕਰੈ। ਦਯਾ ਧਰਮ ਤਪ ਸੋ ਮਨ ਧਰੈ।
ਕਛ ਕ੍ਰਿਪਾਨ ਨ ਕਬਹੂੰ ਤਿਆਗੈ। ਸਨਮੁਖ ਲਰੈ ਨ ਰਣ ਤੇ ਭਾਗੈ।੧੫।
ਗੋ ਬ੍ਰਹਮਣ ਕੀ ਰੱਖਿਆ ਕਰੈ। ਤੁਰਕਨ ਸੋਂ ਅਤਿ ਹਠ ਕਰਿ ਮਰੈ।
ਤੁਰਕ ਦੇਖ ਨਹਿ ਸੀਸ ਨਿਵਾਵੈ। ਰਹਤਵੰਤ ਸੋ ਸਿੰਘ ਕਹਾਵੈ।੧੬।
ਹੈ ਅਨੰਦਪੁਰ ਪਰਮ ਸੁਹਾਵਨ। ਅੰਮ੍ਰਿਤਸਰ ਸ਼ੁਭ ਸਭ ਮਨ ਭਾਵਨ।
ਹਰਿਮੰਦਰ ਪਟਨੈ ਮੈਂ ਜੋਈ। ਦੱਖਣਿ ਅਬਚਲ ਨਗਰ ਸੋਂ ਹੋਈ।੧੭।
ਤਹਾ ਜਾਇ ਪ੍ਰਕਰਮਾ ਕਰੈ। ਯਥਾਸ਼ਕਤਿ ਕੁਛ ਭੇਟਾ ਧਰੈ।੧੮।
ਦੇ ਅਰਦਾਸ ਨਿਵਾਵੈ ਸੀਸ। ਮਨ ਮੈਂ ਧਯਾਵੈ ਗੁਰ ਜਗਦੀਸ।
ਜਹਾਂ ਖਾਲਸਾ ਬੈਠਾ ਪਾਵੈ। ਵਾਹਿਗੁਰੂ ਜੀ ਕੀ ਫਤੇ ਬੁਲਾਵੇ।੧੯।
ਪ੍ਰੇਮ ਸਹਤ ਜੋ ਦਰਸਨ ਕਰ ਹੈ। ਤੇ ਪੁਨ ਭਵ ਸਾਗਰ ਨਹਿ ਪਰ ਹੈ।
ਨੌਕਰ ਤੁਰਕਨ ਕਾ ਨਹਿੰ ਹੋਇ। ਤੁਰਕ ਸਲਾਮ ਕਰੇ ਨਹਿ ਕੋਇ।੨੦।
ਤੁਰਕਨ ਪਰ ਬਿਸ਼੍ਵਾਸ ਨ ਕਰੀਏ। ਕਰ ਮੈਤ੍ਰੀ ਨਹਿ ਬਿਵਹਰੀਏ।
ਨੌਕਰ ਹੋਇ ਖਾਲਸੇ ਕੇਰਾ। ਜਿਨ ਮਿਲਿਆਂ ਸੁਖ ਹੋਇ ਘਨੇਰਾ।੨੧।
ਜਿਨ ਦਰਸ਼ਨ ਕਰ ਪਾਪ ਮਿਟਾਂਹੀ। ਮਨ ਪ੍ਰਸੰਨ ਕੁਛ ਚਿੰਤਾ ਨਾਹੀ।
ਗੁਰੂ ਸਰੂਪ ਖਾਲਸਾ ਹਈਏ। ਜਿਨ ਕੀ ਟਹਿਲ ਪਰਮਸੁਖ ਲਹੀਏ।੨੨।

ਦੋਹਰਾ

ਨੌਕਰ ਹੋਇ ਨਾ ਸਕਈ ਕਰੈ ਸੁ ਆਨ ਉਪਾਇ।
ਜਿਹ ਬਿਧਿ ਰਹਤ ਨ ਨਾਸ ਹੋਇ, ਸੋਈ ਟਹਿਲ ਕਮਾਇ।੨੩।
ਖੇਤੀ ਵਣਜ ਵ ਸਿਲਪ ਬਣਾਵੈ। ਔਰ ਟਹਿਲ ਜੋ ਮਨ ਮੋ ਭਾਵੈ।
ਦ੍ਰਿੜ ਹੁਈ ਸੋਇ ਕਾਰ ਕਮਾਵੈ। ਚੋਰੀ ਡਾਕੇ ਕਬਹਿ ਨ ਜਾਵੈ।੨੪।
ਬੇਸਯਾ ਬਿਖਯਾ ਜੂਆ ਤਜੈ। ਮਛਲੀ ਮਾਸ ਨ ਕਬਹੂ ਭਜੈ।
ਘਰ ਮੋ ਸਾਧ ਸਿੰਘ ਜੋ ਆਈ, ਤਿਨ ਕੀ ਬਹੁ ਬਿਧਿ ਸੇਵ ਕਰਾਈ।੨੫।
ਚਰਨ ਧੋਇ ਪ੍ਰਸਾਦ ਜਿਵਾਵੈ। ਹਰਿ ਕੇ ਭਾਵ ਸਭਨ ਮੋ ਲਿਆਵੈ।੨੬।

ਦੋਹਰਾ

ਪਾਠ ਗ੍ਰੰਥ ਕੋ ਹੋਇ ਜਹਿੰ ਜਹਿੰ ਹਰਿ ਕਥਾ ਬਖਾਨ।
ਤਹ ਕਛੁ ਅਵਰ ਨ ਬੋਲਈ, ਸੁਨੀਏ ਲਾਇ ਧਿਆਨ।੨੭।

ਚੌਪਈ

ਅਪਨੇ ਬਰਣ ਹੋਇ ਹੈ ਜੋਈ। ਵਰਣ ਸਸੁਰ ਕਾ ਹੁਇ ਹੈ ਸੋਈ।
ਤਿਹ ਕੁਲ ਕੀ ਕੰਨਯਾ ਪਰਣਾਵੈ। ਧਰੇ ਪਯਾਰ ਤਾਂ ਨੇਹੁ ਬਢਾਵੈ।੨੮।
ਮੁਸਲੀ ਡੂਮਣਿ ਦੂਤੀ ਚੇਲੀ। ਬਿਭਚਾਰਨਿ ਜੋ ਫਿਰਹਿ ਇਕੇਲੀ।
ਅਵਰ ਜੁ ਆਨ ਵਰਣ ਕੀ ਨਾਰਿ। ਇਨ ਸੋਂ ਸਿੰਘ ਨ ਕਰੇ ਪਿਆਰ।੨੯।

ਪਜਾਰ ਕਰੈ ਹੋਵਹਿ ਕੁਲ ਹਾਨੀ। ਤਾਂ ਤੇ ਇਨ ਕੌ ਤਜੈ ਗਯਾਨੀ।
ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ।੩੦।
ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਜੋ ਸਿੰਘ ਬਿਸੇਖੈ।
ਰਤੀ ਅਫੀਮ ਜੁ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਗ।੩੧।
ਇਸਤੇ ਅਧਿਕ ਨ ਅਮਲ ਵਧਾਵੈ। ਵਧੇ ਅਮਲ ਤਉ ਨਰ ਦੁਖ ਪਾਵੈ।
ਬਕਰਾ ਝਟਕਾ ਛਕੇ ਤਾਂ ਛਕੈ। ਔਰ ਮਾਸ ਵਲ ਕਬੀ ਨ ਤਕੈ।੩੨।
ਸ਼ਸਤ੍ਰਹੀਨ ਕਬਹੂ ਨਹਿ ਕੋਈ। ਰਹਤਵੰਤ ਖਾਲਸਾ ਸੋਈ।
ਸੰਨਿਆਸੀ ਬੈਰਾਗੀ ਜੋ ਵੈ। ਔਰ ਉਦਾਸੀ ਜੋਗੀ ਤੇ ਵੈ।੩੩।
ਜੰਗਮ ਬਾਮੀ ਅਵਰ ਜਿ ਕੇਈ। ਤਾਂ ਕਾ ਜੂਠਾ ਕਬੀ ਨ ਲੇਈ।
ਖਟ ਦਰਸਨ ਕੀ ਸੇਵਾ ਕਰੇ। ਗੁਰੂ ਭਾਵ ਨਹਿ ਇਨ ਮੋ ਧਰੇ।੩੪।
ਪਰਮਾਰਥ ਗੁਰੂ ਏਕੋ ਕਹਿਓ। ਜਿਨ ਕੇ ਘਰ ਬਸ ਗੁਨ ਕਛੁ ਲਹਿਓ।
ਠਾਕੁਰ ਜਾਨ ਸਕਲ ਸੋ ਸੇਵੈ। ਭਾਵ ਸਹਿਤ ਕੁਛ ਕਰ ਤੇ ਦੇਵੈ।੩੫।
ਗੁਰਮੁਖੀ ਅੱਖਰ ਜੇ ਹੈਂ ਭਾਈ। ਸਿੰਘ ਸਿੰਘ ਤੇ ਸੀਖਹਿ ਜਾਈ।
ਔਰ ਜੁ ਬਿਦਯਾ ਜਹ ਤਹ ਹੋਈ। ਅਵਰਨ ਤੇ ਭੀ ਲੇਵਹੁ ਸੋਈ।੩੬।

ਦੋਹਰਾ

ਪ੍ਰਾਤਹ ਉਠ ਇਸਨਾਨ ਕਰਿ, ਪੜ੍ਹਹਿ ਜਾਪੁ ਜਪੁ ਦੋਇ।
ਸੌਦਰ ਕੀ ਚੌਂਕੀ ਕਰੇ, ਆਲਸ ਕਰੈ ਨ ਕੋਇ।੩੭।
ਪਹਰਿ ਰਾਤ ਬੀਤ ਹੈ ਜਬਹੀ। 'ਸੋਹਲਾ' ਪਾਠ ਕਰੈ ਸੋ ਤਬਹੀ।
ਦੂਹੂੰ ਗ੍ਰੰਥ ਮੈਂ ਬਾਨੀ ਜੋਈ। ਚੁਨ ਚੁਨ ਕੰਠ ਕਰੇ ਨਿਤ ਸੋਈ।੩੮।
ਦਸਮੀ ਆਦਿ ਗੁਰੂ ਦਿਨ ਜੇਤੇ। ਪੁਰਬ ਸਮਾਨ ਕਹੇ ਹੈਂ ਤੇਤੇ।
ਤਿਨ ਮੋ ਕਛੁ ਪ੍ਰਸਾਦਿ ਬਣਾਵੈ। ਕਰਿ ਕੜਾਹ ਖਾਲਸੇ ਖਵਾਵੈ।੩੯।
ਯਥਾਸ਼ਕਤਿ ਅਰਦਾਸਿ ਭਿ ਦੇਵੈ। ਖਾਲੀ ਹਾਥ ਨਾ ਕਬਹੂੰ ਸੇਵੈ।
ਆਪ ਸਿੰਘ ਜੋ ਰਾਜਾ ਹੋਈ। ਨਿਰਧਨ ਸਿੰਘਨ ਪਾਲੈ ਸੋਈ।੪੦।
ਨਿਰਧਨ ਖਾਲਸੇ ਨੇਹੁ ਲਗਾਵੈ। ਧਨ-ਬਾਜ਼ੀ[1] ਦੇ ਪ੍ਰੀਤਿ ਬਢਾਵੈ।
ਪਰਦੇਸੀ ਸਿੰਘਨ ਜਬ ਦੇਖੈ। ਇਨ ਕੀ ਸੇਵਾ ਕਰੈ ਬਿਸੇਖੈ।੪੧।
ਭਾਉ ਧਨ ਦੇ ਬਿਦਾ ਸੋ ਕਰੇ। ਰਹੇ ਪਾਸ ਤੇ ਤੋ ਨਿਤ ਅਨੁਸਰੇ।
ਮਧੁਰ ਬਚਨ ਸਬਹਨ ਸੰਗ ਭਾਖੈ। ਚਾਕਰ ਸਿੰਘਨ ਹੀ ਕੋ ਰਾਖੈ।੪੨।
ਸਿੰਘ ਸਿੰਘ ਸੋਂ ਨੇਹੁ ਸੁ ਕਰਨੋ। ਬੈਰ ਭਾਵ ਮਨ ਤੇ ਪਰਿਹਰਨੋ।
ਸਿੰਘ ਸਿੰਘ ਪਰ ਸ਼ਸਤ੍ਰ ਨ ਕਰੇ। ਜਾਨ ਗੁਰੂ ਖਾਲਸੇ ਤੇ ਡਰੇ।੪੩।

ਦੋਹਰਾ

ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ।
ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ।੪੪।

---

੧. ਘੋੜੇ।

ਰਣ ਮੋ ਚਲੇ ਤੇ ਮਦਰਾ ਸੇਵੈ। ਅਵਰ ਦਿਵਸ ਕਹੂੰ ਨਾਮ ਨ ਲੇਵੈ।
ਰਣ ਕੋ ਪਾਇ ਸਿੰਘ ਜਿਉਂ ਗਰਜੈ। ਸਨਮੁਖ ਲਰੇ ਮਲੇਛਨ ਬਰਜੈ।੪੫।
ਰਣ ਕੋ ਜਾਇ ਨ ਕਬਹੂੰ ਭਾਗੇ। ਲਰੈ ਤੁਰਕ ਸੋ ਸੋਆ ਜਾਗੇ।
ਛਤ੍ਰੀ ਕਰਮ ਸੁ ਦ੍ਰਿੜ ਕਰਿ ਧਾਰੈ। 'ਮਾਰ ਮਾਰ' ਰਣ ਮਾਹਿ ਉਚਾਰੈ।੪੬।
ਡਰੈ ਨ ਨੈਕੁ ਨਿਡਰ ਹੋਇ ਲਰੇ। 'ਮਾਰਹੁੰ ਵੈਰੀ' ਇਹ ਜੀਅ ਧਰੇ।
ਜੋ ਕਬਹੂ ਰਣ ਪ੍ਰਾਣਹਿ ਜਾਵੈ। ਨਿਸਚੇ ਸੋ ਬੈਕੁੰਠ ਸਿਧਾਵੈ।੪੭।
ਰਣ ਸ਼ਤਰੁਨ ਜੋ ਜੀਤੇ ਕਬਹੂੰ। ਜਗ ਮੋਂ ਜਸ ਪਾਵਹਿ ਗੋ ਤਬਹੂੰ।
ਤਾਂ ਤੇ ਜੁਧ ਮਹਾਂ ਦ੍ਰਿੜ ਹੋਈ। ਰਣ ਮੋ ਤਜਿ ਨਹਿ ਭਾਗੈ ਸੋਈ।੪੮।
ਜੋ ਕਬਹੂੰ ਰਣ ਤੇ ਮਨ ਡਰੈ। ਕ੍ਰਿਖੀ ਆਦਿ ਕਰਿ ਜੀਵਕਾ ਕਰੈ।
ਚਾਰ ਵਰਨ ਮੋ ਨਰ ਹੈਂ ਜੇਤੇ। ਕਰਿ ਉਪਦੇਸ ਪਰੇਰੇ ਤੇਤੇ।੪੯।
ਜਿਉਂ ਕਿਉਂ ਕਰ ਤਿਨ ਸਿੰਘ ਬਨਾਵੈ। ਮਾਨੈ ਨਹਿਂ ਤਹਿਂ ਲੋਭ ਦਿਖਾਵੈ।
ਕੁਟੰਬ ਮਾਹਿ ਨਹਿ ਅਤਿ ਮਨ ਦੇਈ। ਗੁਰ ਕੇ ਚਰਣ ਨਿਰੰਤਰ ਸੇਈ।੫੦।
ਪ੍ਰਾਰਬਧ ਪਰ ਨਿਸਚੈ ਰਾਖੈ। ਅਤਿ ਧਨ ਤ੍ਰਿਸਨਾ ਮਨ ਤੇ ਨਾਖੈ।
ਲੀਲ੍ਹਾ ਲਖਿਓ ਸੋ ਆਪਹਿ ਆਵੈ।.....੫੧।
ਮਨ ਚੋਖਾ ਕਰਿ ਬਰਖਤ ਹੋਈ। ਰਣ ਤਾਤਾ ਘਰ ਸੀਅਰਾ ਹੋਈ।
ਸਰਲ ਬਚਨ ਮਨ ਰਿਜ[੧], ਮੁਖ ਮੀਠਾ। ਗੁਰ ਕੈ ਚਰਨ ਲਗਾਵੈ ਡੀਠਾ।੫੨।
ਕਰੁਣਾ ਮੁਦਿਤਾ ਮੈਤ੍ਰੀ ਏਹ। ਇਨ ਸੋਂ ਕਰੇ ਨਿਰੰਤਰ ਨੇਹੁ।
ਨਿਮਤ ਸੁਭਾਵ ਨ ਕਬਹੂੰ ਤਿਆਗੈ। ਦੂਰਜਨ ਦੇਖ ਦੂਰ ਤੇ ਭਾਗੈ।੫੩।
ਦੁਰਜਨ ਕੀ ਸੰਗਤਿ ਸੁਖ ਨਾਹੀ। ਕਰ ਬਿਚਾਰ ਦੇਖਹੁ ਮਨ ਮਾਂਹੀ।
ਕਾਮ ਕ੍ਰੋਧ ਲੋਭ ਮਦ ਮਾਨ। ਇਨ ਕੋ ਥੋਰੇ ਕਰੇ ਸਯਾਨ।੫੪।
ਬਿਨੈ ਬਿਬੇਕ ਧਰਮ ਦ੍ਰਿੜ ਰਾਖੈ। ਮਿਥਯਾ ਬਚਨ ਨ ਕਹਬੂੰ ਭਾਖੈ।੫੫।

ਦੋਹਰਾ

ਲਰਕਨ ਸਿਉਂ ਮਿਤ੍ਰਾਇਗੀ, ਯੁਵਤਿਨ ਸਿਉਂ ਬਹੁ ਬਾਤ।
ਦੂਰਜਨ ਕੀ ਸੰਗਤ ਕੀਏ, ਕਹੋ ਕਹਾਂ ਕੁਸਲਾਤ।੫੬।
ਗੁਰ ਸਰਧਾ ਦ੍ਰਿੜ ਭਗਤਿ ਕਮਾਵੈ। ਵਹੀ ਖਾਲਸਾ ਸਦ ਗਤਿ ਪਾਵੈ।
ਧਨ ਕੀਰਤਿ ਸੁਖ ਰਾਜ ਵਡਾਈ। ਯੁਵਤੀ ਸੁਤ[੨] ਵਿਦਯਾ ਬਹੁ ਭਾਈ।੫੭।
ਏ ਸਬ ਦਾਤ ਗੁਰੂ ਕੀ ਜਾਨੈ। ਤਾਂ ਤੇ ਨਹਿ ਅਭਿਮਾਨਹਿ ਠਾਨੈ।
ਮੈਂ ਮੇਰਾ ਇਹ ਕਬਹੂੰ ਨ ਕਹੈ। ਸਦਾ ਅਧੀਨ ਗੁਰੂ ਕੇ ਰਹੈ।੫੮।
ਜੋ ਅਸਮਰਥ ਹੋਇ ਹੈ ਭਾਈ। ਕਾਨ ਮੂੰਦ ਕਹੂੰ ਜਾਇ ਪਲਾਈ।੫੯।
ਗੁਰ ਕੀ ਨਿੰਦਾ ਸੁਨੈ ਜਿ ਕਾਨ। ਮਹਾਂ ਦੋਖ ਤਿਨ ਬੇਦ ਬਖਾਨ।
ਜਗਤ ਮਾਹਿ ਪੰਥ ਹੈਂ ਜੇਤੇ। ਕਬਹੀ ਨਿੰਦਹਿ ਨਾਹੀ ਤੇਤੇ।੬੦।
ਸਬੈ ਪੰਥ ਹੈਂ ਹਰਿ ਕੋ ਧਾਮ। ਜਿਮ ਬਸ ਲੇਹਿ ਹੈਂ ਹਰਿ ਕੋ ਨਾਮ।
ਨਿੰਦਾ ਚੁਗਲੀ ਔਰ ਅਸੂਯਾ[੩]। ਦੀਰਘ ਕਲਹ ਭਾਉ ਜੋ ਦੂਆ।੬੧।

---

੧. ਸਿੱਧਾ ਸਾਦਾ। ੨. ਇਸਤਰੀ ਪੁੱਤ੍ਰ। ੩. ਈਰਖਾ।

ਇਨ ਕੋ ਮਨ ਤੇ ਦੂਰੀ ਕਰੈ। ਰਾਗ ਦ੍ਵੈਖ ਨਹਿ ਮਨ ਤੇ ਧਰੈ।
ਮੋਹਰ ਤੁਰਕ ਪ੍ਰਸਾਦਹਿ ਪਾਵੈ। ਕਰਦ ਭੇਟ ਬਿਨ ਕਬਹੂੰ ਨ ਖਾਵੈ।੬੨।
ਜੋ ਕਤਹੂੰ ਪ੍ਰਸਾਦਹਿ ਪਾਵੈ। ਕਰਦ ਭੇਟ ਬਿਨ ਕਬਹੂੰ ਨ ਖਾਵੈ।
ਜੋ ਪ੍ਰਸਾਦਿ ਕਾ ਬਾਟਾਂ ਕਰਈ। ਸਮ ਵਰਤਾਰਾ ਸਭ ਕਰ ਧਰਈ।੬੩।
ਘਾਟ ਬਾਢ ਕਤਹੂੰ ਨਹਿ ਦੇਵਹਿ। ਰਹਤਵੰਤ ਸਿੰਘ ਸੋ ਲੇਵਹਿ।
ਬਾਢੀ ਲੇਕਰ ਨਸਾਯ ਨ ਕਰੀਏ। ਝੂਠੀ ਸਾਖਾ[1] ਕਬਹੂੰ ਨ ਭਰੀਏ।੬੪।

ਦੋਹਰਾ

ਜੋ ਪ੍ਰਸਾਦ ਛਕਨੇ ਲਗੋ, ਹਾਥ ਸੁਚੇਤ ਕਰੇਇ।
ਏਕਾਕੀ ਵਹ ਖਾਇ ਨਹਿ, ਅਵਰਨ ਕੋ ਭੀ ਦੇਇ।੬੫।
ਬਹੁ ਸਿੰਘਨ ਮਿਲ ਭੋਜਨ ਕੀਜੈ। ਐਸੋ ਹੀ ਸੁਠ ਜਗ ਜਸ ਲੀਜੈ।
ਜਬ ਜਬ ਰਵਨੇ[2] ਸਿੰਘ ਫਿਰੇਹੀ। ਜਲ ਭਰ ਹਾਥ ਕਮੰਡਲ ਲੇਈ।੬੬।
ਪੁਨ ਜਲ ਮਿਦ ਸੋ ਮਾਰਜਨ ਕਰੇਈ[3]। ਤਬ ਹੀ ਸ਼ਸਤ੍ਰ ਦੇਹ ਧਰੇਈ।
ਪ੍ਰਾਤ ਇਸ਼ਨਾਨ ਜਤਨ ਸੋ ਸਾਧੇ। ਕੰਘਾ ਕਰਦ ਦਸਤਾਰਹਿ ਬਾਂਧੇ।੬੭।
ਚਾਰ ਘੜੀ ਜਬ ਦਿਵਸ ਰਹਾਈ। ਪੰਚ ਇਸਨਾਨਾ ਪੁਨਹ ਕਰਾਈ।
ਕੰਘਾ ਕਰਦ ਦਸਤਾਰ ਸਜਾਵੈ। ਇਹੀ ਰਹਤ ਸਿੰਘਨ ਸੋ ਭਾਵੈ।੬੮।
ਏਕ ਪਾਖ ਬੀਤੇ ਹੈ ਜਬਹੀ। ਦਧੀ ਸੋਂ ਕੇਸ ਨ੍ਹਵਾਵੈ ਤਬਹੀ।
ਕੇਸਨ ਧੂਪ ਦੇਇ ਸੁਚ ਪਾਵਨ। ਹੈ ਇਹ ਗੁਰੂ ਕੀ ਮੋਹਰ ਸੁਹਾਵਨ।੬੯।
ਬੀਸ ਦਿਨ ਗਏ ਬਸਨ ਧੁਲਾਵੈ। ਭੂਖ ਲਗੇ ਤਬ ਭੋਜਨ ਖਾਵੈ।
ਯਾ ਸਿਛਾ ਹੈ ਗੁਰ ਨੇ ਬਰਨੀ। ਸ਼ਸਤ੍ਰ ਬਿਨਾ ਅਰਦਾਸ ਨ ਕਰਨੀ।੭੦।
ਰਹਤਵੰਤ ਸਿੰਘ ਹੈ ਜੋਈ। ਕਰ ਉਪਾਇ ਧਨ ਖਾਟੈ ਸੋਈ।
ਤਾਂਹੀ ਕਰ ਘਰ ਕੋ ਨਿਰਬਹੈ। ਪੂਜਾ ਭੂਲ ਨ ਕਬਹੂੰ ਗਹੈ।੭੧।
ਧਰਮਸਾਲ ਕੀ ਝਾਂਕ ਨ ਕਰਨੀ। ਮਹਾਂ ਦੋਖ ਹੈ ਗੁਰ ਨੇ ਬਰਨੀ।
ਜੇ ਕੋ ਸਿੰਘ ਪੂਜਾਰੀ ਅਹੈ। ਸੋ ਭੀ ਪੂਜਾ ਬਹੁਤ ਨ ਗਹੈ।੭੨।
ਤਨ ਨਿਰਬਾਹ ਮਾਤ੍ਰ ਸੋ ਲੇਵੈ। ਅਧਿਕ ਹੋਇ ਤਉ ਜਹਿੰ ਤਹਿੰ ਦੇਵੈ।
ਬਹੁਤੀ ਹੋਇ ਤ ਦੇਗ ਕਰਾਵੈ। ਨਾਤਰ ਗੁਰਦੁਆਰਾ ਪਰ ਲਾਵੈ।੭੩।
ਅਥਵਾ ਸਦਾ ਬ੍ਰਤ ਕੋ ਦੇਈ। ਸੁਤ ਯੁਵਤੀ[4] ਹਿਤ ਕਦੇ ਨ ਲੇਈ।
ਜੇ ਪੂਜਾ ਕੋ ਆਪੇ ਖਾਈ। ਧਰਮ ਅਰਥ ਜੜ ਦੇਵਹਿੰ ਨਾਹੀ।੭੪।
ਤਿਨਹਿ ਕਲੇਸ਼ ਹੋਇੰਗੇ ਜੇਈ। ਤਾਂ ਦੁਖ ਕੋ ਜਾਨੈਗੇ ਤੇਈ।
ਜੇ ਕੁਰਹਿਤੀਏ ਜਗ ਦਰਸਾਵਤ। ਪਾਹੁਲ ਪੀਇ ਕੁਕਰਮ ਕਮਾਵਤ।
ਤਿਨ ਸੋਂ ਬਰਤਨ ਨਾਹਿ ਮਿਲਾਵੈ। ਰਹੈ ਅਲਗ ਪਰਮ ਸੁਖ ਪਾਵੈ।੭੫।

ਦੋਹਰਾ

ਬਹੁਤ ਭਾਂਤ ਕਾ ਖਾਲਸਾ, ਕਹਿੰ ਲਗ ਕਰਉਂ ਬਖਾਨ।
ਰਹਤਵਾਨ ਸੁਭ ਸਿੰਘ ਜੋ, ਤਿਨ ਸੋ ਲੇਇ ਪਛਾਨ।੭੬।

---

੧. ਗਵਾਹੀ। ੨. ਜੰਗਲ ਪਾਣੀ। ੩ ਮਿੱਟੀ ਨਾਲ ਮਾਂਜੇ। ੪. ਪੁੱਤ੍ਰ ਇਸਤ੍ਰੀ।

ਚੌਪਈ

ਜਹਿ ਦੀਵਾਨ ਸਿੰਘਨ ਕੋ ਭਾਰੀ। ਰਹਤਵੰਤ ਜਹ ਸਿੰਘ ਹਜਾਰੀ।
ਸਿੰਘਨ ਕੋ ਦਲ ਜਹਾਂ ਫਿਰਾਹੀ। ਰਹਤਵੰਤ ਜਹ ਸਿੰਘ ਸਬਾਹੀ।੭੭।
ਪਾਂਚ ਬਰਖ ਲੌਂ ਤਹਾਂ ਰਹੀਜੈ। ਸਿੰਘਨ ਸੇਵਿ ਭਲੀ ਬਿਧਿ ਕੀਜੈ।
ਮਨ ਦ੍ਰਿੜ੍ਹ ਰਾਖਹਿ ਭਗਤਿ ਕਮਾਵੈ। ਪੂਰਨ ਰਹਤ ਤਹਾਂ ਤੇ ਪਾਵੈ।੭੮।
ਜਬ ਪਹਿਲੇ ਸਬ ਸ੍ਰਿਸਟਿ ਉਪਾਈ। ਤਬ ਹੀ ਮਾਨੁਖ ਦੇਹਿ ਬਨਾਈ।
ਤਨ ਇਸ ਕੇ ਸਿਰ ਕੇਸ ਜੁ ਦੀਨੋ। ਸੋ ਇਹ ਤਨ ਸਿੰਗਾਰਹਿ ਕੀਨੋ।੭੯।
ਦਾੜ੍ਹਾ ਮੁਛ ਸਿਰ ਕੇਸ ਬਨਾਈ। ਹੈ ਇਹ ਦ੍ਰਿੜ੍ਹ ਜਿਹ ਪ੍ਰਭੂ ਰਜ਼ਾਈ।
ਮੇਟ ਰਜ਼ਾਇ ਜੁ ਸੀਸ ਮੁੰਡਾਵੈ। ਕਹੁ ਤੇ ਜਗ ਕੈਸੇ ਹਰਿ ਪਾਵੈ।੮੦।
ਪਾਂਖਹੁ ਬਿਨ ਬਿਹੰਗ ਜਿਮ ਹੋਹੀ। ਊਰਬ ਬਿਨਾ ਭੇਡ ਜਿਮ ਕੋਈ।
ਬਸਨ ਬਿਨਾਂ ਨਾਰੀ ਹੈ ਜੈਸੇ। ਕੇਸਨ ਬਿਨ ਹੋਇ ਨਰ ਤੈਸੇ।੮੧।
ਕੇਸਨ ਨਰ ਧਾਰੇ ਹੈ ਜਬਹੀ। ਪੂਰਨ ਰੂਪ ਹੋਇ ਹੈ ਤਬ ਹੀ।
ਕੇਸ ਏਕ ਪੁਨ ਰਹਤ ਜੁ ਪਾਈ। ਤਾਂ ਕੀ ਮਹਿਮਾ ਕਹੀ ਨਾ ਜਾਈ।੮੨।
ਬੇਦ ਰਹਤ ਜਿਮ ਦਿਜ ਨ ਸੁਹਾਵਤ। ਸੀਲ ਰਹਤ ਕੁਲ ਨਾਰਿ ਨਾ ਭਾਵਤ।
ਬੇਗ ਰਹਤ ਜਿਮ ਬਾਜ਼ੀ ਹੀਨ। ਰਹਤ ਬਿਨਾ ਇਹ ਕੇਸ ਮਲੀਨ।੮੩।
ਜਿਉਂ ਕਾਹੂ ਲੇ ਗਧਾ ਨੁਵਾਇਓ। ਫੂਲਮਾਲ ਤਿਹ ਮੂੰਡ ਧਰਾਇਓ।
ਤਿਹ ਕਰ ਤਾਂ ਕੀ ਸ਼ੋਭਾ ਨਾਹੀ। ਹਾਸੀ ਜੋਗ ਹੋਇ ਜਗ ਮਾਹੀ।੮੪।
ਤਿਮ ਕੁਰਹਿਤੀਏ ਕੇਸ ਰਖਾਏ। ਕਹਹੁ ਸੋ ਕੈਸੇ ਸ਼ੋਭਾ ਪਾਏ।
ਰਹਤ ਸੁ ਕੇਸਨ ਕੋ ਅਤਿ ਭੂਖਨ। ਰਹਤ ਬਿਨਾ ਸਿਰ ਕੇਸ ਭੀ ਦੂਖਨ।੮੫।
ਰਹਤਵਾਨ ਜਗ ਸਿੰਘ ਜੋ ਕੋਈ। ਗੁਰ ਕੇ ਲੋਕ ਬਸੈਂਗੇ ਤੇਈ।
ਰਹਣੀ ਰਹੈ ਸੋਈ ਸਿਖ ਮੇਰਾ। ਵਹ ਠਾਕੁਰੁ ਮੈਂ ਉਸ ਕਾ ਚੇਰਾ।੮੬।
ਰਹਤ ਰਹਤ ਰਹਿ ਜਾਇ ਬਿਕਾਰਾ। ਰਹਤ ਧਰਮ ਸਿੰਘਨ ਕੋ ਸਾਰਾ।
ਰਹਤ ਬਿਨ ਸਦਗਤਿ ਨਹਿ ਹੋਈ। ਰਹਤ ਬਿਨਾ ਭਲ ਕਹੈ ਨ ਕੋਈ।੮੭।
ਰਹਤ ਬਿਨਾ ਨਹਿ ਸਿੰਘ ਕਹਾਵੈ। ਰਹਤ ਬਿਨਾ ਦਰ ਚੋਟਾ ਖਾਵੈ।
ਰਹਤ ਬਿਨਾ ਜਗ ਮੋ ਭਰਮਾਈ। ਰਹਤ ਬਿਨਾ ਨਰ ਨਰਕੇ ਜਾਈ।੮੮।
ਰਹਤ ਬਿਨਾ ਤਨਖਾਹੀ ਜਾਨੋ। ਰਹਤ ਬਿਨਾ ਜੜ੍ਹ ਭੂਤ ਬਖਾਨੋ।
ਰਹਤ ਬਿਨਾ ਸੁਖ ਕਬਹੂ ਨ ਲਹੈ। ਤਾਂ ਤੇ ਰਹਤ ਸੁ ਦ੍ਰਿੜ੍ਹ ਕਰ ਗਹੈ।੮੯।

## ਲੰਗਰ-ਬਿਧਿ

ਸੋਰਠਾ

ਰਹਤ ਧਰਮ ਜੋ ਸਾਰ, ਨੰਦ ਲਾਲ! ਤੁਮ ਸੋ ਕਹਾ।
ਲੰਗਰ ਕਉ ਪਰਕਾਰ, ਤੁਮ ਆਗੇ ਬਰਨਨ ਕਰੋਂ।੯੦।
ਅਸ ਲੰਗਰ ਬਿਧਿ ਸੁਨੀਓ ਭਾਈ। ਨੰਦ ਲਾਲ! ਤੋਹਿ ਕਹੌਂ ਸੁਨਾਈ।

ਪਹਲੇ ਅਵਨੀ[1] ਸੋਧਨ ਕੀਜੈ। ਮਲ ਅਸਥੀ ਲੌਂ ਦੂਰ ਸੁਟੀਜੈ।੯੧।
ਤਾਂ ਪਾਛੇ ਚੌਂਕਾ ਤਹ ਦੇਈ। ਚਹੂੰ ਓਰ ਆਵਰਤ[2] ਕਰੇਈ।
ਜਲ ਭਰ ਗਾਗਰ ਤਹਾਂ ਧਰਾਵੈ। ਅਥਵਾ ਨਵਤਨ ਕੁੰਭ ਮੰਗਾਵੈ।੯੨।
ਸਭ ਭਾਂਜਨ ਕੋ ਮਾਰਜਨ ਕਰੈ। ਤਾਂ ਪਾਛੇ ਲੈ ਲੰਗਰ ਧਰੈ।
ਸੂਕੀ ਪਾਵਨ ਲੱਕਰੀ ਦੇਈ। ਚਖਮਖ ਕਾਢਿ ਅਗਨਿ ਸਚੁ ਲੇਈ।੯੩।
ਜੂਤਾ ਬੌਕਾ ਮਸ਼ਕ ਬਿੜਾਲ। ਕੁੱਤਾ ਮੁਸਲਾ ਕਾਕ ਚੰਡਾਲ।
ਗੰਦੀ ਮੰਦੀ ਵਸਤੁ ਜੋ ਆਵਤ। ਕੀਜੈ ਦੂਰ ਜਤਨ ਕਰ ਤਾਵਤ।੯੪।
ਘੀਊ ਸਹਤ ਪੁਨ ਰਸਤ ਲਿਆਵੈ। ਭਿੰਡਾ ਕੱਦੂ ਸਲਗਮ ਪਾਵੈ।
ਮੂੰਗੀ ਮੋਠ ਜਾਤ ਹੈ ਜੇਤੀ। ਉੜਦੀ ਬੜੀ[3] ਲਯਾਵਹਿ ਤੇਤੀ।੯੫।
ਪਾਲਕ ਆਦਿ ਸਾਗ ਜੁ ਅਹੈ। ਤਿਨ ਕੋ ਭੀ ਲੰਗਰ ਮੈਂ ਗਹੈ।
ਮੀਠਾ ਮਿਰਚਾਂ ਹਰਦੀ ਭਾਵਤ। ਅਵਰਤ ਲੋਨ ਲੇ ਧਰੇ ਸੁਹਾਵਤ।੯੬।
ਦਧਿ[4] ਪੈ ਚਾਵਲ ਸਕਲ ਅਚਾਰ। ਸਰਬ ਵਸਤੂ ਧਰ ਰਾਖੈ ਤਯਾਰ।
ਮਣ ਭਰ ਰਸਦ ਜੋ ਲੰਗਰ ਜਾਨੈ। ਸਵਾ ਦੁਇ ਸੇਰ ਘ੍ਰਿਤ ਤਿਹ ਆਨੈ।੯੭।
ਜ਼ਾਦਾ ਹੋਇ ਸੁ ਬਹੁਤੁ ਸੁ ਨੀਕੋ। ਸੁੱਖ ਹੋਤ ਧਿਆਨ ਕੇ ਜੀ ਕੋ।
ਨਤੁਰ ਸ਼ਕਤਿ ਜਿਤੀ ਜੋ ਕਰੇ। ਮਨ ਮੈ ਕਛੂ ਨ ਚਿੰਤਾ ਧਰੇ।੯੮।
ਯਹ ਗੁਰ ਕੀ ਹੈ ਦੇਗ ਸੁਹਾਈ। ਪ੍ਰੇਮ ਸਮੇਤ ਜੁ ਕਰੈ ਸਵਾਈ।
ਰਹਤਵੰਤ ਜੇ ਸਿੰਘ ਸਯਾਨੇ। ਭੋਜਨ ਕੀ ਸਬਹੀ ਬਿਧਿ ਜਾਨੇ।੯੯।
ਦਯਾਵੰਤ ਜਿਨ ਬਿਧੀ ਸਨੋਖੀ[5]। ਲੰਗਰ ਕੀ ਬਿਧਿ ਜਾਨੈ ਚੋਖੀ।
ਰਾਗ ਦ੍ਵੈਖ ਨ ਮਨ ਮੋ ਕਰਈ। ਸਮ ਵਰਤਾਰਾ ਸਭ ਕਰ ਭਰਈ।੧੦੦।
ਪਰਮ ਸੁਸ਼ੀਲ ਧੀਰ ਮਨ ਜਿਨ ਕੋ। ਭੋਜਨ ਲੋਭ ਨ ਮਨ ਮੋ ਤਿਨ ਕੋ।
ਸੁਤ ਕਲਤ੍ਰ ਹਿਤ ਲੋਭ ਨ ਧਰੈ। ਪ੍ਰਾਤ ਇਸਨਾਨ ਸਦਾ ਉਠ ਕਰੈ।੧੦੧।
ਉਤਮ ਕੁਲ ਜਿਨ ਜਨਮਹਿ ਪਾਯੋ। ਮਦਰਾ ਮਾਸ ਨ ਕਬਹੂੰ ਖਾਯੋ।
ਤਿਨਹੀ ਤੇ ਸੁਚਿ ਦੇਗ ਕਰਾਵੈ। ਅਵਰਿ ਨ ਕੋਊ ਵੜਨੋ ਪਾਵੈ।੧੦੨।
ਨਾਈ ਝੀਵਰ ਸਿਰ ਜੁ ਮੁੰਡਾਵਤ। ਕੋਰੀ ਕੁਨਬੀ ਗੌਂਡ ਕਹਾਵਤ।
ਅਵਰ ਜੁ ਨੀਚ ਜਾਤਿ ਹੈ ਕੇਈ। ਤਿਨ ਕੋ ਦੇਗ ਨ ਕਰਨੇ ਦੇਈ।੧੦੩।
ਅਥਵਾ ਬਿਪ੍ਰ ਬਰਣ ਹੈ ਕੋਈ। ਖਟ ਕਰਮੀ ਕੁਲਵੰਤਾ ਜੋਈ।
ਭਾਂਗ ਤਮਾਕੂ ਨਿਕਟ ਨ ਜਾਵੈ। ਤਿਨ ਤੇ ਭੀ ਸੁਚਿ ਦੇਗ ਕਰਾਵੈ।੧੦੪।
ਬਕਰਾ ਝਟਕਾ ਬੀਚ ਨ ਕਰੇ। ਅਵਰ ਮਾਸ ਨਹਿ ਲੰਗਰ ਧਰੇ।
ਜੋ ਸਨ ਹੋਇ ਤ ਦੂਰ ਕਰਾਵੈ। ਨਿਜ ਬਰਤਾਰਾ ਤਹਾਂ ਲੈ ਜਾਵੈ।੧੦੫।
ਦੇਗ ਅਸਨ ਕੇ ਹੈਂ ਸਭ ਭਾਗੀ। ਬ੍ਰਾਹਮਨ ਖਤ੍ਰੀ ਸਭ ਅਨੁਰਾਗੀ।
ਤਾਂ ਤੇ ਯਾ ਸਿਛਾ ਸੁਨ ਲੀਜੈ। ਦੇਗ ਮਾਹਿ ਨਹਿ ਮਾਸ ਅਨੀਜੈ।੧੦੬।
ਰਹਿਤਵਾਨ ਸਿੰਘ ਹੈ ਜੋਈ। ਲੋਭਿ ਛੋਡਿ ਜਾਨਹੁ ਨਹਿ ਹੋਈ।
ਗੁਰੂ ਕਾ ਰੂਪ ਸਬਨ ਮੈਂ ਦੇਖੈ। ਮਦਰਾ ਮਾਸ ਨ ਖਾਇ ਬਿਸੇਖੈ।੧੦੭।

---

੧. ਧਰਤੀ। ੨. ਵੱਟ, ਕਾਰ। ੩. ਮਾਂਹ ਦੀ ਵੜੀ। ੪. ਦਹੀਂ। ੫. ਸੁਨੱਖੀ ਸੋਹਣੀ।

ਉਤਮ ਕੁਲ ਜਹਿੰ ਜਨਮਹਿ ਪਾਇਓ। ਸੋ ਵਰਤਾਊ ਦੇਗ ਕਰਾਇਓ।
ਦੇਗ ਤਯਾਰ ਹੋਇ ਹੈਂ ਜਬਹੀ। ਕਰ ਅਰਦਾਸ ਭੇਟ ਕਰ ਤਬਹੀ।੧੦੮।

ਦੋਹਰਾ

ਪ੍ਰਿਥਮ ਗੁਰੋਂ ਕੇ ਭੋਗ ਹਿਤ, ਭਾਂਜਨ ਸੁਧ ਮੰਗਾਇ।
ਜੋ ਜੋ ਲੰਗਰ ਕੀਨ ਹੈ, ਸੋ ਸਭ ਤਹਾਂ ਧਰਾਇ।੧੦੯।

ਚੌਪਈ

ਤਿਹ ਕਰ ਗੁਰ ਕੋ ਭੋਗ ਲਗਾਵੈ। ਗੁਰ ਕੋ ਰੂਪ ਰਿਦ ਮਾਹਿ ਧਰਾਵੈ।
ਗੁਰੂ ਗ੍ਰੰਥ ਮੋ ਭੇਦ ਨ ਕਾਈ। ਗ੍ਰੰਥ ਹੋਇ ਤੌ ਨਿਕਟਿ ਧਰਾਈ।੧੧੦।
ਤਾਂ ਪਾਛੇ ਖਾਲਸੇ ਬੁਲਾਵੈ। ਲੰਗਰ ਨਿਕਟੇ ਪਾਂਤਿ ਬਨਾਵੈ।
ਸਮ ਬਰਤਾਰਾ ਸਭ ਕੋ ਦੇਈ। ਦੂਜਾ ਭਾਵ ਨ ਮਨ ਮੈਂ ਲੇਈ।੧੧੧।
ਪੰਗਤ ਮਾਹਿ ਭੇਦ ਜੋ ਕਰਹੈ। ਮਹਾਂ ਦੋਖ ਤਿਨ ਬੇਦ ਉਚਰਹੈ।
ਤਾਂ ਤੇ ਸਮ ਬਰਤਾਰਾ ਦੇਵੈ। ਛੋਟਾ ਵਡਾ ਜਹਾਂ ਲਗ ਜੇਵੈ।੧੧੨।
ਸੁਧ ਭੂਮਿ ਵਹ ਭੋਜਨ ਪਾਵੈ। ਖਟੀਆ ਪਰ ਬਹਿ ਕਬੀ ਨ ਖਾਵੈ।
ਜੇ ਸੂਦ੍ਰ ਅੰਤਰ ਜਗ ਮਾਹੀ। ਤੇ ਖਟੀਆ ਪਰ ਭੋਜਨ ਖਾਂਹੀ।੧੧੩।
ਸਿੰਘਨ ਕੋ ਨਹਿ ਅਸ ਅਚਾਰਾ। ਸਚ ਅਸਚ ਤੇ ਲਹੇ ਬਿਚਾਰਾ।
ਜਾਚਕ ਨਰ ਨਾਰੀ ਜੋ ਕੋਈ। ਵਰਤਤ ਦੇਗ ਆਇ ਹੈਂ ਜੋਈ।੧੧੪।
ਤਿਨ ਕੋ ਭੀ ਕੁਛ ਅੰਨ ਦਿਵਾਵੈ। ਖਾਲੀ ਜਾਨਿ ਨ ਕੋਊ ਪਾਵੈ।
ਐਸੀ ਬਿਧਿ ਜੋ ਦੇਗ ਕਰਾਵਤ। ਦਰਸਨ ਜੱਗ ਕੇਤੇ ਫਲ ਪਾਵਤ।੧੧੫।
ਨੰਦ ਲਾਲ! ਤੁਮ ਸੁਨ ਹੋ ਭਾਈ। ਦੇਗ-ਰੀਤਿ ਮੈਂ ਕਛੂ ਸੁਨਾਈ।
ਇਸਹੀ ਕੋ ਤੁਮ ਦ੍ਰਿੜ ਕਰ ਗਹੋ। ਰਹਤ ਅਨੰਤ ਕਹਾਂ ਲੌ ਕਹੋ।੧੧੬।
ਰਾਵ ਰੰਕ ਸਿੰਘ ਜੋ ਕੋਈ। ਥੋਕ ਬਹੁਤ ਜਬ ਕਰੋ ਰਸੋਈ।
ਏਕ ਰੀਤਿ ਸੇ ਸਦਾ ਕਰਾਵੈ। ਸਿੰਘ ਸੋਈ ਮਤਿ ਉਜਲ ਪਾਵੈ।੧੧੭।

ਸੋਰਠਾ

ਨੰਦ ਲਾਲ ਸੁਨ ਆਪ, ਲੰਗਰ ਕੀ ਬਿਧਿ ਕਹੀ ਹਮ
ਹੋਵੇ ਬਡ ਪ੍ਰਤਾਪ; ਜੁ ਇਹ ਬਿਧਿ ਸੋਂ ਕਰਾਵਤੇ।੧੧੮।

ਚੌਪਈ

ਲੰਗਰ ਕੀ ਬਿਧਿ ਜੋ ਸਮਝਾਈ। ਕੜਾਹ ਕਰਤ ਤਬ ਬੋਲੈ ਨਾਹੀ।
ਜਪੁ ਅਰ ਜਾਪੁ ਪਠਤ ਹੀ ਬਾਂਟੇ। ਕੜਾਹ ਕਰਨ ਕੋ ਐਸੇ ਠਾਟੇ।੧੧੯।
ਮੀਠਾ ਘੀ ਕਨਕ ਜੋ ਮੈਦਾ। ਕਰੋ ਬਰੋਬਰ ਤੀਨੋ ਪੈਦਾ।੧੨੦।

ਦੋਹਰਾ

ਸੁੰਦਰ ਰਹਤ ਜੋ ਕਹੀ ਹਮ, ਯਹੀ ਰਹਤ ਸੁਨ ਜਾਨ।
ਇਸ ਤੇ ਜੋ ਬਿਪਰੀਤ ਹੈ, ਤਾਂਹਿੰ ਕੁਰਹਿਤ ਪਛਾਨਿ।੧੨੧।
ਐਸੇ ਗੁਰ ਗੋਬਿੰਦ ਸਿੰਘ, ਕਹੀ ਬਾਤ ਸਮਝਾਇ।
ਨੰਦ ਲਾਲ ਸੁਨਿ ਬੇਗ ਸਿਉਂ, ਬਹੁਰ ਬਹੁਰ ਸਿਰ ਨਾਇ।੧੨੨।

ਅਤਿ ਪਾਵਨ ਸੁਨ ਰਹਤ ਜੁ ਅਹੀ। ਗੋਬਿੰਦ ਸਿੰਘ ਸਬ ਹਿਤ ਯੌ ਕਹੀ।
ਨੰਦ ਲਾਲ ਮਨ ਆਨੰਦ ਭਇਓ। ਸੰਸਾ ਸਗਲ ਦੂਰ ਹੁਇ ਗਯੋ।੧੨੩।

## ਆਪ ਬੀਤੀ

ਏਕ ਕਤੂਹਲ ਔਰ ਜੋ ਬਰਨਉਂ ਸੁਭ ਸਿਰ ਨਾਇ।
ਸੁਨ ਪ੍ਰਤੀਤ ਕਰਿ ਉਰਹਿ ਮੈਂ ਕਹਉਂ ਸਥਹਿ ਸਤ ਭਾਇ।੧੨੪।
ਗੋਬਿੰਦ ਸਿੰਘ ਕੋ ਮੈਂ ਹੋਂ ਚੇਰੋ। ਦੇਸਾ ਸਿੰਘ ਨਾਮ ਹੈ ਮੇਰੋ।
ਅੰਮ੍ਰਿਤਸਰ ਇਕ ਬੁੰਗਾ ਅਹੈ। ਨਾਮ ਮੋਰਾਲੀ ਵਾਲਾ ਕਹੈ।੧੨੫।
ਤਾਂ ਮੋ ਜੱਸਾ ਸਿੰਘ ਕ੍ਰਿਪਾਲ[1]। ਬਸਤ ਭਏ ਸੁਖ ਸੌਂ ਬਹੁ ਕਾਲ।
ਹਮ ਭੀ ਤਹਿ ਹੀ ਕਾਲ ਬਿਤਾਯੋ। ਬਿਰਧ ਭਯੋ ਸਬ ਆਯੂ ਗਵਾਯੋ।੧੨੬।
ਪੁਨ ਹਮ ਪਟਨੇ ਮੋ ਚਲ ਆਏ। ਹਰਿਮੰਦਰ ਕੇ ਦਰਸ਼ਨ ਪਾਏ।
ਬੀਸ ਦਿਵਸ ਤਹਿੰ ਬਾਸਾ ਕੀਨੋ। ਅੰਮ੍ਰਿਤ ਪ੍ਰਸਾਦ ਦੇਗ ਤੇ ਲੀਨੋ।੧੨੭।
ਆਗਿਆ ਲੈ ਅੱਗ੍ਰ ਜਬ ਚਲੇ। ਜਹ ਤਹ ਦਰਸ਼ਨ ਪਾਏ ਭਲੇ।

ਦੋਹਰਾ

ਏਕ ਦਿਵਸ ਮਾਰਗ ਚਲਤ, ਥਕਤ ਭਯੋ ਮਨ ਸਾਥਿ।
ਕੰਬਲ ਤਹਾਂ ਬਿਛਾਇ ਕਰ, ਸੈਨ ਕੀਨ ਸੁਖ ਸਾਥਿ।੧੨੮।
ਕੰਬਲ ਪਰ ਜਬ ਸੈਨਹਿ ਕੀਨੋ। ਗੋਬਿੰਦ ਸਿੰਘ ਮੁਹਿ ਸੁਪਨਾ ਦੀਨੋ।
ਸੁਪਨੇ ਮੋ ਨਿਜ ਰੂਪ ਦਿਖਾਯੋ। ਦੇਖਤ ਹੀ ਮੇਰੇ ਮਨ ਭਾਯੋ।੧੨੯।
ਅਤਿ ਬਿਸਾਲ ਭੁਜ ਬਦਨ ਸੁ ਸੁੰਦਰ। ਤੇਜ ਰਹਸ ਅਤਿ ਸੋਭਾ ਅੰਦਰ।
ਕਾਂਧੇ ਧਨੁਖ ਤੂਣ ਕਟਿ ਸੋਹੈ। ਅਤਿ ਅਨੂਪ ਛਬਿ ਸਭ ਮਨ ਮੋਹੈ।੧੩੦।
ਕਰ ਮੋ ਬਾਜ਼ ਪੀਠ ਪਰ ਢਾਲਾ। ਗੋਰ ਬਰਣ ਦਿਪ ਤੇਜ ਬਿਸਾਲਾ।
ਪੀਤ ਬਸਨ ਹਯ ਪਰ ਅਸਵਾਰਾ। ਨਿਜ ਤਨ ਸੌਂ ਕਰਹੈਂ ਉਜਯਾਰਾ।੧੩੧।
ਸਿਰ ਕਲਗੀ ਕਟਿ ਖੜਗ ਅਨੂਪਾ। ਗੋਬਿੰਦ ਸਿੰਘ ਭੂਪਨ ਕੇ ਭੂਪਾ।
ਅਤਿ ਸੁੰਦਰ ਤਨ ਸਭ ਮਨ ਭਾਵਤ। ਪਾਂਚ ਸਿੰਘ ਜਿਹ ਸਾਥ ਸੁਹਾਵਤ।੧੩੨।
ਅਸ ਸਰੂਪ ਸੁਪਨੇ ਦਿਖਰਾਯੋ। ਪੁਨ ਮੋਹਿ ਨਿਜ ਮੁਖ ਬਚਨ ਸੁਨਾਯੋ –
ਸੁਨਹੁ ਸਿੰਘ! ਇਕ ਬਚਨ ਹਮਾਰਾ। ਪ੍ਰਥਮੈ ਹਮ ਨੇ ਜਾਪੁ ਉਚਾਰਾ।੧੩੩।
ਪੁਨ ਅਕਾਲ ਉਸਤਤਿ ਜੋ ਕਹੀ। ਬੇਦ ਸਮਾਨ ਪਾਠ ਜੋ ਅਹੀ।
ਪੁਨ ਬਚਿਤ੍ਰ ਨਾਟਕ ਬਨਵਾਯੋ। ਸੋਢਿ ਬੰਸ ਜਹ ਕਥਾ ਸੁਹਾਯੋ।੧੩੪।
ਪੁਨ ਦੋ ਚੰਡੀ ਚਰਿਤ੍ਰ ਬਨਾਏ। ਅੰਤਰ ਕੇ ਸਬ ਕਬਿ ਮਨ ਭਾਏ।
ਗਯਾਨ ਪ੍ਰਬੋਧ ਬੋਧ ਹਮ ਕਹਾ। ਜਸ ਪਾਠ ਕਰ ਹਰਿ ਪਦ ਲਹਾ।੧੩੫।
ਪੁਨ ਚੌਬੀਸ ਅਵਤਾਰ ਕਹਾਨੀ। ਬਰਨਨ ਕਰਾ ਸਮਝੀ ਸਬ ਗਯਾਨੀ।
ਦਤਾਤ੍ਰੇਯ ਕੇ ਗੁਰੂ ਸੁਨਾਏ। ਪੁਨ ਬਚਿਤ੍ਰ ਬਖਯਾਨ ਬਨਾਏ।੧੩੬।

---

੧. ਸ: ਜੱਸਾ ਸਿੰਘ (ਕਲਾਲ), ਆਹਲੂਵਾਲੀਆ (੧੭੧੮–੧੭੮੩ ਈ:)

ਤਿਨ ਕੋ ਭੀ ਇਕ ਗ੍ਰੰਥ ਬਖਾਨਾ। ਪੜ੍ਹੈ ਮੂੜ੍ਹ ਸੋ ਹੋਇ ਸਯਾਨਾ।
ਸ਼ਬਦ ਹਜ਼ਾਰੈ ਕੇ ਸੁਖਦਾਈ। ਸਬੈ ਨ੍ਰਿਪਨ ਕੀ ਕਥਾ ਸੁਨਾਈ।੧੩੭।
ਸੋ ਮੈਂ ਹਿਤ ਕਰ ਬਰਨ ਸਵਾਰੀ। ਪੁਨ ਕਹ ਰਹਤ ਨ ਕਹੂੰ ਉਚਾਰੀ।
ਚਾਰੁ ਚਾਰ ਸੈ ਚਰਿਤ ਬਨਾਏ। ਜਹਾਂ ਯੁਵਤਿਨ ਕੇ ਛਲ ਦਿਖਰਾਏ।੧੩੮।
ਛੰਦ ਪ੍ਰਬੰਧ ਕਹੈ ਹਮ ਜੇਤੈ। ਗ੍ਰੰਥ ਮਾਹਿ ਬਰਨੇ ਹਮ ਤੇਤੈ।
ਫੁਨ ਖਾਲਸੇ ਕੀ ਰਹਤ ਬਖਾਨੀ। ਰਹਤ ਬਿਨਾਂ ਹੋਇ ਹੈ ਅਗਿਆਨੀ।੧੩੯।
ਰਹਤ ਕ੍ਰਿਆ ਸਿੰਘਨ ਕੋ ਸਾਰਾ। ਗ੍ਰੰਥ ਮਾਹਿ ਨਹਿ ਕਹੂੰ ਉਚਾਰਾ।
ਤਾਂ ਤੇ ਮਮ ਆਗਯਾ ਉਰ ਧਰੋ। ਰਹਤ ਉਚਾਰਨ ਤੁਮਹੀ ਕਰੋ।੧੪੦।
ਇਮ ਕਹਿ ਬਚਨ ਗੁਰੂ ਜਬ ਰਹਿਓ। ਪੁਨ ਇਕ ਬਚਨ ਹਮੋ ਭੀ ਕਹਿਓ।
ਦੀਨ ਦਯਾਲ ਸੁਨਹੁ ਮਮ ਸੁਆਮੀ। ਆਪ ਕ੍ਰਿਪਾਲ ਤੁਮ ਅੰਤਰਜਾਮੀ।੧੪੧।
ਮੈਂ ਹੂੰ ਅਤਿ ਮੂਰਖ ਅਗਯਾਨਾ। ਰਹਤ ਧਰਮ ਕਿਮ ਕਰਉਂ ਬਖਾਨਾ ?
ਅੱਖਰ ਏਕ ਨ ਆਵਤ ਮੋਰੇ। ਸਤ ਕਹੋਂ ਲਿਖ ਕਾਗਦ ਕੋਰੇ।੧੪੨।
ਐਸੀ ਗਿਰਾ ਸੁਨੀ ਜਬ ਸੋਰੀ। ਗੋਬਿੰਦ ਸਿੰਘ ਤਬ ਕਹਾ ਬਹੋਰੀ।੧੪੩।

ਦੋਹਰਾ

ਤਵ ਰਸਨਾ ਪਰ ਬੈਠ ਕਰਿ ਮੈ ਹੂੰ ਕਰੋ ਬਖਯਾਨ।
ਪੁਨ ਭਲ ਉਦਮ ਕਰੋ ਤੁਮ, ਅੱਖਰ ਲਿਖਮ ਪ੍ਰਮਾਨ।੧੪੪।
ਐਸੇ ਕਹਿ ਤਬ ਚਲੇ ਗੁਰ ਮਮ ਨੇਤ੍ਰ ਖੁਲਾਨ।
ਨਹਿ ਤਹਿ ਗੁਰ ਨ ਤੁਰੰਗ ਵਰ, ਨਹਿ ਤਹਿ ਸਿੰਘ ਸੁਜਾਨ।੧੪੫।
ਅਤਿ ਅਚਰਜ ਭਇਓ ਮਨ ਮੋਰੇ। ਉਠ ਕਰ ਚਾਰਹੁ ਪਾਸੇ ਹੇਰੇ।੧੪੬।

ਇਤਿ ਦੇਸਾ ਸਿੰਘ ਕ੍ਰਿਤ ਰਹਿਤਨਾਮਾ।

# (੯) ਰਹਿਤਨਾਮਾ ਭਾਈ ਸਾਹਿਬ ਸਿੰਘ

ਏਕ ਬਾਰ ਸ੍ਰੀ ਗੁਰੂ ਜੀ ਬੈਠੇ ਅਚਲ ਸਮਾਧਿ।
ਤਬੈ ਖਾਲਸੇ ਸੋ ਕਹਾ, ਕਲਿ ਮੈਂ ਮਮ ਦ੍ਰਿੜ ਬਾਂਧ।੧।
ਜੁਗ ਜੁਗ ਮਹਿ ਅਵਤਰਹਿਂ ਅਪਨੇ ਭਗਤਨ ਕਾਜ।
ਰਹਣੀ ਰਹੈ ਸੋ ਖਾਲਸਾ, ਸੋ ਮੇਰੋ ਸਿਰਤਾਜ।੨।
ਸਿਖਨ ਪੂਛਾ ਪ੍ਰੇਮ ਸਿਉਂ, ਰਹਿਣੀ ਕਉ ਬ੍ਰਿਤੰਤ।
ਕਿਸ ਕੋ ਦੇਨਾ ਕਿਮ ਰਹਹਿ, ਕੈਸੇ ਵਰਤਹਿ ਸੰਤ।੩।
ਗੁਰੂ ਕਹਹਿ ਸੁਨ ਖਾਲਸਾ! ਕੇਸ ਪਾਹੁਲੀ ਮੁਕਤ।
ਕੈ ਖੰਡਾ ਪਾਹੁਲ ਭਲੀ ਕੈ ਚਰਨਨ ਕੀ ਜੁਗਤਿ।੪।
ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ।
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿਖ।੫।
ਏਕ ਮਜ਼ਬ ਰਹਿਨਾ ਭਲਾ, ਦੋ ਮਹਿ ਰਹੈ ਨ ਕੋਇ।
ਮੇਰਾ ਸਿਖ ਕਹਾਇਕੈਂ, ਭਰਮਹਿ ਪਾਪੀ ਸੋਇ।੬।
ਤੀਨ ਪ੍ਰਕਾਰ ਮਮ ਸਿਖ ਹੈਂ ਸਹਿਜੀ ਚਰਨੀ ਖੰਡ।
ਯਾਂਤੇ ਕੇਸੀ ਹੋਇਕੈ ਤੀਨਹੁ ਕਰਹਿ ਬਿਹੰਡ।੭।
ਏਕਸ ਕੇਸੀ ਜਾਣੀਐ, ਦੂਜਾ ਹੁਇ ਉਪ ਕੇਸ।
ਬੇਕੇਸੀ ਮੁੰਡੀ ਸੰਗਤਿ, ਗੁਰੂ ਪਿਆਰੇ ਕੇਸ।੮।

ਹਿਤ ਉਪਦੇਸ ਗੁਰੂ ਕਾ

ਚੌਪਈ

ਮੇਰਾ ਸੋ ਜੋ ਰਹਿਤ ਰਹਾਵੈ। ਪਹਿਰ ਰਾਤ ਇਸਨਾਨ ਕਰਾਵੈ।
ਬਾਣੀ ਗੁਰੂ ਕੀ ਅਵਰ ਨ ਪਾਠ। ਪੜ੍ਹਹਿ ਗੁਰਮੁਖੀ ਤਿਆਗੈ ਠਾਠ।੯।
ਵੇਦ ਸ਼ਾਸਤ੍ਰ ਗੁਰ ਵਾਕ ਸੁ ਧਾਰੇ। ਅਵਰ ਬਿਆਧਿ ਸਮ ਸਗਰੀ ਟਾਰੈ।
ਅਰਬੀ ਪਾਰਸੀ ਅੱਖਰ ਨ ਪਢਹਿ। ਮੇਰਾ ਸਿਖ ਨੌਕਰੀ ਨਹਿ ਕਰਹਿ।੧੦।
ਤੁਰਕ ਕਉ ਮਾਥਾ ਨਾਹਿ ਝੁਕਾਇ। ਤੁਰਕ ਸੰਗ ਬੈਠਹਿ ਨਹਿ ਖਾਇ।
ਲੋਭੀ ਠਹਰਹਿ ਨਾਹੀ ਮੀਤ। ਸਿਖ ਪਹਾੜੀ ਕਰੈ ਨ ਪ੍ਰੀਤਿ।੧੧।
ਚਾਰ ਵਰਣ ਸੰਗਿ ਵਰਤੇ ਐਸੇ। ਸੁਨਹੁ ਸਿਖ ਮਮ ਬਚਨ ਹੈਂ ਜੈਸੇ।
ਬ੍ਰਾਹਮਣ ਚਰਣੀ ਪਾਹੁਲੀ ਹੋਵੈ। ਅਥਵਾ ਸਹਿਜੀ ਸਿਖੀ ਹੋਵੈ।੧੨।

ਮੇਰਾ ਸਿਖ ਆਨ ਸਭ ਤਿਆਗੈ। ਭੇਖੀ ਬਾਮ੍ਣ ਦਾਨ ਨ ਲਾਗੈ।
ਸਰਵਰੀ ਸਾਕਤ ਬ੍ਰਹਮਣ ਤਿਆਗੈ। 'ਆਡਾ' ਟੀਕੇ ਮੁਖੋਂ ਨ ਲਾਗੈ।੧੩।
ਬ੍ਰਾਹਮਣ ਸਿਖੀ ਨਿੰਦਿਆ ਕਰੈ। ਤਿਸ ਪਾਪੀ ਕੋ ਦੇ ਵਿਸ ਮਰੈ।
ਖੰਡੇ ਪਾਹੁਲ ਕਰੈ ਨ ਪਿੰਨ। ਪਿਤਰਨ ਹੇਤ ਭੁਗਾਵਹਿ ਅੰਨ।
ਦੇ ਪੁਸ਼ਾਕੀ ਧਨ ਸਭ ਦੇਇ। ਅਵਰ ਮਜ਼ਬ ਕੋ ਸਿਖ ਨ ਲੇਹਿ।੧੪।
ਜੋ ਕੋਈ ਮੇਰੇ ਨਾਹੀ ਸਿਖ। ਤਿਸ ਬਾਮਨ ਕੋ ਦੇਇ ਨ ਭਿਖ।
ਅਥਵਾ ਬ੍ਰਹਮਣ ਮੋਰੇ ਪੰਥ। ਚਰਣ ਪਾਹੁਲੀ ਮੋਹ ਸੇ ਕੰਥ।
ਬ੍ਰਾਮਣ ਕੇਸ ਬਿਨ ਪਾਹੁਲ ਧਾਰੈ। ਪਾਖੰਡੀ ਕੋ ਦੂਰ ਨਿਵਾਰੈ।੧੫।

ਦੋਹਰਾ

ਮੋਰੇ ਸਿਖਨ ਭੇਖ ਧਰ, ਦਾਨ ਲੂਟਨੇ ਹੇਤ।
ਧਰੇ ਕੇਸ ਰਿਖਿ ਪੰਧ ਤਜਿ ਪਾਪੀ ਕਪਟੀ ਕੇਤੁ।੧੬।
ਪ੍ਰਿਥਮੈ ਰਿਖਿ ਸਮਾਨ ਹੈ, ਜਟਾ-ਜੂਟ ਵਯਵਹਾਰ।
ਅਰਬ ਵਰਣ ਪੁਨ ਪਾਹੁਲੀ ਚਰਨੀ ਪ੍ਰੇਮੀ ਸਾਰ।੧੭।
ਭੇਖ ਕੇਸ ਧਰਿ ਆਨ ਸਿਖ, ਪੂਜਤ ਤੁਛਨ ਦੇਵ।
ਤਾਂਹਿ ਨ ਪਾਨੀ ਦੀਜੀਏ ਮੇਰਾ ਸਿਖ ਸੁ ਸੇਵ।੧੮।
ਕੇਸਾਧਾਰੀ ਭੇਖੀਆ ਜੀਵਨ ਕੇ ਤਿਨ ਕਾਜ।
ਧਰੇ ਕੇਸ਼ ਚੰਡਾਲ ਸਮ, ਦੀਆ ਦਾਨ ਤਿਸ ਬਾਦ।੧੯।

ਚੌਪਈ

ਮੇਰਾ ਸਿਖ ਹੋ ਸੀਤਲਾ ਮਾਨਹਿ। ਭੇਖੀ ਕੋ ਜੋ ਦੇਵੈ ਦਾਨਹਿ।
ਜਹਾਂ ਕਹਾਂ ਕਾ ਖਾਇ ਪ੍ਰਸਾਦਿ। ਪਰ ਸਿਖ ਨ ਆਦਿ ਜੁਗਾਦਿ।੨੦।
ਬਿਨ ਬੂਝੈ ਦੇਵਨ ਕੋ ਜਜੈ। ਮੈਂ ਛੋਡਾ ਸੋ ਸਿਖ ਮਮ ਤਜੈ।
ਮੋਰਾ ਸਿਖ ਜੁ ਤੀਰਥ ਜਾਵਹਿ। ਦੇਇ ਅਤਿਥੀ ਕੋ ਭੋਗ ਭੋਗਾਵੈ।੨੧।
ਜੋ ਦੇਵਹਿ ਦਾਨ ਪਰਬ ਕੋ ਮਾਨ। ਗੁਰੂ ਬਿਸ਼੍ਵਾਸੀ ਗੁਰ ਅਸਥਾਨ।
ਵੇਖਹਿ ਨਾਹੀ ਤੀਰਥ ਕੋ ਪਾਂਡੇ। ਕਰਹਿ ਭੇਖ ਬਨ ਆਵਹਿ ਆਂਡੇ।੨੨।
ਰਹਹਿ ਏਕਾਂਤ ਪ੍ਰੰਤਿ ਜਨ ਦੂਰ। ਮਮ ਵਿਚਾਰ ਸੋ ਨਿਤ ਭਰਪੂਰ।
ਸਿਖ ਭੁਗਾਵੈ ਮੇਰਾ ਸਿਖ। ਕੇਸੁ ਭੇਖ ਨਹਿ ਮੇਰਾ ਪਿਖ।੨੩।
ਕੇਸਵਾਨ ਬਿਨ ਕੇਸ ਹੋਇ, ਮੇਰਾ ਹੋਇ ਨਸੰਗਿ।
ਬ੍ਰਾਮਣ ਸੋਈ ਬਿਆਸ ਸਮ, ਦੇਵਹਿ ਦਾਨ ਉਮੰਗ।੨੪।
ਕੰਨਿਆ ਦੇਵਹਿ ਸਿਖ ਕਉ, ਲੇਵਹਿ ਨਹਿ ਕਿਛੁ ਦਾਮ।
ਸੋਈ ਮੇਰਾ ਸਿਖ ਹੁਇ, ਲੈ ਪਹੁੰਚੇ ਮਮ ਧਾਮ।੨੫।
ਪੀਰ ਸਰਵਰ ਸੀਤਲਾ ਜੋਗੀ ਭੂਤ ਨ ਸੇਵ।
ਗੁਰ ਸੇਵਹਿ ਸਭ ਕਾਜ ਮਹਿ ਪਹੁਚੇ ਮਮ ਦਰ ਤੇਵ।੨੬।
ਆਨੰਦ ਜਪੁ ਨਿਤ ਹੀ ਪੜ੍ਹਹਿ ਥੋੜਾ ਸਾਰਾ ਸਿਖ।

ਰਹਿਰਾਸ ਆਰਤੀ ਸ਼ਬਦ ਪੁਨ ਕੀਰਤਨ ਸੁਨਹਿ ਸੁ ਭਿਖ।੨੭।
ਸਿਖ ਸਿਖਣੀ ਮਿਲ ਬਹੇਹਿੰ, ਚਰਚਾ ਕਰਹਿ ਅਪਾਰ।
ਭਜਨ ਸਿਖਾਵਹਿ ਪੁਤ੍ਰ ਕਉ, ਨਿਤ ਭਜ ਬਾਰੰ ਬਾਰ।੨੮।
ਖਤ੍ਰੀ ਸਿਖ ਬਨਿ ਵੈਸ਼ ਹੁਇ, ਸ੍ਰਾਧ ਪਿਤਰ ਕਉ ਜਾਨਿ।
ਕਰਹਿ ਕਰਾਵਹਿ ਬਿਪ੍ਰ ਸਿਖ, ਆਨ ਨ ਬਿਪ੍ਰਨ ਮਾਨ।੨੯।
ਦੇਇ ਕੁਦਾਨ ਜੋ ਸਿਖ ਮਮ, ਗ੍ਰਾਹਕ ਜਾਵਹਿ ਨਰਕ।
ਅਪਨੋ ਭਲੋ ਤਾਂ ਕੋ ਬੁਰਾ, ਤਾਂ ਹੀ ਤੇ ਕਰਿ ਫਰਕ।੩੦।
ਗੁਰੂ ਭਰੋਸਾ ਆਸ ਗੁਰ, ਨ ਕੋ ਲੋਕ ਪਰਲੋਕ।
ਸਦਾ ਸਨਾਨੀ ਗਿਆਨ ਧਿਆਨ, ਸੋਇ ਪ੍ਰੀਤਿ ਬਿਨ ਸ਼ੋਕ।੩੧।
ਪਰ ਨਾਰੀ ਰਮਤਾ ਜੋਈ, ਪੜ੍ਹਹਿ ਪਾਰਸੀ ਜੀਵ।
ਨਾ ਮੈਂ ਤਾਂਕਾ ਨਾਹਿ ਮਮ, ਸਿਖ ਨ ਜਲ ਤਿਸ ਪੀਵ।੩੨।
ਪਾਰਸੀ ਜਾਂਕੇ ਘਰਿ ਪੜ੍ਹਹਿ ਤਾਂਕਾ ਨਹੀ ਵਿਸਾਹੁ।
ਤਾਂਕਾ ਛੁਹਾ ਨ ਖਾਈਏ, ਤਜਯੋ ਧਰਮ ਕਾ ਰਾਹੁ।੩੩।
ਸਰਾਧ ਕਰਾਈ, ਵਿਆਹ ਧਨ, ਮੇਰਾ ਸਿਖ ਦਿਜ ਖਾਇ।
ਸੋ ਭੇਖੀ ਪਾਪੀ ਅਧਿਕ, ਅਤਿਥਿ ਨ ਦੇਵਹਿ ਤਾਹਿ।੩੬।
ਗ੍ਰਿਹ ਪੂਜਾ ਪੁਨ ਗਾਇਤ੍ਰੀ, ਬੰਚ ਦਾਨ ਲੇ ਖਿਪ੍ਰ।
ਗ੍ਰਹਿਣ ਦਾਨ ਛਾਇਆ ਪਸ਼ੂ, ਖਾਵਤ ਨਰਕੀ ਬਿਪ੍ਰ।੩੭।
ਗ੍ਰਹਿਣ ਵੇਲੇ ਪੂਜਾ ਜਪਹਿ, ਹੋਮ ਤਰਪਣ ਇਸਨਾਨ।
ਛਟੇ ਗ੍ਰਹਿਣ ਦੇ ਦਾਨ ਮਮ, ਸਿਖ ਭਲਾ ਸੋ ਜਾਨ।੩੮।
ਦਾਨ ਲੇਹਿ ਜੁ ਗ੍ਰਹਣ ਮਹਿ, ਆਤਮਘਾਤੀ ਮੂੜ੍ਹ।
ਮੇਰਾ ਸਿਖ ਤਿਸ ਮੂੜ੍ਹ ਦਿਜ, ਗੇਰੇ ਕੂਪਨ ਗੂੜ੍ਹ।੩੯।
ਦਾਨ ਪਾਤ੍ਰ ਗ੍ਰਹਣ ਰੁਧ, ਨਲਾਇਕ ਲੀਨੇ ਜੋਇ।
ਸਮ ਮਲੇਛ ਹੋਇ ਬਿਪ੍ਰ, ਤਾਂਹਿ ਸੁਰਗ ਨ ਕੋਇ।੪੦।
ਕੰਨਿਆ ਧਨ ਦਿਜ ਗ੍ਰਹਿਣ ਧਨ, ਦੇਵ ਪੂਜ ਜੋ ਖਾਇ।
ਈਹਾਂ ਤਿਆਗੇ ਤਾਂਹਿ ਜੋ, ਸੋ ਸਿਖ ਧਾਮ ਮਮ ਜਾਇ।੪੧।
ਮੇਰਾ ਸਿਖ ਗ੍ਰੰਥ ਕੀ ਪੂਜਾ ਲੇਇ ਅਰਦਾਸ।
ਲਿਖ ਖਾਵੈ ਝੂਠਾ ਚੁਗਲ, ਮੇਰਾ ਨਾਹਿ ਸੋ ਦਾਸ।੪੨।
ਖਾਲਸਾ ਸੋ ਜੋ ਲਏ ਨ ਦਾਨ। ਤੁਰਕ ਹਿੰਦੂ ਕੀ ਰਖੈ ਨ ਆਨ।
ਬਿਪ੍ਰ ਪ੍ਰਤਿਗ੍ਰਹੀ[1] ਛੁਵਹਿ ਨ ਅੰਗ। ਸੋ ਮੇਰਾ ਹੌਂ ਤਿਸ ਕੇ ਸੰਗਿ।੪੩।

ਦੋਹਰਾ

ਸ਼ਸਤ੍ਰ ਧਾਰ ਕੈ ਖਾਈਏ, ਇਹ ਛਤ੍ਰਿਨ ਕੀ ਰੀਤਿ।
ਬਿਪ੍ਰ ਸੰਤੋਖੀ ਦਾਨ ਭਲ, ਖਾਵਹਿ ਭਜਹਿ ਸੁ ਮੀਤ।੪੪।

---

੧. ਭੇੜਾ ਦਾਨ ਲੈਣ ਵਾਲਾ।

ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ।
ਰਹਿਤ ਪਿਆਰੀ ਮੋਹ ਕੋ, ਸਿਦਕ ਪਿਆਰਾ ਆਹਿ।੪੫।
ਰਹਿਣੀ ਸਤਿਗੁਰੂ ਸਿਖ ਕੀ, ਕਹੀ ਸੁ ਹਿਤ ਚਿਤ ਲਾਇ।
ਪੜ੍ਹਹਿ ਸੁਨਹਿ ਭਗਤੀ ਲਹਹਿ, ਮੁਕਤਿ ਗੁਰੂ ਘਰਿ ਜਾਇ।੪੬।

*(ਸੌ ਸਾਖੀ ਵਿਚੋਂ)*

# (੧੦) ਮੁਕਤਿਨਾਮਾ (ਭਾਈ ਸਾਹਿਬ ਸਿੰਘ)

ਸੁਣ ਗੁਰ ਸਿਖਾ! ਮੁਕਤਿਨਾਮ, ਸਭ ਸਿਖਨ ਉਪਦੇਸ਼।
ਜੋ ਨ ਕਰੇ ਹੈ ਗੁਰ ਉਕਤਿ, ਬੇਮੁਖ ਝੂਠਾ ਭੇਸ।੧।
ਕਰਜ਼ ਨ ਲੇਵਹਿ ਕਿਸੀ ਕਾ, ਲੇਇ ਤੋ ਦੇਵਹਿ ਭਾਵ।
ਖੁਸ਼ੀ ਕਰੈ ਘਰਿ ਸਿਖਣੀ, ਭਲਾ ਦਿਖਾਵੈ ਚਾਵ।੨।
ਝੂਠ ਨ ਬੋਲਹਿ ਨ ਸੁਣਹਿ, ਝੂਠ ਨ ਕਰਹਿ ਪ੍ਰੀਤਿ।
ਸਚੁ ਕਮਾਵਹਿ ਸੰਗਤੀਂ, ਸੱਚੀ ਪਾਲਹਿ ਰੀਤਿ।੩।
ਸਚ ਵਾਪਾਰੀ ਸਚੁ ਕਰਮ, ਸਚੁ ਪੰਡਿਤ ਸਚ ਸੁਧ।
ਸੱਚੀ ਖੇਤੀ ਸਚੁ ਕੋਸਬ, ਸਚੇ ਰੰਗ ਪ੍ਰਬੁਧ।੪।
ਸਿਖ ਹੋਇ ਜੂਠਾ ਨ ਖਾਵਹਿ। ਸਿਖ ਹੋਇ ਧਨ ਤੇ ਛੁਟਕਾਵਹਿ।
ਸਿਖ ਪ੍ਰਸਾਦ ਵੰਡ ਕਰਿ ਖਾਇ। ਨਾਂਗੇ ਕੇਸ ਭੋਗ ਨ ਸੁਪਤਾਇ।੫।
ਖਾਵਹਿ ਗੁਰ ਕਾ ਨਾਮ ਜਪਿ, ਜਪੁ ਪੜ੍ਹਿ ਲੇ ਪ੍ਰਸਾਦ।
ਨਗਨ ਨ ਦੇਖਹਿ ਨਾਇਕਾ, ਨਾਰਿ ਰੂਪਿ ਨਹਿ ਯਾਦ।੬।
ਧਨ ਪਰ ਘਰ ਕੋ ਛੁਵਹਿ ਨਹਿ, ਨੀਚ ਜਾਤਿ ਤੇ ਦੂਰ।
ਕੁਸਿਆ ਮਾਸ ਨ ਖਾਈਐ, ਪਾਲਿਆ ਖਾਇ ਨ ਸੂਰ।੭।
ਮਦ ਕੋ ਛੋਡੇ ਉਚ ਰਹਤ, ਚੀਤੇ ਪੀਛੈ ਅੰਭ।[1]
ਮਲ ਤਿਆਗੇ ਤੇ ਮ੍ਰਿਤਕਾ, ਕਰ ਪਦ ਪਾਨੀ ਹੰਭ।੮।
ਸੀਤ ਨ੍ਹਾਇ ਜਾਮ ਰਹੇ ਰਾਤ, ਅੰਨ, ਖਾਇ ਕਰਿ ਵੰਡ।
ਕਹਹਿ ਗੁਰੂ ਗੋਬਿੰਦ ਸਿੰਘ, ਜਮੂਆ ਕਰੈ ਨ ਦੰਡ।੯।
ਪਰਜਾ ਤੇ ਨਿਆਰੋ ਮਿਲੈ, ਰਹਤ ਬਿਹਾਰੈ ਮਾਂਝ।
ਜਗਤ ਜੂਠ ਕਉ ਛਾਡੀਏ, ਪਹਰੇ ਰੰਗ ਨ ਰਾਂਝ।੧੦।
ਸੁਰਮਾ ਅੰਜਨ ਦਿਨ ਤਜਹਿ, ਨਗਨ ਨ ਸੋਵਹਿ ਅੰਗ।
ਨਾਮ ਸਿਮਰਿ ਕਰ ਆਰਤਾ, ਗੁਰੂ ਮਿਟਾਵਹਿ ਕੰਗ।੧੧।
ਗੁਰ ਕੀ ਪਾਹੁਲ ਸਿਖ ਲੇਇ, ਰਹਤ ਕਮਾਵਹਿ ਗ੍ਰੰਥ।
ਜੋ ਬੇੜਾ ਸੋ ਸੇਵਿਆ, ਔਰ ਨ ਭਰਮਹਿ ਪੰਥ।੧੨।
ਗੁਰੂ ਸਿਖ ਕਾ ਖਾਈਐ, ਕੰਨਯਾ ਘਰ ਸਿਖ ਸੋਧ।
ਅਨ ਰਿਣ ਹਿਤ ਕਰ ਵੇਦ ਵਿਧਿ, ਹੋਵਹਿ ਚਿਤ ਪ੍ਰਬੋਧ।੧੩।

---

੧. ਪਿਸ਼ਾਬ ਕਰਨ ਪਿਛੋਂ ਪਾਨੀ ਦੀ ਵਰਤੋਂ ਜ਼ਰੂਰੀ ਹੈ।

ਪੁਤ੍ਰ ਕੁਸੰਗੀ ਨ ਹੋਵਹਿ, ਨਾਹਿ ਕੁਸੰਗੀ ਨਾਰਿ।
ਗੁਰਮੰਤ੍ਰ ਪਢਤਾ ਰਹਹਿ, ਘਰ ਕੀ ਨਿਤ ਉਠ ਕਾਰ।੧੪।
ਸਿਖ ਨ ਪੂਜਾ ਖਾਇ ਰੰਚ, ਨੀਤ ਕੜਾਹ ਭਰ ਲੇਇ।
ਗੁਰੂ ਭੁਗਤਿ ਹੀ ਖਾਈਐ, ਜੋ ਅਰਦਾਸੀ ਦੇਇ।੧੫।
ਪ੍ਰਸਾਦ ਅਰਦਾਸੀ ਬਾਂਟ ਦੇ, ਸਭ ਕੋ ਸਮਤਾ ਬਾਂਟ।
ਜੋ ਪ੍ਰਸਾਦ ਮੇਂ ਈਰਖਾ, ਕਰਤਾ ਤੋੜਹਿ ਸਾਂਟ।੧੬।
ਲੋਭ ਕਰਹਿ ਪ੍ਰਸਾਦ ਮਹਿ, ਜਮ ਕੀ ਖਾਵਹਿ ਮਾਰ।
ਸੋ ਪ੍ਰਸਾਦ ਗਾਲਹਿ ਤਿਸੈ, ਰੋਗ ਦੋਖ ਧਨ ਖੁਆਰ।੧੭।
ਖਾਇ ਭੁਗਤ ਜਾ ਸਮੈ ਸਿਖ, ਉਠਹਿ ਨ ਛੋਡਹਿ ਥਾਂਇ।
ਜੋ ਛਾਡਹਿ ਫਿਰ ਖਾਇ ਨਹਿ, ਸੁਖੀ ਧਨੀ ਗੁਰ ਪਾਹਿ।੧੮।
ਤੁਰਕ ਤੁਰਕਣੀ ਤੇ ਬਚਹਿ, ਤੁਰਕ ਨ ਕਰੀਐ ਸਿਖ।
ਚਾਰ ਵਰਣ ਗੁਰ ਭਾਇ ਜੋ, ਖਾਇ ਖਵਾਵਹਿ ਭਿਖ।੧੯।
ਭੇਖਿਅਨ ਕੀ ਬਾਨੀ ਤਜੈ, ਤਜੈ ਸੀਤਲਾ ਭੋਗ।
ਕਲਮਾ ਕਾ ਅੰਨੁ ਦੂਰ ਧਰਿ, ਤੁਰਕਨ ਜਾਣਹਿ ਰੋਗ।੨੦।
ਠਗੂਆ ਬਿਪ੍ਰ ਸਿਖ ਭੇਖ, ਖੰਡਨ ਨਾਰੀ ਹੋਇ।
ਮੁਸਹਿ ਭੁਲਾਵਹਿ ਗਰਬ ਬਿਨ, ਬਿਸੂਾ ਸਿਖ ਨ ਕੋਇ।੨੧।
ਕਰਹਿ ਕੜਾਹ ਤ੍ਰਿਭਾਵਲੀ, ਸਚੁ ਪਵਿਤ੍ਰ ਤਨ ਥਾਇ।
ਗੁਰ ਪ੍ਰਸਾਦਿ ਅਰਦਾਸ ਕਰਿ, ਨਾਂਗਾ ਭੋਜ ਨ ਖਾਹਿ।੨੨।
ਜਿਤ ਕਾਰਜ ਗੁਰਭਾਵ ਹਿਤ, ਹੋਇ ਭਾਵਨੀ ਪੂਰ।
ਈਹਾਂ ਸਿਦਕ ਸਾਬਤ ਭਯਾ, ਆਗੈ ਸੁਖ ਭਰਪੂਰ।੨੩।
ਆਧ ਨਾਮ ਜੋ ਲੇਇ ਸਿਖ, ਸੋ ਤਨਖਾਹੀ ਮੂੜ੍ਹ।
ਜਮਪੁਰਿ ਵਾਸਾ ਪਾਇਗੋ, ਕਰੈ ਮਲੇਛੀ ਹੂੜ।੨੪।
ਬਿਨਾ ਅਨੰਦ ਬਿਵਾਹ ਤੇ, ਭੁਗਤੇ ਪਰ ਕੀ ਜੋਇ।
ਸੁਣ ਸਿਖਾ! ਗੁਰ ਕਹਿ ਥੱਕੇ, ਮੇਰਾ ਸਿਖ ਨ ਸੋਇ।੨੫।
ਸਾਂਝ ਸਵੇਰੇ ਸੋਇ ਨਹਿ, ਜੂਠ ਅਸੁਚ ਰਹਿ ਦੂਰ।
ਗੁਰੂ ਨਿਕਟਿ ਜੋ ਸਿਖ ਹੈ, ਦੇਵਨ ਰਹੈ ਹਜ਼ੂਰ।੨੬।
ਗੁਰ ਸਿਖ ਖੁਲ੍ਹੇ ਕੇਸ ਨਹਿ, ਪਾਵਹਿ ਜੂੜਾ ਕੇਸ।
ਦਸਵੰਧ ਗੁਰੂ ਕਾ ਦੇਇਕੈ, ਖਾਇ ਕਮਾਈ ਸ਼ੇਸ।੨੭।
ਦਾਤਨ ਕਰੇ ਪ੍ਰਾਤ ਉਠ, ਇਸ਼ਨਾਨ ਕਰੇ ਗੁਰਵਾਕ।
ਪੜ੍ਹਿ ਬਾਣੀ ਮੱਥਾ ਟਿਕੈ, ਗੁਰਸਿਖਨ ਸੋਂ ਸਾਕ।੨੮।
ਦੋਇ ਗੋਤ੍ਰ ਕੰਨਿਆ ਤਜੈ, ਨਾਨਕ ਦਾਦਕ ਮਾਨ।
ਸੋਈ ਗੁਰਮੁਖਿ ਸੰਤਤੀ, ਸਤਿਗੁਰ ਦੇਵਹਿ ਦਾਨ।੨੯।

ਸ੍ਵੈਯਾ

ਮੂਏ ਹੀ ਸਿਖ ਬਾਂਧਵ ਕੋ, ਨਿਤ ਰੋਵਹਿ ਨਾਹਿ ਕੜਾਹ ਕਰਾਵਹਿ।

ਅਨੰਦ ਪੜ੍ਹੇ ਸਭ ਸ਼ੋਕ ਤਜਹਿ ਸਿਖ, ਪੀਟੈ ਨਾਰਿ ਨ ਸ਼ਬਦ ਪੜ੍ਹਾਵਹਿ।
ਸੰਤ ਸੰਬ੍ਰਹਨ ਬਿਪ੍ਰਨ ਸਿਖਨ ਦੇਇ ਖੁਵਾਇ ਸੁ ਭੇਟ ਚੜ੍ਹਾਵਹਿ।
ਵੇਦ ਕੀ ਰੀਤਿ ਕੋ ਤਿਆਗ ਕਰੇ, ਨਹਿ ਕ੍ਰਿਆ ਮਾਨ ਸੋ ਸਿਖ ਸੜ੍ਹਾਵਹਿ।੩੦।
ਗੁਰ ਕੀ ਛਾਪ ਸਿਰ ਕੇਸਕੀ, ਪਾਹੁਲ ਦੇਇ ਉਤਾਰ, ਸੋ ਬੇਮੁਖ ਜਾਨਹੁ।
ਬੇਟੇ ਕੋ ਬੰਧ ਕੇ ਛਾਪ ਮੁੰਡਾਵਤ, ਜਮਦੂਖ ਭੋਗ ਕੇ ਪ੍ਰੇਤ ਪਛਾਨਹੁ।
ਸਾਕ ਤਜੈ ਤਿਹ ਖਾਨ ਤਜੈ, ਜੋ ਪਾਲਹਿ ਤਾਸੁ, ਪਾਪੀ ਹੀ ਮਾਨਹੁ।
ਗੋਬਿੰਦ ਸਿੰਘ ਨਿਸੰਗ ਕਹਹਿ ਇਹ ਬੇਮੁਖ, ਤਿਆਗਿ ਕਿਉਂ ਪਾਪਨ ਸਾਨੋ।੩੧।
ਤੁਰਕ ਪਾਰਸੀ ਜੇ ਪੜ੍ਹਹਿ, ਜੀਵਤ ਲੀਏ ਸਿਖ।
ਤੁਰਕਨ ਮਤ ਬਿਸਾਹੁ ਕਰਿ, ਗੁਰ ਤੇ ਸਦਾ ਬਿਮੁਖ।੩੨।
ਵਿਵਾਹਨ ਮੇਂ ਸੁਤ ਜਨਮ ਮੈਂ, ਮਰਨ ਤਨਖਾਹ ਬਖਸ਼ਾਇ।
ਸੋ ਸਿਖ ਗੁਰ ਕਾ ਜਾਨੀਏ, ਮੋਨੇ ਅੰਨੁ ਨ ਖਾਇ।੩੩।
ਸਿਲਾ ਨ ਪੂਜਹਿ ਪਾਹੁਲੀ, ਸਿਲਾ ਨ ਪਾਨੀ ਪੀਉ[੧]।
ਵਰਣਾਸ੍ਰਮ ਕੀ ਰੀਤਿ ਤੇ, ਬਚੈ ਸਿਖਨ ਕੀ ਸੀਉ।੩੪।
ਬਹੁਤਾ ਕਰਮ ਸੰਸਾਰ ਕਾ, ਪਿਤਾ ਪਿਤਾਮਾ ਦੇਵ।
ਗੁਰ ਰਖਿਆ ਨੋ ਮਾਨੀਅਹਿ, ਸੋ ਸਿਖ ਮੇਰੋ ਸੇਵ।੩੫।
ਜੋ ਗੁਰਕੈ ਘਰਿ ਜਾਇਆ, ਬਡਾ ਕਹੈ ਜਿਹ ਬੇਦ।
ਜਪ ਤਪ ਦਾਨੀ ਭੂਪ ਬਿਪ੍ਰ, ਦੇਇ ਨ ਇਨ ਕੋ ਖੇਦ।੩੬।
ਰੋਵੈ ਬੇਦੀ ਭੇਦ ਬਿਨੁ, ਰੋਵਹਿ ਪਾਪੀ ਲੋਗ।
ਬੇਮੁਖ ਗੁਰ ਫਿਟਕਾਰਿਆ, ਰੋਵਹਿ ਦੀਰਘ ਰੋਗ।੩੭।
ਮੇਰੇ ਘਰ ਜੋ ਆਇਆ, ਗੁਰਸ਼ਬਦਨ ਸਿਉਂ ਹੇਤ।
ਗੁਰ ਸਿਖਯਾ ਸੁਣਿ ਧਾਰੀਏ, ਰਹਣੀ ਰਹਹਿ ਸੁਚੇਤ।੩੮।
ਮੈਂ ਬਖਸ਼ੋਂਗਾ ਪਾਰ ਕਰਿ, ਉਸ ਪਦ ਦਾਤਾ ਆਪ।
ਸ਼ੰਕਰ ਦੱਤ ਰਾਮਾਨੁਜ, ਗੋਰਖ ਮੁਹੰਮਦ ਨ ਥਾਪ।੩੯।
ਬਰਖਾ ਬਰਸੈ ਧਰਨਿ ਪਰ, ਖੇਤੀ ਖੂਬ ਬਨਾਇ।
ਗੁਰ ਸਨਮੁਖ ਸਭ ਧਰਮ ਫਲ, ਦੀਨੇ ਗੁਰ ਫੁਰਮਾਇ।੪੦।
ਮੁਕਤਿਨਾਮਾ ਪੜ੍ਹੈ ਜਨ, ਤੀਰਥ ਮੁਕਤਸਰ ਨ੍ਹਾਇ।
ਬੁਰੇ ਕਰਮ ਤੇ ਛੂਟ ਕਰਿ, ਗੁਰਿ ਘਰ ਮਰ ਕਰਿ ਜਾਇ।੪੧।
ਬੈਨ ਬਤਾਲੀ ਫਲ ਸੁਣੇ, ਸੁਣਿ ਸਿਖ ਦੀਨੇ ਤੋਇ।
ਦੂਗਣੀ ਛੋਡਤ ਜੂਨ ਕੋ, ਜਿਉਂ ਸਮੀਰ ਖੁਸ਼ਬੋਇ।੪੨।
ਤਾਂ ਗੁਰੂ ਜੀ ਕਹਿਆ, 'ਨਿਹਾਲ ਭਾਈ ਨੀਂਗ੍ਹਾ! ਬਿਗਸ।'
ਰਹਿਤ ਸਿਖ ਕੀ ਰਹਿਣੀ, ਸੰਸਾਰੀਆਂ ਕੀ ਸੁਣਨੀ ਮੰਨਣੀ ਨਾਹੀ।

(*ਸੌ ਸਾਖੀ*, ਸਾਖੀ ਨੰ: ੮)

---

੧. ਬੁਤ ਨ ਪੂਜੇ ਤੇ ਨ ਹੀ ਬੁਤ ਧੋਤੇ ਦਾ ਪਾਣੀ ਪੀਵੇ।

# (੧੧) ਰਹਿਤਨਾਮਾ ਸਹਿਜਧਾਰੀਆਂ ਕਾ (ਵਾਜਬੁਲਅਰਜ਼)

(੧) ਸਮੇਂ ਵਿਆਹ ਦੇ, ਅਸੀਂ ਵੇਦ-ਪਾਠ ਬ੍ਰਾਹਮਣ ਨੂੰ ਬੁਲਾਇ ਕੈ ਵਿਵਾਹ ਦੀਆਂ ਕਾਂਡੀਆਂ ਪੜ੍ਹਾਇਕੈ ਵਿਵਾਹ ਕਰਦੇ ਸਾਂ, ਤੇ ਹੁਣ ਸਿਖ ਕਹਿੰਦੇ ਹਨ—ਤੁਸੀਂ ਆਨੰਦ ਪੜ੍ਹਕੇ ਵਿਵਾਹ ਕਰੋ, ਬ੍ਰਾਹਮਣਾਂ ਨੂੰ ਨਾ ਬੁਲਾਵੋ, ਸੱਚੇ ਪਾਤਸ਼ਾਹ! ਅਬ ਜਿਵੇਂ ਹੁਕਮ ਹੋਵੈ। ਦਸਤਖਤ ਖਾਸ ਹੋਏ—ਪਹਿਲੇ ਆਨੰਦ ਪੜ੍ਹਨਾ, ਅਰਦਾਸ ਪਿੱਛੇ ਬ੍ਰਾਹਮਣਾਂ ਥੀਂ ਹਮੇਸ਼ਾ ਜਿਸ ਤਰ੍ਹਾਂ ਪੜ੍ਹਾਂਵਦੇ ਆਏ ਹੋ, ਤਿਵੈਂ ਪੜ੍ਹਾਵਣਾ ਸੰਸਾ ਨਹੀਂ ਕਰਨਾ।

(੨) ਸਾਹਿਬਾਂ ਦਾ ਹੁਕਮ ਹੋਇਆ ਹੈ ਜੋ ਪੰਜਾਂ ਮੇਲਾਂ—ਧੀਰਮੱਲੀਏ, ਰਾਮਰਾਈਏ, ਮੀਣੇ, ਮਸੰਦ, ਸਿਰਗੁੰਮ—ਨੂੰ ਨਹੀਂ ਮਿਲਣਾ, ਸਿਰਗੁੰਮ ਕੌਣ ਹੈ?

ਬਚਨ ਹੋਇਆ, ਸਿਰਗੁੰਮ ਸਰੇਵੜੇ ਅਨੀਸ਼ਰਵਾਦੀ ਹੈਨ, ਨੰਦਚੰਦ ਸੰਘੈ ਦੇ ਵੀ ਸਿਰਗੁੰਮ ਹੈਨ, ਪੱਕਾ ਸਿਰਗੁੰਮ ਤੁਰਕ ਹੈ। ਸਿਖਾਂ ਅਰਦਾਸ ਕੀਤੀ—ਕੋਈ ਵਪਾਰ ਦੀ ਕ੍ਰਿਆ ਵਾਲਾ ਹੈ, ਕੋਈ ਮੁਸੱਦੀ-ਪੇਸ਼ਾ ਹੈ, ਵਿਹਾਰ ਦਾ ਸਦਕਾ ਸਭ ਕਿਸੇ ਦਾ ਆਣ ਮੇਲ ਹੁੰਦਾ ਹੈ। ਤਾਂ ਦਸਤਖਤ ਹੋਏ—ਪਹਿਲੇ ਪੁੱਛ ਕੇ ਵਰਤਣ ਕਰਨੀ, ਜੇ ਭੁਲ ਭੁਲਾਵੈ ਵਰਤੇ ਤਾਂ ਅਰਦਾਸ ਕਰਵਾਇ ਲੈਣੀ।

(੩) ਸੱਚੇ ਪਾਤਸ਼ਾਹ! ਅਸੀਂ ਸਹਜਧਾਰੀ ਤੇਰੇ ਸਿਖ ਜੋ ਹੈਸਾਂ, ਸੋ ਮਾਤਾ ਪਿਤਾ ਦੇ ਮਰਣੇ ਉੱਪਰ ਕ੍ਰਿਆ ਕਰਮ ਭੱਦਣ ਜੋ ਵੀ ਸੰਸਾਰ ਦੀ ਰੀਤਿ ਸੀ ਸੋ ਕਰਦੇ ਹੈਸਾਂ, ਤੇ ਹੁਣ ਸਿਖ ਆਖਦੇ ਹਨ—ਜੋ ਖਾਲਸਾ ਵਾਹਿਗੁਰੂ ਜੀ ਨੇ ਵਰਤਾਇਆ ਹੈ, ਹੁਣ ਤੁਸੀਂ ਰੀਤਾਂ ਸੰਸਾਰ ਦੀਆਂ ਨਾ ਕਰਿਆ ਕਰੋ। ਸੱਚੇ ਪਾਤਸ਼ਾਹ! ਜਿਵੇਂ ਹੁਕਮ ਹੋਵੈ। ਤਾਂ ਬਚਨ ਹੋਇਆ, ਖਾਸ ਦਸਤਖਤ ਹੋਏ—ਭੱਦਣ (ਭੱਦ੍ਰ) ਨਹੀਂ ਕਰਨਾ, ਹੋਰ ਕ੍ਰਿਆ ਕਰਮ ਕਰਤੂਤ ਜੈਸੀ ਦੇਸ ਕਾਲ ਹੋਵੇ, ਤਿਵੈਂ ਕਰਕੇ ਬਖਸ਼ਾਇ ਲੈਣਾ।

(੪) ਸੱਚੇ ਪਾਤਸ਼ਾਹ! ਸਮੇਂ ਵਿਵਾਹ ਅਤੇ ਖਿਆਹ ਸਰਾਧ ਦੇ ਦਿਨ, ਅਸੀਂ ਬ੍ਰਾਹਮਣਾਂ ਨੂੰ ਭੋਜਨ ਕਰਾਂਵਦੇ ਹੈਸਾਂ, ਹੁਣ ਸਿਖ ਆਖਦੇ ਹਨ, ਜੋ ਸਿਖ ਨੂੰ ਛਕਾਵਣਾ। ਹੁਕਮ ਹੋਇਆ—ਸਿਖਾਂ ਨੂੰ ਭੀ, ਬ੍ਰਾਹਮਣਾਂ ਅਤਿਥਾਂ ਨੂੰ ਭਲੀ ਪ੍ਰਕਾਰ ਪ੍ਰੀਤਿ ਕਰਕੈ, ਸਭਸ ਨੂੰ ਪ੍ਰਸਾਦ ਛਕਾਇਆ ਕਰੋ।

(੫) ਸੱਚੇ ਪਾਤਸ਼ਾਹ! ਵਕਤ ਜੰਞੂ ਪਾਵਣੇ ਦੇ ਅਸੀਂ ਪੁਤ੍ਰ ਨੂੰ ਉਸਤਰੇ ਨਾਲ ਭੱਦ੍ਰ ਕਰਵਾਂਦੇ ਸਾਂ, ਹੁਣ ਜਿਵੇਂ ਹੁਕਮ ਹੋਵੈ ਤਿਵੈਂ ਕੀਚੈ, ਹੁਕਮ ਤੇ ਖਾਸ ਦਸਤਖਤ ਹੋਏ—ਜੋ ਸਹਜਧਾਰੀ ਦੇ ਬੇਟਿਆਂ ਨੂੰ ਪਾਹੁਲ ਦੇਣੀ।

(੬) ਸੱਚੇ ਪਾਤਸ਼ਾਹ! ਅੱਗੇ ਅਸੀਂ ਅਸਥੀਆਂ ਗੰਗਾ ਭੇਜਦੇ ਸਾਂ। ਹੁਣ ਸਿਖ ਮਨ੍ਹੇ ਕਰਦੇ ਹਨ, ਜਿਵੇਂ ਹੁਕਮ ਹੋਵੈ। ਬਚਨ ਦੇ ਖਾਸ ਦਸਤਖਤ ਹੋਏ—ਜੇ ਪਹੁੰਚਾਇ ਤਾਂ ਅਸਥੀਆਂ ਪਹੁਚਾਇ ਦੇਣੀਆਂ ਅਰ ਜੇ ਸਿਖ ਜੁੱਧ ਵਿਚ ਜਿਥੇ ਹੁਕਮ ਸਤਿ ਹੁੰਦਾ ਹੈ। ਸੋਈ ਕੁਰਛੇਤ੍ਰ ਹੈ। ਇਕੈ ਸਾਧਸੰਗਤਿ ਕੀ ਚਰਨ ਧੂਰਿ ਵਿਚ ਪਾਇ ਦੇਣੀਆਂ ਅੰਮ੍ਰਿਤਸਰ ਜੀ ਦੇ ਚੁਫੇਰੇ, ਏਸੇ ਥਾਂ ਓਨਾਂ ਦੀ ਗਤਿ ਹੋਵੇਗੀ।

(੭) ਅਸੀਂ ਜੋ ਆਮਿਲ ਪੇਸ਼ਾ ਕਚਹਿਰੀਆਂ ਜਾਣ ਵਾਲੇ ਸਿਖ, ਦਾੜ੍ਹੀਆਂ ਕੇਸ ਇਕੋ ਜੇਹੇ ਕੈਂਚੀਆਂ ਨਾਲ ਕਟਵਾਇ ਲੈਂਦੇ ਸਾਂ, ਹੁਣ ਜਿਵੇਂ ਹੁਕਮ ਹੋਵੇ ਤਿਵੇਂ ਕਰੀਏ? ਹੁਕਮ ਤੇ ਖਾਸ ਦਸਤਖਤ ਹੋਏ, ਜੇਹੜੇ ਤੁਸੀਂ ਸਹਜਧਾਰੀ ਸਿਖ ਹੋ ਜੇ ਕੇਸਧਾਰੀਆਂ ਦੀ ਤਰ੍ਹਾਂ ਸਾਬਤ ਰਖਹੁ ਭਲਾ ਹੈ। ਨਹੀਂ ਤਾਂ ਤੁਸੀ ਜ਼ਰੂਰ ਮਾਤ ਵਧੀਕ ਹੋਵੇ ਸੋ ਬਰਾਬਰ ਕਰਵਾਇ ਲੈਣਾ। ਜੋ ਕੇਸਧਾਰੀ ਇਹ ਕਰਮ ਕਰੇਗਾ, ਉਹ ਸਿਖ ਨਹੀਂ।

(੮) ਸੱਚੇ ਪਾਤਸ਼ਾਹ! ਜੇ ਹੁਕਮ ਹੋਇਆ ਹੈ ਜੋ ਸਿਰਗੁੰਮਾ ਪੰਜਾਂ ਮੇਲਾਂ ਦੇ ਮੂੰਹ ਕੋਈ ਲਗੇ ਨਹੀਂ। ਜੋ ਕੋਈ ਆਂਵਦਾ ਜਾਂਦਾ ਮੂੰਹ ਲਗ ਜਾਵੇ ਤਾਂ ਕਿਉਂ ਕਰ ਬਚਨ ਹੈ? ਹੁਕਮ ਹੋਇਆ—ਰਿਦਾ ਸੁਧ ਗੁਰਾਂ ਵਲ ਚਾਹੀਦਾ ਹੈ, ਆਂਵਦਾ ਜਾਂਦਾ ਮੂੰਹ ਲਗ ਜਾਵੇ ਤਾਂ ਕੀ ਹੈ? ਵਰਤਣ ਨਹੀਂ ਕਰਨੀ।

(੯) ਜੇਹੜੇ ਸਿਖ ਗੰਗਾ ਜੀ ਦੇ ਇਸਨਾਨ ਨੂੰ ਗਏ ਹਨ, ਜੋ ਇਸਨਾਨ ਕਰਕੇ ਆਵਨ ਤਾਂ ਕਿਵ ਕਰਿ ਵਰਤੀਏ? ਬਚਨ ਹੋਆ, ਹਿਤ ਪਿਆਰ ਨਾਲ ਵਰਤਣਾ, ਬਹੁਤੀ ਦਿੱਕਤ ਨਾਹੀ ਕਰਨੀ। ਭਾਈ ਸਿੰਘੋ! ਤੁਸਾਡੇ ਉਪਰ ਸਾਡਾ ਏਹ ਹੁਕਮ ਹੈ ਪੰਜਾਂ ਮੇਲਾਂ ਵਿਚੋਂ ਕਿਸੇ ਨਾਲ ਨਹੀਂ ਮਿਲਣਾ, ਕਿਉਂ ਜੋ ਉਨ੍ਹਾਂ ਦੇ ਮੇਲ ਕਰਿ ਗੁਰੂ ਕਾ ਸਿਦਕ ਘਟਦਾ ਹੈ। ਜੇ ਕੋਈ ਉਨ੍ਹਾਂ ਵਿਚੋਂ ਭੀ ਮੇਲ ਕੀਤਾ ਚਾਹੇ ਮੇਲ ਲੈਣਾ। ਗੁਰਮਤਿ ਕਾ ਉਪਦੇਸ਼ ਦੇਣਾ, ਭਜਨ ਕਰਨਾ, ਧਰਮ ਦੀ ਕਿਰਤ ਕਰਨੀ ਤੇ ਵੰਡ ਖਾਣਾ, ਸਿਖ ਦੀ ਰਹਿਰਾਸਿ ਏਹੋ ਹੈ।

(੧੦) ਸਚੇ ਪਾਤਸ਼ਾਹ! ਅਗੈ ਜੇ ਕੋਈ ਹੁਕਮ ਸਤਿ ਹੁੰਦਾ ਸੀ ਤਾਂ ਅਸੀਂ ਪੰਡਿਤਾਂ ਨੂੰ ਬੁਲਾਇਕੇ ਗਰੁੜ ਪੁਰਾਣ ਵਚਾਂਵਦੇ ਸਾਂ ਤੇ ਦਸਗਾਤ ਕਰਾਂਵਦੇ ਸਾਂ ਤੇ ਹੁਣ ਪੰਡਿਤ ਨਹੀਂ ਆਂਵਦੇ। ਕਹਿੰਦੇ ਹੈਨ—ਜੈ ਧਾਗਾ ਤੇ ਲੰਗੋਟ ਰਖੋ, ਦਸਗਾਤ੍ਰ ਕਰੋ ਤਾਂ ਅਸੀਂ ਆਵਨੇ ਹਾਂ, ਜਿਵੇਂ ਹੁਕਮ ਹੋਵੈ ਤਿਵੈਂ ਕੀਚੈ। ਵਚਨ ਤੇ ਦਸਤਖਤ ਹੋਏ ਤੁਸਾਂ ਸਿਦਕ ਉਤੇ ਤਕੜੇ ਰਹਿਣਾ, ਗ੍ਰੰਥ ਜੀ ਦਾ ਭੋਗ ਪਵਾਣਾ ਤੇ ਪੰਜਵੇਂ ਪਾਤਸ਼ਾਹ ਜੀ ਦੇ ਸਹਸਕ੍ਰਿਤੀ ਸਲੋਕਾਂ ਦੀ ਕਥਾ ਸਿਖਾਂ ਥੀਂ ਸੁਣਨੀ, ਪ੍ਰਾਣੀ ਦਾ ਭੀ ਖਾਲਸਾ ਜੀ ਵਿਚ ਵਾਸਾ ਹੋਵੈਗਾ। ਤੇ ਤੁਸਾਂ ਨੂੰ ਭੀ ਗਿਆਨ ਪ੍ਰਾਪਤ ਹੋਵੈਗਾ। ਸਿਦਕ ਜੇਹਾ ਤੇ ਨਾਮ ਜੇਹਾ ਪਦਾਰਥ ਕੋਈ ਨਹੀਂ।

(*ਭਗਤ ਰਤਨਾਵਲੀ* ਵਿਚੋਂ)

# (੧੨) 'ਸਰਬ ਲੋਹ' ਵਿਚੋਂ ਖਾਲਸਾ ਮਹਿਮਾ

(ੳ)

ਕਾਲ ਪੁਰਖ ਕੀ ਆਗਯਾ ਪਾਇ ਕੈ, ਪ੍ਰਗਟ ਭਯੋ ਰੂਪ ਮੁਨਿਵਰ ਕੋ
ਜਟਾ ਜੂਟ ਨਖ ਸਿਖ ਕਰ, ਪਾਵਨ ਭਗਤ ਸੂਰ ਦ੍ਵੈ ਰੂਪ ਨਰਵਰ ਕੋ
ਚਕ੍ਰਵੈ ਪਦ ਦਾਤਿ ਧੁਰ ਪਾਯੋ, ਧਰਮਰਾਜ ਭ੍ਰੁਚਤ ਗਿਰਵਰ ਕੋ
ਉਦਯਾਸਤ ਸਮੁੰਦ੍ਰ ਪ੍ਰਯੰਤੰ ਅਬਿਚਲ, ਰਾਜ ਮਿਲਯੋ ਸੁਰਪੁਰਿ ਕੋ।੩੬੬।
ਪੰਥ ਖਾਲਸਾ ਭਯੋ ਪੁਨੀਤਾ, ਪ੍ਰਭੂ ਆਗਯਾ ਕਰਿ ਉਦਿਤ ਭਏ
ਮਿਟੀ ਦ੍ਵੈਤ ਸੁ ਜਗਤ ਉਪਾਧਿਨ, ਅਸੁਰ ਮਲੇਛਨ ਮੂਲ ਗਏ
ਧਰਮ ਪੰਥ ਖਾਲਸ ਪ੍ਰਚੁਰ ਭਯੋ, ਸਤਿ ਸਰਪ ਪੁੰਨ ਰੂਪ ਜਏ
ਕੱਛ ਕ੍ਰਿਪਾਨ ਕੇਸ ਤ੍ਰੈ ਮੁਦ੍ਰਾ, ਗੁਰ ਭਗਤਾਂ ਰਾਮਦਾਸ ਭਏ।੩੬੭।
ਕਾਲ ਉਪਾਸਕ ਛਤ੍ਰਿਯ ਧਰਮਾ, ਰਣ ਕਟਿ ਕਸਿ ਪ੍ਰਮਾਨ ਅਏ
ਤਾਂ ਮਹਿ ਪੰਚ ਚਾਲਿਸ ਪ੍ਰਧਾਨਾ, ਪੰਚ ਪ੍ਰਧਾਨ ਖਾਲਸਾ ਠਏ
ਸ੍ਰੀ ਅਜੀਤ ਸਿੰਘ ਜੁਝਾਰ ਫਤਹ ਸਿੰਘ ਜ਼ੋਰਾਵਰ ਸਿੰਘ ਪ੍ਰਿਏ
ਪੰਚਮ ਖਾਲਸਾ ਸਤਿਗੁਰੂ ਪੂਰਾ, ਜਿਨ ਏ ਪੰਥ ਸੁਪੰਥ ਪ੍ਰਗਟਏ।੩੬੮।
ਚਾਲਿਸ ਨਰ ਏ ਬੀਜ ਖਾਲਸਾ, ਮੁਕਤੇ ਪਾਵਨ ਸਿੰਘ ਬਲੀ
ਮਾਤ ਭਗਵਤੀ ਪਿਤਾ ਕਾਲਪੁਰਖ, ਗੋਦ ਲਿਯੋ ਦੈ ਖਾਸ ਪਲੀ
ਸਕਲ ਭ੍ਰਮ ਪਰਿਹਰ ਕਰਿ ਹਰਿਜਨ, ਸਤਿਨਾਮੁ ਸੁਚਿ ਮੰਤ੍ਰ ਭਲੀ
ਆਪ ਜਪਤ ਅਰ ਜਗਤ ਜਪਾਵਤ, ਭਗਤ ਸ਼ਿਰੋਮਣਿ ਮਾਹਿ ਕਲੀ।੩੬੯।

### ਬਿਸਨਪਦ ਪੁੰਨੀਆ ਰਾਜਪਲਾਸੀ

ਅਪਨ ਪੌ ਗੁਰ ਖਾਲਸੇ ਦੀਨਾ, ਦੁਤਿਯ ਰੂਪ ਸਤਿਗੁਰੂ ਗ੍ਰੰਥਾ
ਬੋਲਨੁ ਸਤਿਗੁਰੂ ਸ਼ਬਦ ਸੰਭਾਖਨੁ, ਨਾਮ ਗੁਬਿੰਦ ਕੀਰਤਨੁ ਸੰਥਾ
ਗੁਨਾਨੁਵਾਦ ਪੁਨ ਸਿਫਤਿ ਸਲਾਹਨ, ਊਠਤ ਬੈਠਤ ਸੈਨ ਕਰੰਥਾ
ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਰਨ ਆਸ਼੍ਰਮ ਸੁਭ ਪੰਥਾ।੩੭੦।
ਇਨ ਕੋ ਦਰਸ ਸਤਿਗੁਰ ਕੋ ਦਰਸ਼ਨ, ਬੋਲਨੁ ਗੁਰੂ ਸਬਦ ਗੁਰ ਗ੍ਰੰਥਾ
ਦ੍ਵਾਦਸ ਰੂਪ ਸਤਿਗੁਰ ਏ ਕਹਿਯਤ, ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ
ਪ੍ਰਤਖਯ ਕਲਾ ਪਾਰਬ੍ਰਹਮ ਧਣੀ ਛੈ, ਗ੍ਰੰਥ ਪੰਥ ਖਾਲਸਾ ਵਰਤੰਤਾ
ਦਾਸ ਗੋਬਿੰਦ ਫਤਿਹ ਸਤਿਗੁਰ ਕੀ, ਖਾਲਸਾ ਗ੍ਰੰਥ ਗੁਰ ਰੂਪ ਬਦੰਤਾ।੩੭੧।

ਐਸੋ ਗੁਣ ਹਰਿ ਖਾਲਸੇ ਬਖਸ਼ਾ, ਭਗਤਿ ਗਯਾਨੀ ਰਾਜ ਜੋਗੇਸੂਰ
ਛਤ੍ਰਿਯ ਬ੍ਰਿਤਿ ਅਨਨਯ ਉਪਾਸਕ, ਤਯਾਗੀ ਹਠੀ ਸੂਰ ਭੁਵਨੇਸੂਰ
ਗ੍ਰਾਹਯ ਸੁਭ ਤਯਾਗ ਬਿਵਰਜਤ ਸ਼੍ਰੁਤਿ, ਆਦਯੰ ਸ੍ਰੀ ਮੁਖ ਪਰਮੇਸਰ
ਗੀਤਾ ਉਪਨਿਸ਼ਧ ਮਹਾਂ ਵਾਕ ਮਹਿ, ਰਹਿਨੀ ਭਗਤ ਗਯਾਨਿ ਬ੍ਰਿਤੇਸਰ ।੫੧੩।
ਅਸੁ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰ ਸੁ ਸਰੂਪ ਮਹਾਨੰ
ਗੁਰ ਉਪਦੇਸ ਸਿਖਨ ਪ੍ਰਤਿ ਭਾਖਨ, ਮੁਦ੍ਰਾ ਤ੍ਰੈ ਕੱਛ, ਕੇਸ, ਕ੍ਰਿਪਾਨੰ
ਤਾਂ ਕੀ ਰਹਿਨ ਸ਼੍ਰੁਤਯੋਕਿਤ ਭਾਖਤ, ਦਸ ਗ੍ਰਾਹਯ ਖਾਲਸ ਪ੍ਰਧਾਨੰ
ਦਯਾ, ਦਾਨ; ਰੁ ਛਮਾ ਸਨਾਨੰ, ਸੀਲ, ਸੁਚ, ਸਤਯੰ, ਸੰਭਾਨੰ
ਸਾਧਨ ਸਿਧ ਸੂਰ ਭਗਤਿ ਮਾਨੰ, ਦਸ ਗ੍ਰਾਹਯ ਆਸਤਿਕ ਪ੍ਰਮਾਨੰ ।੫੧੪।

ਤਯਾਗੀ ਦਸ

ਬਿਰੋਧਿ ਸਾਧਨ-ਹਿੰਸਾ, ਅਹੰਕਾਰੰ, ਆਲਸ ਕ੍ਰਿਪਣਤਾ, ਪ੍ਰਮਾਨੰ
ਕਠੋਰਤ, ਜੜਤ, ਕੁਚਿਲ ਅਸਉਚੰ[1], ਕਲਮਾ ਮਾਂਸ[2], ਸੁਅਭਗਤਿਮਾਨੰ
ਦਸ ਗ੍ਰਾਹਯਾ ਦਸ ਤਯਾਗੀ ਐਸੇ, ਤਾਂਹਿ ਖਾਲਸਾ ਕਥਿਤ ਸੁਜਾਨੰ
ਅਸੁ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰ ਸੁ ਸ੍ਵਰੂਪ ਮਹਾਨੰ ।੫੧੫।
ਜੀਵਨ ਮੁਕਤ ਬਿਚਰਤ ਬਨ ਤ੍ਰਿਨ ਮਹਿ, ਦੇਵਭੂਤ ਦੈਵ ਹੀ ਕਹੀਐ
ਖਾਲਸਾ ਪਦ ਕਉ ਪ੍ਰਾਪਤ ਦੁਰਲਭ, ਐਸੇ ਖਾਲਸ ਹਰਿਜਨ ਚਹੀਐ
ਜਲ ਤਰੰਗ ਭੇਦ ਕਛੁ ਨਾਹਿਨ, ਜੀਵ ਬ੍ਰਹਮ ਪਰਮਾਤਮ ਲਹੀਐ
ਬ੍ਰਹਮ ਹੀ ਜੀਵ ਜੀਵ ਹੀ ਬ੍ਰਹਮੋ, ਸਾਗਰ ਬੂੰਦ ਬੂੰਦ ਸਿੰਧ ਅਹੀਐ ।੫੧੬।
ਹਰਿ ਹੀ ਹੋਹਿ ਤੌ ਕਹਾਂ ਅਚਰਜ ਹੈ, ਸਤਿਗੁਰ ਪਦ ਕਹੁ ਪ੍ਰਾਪਤਵਾਰੋ
ਸਿਖ ਪਦ ਦੁਹੂੰਅਨ ਤੇ ਗਉਰੋ, ਆਤਮ ਕੀ ਪ੍ਰਾਪਤੀ ਬਿਚਾਰੋ
ਤਾਸ ਮਹਾਤਮ ਨਿਜ ਮੁਖ ਗਾਵਤ, ਜਥਾ ਉਕਤਿ ਮਤਿ ਬੁਧਿ ਹਮਾਰੋ
ਸੁਨਹੁ ਸੰਤ ਖਾਲਸ ਪਦ ਜਸ ਕਉ, ਸ੍ਰਵਨ ਪ੍ਰਾਪਤ ਹੋਤ ਫਲ ਚਾਰੋ ।੫੧੭।
ਗੀਤਾ ਮਹਿ ਅਰਜਨ ਪ੍ਰਤਿ ਭਾਖਤ, ਸ੍ਰੀ ਮਤਿ ਭਗਤ ਮਹਾਤਮ
ਭਗਤ ਗਯਾਨਿ ਸੂਰ ਨਿਜ ਬਰਨਾ, ਪ੍ਰਾਪਤ ਜਾ ਕਉ ਆਤਮ
ਟੀਕਾਕਾਰ ਹੂ ਦਰਸਨ ਭਗਤਨ, ਖਾਲਸ ਪ੍ਰਤਿ ਹੈ ਭਾਖੀ
ਖਾਲਸਾ ਪਦ ਕਉ ਊਚ ਮਹਾਤਮ, ਸਭਹਿ ਸ੍ਰੇਸਟਨ ਆਖੀ ।੫੧੮।

## ਬਿਸਨੁ ਪਦ ਪੁੰਨਿਆ ਦੇਵ ਪਲਾਸੀ ਚਰਪਦ

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸਾ ਮਹਿ ਹਉਂ ਕਰਉ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗ। ਖਾਲਸੇ ਕੇ ਹਉਂ ਬਸਤ ਸਦ ਸੰਗ ।੫੧੯।
ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹਿਯਤ ਬਿਰਦ।
ਖਾਲਸ਼ਾ ਮੇਰੋ ਪੱਛ ਰੁ ਪਾਦ। ਖਾਲਸਾ ਮੇਰੋ ਸੁਖ ਅਹਿਲਾਦ ।੫੨੦।

---

੧. ਅਪਵਿਤ੍ਰ। ੨. ਕੁੱਠਾ।

ਖਾਲਸਾ ਮੇਰੋ ਮਿਤ੍ਰ ਸਖਾਈ। ਖਾਲਸਾ ਮਾਤ ਪਿਤਾ ਸੁਖਦਾਈ।
ਖਾਲਸਾ ਮੇਰੀ ਸੋਭਾ ਸੀਲ। ਖਾਲਸਾ ਬੰਧੁ ਸਖਾ ਸਦ ਡੀਲ।੫੨੧।
ਖਾਲਸਾ ਮੇਰੋ ਜਤ ਅਰ ਪਤ। ਖਾਲਸਹਿ ਸੋ ਮਾ ਕਉ ਉਤਪਤਿ।
ਖਾਲਸਾ ਮੇਰੋ ਭਵਨ ਭੰਡਾਰ। ਖਾਲਸਹਿ ਕਰਿ ਮੇਰੋ ਸਦ ਕਾਰ।੫੨੨।
ਖਾਲਸਾ ਮੇਰੋ ਸਜਨ ਪਰਵਾਰ। ਖਾਲਸਾ ਮੇਰੋ ਕਰਤ ਉਧਾਰ।
ਖਾਲਸਾ ਮੇਰੋ ਪਿੰਡ ਪ੍ਰਾਨ। ਖਾਲਸਾ ਮੇਰੀ ਜਾਨ ਕੀ ਜਾਨ।੫੨੩।
ਖਾਲਸਾ ਮੇਰੋ ਧਰਮ ਰੁ ਕਰਮ। ਖਾਲਸਾ ਮੇਰੋ ਭੇਦ ਨਿਜ ਮਰਮ।
ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸ੍ਵਜਨ ਸੂਰਾ।੫੨੪।
ਖਾਲਸਾ ਮੇਰੋ ਬੁਧਿ ਗਯਾਨ। ਖਾਲਸੇ ਕਾ ਹਉ ਧਰਉਂ ਧਯਾਨ।
ਉਪਮਾ ਖਾਲਸਹਿ ਜਾਤ ਨ ਕਹੀ। ਜਿਹਵਾ ਏਕ ਪਾਰ ਨਹਿੰ ਲਹੀ।੫੨੫।
ਸ਼ੇਸ ਰਸਨ ਸਾਰਦ ਸੀ ਬੁਧਿ। ਤਦਪਿ ਨ ਉਪਮਾ ਬਰਨਤ ਸ਼ੁਧ।
ਯਾ ਮਹਿ ਰੰਚ ਨ ਮਿਥਯਾ ਭਾਖੀ। ਪਾਰਬ੍ਰਹਮ ਗੁਰਨਾਨਕ ਸਾਖੀ।੫੨੬।
ਰੋਮ ਰੋਮ ਰਸਨਾ ਜਉ ਪਾਵਹੁੰ। ਤਦਪਿ ਨ ਖਾਲਸ ਜਸਹਿ ਤ ਗਾਵਹੂੰ।
ਹੌਂ ਖਾਲਸੇ ਕਉ ਖਾਲਸਾ ਮੇਰੋ। ਓਤ ਪੋਤ ਸਾਗਰ ਬੂੰਦੇਰੋ।
ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮੌਜ।੫੨੭।
ਖਾਲਸੇ ਕੇ ਪ੍ਰਸਾਦਿ ਕਰ, ਸੁਤ ਬਿਤ ਕੋਸ਼ ਭੰਡਾਰ
ਰਾਜ ਮਾਲ ਸਾਦਨ ਸਕਲ, ਪੁਤ੍ਰ ਕਲਤ੍ਰ ਬਿਉਹਾਰ।੫੨੮।
ਲਸ਼ਕਰ ਨੇਬ ਖ਼੍ਵਾਸ ਭ੍ਰਿਤ, ਅਨੁਚਰ ਦਾਸੀ ਦਾਸ
ਮਿਤ੍ਰ ਕੁਟੰਬ ਧਨ ਭਵਨ ਮਮ, ਸਮ੍ਰਿਧ ਕ੍ਰਿਪਾ ਕਰਿ ਤਾਸ।੫੨੯।
ਗਿਰੰਬਾਰੀ ਅਰੁ ਸਾਹਿਬੀ, ਤਨ ਮਨ ਪਿੰਡ ਪ੍ਰਾਨ
ਪ੍ਰਸਾਦ ਖਾਲਸੇ ਕਰਿ ਮਿਲਯੋ, ਦਾਨ ਮਾਨ ਸਨਮਾਨ।੫੩੦।
ਕ੍ਰਿਪਾਵੰਤ ਖਾਲਸ ਸਗਲ ਤਹਿੰ ਪ੍ਰਸਾਦਿ ਭਯੋ ਗੌਰ
ਮੋ ਸੇ ਰੰਕ ਅਨਾਥ ਜਗ, ਭਟਕਤ ਫਿਰਤ ਕਰੋਰ।੫੩੧।
ਸੇਵ ਖਾਲਸੇ ਕੀ ਸਫਲ, ਪੂਜਾ ਸਤ੍ਰਨ ਅਰਘਪਾਦ
ਦਾਨ ਮਾਨ ਸਨਮਾਨ ਕਰਿ, ਖੋੜਸ ਬਿਧਿ ਕੋ ਸਾਦ।੫੩੨।
ਆਨ ਸੇਵ ਨਹਿੰ ਸਫਲ ਕਛੁ, ਈਤ ਊਤ ਪਰਲੋਕ
ਨਿਹਫਲ ਸੇਵਾ ਤਿਸ ਬਿਨਾ, ਕਬੀ ਹਰਖ ਕਬੀ ਸ਼ੋਕ।੫੩੩।
ਜਜਨ ਭਜਨ ਮਮ ਖਾਲਸਾ, ਖਾਲਸਾ ਪੂਜਬਿ ਜੋਗ
ਦਾਸ ਗੋਬਿੰਦ ਫਤਹ ਖਾਲਸਾ, ਦਰਸ ਪਰਸ ਮਿਟਿ ਸੋਗ।੫੩੪।
ਮੇਰੋ ਇਸਟ ਰੁ ਨੇਸ਼ਟਾ, ਖਾਲਸਾ ਪੂਜਨ ਧਯਾਨ
ਦਰਸਨ ਪਰਸਨ ਖਾਲਸਾ, ਮੁਕਤਿ ਰੂਪ ਸਤਿ ਜਾਨ।੫੩੫।
ਆਤਮ ਰਸ ਜੋ ਜਾਨਹੀ, ਸੋ ਹੈ ਖਾਲਸਾ ਦੇਵ
ਪ੍ਰਭੁ ਮਹਿ ਮੋ ਮਹਿੰ ਤਾਸ ਮਹਿੰ, ਰੰਚਕ ਨਾਹਿਨ ਭੇਵ।੫੩੬।

# (੧੩) ਖਾਲਸਾ ਉਸਤਤਿ
## (ਪੰਡਿਤ ਨਿਹਾਲ ਸਿੰਘ ਲਾਹੌਰੀ)

ਦੈਵੀ ਗੁਨ ਦੇਵ ਕੇ ਪ੍ਰਤਾਪ ਕੇ ਬਢਾਵੈ ਬੇਗ
ਸੁੰਭ ਸੇ ਪ੍ਰਮਾਦ ਕੋ ਬਿਦਾਰੈ ਸ਼ੰਭੁਦਾਰਾ[1] ਸੀ
ਦਾਤੀ ਪਾਤਸ਼ਾਹੀ ਕੀ ਸੁਰਾਹੀ ਸੀ ਪਯੂਖ[2] ਪੂਰੀ
ਤਾਂਬੋ ਚੀਤ ਸਯਾਹੀ ਕੋ ਇਲਾਹੀ ਖਾਕ ਪਾਰਾ ਸੀ
ਤੀਨੋ ਤਾਪ ਸਾਂਪਨ ਕੇ ਝਾਪਨ ਕੋ ਜਾਪਨ ਸੀ
ਪਾਪ ਕਲਾ ਕਾਂਪਨ ਕੋ ਭਾਰੀ ਦਾਂਤ ਆਰਾ ਸੀ
ਕਾਮ ਸੇ ਪ੍ਰਚੰਡ ਅਜਾਪੂਤਨ[3] ਕੇ ਕਾਟਬੇ ਕੋ
ਸਿਖੀ ਜੋ ਅਕਾਲ ਕੀ ਸੋ ਤਿੱਖੀ ਤੇਗ ਧਾਰਾ ਸੀ।੧।
ਸਿਖੀ ਜਗਦੀਸ਼ ਮਹਾਰਾਜ ਕੀ ਪ੍ਰਕਾਸ਼ੈ ਭਾਨੁ
ਕੇਸ ਸੀਸ ਰਾਈ ਲੀਨ ਤਿਖੀ ਤੇਗ ਤੀਰ ਸੀ
ਊਚੀ ਤੋ ਸੁਮੇਰ ਸੀ ਸੁ ਹੀਰਨ ਸੀ ਧੌਲ ਪੀਨ
ਸੀਤਲ ਹਿਮਾਲਯ ਸੀ ਸੁਗੰਧ ਹੈ ਪਟੀਰ[4] ਸੀ
ਫੂਲੈ ਹੈ ਬਸੰਤ ਸੀ ਅਨੰਤ ਸੀ ਚਿਤਈਸ
ਕਾਮਦਾ ਭਵਾਨੀ ਸੀ ਅਲੇਪ ਹੈ ਸਮੀਰ ਸੀ
ਗੰਗ ਸੀ ਪੁਨੀਤ ਭਾਰੀ ਸਿੰਧੁ ਸੀ ਪ੍ਰਮੋਦ ਪੂਰੀ
ਮਾਧੁਰੀ ਪਿਯੂਖ ਸੀ ਸੁਹਾਨੀ ਧੇਨੁ ਛੀਰ ਸੀ।੨।
ਸਿਖੀ ਕੇ ਪ੍ਰਤਾਪ ਪੀਨ ਪਾਤਕੀ[5] ਪੁਨੀਤ ਚੀਤ
ਕੇਤੇ ਹੀ ਕਲੰਕ ਪੰਕ ਅੰਕ ਮੈਲੇ ਧ੍ਵੈ ਗਏ
ਥਾਕੇ ਜਨਮਾਂਤਰ ਕੇ ਜੀਵ ਜੇ ਵਿਕਾਰੀ ਨੀਚ
ਆਛੇ ਨਿਜਾਨੰਦ ਜੋ ਪ੍ਰਯੰਕ[6] ਸੇਜ ਸ੍ਵੈ ਗਏ
ਸਯਾਰਨ ਤੇ ਸਿੰਘ ਹੋਇ ਕੂਕਰ ਤੇ ਨੰਦੀ ਵੇਸ
ਰਾਸਭ ਤੇ ਬਾਜ਼ੀ[7] ਹੈ ਖਗੇਸ ਦ੍ਵੈਸ ਖੈ ਗਏ

---

੧. ਦੁਰਗਾ। ੨. ਅੰਮ੍ਰਿਤ। ੩. ਬੱਕਰੇ। ੪. ਚੰਦਨ। ੫. ਪਾਪੀ। ੬. ਪਲੰਘ। ੭. ਘੋੜੇ।

ਸਾਕ ਸੇ ਸਰੋਜ ਹੂਏ ਆਕ ਸੇ ਮਦਾਰ[1] ਹੂਏ
ਖਾਕ ਸੇਂ ਸੁਮੇਰ ਹੂਏ, ਕਾਕ ਹੰਸ ਹ੍ਵੈ ਗਏ।੩।

ਸ੍ਵੈਯਾ

ਗੁਰਸਿਖਨ ਕੀ ਇਹ ਰੀਤਿ ਭਲੀ, ਡਰਤੇ ਰਹਤੇ ਕਰਤੇ ਅਘ ਹਾਨੀ
ਛਪਤੇ ਜਗ ਤੇ ਜਪਤੇ ਪ੍ਰਭੂ ਕੋ, ਢਪਤੇ ਗੁਨ ਕੋ ਤਪਤੇ ਨ ਅਮਾਨੀ
ਕਲਤੇ ਖਲਤੇ ਪਲਤੇ ਟਲਤੇ, ਚਲਤੇ ਛਲਤੇ ਢਲਤੇ ਜਸ ਪਾਨੀ
ਤਨ ਤੇ ਮਨ ਤੇ ਧਨ ਤੇ ਭਨਤੇ, ਸੁਨਤੇ ਗੁਨਤੇ ਸਦਹੀ ਗੁਰਬਾਨੀ।੪।
ਜਬ ਲੌਂ ਤਨ ਪਾਛਲ ਰੈਨ ਜਗੈਂ, ਗੁਰਨਾਮ ਸਨਾਨ ਸੁਦਾਨ ਕਰੈਂ
ਅਤਿ ਨਿੰਮ੍ਰਤ ਬੋਲਤ ਮੀਠ ਮਧੂ, ਕਬਹੂੰ ਨ ਮ੍ਰਿਖਾ[2] ਮੁਖ ਬੈਨ ਰਰੈਂ
ਤੁਛ ਨੀਂਦ ਅਹਾਰ ਵਿਹਾਰ ਜਿਤੋ, ਸਤ ਸੰਗਤਿ ਮੇਲ ਅਮਾਨ ਕਰੈਂ
ਅਸ ਸ੍ਰੀ ਗੁਰੂ ਕੇ ਸਿਖ ਕੇ ਪਗ ਪੈ, ਸਭ ਰੰਕ ਸੁਰਾਸੁਰ ਸੀਸ ਧਰੈਂ।੫।

ਪੰਡਿਤ ਨਿਹਾਲ ਸਿੰਘ ਜੀ ਨੇ ਚਿਰਕਾਲ ਲਾਹੌਰ ਰਹਿ ਕੇ ਸਿਖ ਰਾਜ ਦਾ ਚਮਕਦਾ ਸੂਰਜ ਅੱਖੀਂ ਦੇਖਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਸਿਖ ਫੌਜਾਂ ਦੀਆਂ ਰੋਜ਼ ਹੁੰਦੀਆਂ ਜਿੱਤਾਂ ਸ਼ਹਿਰ ਦੀ ਗਲੀ ਗਲੀ ਵਿਚ ਆਮ ਸੁਣੀਆਂ ਸੁਣਾਈਆਂ ਜਾਂਦੀਆਂ ਸਨ। ਖਾਲਸੇ ਦੀ ਜੈ ਜੈ ਕਾਰ ਨੇ ਇਸ ਵਿਦਵਾਨ ਕਵੀ ਉਤੇ ਜੋ ਪ੍ਰਭਾਵ ਪਾਇਆ, ਉਸ ਤੋਂ ਸਿੰਘ-ਚਰਿਤ੍ਰ ਦਾ ਦੁਸ਼ਟ-ਦਮਨ ਅਤੇ ਦੀਨਬੰਧੂ ਚਿਤ੍ਰ ਪਰਗਟ ਹੁੰਦਾ ਹੈ।

ਹਿਯ ਕੋਮਲ ਦੀਨ ਦਯਾਲੁ ਹਠੀ, ਧ੍ਰਿਤਵੰਤ ਲਖੈਂ ਸਬ ਕੋ ਨਿਜ ਭਾਈ
ਮਤਿ ਸੰਤ ਪਿਪਾਸ ਛੁਧਾ ਜਿਤ ਜੇ, ਸੁਰਭੀ ਪਲ ਜਾਨਤ ਚੀਜ਼ ਪਰਾਈ
ਤ੍ਰਿਯ ਛੁਦ੍ਰ ਸੁਤਾ ਤੁਲ ਹ੍ਵੈ ਭਗਨੀ, ਬ੍ਰਿਧ ਕੋ ਮਨ ਮਾਨਤ ਹੈ ਮਮ ਮਾਈ
ਕਲ ਹੰਸਨ ਕੇ ਸਮ ਸ੍ਰੀ ਗੁਰੂ ਕੇ, ਸਿਖ ਹੌਂ ਤਿਨ ਪੈ ਸਦ ਘੋਲ ਘੁਮਾਈ।੬।

ਕਬਿੱਤ

ਦੇਸਨ ਕੇ ਦੇਸ ਕੇਤੇ ਤੇਜ ਸੌਂ ਲਗਾਯ ਪਾਇ
ਆਰਯ ਮਲੇਛਨ ਕੇ ਪੂਜ ਜੇ ਝੁਕਾਏ ਹੈਂ
ਸਾਤਮੋ ਪਤਾਲ ਸੌਂ ਬਿਕੁੰਠ ਲੌਂ ਤ੍ਰਿਲੋਕੀ ਬੀਚ
ਅਪਨੋ ਪ੍ਰਤਾਪ ਕੈ ਪ੍ਰਮੋਦ ਕੈ ਸਿਧਾਏ ਹੈਂ
ਮਾਤੋ ਦੀਪ ਜੇਤੇ ਖੰਡ ਖੰਡ ਕੈ ਪਖੰਡ ਦੰਭ
ਆਦਿ ਕੀ ਮ੍ਰਿਯਾਦ ਮੈਂ ਅਸੰਖ ਲੋਕ ਲਾਏ ਹੈਂ
ਦੈ ਕੈ ਮੰਤ੍ਰ ਸਾਂਤਿਕੀ ਨਿਵਾਰਕੈ ਕਲੇਸ਼ ਸਿੰਘ
ਏਕ ਹੀ ਅਕਾਲ ਨਾਮ ਵਾਹਿਗੁਰੂ ਧਯਾਏ ਹੈਂ।੭।
ਪ੍ਰਾਤ ਹੀ ਪਿਯੂਖ ਸਮੈਂ[3] ਗਾਤ ਕੋ ਪੁਨੀਤ ਕੀਨ
ਚੀਤ ਕੋ ਨ ਜਾਨ ਦੇਤ ਨੈਕਹੂੰ ਵਿਕਾਰ ਮੈਂ

---

੧. ਕਲਪ ਬ੍ਰਿਛ। ੨. ਛਲ। ੩. ਅੰਮ੍ਰਿਤ ਵੇਲਾ।

ਆਸਨ ਕੋ ਸਾਧਕੈ ਅਰਾਧਕੈ ਅਗਾਧ ਮੀਤ
ਬਾਧ ਕੈ ਉਪਾਧਿ ਕੋ ਸਮਾਧਿ ਨਿਰਾਕਾਰ ਮੈਂ
ਬਾਨੀ ਪ੍ਰਭੂ ਗ੍ਰੰਥ ਕੀ ਪ੍ਰਮੋਦ ਸੋਂ ਚਿਤਾਰੈ ਚਾਰ
ਕੰਜ[1] ਜਯੋਂ ਅਲੇਪ ਹੈ ਸਰੀਰ ਜੌ ਵਿਹਾਰ ਮੈਂ
ਨਿੰਮ੍ਰਤਾ ਉਦਾਰਤਾਈ ਭਾਵਨਾ ਅਕਾਲ ਪੰਥ
ਐਸੇ ਗੁਰੂ ਸਿਖ ਕੋਂ ਜੁਹਾਰੋਂ[2] ਵਾਰ ਵਾਰ ਮੈਂ ।੮।
ਪੰਥ ਮਹਾਰਾਜ ਜੂ ਕੋ ਕੇਸਰੀ ਨਿਹਾਲ ਐਸੋ
ਯਾ ਮੇਂ ਭੋਗ ਮੋਛ ਕੇ ਪ੍ਰਮੋਦ ਲੀਜੀਯਤ ਹੈ
ਆਛੋ ਬਿਸਰਾਮ ਔ ਪ੍ਰਸਾਦ ਆਠੋ ਯਾਮ[3] ਸੁਧਾ
ਈਸ੍ਵਰ ਕੋ ਨਾਮ ਸਦਾ ਕਾਮ ਕੀਜੀਯਤ ਹੈ
ਕਾਹੂੰ ਕੀ ਨ ਕਾਨ ਰੰਕ ਭੂਪਤੀ ਸਮਾਨ ਏਕ
ਨੈਕੁ ਨ ਗੁਮਾਨ ਮੀਠ ਬੋਲ ਜੀਜੀਯਤ ਹੈ
ਦਾਰਦੀ ਨਿਰਾਸਨ ਕੋ ਦੀਨਨ ਕੇ ਦਾਜਨ ਕੋ
ਭੂਖਨ ਕੋ ਪਯਾਸਨ ਕੋ ਮਾਨ ਦੀਜੀਯਤ ਹੈ ।੯।
ਪੰਥ ਗੁਰੂ ਗੋਬਿੰਦ ਮ੍ਰਿਗਿੰਦ ਕੋ ਛਬੀਲੋ ਛੈਲ
ਕਾਮਨੀ ਕੁਰੰਗਨੈਨੀ ਜਾਨਹਿ ਨੰਦ ਲਾਲ[4] ਹੈ
ਗਯਾਨੀ ਅਵਧੂਤ ਜਾਨੈ ਨਾਥ ਜੂ ਸਪੂਤ ਜਾਨੈ
ਮੇਧਾ ਪੁਰਹੂਤ[5] ਜਾਨੈ ਨਯਾਯ ਮੈਂ ਮਰਾਲ ਹੈ
ਦੌਲਤੀ ਧਨੇਸ਼ ਜਾਨੈ ਪੰਡਿਤ ਗਨੇਸ਼ ਜਾਨੈ
ਭੀਰਵੰਤ ਸ਼ੇਸ ਜਾਨੈ ਰਾਗੀ ਰਾਗਮਾਲ ਹੈ
ਰੋਗੀ ਤੌਂ ਹਕੀਮ ਜਾਨੈ ਦੇਵਤ ਕਦੀਮ ਜਾਨੈ
ਜੋਧੇ ਭੀਮ ਜਾਨੈ ਔ ਗਨੀਮ[6] ਜਾਨੈ ਕਾਲ ਹੈ ।੧੦।
ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ
ਲਾਡਲੋ ਛਬੀਲੋ ਪੰਥ ਖਾਲਸਾ ਅਨੰਤ ਹੈ
ਊਜਲ ਵਿਚਾਰ ਕੀ ਸੁ ਮੂਰਤਿ ਬਿਰਾਜੇ ਚਾਰੁ
ਰਾਜਸੀ ਵਿਹਾਰ ਚੀਤ ਸ਼ਾਂਤਿਕੀ ਲਸੰਤ ਹੈ
ਔਰ ਜੋਈ ਦੇਖੀਏ ਮਲੇਛਨ ਕੇ ਝੁੰਡ ਭਾਰੇ
ਤਾਂ ਕੋ ਰੰਗ ਭੂਮਿਕਾ ਛਿਨੇਕ ਮੈਂ ਦਲੰਤ ਹੈ
ਅੰਧਕਾਰ ਟਾਰਬੇ ਕੋ ਦੁੱਜਨ ਕੇ ਮਾਰਬੇ ਕੋ
ਮਾਰਤੰਡ[7] ਸਿੰਘਨ ਕੋ ਨਾਮ ਖਯਾਤਿਵੰਤ[8] ਹੈ ।੧੧।
ਯਾਂਕੀ ਪਾਰਜਾਤ[9] ਸੀ ਛਬੀਲੀ ਹੈ ਅਨੰਤ ਸ਼ੋਭ
ਔਰ ਭੇਖ ਭਾਸੈਂ ਜਯੋਂ ਕਰੀਰ ਝੂਰੇ ਫਾਲਸਾ

---

੧. ਕਮਲ। ੨. ਨਮਸਕਾਰ। ੩. ਪਹਿਰ। ੪. ਕਾਨ੍ਹ। ੫. ਇੰਦ੍ਰ। ੬. ਵੈਰੀ। ੭. ਸੂਰਜ। ੮. ਮਸ਼ਹੂਰ। ੯. ਕਲਪ ਬ੍ਰਿਛ।

ਜੇਈ ਨੀਚ ਪਾਤਕੀ ਔ ਘਾਤਕੀ ਗਰੀਬ ਧੇਨੂ
ਐਸੇ ਜੇ ਗਨੀਮ ਤੇ ਨਿਹਾਰੈਂ ਭੀਮ ਕਾਲ ਸਾ
ਦਾਰਦੀ ਦੁਖਾਰੇ ਦੀਨ ਆਵੈਂ ਜੋ ਸਮੀਪ ਯਾਂਕੇ
ਵਾਂਕੀ ਤੌਂ ਛਿਨੇਕ ਹੂੰ ਮੈਂ ਧੂਰੇ ਪੁੰਜ ਲਾਲਸਾ
ਵੇਦ ਕੇ ਨਿਖੇਧੀ ਭੇਦਵਾਦੀ ਜੇ ਉਪਾਧੀ ਮੂਲ
ਵਾਂਕੇ ਦੰਡ ਦੈਬੇ ਕੋ ਏ ਪ੍ਰਤਾਪੀ ਪੰਥ ਖਾਲਸਾ।੧੨।
ਵੈਰੀ ਮ੍ਰਿਗ ਝੁੰਡਨ ਕੇ ਬੀਚ ਮੈਂ ਵਿਰਾਜੈਂ ਸਿੰਘ
ਲਾਜੈਂ ਪਾਕਸਾਸਨ[੧] ਸੇ ਭਾਜੈਂ ਤੇਜ ਭਾਲ ਕੇ
ਪੂਰੇ ਪ੍ਰੇਮ ਦੱਛ ਲੱਛ ਗੁਨੋਂ ਕੇ ਖਜ਼ਾਨੇ ਸ੍ਵੱਛ
ਰੱਛਕ ਪ੍ਰਤੱਖ ਅੱਛ ਕੇਸਰੀ ਨਿਹਾਲ ਕੇ
ਆਸ਼ਕ ਹੈਂ ਗੁਨੀ ਪੈ ਪ੍ਰਕਾਸ਼ਕ ਪ੍ਰਮੋਦ ਭਾਰੇ
ਸੰਤ ਪੈ ਨਿਵਾਸਕ ਵਿਨਾਸ਼ਕ ਦੁਕਾਲ ਕੇ
ਦੀਨ ਦੁਨੀ ਮਾਲਕ ਔ ਪਾਲਕ ਹੈਂ ਦੀਨਨ ਕੇ
ਗਾਲਕ ਗਨੀਮਨ ਕੇ ਬਾਲਕ ਅਕਾਲ ਕੇ।੧੩।
ਆਠੋ ਯਾਮ[੨] ਹਾਥ ਰਾਖੈਂ ਤੇਜ਼ ਸਮਸ਼ੇਰਨ ਪੈ
ਦੂਜਨ ਬਟੇਰਨ ਪੈ ਧਾਵੈਂ ਬੇਗ ਬਾਜ਼ ਕੇ
ਭੂਪਨ ਕੇ ਭੂਪ ਰੂਪ ਕਾਮ ਸੇ ਛਬੀਲੇ ਛੈਲ
ਆਛੇ ਜਗਦੀਸ਼ ਕੇ ਬਨਾਏ ਖ਼ੂਬ ਸਾਜਕੇ
ਗਯਾਨੀ ਮਿਥਲੇਸ਼[੩] ਹੂੰ ਤੇ ਬੇਸ ਔ ਮਹੇਸ਼ ਧਯਾਨੀ
ਕੇਸਰੀ ਨਿਹਾਲ ਦਾਨੀ ਲਾਖੋਂ ਹੀ ਸਮਾਜ ਕੇ
ਏਈ ਰਛਵਾਰੇ ਹੈਂ ਹਮਾਰੇ ਤੋ ਸੁਮੀਤ ਭਾਰੇ
ਪਯਾਰੇ ਗੁਰੂ ਬਾਨੀ ਕੇ ਦੁਲਾਰੇ ਮਹਾਰਾਜ ਕੇ।੧੪।
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੇ ਖਾਲਸੇ ਸੁਪੂਤ ਪਯਾਰੇ
ਸੋਭਤੇ ਸੁ ਬਾਗੇ ਫੂਲ ਕੈਧੋਂ ਹੈ ਬਸੰਤ ਕੇ
ਵਾਲੀ ਪ੍ਰਭੁ ਚਾਪੀ ਕੇ ਪ੍ਰਤਾਪੀ ਤੌਂ ਪ੍ਰਚੰਡ ਭਾਨੁ[੪]
ਖਾਪੀ ਹੈਂ ਗਨੀਮ ਜੰਗ ਨਾਮੀ ਭੂਮਿ ਕੰਤ ਕੇ
ਪਾਪੀ ਸਾਂਪ ਝੁੰਡ ਪੈ ਕਲਾਪੀ ਹੈ ਅਮਾਪੀ ਸ਼ਾਂਤਿ
ਤਾਪੀ ਨ ਕਦਾਪੀ ਬੋਲ ਦਯੋਸ[੫] ਜਯੋਂ ਹਿੰਮਤ ਕੇਂ
ਥਾਪੀ ਹੈਂ ਪਰਪੁੰਨ ਕੇ ਅਲਾਪੀ ਹੈਂ ਸੁ ਬਾਨੀ ਨਾਥ
ਜਾਪੀ ਨਾਮ ਈਸ ਕੇ, ਮਿਲਾਪੀ ਸਾਧੁ ਸੰਤ ਕੇ।੧੫।
ਸ੍ਰੀ ਗੋਬਿੰਦ ਸਿੰਘ ਨਾਥ ਖਾਲਸੈ ਬਨਾਯੋ ਬੇਸ
ਯਾਂਕੋ ਦੇਖਿ ਦੁੱਜਨ ਤੜਾਕ ਹੀਯੇ ਫ਼ਾਟਤੇ

---

੧. ਇੰਦ੍ਰ। ੨. ਪਹਿਰ। ੩. ਜਨਕ। ੪. ਸੂਰਜ। ੫. ਦਿਨ।

ਨੈਸਕੋਂ ਨਿਹਾਰੈਂ ਜੋਂ ਉਘਾਰੈ ਸੀਸ ਕੋਈ ਰਿਪੁ
ਮਾਰੇ ਔ ਬਕਾਰੇ ਭਾਰੇ ਵਾਂਕੋ ਭੀਮ ਡਾਟਤੇ
ਕੇਸਰੀ ਨਿਹਾਲ ਮਹਾਰਾਜ ਕੀ ਬੁਲਾਇ ਫਤੇ
ਗਾਜਕੈ ਮ੍ਰਿਗਿੰਦ ਬੇਸੁਮਾਰ ਜੰਗ ਠਾਟਤੇ
ਸੰਤਨ ਕੇ ਸ਼ੋਕ ਧੇਨੁ ਦੀਨਨ ਕੇ ਦੂਖ ਸਾਰੇ
ਬੇਗ ਸੇ ਮਲੇਛ ਮੂੰਡ ਸੰਗਹੀ ਜੋ ਕਾਟਤੇ।੧੬।
ਸਾਤੋਂ ਹੀ ਵਲਾਯਤ ਕੀ ਬੀਚ ਮੈਂ ਮਲੇਛ ਜੋਈ
ਢੀਲੇ ਬੰਦ ਹੂਯੇ ਮਾਨੇ ਮੂਏ ਹੈਂ ਮਸਾਨ ਮੈਂ
ਔਰ ਜੁ ਗਨੀਮਨ[1] ਕੇ ਝੁੰਡਨ ਕੇ ਝੁੰਡ ਭਾਰੇ।
ਕਾਂਪਤੇ ਸਭੀਤ ਚੀਤ ਖਾਨ ਮੈਂ ਨ ਪਾਨ ਮੈਂ
'ਹਾਯ ਹਾਯ ਹਾਯ ਕੈਸੋ ਹੋਯਗੋ ਹਮਾਰੋ ਹਾਲ'
ਐਸੇ ਬੋਲ, ਪੀਅਰੇ ਗਾਤ ਹੋਸ਼ ਨ ਟਿਕਾਨ ਮੈਂ
ਸ੍ਰੀ ਗੋਬਿੰਦ ਸਿੰਘ ਮਹਾਰਾਜ ਕੋ ਸੁ ਪੰਥ ਵਾਂਕੀ
ਸ਼ੁਨੀ ਜੌਂ ਚਢਾਈ ਕੀ ਅਵਾਈ[2] ਖ਼੍ਵਾਬ ਕਾਨ ਮੈਂ।੧੭।

ਘਨਾਛਰੀ

ਭਾਰੀ ਹਲਚਲ ਬ੍ਰਹਿਮੰਡ ਮੇਂ ਅਖੰਡ ਹੋਤ
ਰੁਦ੍ਰ[3] ਗਰੇ ਤੇ ਮੁੰਡ ਮਾਲਿਕਾ ਖਸਕ ਜਾਤ
ਧਰਾ ਧਰ ਧੂਲੀ ਧੁਕ ਧਰਨੀ ਧਸਕ ਜਾਤ
ਸ਼ੇਸ਼ ਕੇ ਸਹਸ੍ਰ ਫਨ ਮੁਰਕ ਮਸਕ ਜਾਤ
ਛਿਤ ਮੈਂ ਮਲੇਛਨ ਕੀ ਛੂਹਨੀ[4] ਛਿਨੇਕ ਛਾਰ
ਮੇਰੁ ਕੇ ਸਿਖਰ ਪਰ ਦੇਵਤਾ ਸਸਕ ਜਾਤ
ਏਕ ਹੂੰ ਸੁ ਖਾਲਸ ਕੇ ਮਯਾਨ ਤੇ ਉਛਰ ਕਰਿ
ਨੈਸਕੁ ਨਿਸਰਿ ਸ਼ਮਸੇਰ ਜੋ ਲਸ਼ਕ ਜਾਤ।੧੮।
ਧਾਵੈਂ ਤੇਜ ਤੇਗੇ ਧੂਰ, ਖਾਲਸੇ ਸੁ ਜੋਧੇ ਸਿੰਘ
ਛੋਭ ਕੈ ਗਨੀਮ ਗੋਲ ਘਾਵੈ ਭੀਮ ਜੁੱਟ ਜੁੱਟ
ਛੜ੍ਹੀ ਝੁੰਡ ਛਤ੍ਰਿਨ ਕੇ ਤੋੜਤੇ ਝਟਾਕ ਤੁੰਡ
ਚਿਤ੍ਰਨ ਸੇ ਭਾਗਤੇ ਪਹਾੜੀ ਜੰਗ ਹੁੱਟ ਹੁੱਟ
ਮੁਗ਼ਲ ਮਤੰਗ[5] ਕੇ ਮੁੰਡ ਕੇ ਮਰੋੜੈਂ ਮੋੜ;
ਪਾੜ੍ਹੇ ਸੇ ਪਠਾਨਨ ਕੇ ਪਾੜੈਂ ਪੇਟ ਸੁੱਟ ਸੁੱਟ
ਸੂਕਰ ਸੇ ਸੱਯਦ ਸੁ ਰੋਝਨ ਸੇ ਸ਼ੇਖਜ਼ਾਦੇ,
ਵਯਾਘ੍ਰ ਸੇ ਬਲੋਚਨ ਕੀ ਬੋਟੀ ਕਰੈਂ ਕੁੱਟ ਕੁੱਟ।੧੯।
ਕੇਸਰੀ ਨਿਹਾਲ ਪੰਥ ਖਾਲਸਾ ਬਿਬੇਕੀ ਬੀਰ

---

੧. ਵੈਰੀ। ੨. ਖ਼ਬਰ। ੩. ਸ਼ਿਵ। ੪. ਫ਼ੌਜ। ੫. ਹਾਥੀ।

ਪੰਡਿਤ ਪ੍ਰਬੀਨਾਨੀ ਬੋਲਤੇ ਪ੍ਰਹੇਜ਼ ਕੀ
ਦੁੱਜਨ ਕੀ ਛਾਤੀ ਤੰਤ ਕਾਤੀ ਸੀ ਕਤਰ ਜਾਤ
ਮੀਤ ਕੋ ਸੁਹਾਤੀ ਹੈ ਸੁ ਦਾਤੀ ਸੂਖ ਸੇਜ ਕੀ
ਹੇਰਤੀ ਬਿਸਾਲ ਬੁਧਿ ਭਾਰਤੀ-ਪ੍ਰਮੋਦ ਬੀਚ
ਕੌਨ ਬਾਤ ਜੌਂ ਪੈ ਮਤਿ ਛਾਕੈ ਅਮਰੇਸ਼[1] ਕੀ
ਹੋਤ ਜਥੈ ਭੇਟ ਤਬੈ ਯਾਹੀ ਕੇ ਪ੍ਰਤਾਪ ਠਾਟ
ਲਾਟ ਕੇ ਲਿਲਾਟ[2] ਮੈਂ ਸੁ ਲਾਟ ਜਗੈ ਤੇਜ ਕੀ।੨੦।
ਕੀਜੀਏ ਪ੍ਰਤੀਤਿ ਮੋਰੀ ਬਾਤ ਪੈ ਪ੍ਰਬੀਨ ਪਯਾਰੇ!
ਲੀਜੀਏ ਬਿਚਾਰ ਚੀਤ ਸਾਚ ਮੈਂ ਅਲਾਯੋ ਹੈ।
ਧਾਵਾ ਲੈ ਖਗੇਸ਼[3] ਕੋ ਦਿਨੇਸ਼ ਕੋ ਪ੍ਰਤਾਪ ਲੀਨ
ਜ਼ੋਰ ਲੈ ਜਮੇਸ ਕੋ ਜਲੇਸ[4] ਗਯਾਨ ਪਾਯੋ ਹੈ
ਬੈਸ ਲੀਨੀ ਸ਼ੇਸ਼ ਕੀ ਦਿਨੇਸ਼ ਜੂ ਕੀ ਕਾਂਤਿ ਲੀਨੀ
ਚਾਤੁਰੀ ਗਨੇਸ਼ ਕੀ ਰਮੇਸ਼ ਰੂਪ ਨਾਯੋ ਹੈ
ਛੀਨ ਕੈ ਧਨੇਸ਼ ਕੇ ਖਜ਼ਾਨੇ ਔ ਸੁਰੇਸ਼[5] ਰਾਜ
ਦੇਵਨ ਕੇ ਵੇਸ, ਨਾਥ ਪੰਥ ਯਿਹ ਸਜਾਯੋ ਹੈ।੨੧।
ਐ ਜੂ ਨਾਥ ਪੰਥ ਵੇਸ ਲੀਜੀਐ ਅਸੀਸ ਮੇਰੀ
ਗ੍ਰੰਥ ਮਹਾਰਾਜ ਕੇ ਅਧੀਨ ਹ੍ਵੈ ਚਲਤ ਰਹੁ
ਪੂਜ ਪੂਜ ਸੰਤਨ ਕੇ ਪ੍ਰੇਮ ਸੋਂ ਪਦਾਰਬਿੰਦ
ਦੁੱਜਨ ਕੇ ਦੀਹ ਦਲ[6] ਦੰਡ ਦੈ ਦਲਤ ਰਹੁ
ਪ੍ਰੀਤਿ ਪਰਮੇਸਰ ਸੋਂ ਗੀਤਿ ਸਬਹੀ ਕੇ ਸੰਗ
ਦੀਨਨ ਪੈ ਦਯਾਸਿੰਧੁ ਸ਼ੰਭੁ ਸੇ ਢਲਤ ਰਹੁ
ਤੇਜ ਮਾਰਤੰਡ ਸੋਂ ਪ੍ਰਚੰਡ ਝੁੰਡ ਰਾਜਨ ਪੈ
ਜੌਂ ਲੌਂ ਬ੍ਰਹਿਮੰਡ ਸਦਾ ਫੂਲਤ ਫਲੰਤ ਰਹੁ।੨੨।
ਸ੍ਰੀ ਗੋਬਿੰਦ ਸਿੰਘ ਮਹਾਰਾਜ ਜੂ ਵਿਨੋਦੀ ਨਾਥ
ਲੈ ਕੈ ਪੰਥ ਗੋਦੀ ਮੈਂ ਲਡਾਵੈ ਜਯੋਂ ਸੁ ਬਾਲਕੋ
ਦੇਵੈਂ ਮਤਿ ਊਚੀ ਮਨ ਨੀਵਾਂ ਔ ਗਰੀਬੀ ਚਾਲ
ਦੇਵੈਂ ਪ੍ਰਾਤ ਕਾਲ ਮੈਂ ਸਨਾਨ ਸੁਧਾ ਤਾਲ ਕੋ
ਗੀਤਿ ਦੇਵੈਂ ਨੀਤਿ ਦੇਵੈਂ ਪ੍ਰੀਤਿ ਔ ਪ੍ਰਤੀਤਿ ਦੇਵੈਂ
ਰਾਗ ਰੰਗ ਗੀਤ ਦੇਵੈਂ ਮੀਤ ਦੇਵੈਂ ਨਾਲ ਕੋ
ਨਾਮ ਦੇਵੈਂ ਗਾਮ ਦੇਵੈਂ ਦਾਮ ਦੇਵੈਂ ਧਾਮ ਦੇਵੈਂ
ਸ਼ਾਂਤਕੀ ਸੁ ਬਾਮ[7] ਦੇਵੈਂ ਏਕ ਏਕ ਲਾਲ ਕੋ।੨੩।
ਭਾਰੀ ਧੂਮ ਧਾਮ ਸੋ ਚਢਾਈ ਧਾਂਕ ਧੌਂਸਨ ਕੀ

---

੧. ਇੰਦ੍ਰ। ੨. ਮੱਥੇ। ੩. ਗਰੜ। ੪. ਵਰਣ। ੫. ਇੰਦ੍ਰ। ੬. ਵੱਡੀ ਫੌਜ। ੭. ਸੁੰਦਰੀ।

ਝੁੰਡਨ ਕੀ ਝੂਲਨ ਸੋ ਬੋਲਤੇ ਨਕੀਬ[1] ਰਹੈਂ
ਗ਼ਾਲਬ ਗ਼ਨੀਮਨ ਕੇ ਗੋਲਨ ਪੈ ਗੋਲੇ ਹਨ
ਗਜੈ ਗਾਢ ਗਾਢੇ ਖੁਸ਼ੀ ਦੇਵਤੇ ਗਰੀਬ ਰਹੈਂ
ਗਾਯਕ ਪ੍ਰਬੀਨ ਵੈਦ ਜੋਤਸ਼ੀ ਮਹੰਤ ਸੰਤ
ਪੰਡਿਤ ਕਵੀਸ਼ ਮਾਨ ਪਾਵਤੇ ਸਦੀਵ ਰਹੈਂ
ਸ੍ਰੀ ਗੋਬਿੰਦ ਸਿੰਘ ਜੂ ਕੇ ਲਾਡਲੇ ਛਬੀਲੇ ਛੈਲ
ਖਾਲਸੇ ਰੰਗੀਲੇ ਪਜਾਰੇ ਯੇ ਤੌ ਚਿਰੰਜੀਵ ਰਹੈਂ।੨੪।
ਵਾਹਨ ਸ਼ਿੰਗਾਰੇ ਰਹੈਂ ਬਾਜਤੇ ਨਗਾਰੇ ਰਹੈਂ
ਦੁੱਜਨ ਡਰਾਰੇ ਰਹੈਂ ਭਾਗੇ ਭੀਮ ਚਾਹ ਕੇ
ਸੰਗਤੈਂ ਆਬਾਦ ਰਹੈਂ ਆਵਤੇ ਪ੍ਰਸਾਦ ਰਹੈਂ
ਲਾਖੋਂ ਅਹਿਲਾਦ ਰਹੈਂ ਦੇਖੀਏ ਉਮਾਹ ਕੇ
ਗਾਦੀਆਂ ਅਟੱਲ ਰਹੈਂ ਚੌਂਕੀਆਂ ਅਚੱਲ ਰਹੈਂ
ਬੁੰਗੇ ਝਲਾ ਝੱਲ ਰਹੈਂ ਪੂਰੇ ਉਤਸ਼ਾਹ ਕੇ
ਲਾਗਤੇ ਦਿਵਾਨ ਰਹੈਂ ਗਾਵਤੇ ਸੁਜਾਨ ਰਹੈਂ।
ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ।

(*ਸਿਖੀ ਪ੍ਰਭਾਕਰ ਵਿਚੋਂ*)

---

੧. ਰਾਜਿਆਂ ਦੇ ਮੂਹਰੇ ਚਲ ਕੇ 'ਮਹਾਰਾਜ ਦੀ ਜੈ' ਬੁਲਾਉਣ ਵਾਲਾ ਚਾਕਰ।

# (੧੪) ਖਾਲਸਾ ਪੰਚਾਸਿਕਾ (ਬਾਵਾ ਸੁਮੇਰ ਸਿੰਘ)

ਦੋਹਰਾ

ਸ੍ਰੀ ਗੁਰੂ ਨਾਨਕ ਰੂਪ ਦਸ ਪੰਥ ਖਾਲਸਾ ਖਾਸ।
ਕਰ ਪ੍ਰਣਾਮ ਸੁਮੇਰ ਹਰਿ ਕਰਤ ਪਚਾਸਾ ਰਾਸ।੧।
ਗੁਰੂ ਗ੍ਰੰਥ ਬਾਣੀ ਵਿਖੇ ਵਿਖਮ ਬੁੱਧਿ ਨਹਿ ਜਾਸ।
ਆਦਿ ਅੰਤ ਮੇਂ ਏਕ ਸਮ ਸੋਈ ਖਾਲਸਾ ਖਾਸ।੨।
ਵਿਪ੍ਰ ਗਾਇ ਮੇਂ ਦ੍ਵੈਸ਼ ਕੀ ਰੁਚਿ ਨਾ ਰੁਕੈ ਚਿਤ ਜਾਸ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ।੩।
ਚਾਰ ਬਰਣ ਕੇ ਸਿਖ ਮੇਂ ਸਮਤਾ ਸੁਮਤਿ ਪ੍ਰਕਾਸ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ।੪।
ਕੱਛ ਕੇਸ ਕ੍ਰਿਪਾਨ ਪ੍ਰਿਯ ਕੰਘਾ ਕੜਾ ਸਦੀਵ।
ਜੋ ਧਾਰਤ ਟਾਰਤ ਨਹੀਂ ਸੋਈ ਖਾਲਸਾ ਦਈਵ।੫।
ਗੁਰਬਾਣੀ ਬਿਨ ਪ੍ਰੀਤਿ ਕੀ ਰੀਤਿ ਨ ਰੁਚਿ ਯਹ ਔਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਮੌਰ।੬।
ਸ਼ਾਸਤ੍ਰਨ ਸਿੰਮ੍ਰਿਤਨ ਕੇ ਬਚਨ ਸੁਨਤ ਰਹਿਤ ਕਰ ਹੇਤੁ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਕੇਤੁ।੭।
ਦਸਨ ਗੁਰਨ ਮੇਂ ਏਕਸੀ ਬੁਧਿ ਸੁਧਿ ਜਿਹ ਆਹਿ।
ਸਿੰਘ ਸੁਮੇਰ ਅਕਾਲ ਪ੍ਰਿਯ ਜਾਨ ਖਾਲਸਾ ਤਾਂਹਿ।੮।
ਅੰਤਰ ਬਾਹਰ ਯਥਾ ਕਰਮ ਸਾਧੂ ਸਿੰਘ ਸਰੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ।੯।
ਸਾਧੂ ਸਮ ਸਭ ਜਗਤ ਮੇਂ ਸਿੰਘ ਸਰੂਪ ਅਨੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ।੧੦।
ਦੇਖਤ ਹੀ ਜਾਂ ਕੇ ਸਦਾ ਦੁਰਜਨ ਚਿਤ ਭਯ ਹੋਇ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖਾਲਸਾ ਸੋਇ।੧੧।
ਸਤਿ ਨਾਮ ਸ੍ਰੀ ਵਾਹਿਗੁਰੂ ਜਾਂ ਕੇ ਸਦ ਰਿਦ ਮਾਹਿ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖਾਲਸਾ ਤਾਂਹਿ।੧੨।
ਦੇਖਨ ਮੇਂ ਬਾਂਕੋ ਲਗੈ ਕਾਂਕੋ ਚਿਤ ਨ ਦੁਖਾਇ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਕਹਾਇ।੧੩।

ਪਾਂਚ ਮੇਲ ਕੇ ਮੇਲ ਸੇ ਅੰਤਰ ਬਾਹਰਿ ਧੋਇ।
ਇਨ ਸੋਂ ਜੋ ਵਰਤੇ ਨਹੀਂ ਅਹੇ ਖਾਲਸਾ ਸੋਇ।੧੪।
ਮਰਨ ਜਨਮ ਕੋ ਭੈ ਨ ਜਿਹ ਸੁਪਨਿਹੁ ਰਿਦੇ ਉਠਾਇ।
ਹਰਿ ਸੁਮੇਰ ਹਰਿ ਭਗਤਿ ਪ੍ਰਿਯ ਸੋ ਖਾਲਸਾ ਕਹਾਇ।੧੫।
ਕੰਨਯਾ ਵਯਾਹੇ ਸਿੰਘ ਕੋ, ਮੋਨਨ ਕੋ ਨਹਿ ਦੇਇ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੇਉ।੧੬।
ਜੌ ਲੌਂ ਯਾ ਜਗ ਮੇਂ ਰਹੇ ਹਰਿ ਗੁਰ ਭਗਤਿ ਨ ਤਯਾਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਸੁਭਾਗ।੧੭।
ਤਨ ਤੇ ਨਵ ਨਵ ਨਿਤ ਉਠੇ ਭਗਤੀ ਭਾਉ ਤਰੰਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ।੧੮।
ਜਗ ਕੋ ਆਪਨ ਮੇਂ ਲਖੇ ਅਪਨੇ ਕੋ ਜਗ ਮਾਹਿ।
ਸਿੰਘ ਸੁਮੇਰ ਸੁ ਖਾਲਸਾ ਤਿਹ ਸਮ ਦੂਸਰ ਨਾਹਿ।੧੯।
ਦਸ ਗ੍ਰਾਹੀ ਤਯਾਗੀ ਸੁ ਦਸ ਬ੍ਰਹਮ ਗਯਾਨ ਲੇ ਲੀਨ।
ਸਿੰਘ ਸੁਮੇਰ ਸੁ ਖਾਲਸਾ ਸਰਬ ਲਾਲਸਾ ਹੀਨ।੨੦।
ਨਵਧਾ ਭਗਤੀ ਕੈ ਸਦਾ ਜਾਂਕੇ ਚਿਤ ਮੇਂ ਭਾਵ।
ਪ੍ਰੇਮ ਪੂਰ ਸਦ ਨਯਨ ਜਿਹ ਸੋਈ ਖਾਲਸਾ ਰਾਵ।੨੧।
ਸਤਿਨਾਮ ਕੇ ਨਾਮ ਜਿਹ ਰਾਮ ਅੱਲ੍ਹਾ ਪ੍ਰਯੰਤ।
ਦ੍ਵੈਸ਼ ਬੁਧਿ ਨਹਿ ਜਾਸ ਜੀਯ ਸੋ ਖਾਲਸਾ ਦਿਖੰਤ।੨੨।
ਨਾਮ ਪ੍ਰੀਤ ਹੈ ਜਾਸ ਜੀਯ ਕੋਊ ਮਤ ਕੋ ਹੋਇ।
ਕੋਊ ਨਾਮ ਜਪੈ ਜਪ ਜਾਨ ਖਾਲਸਾ ਸੋਇ।੨੩।
ਰਸੀਆ ਨਵ ਹੂੰ ਰਸਨ ਕੋ ਬਸੀਯਾ ਰਸ ਹੀ ਬੀਚ।
ਸਿੰਘ ਸੁਮੇਰ ਸੁ ਖਾਲਸਾ ਪ੍ਰੇਮ ਹੀਯ ਰਤਿ ਸੀਚ।੨੪।
ਕਾਰਣ ਯਾ ਜਗ ਕੋ ਜੁ ਹਰਿ ਤਾਰਨ ਤਰਨ ਦਿਆਲ।
ਤਾਸ ਪ੍ਰੇਮ ਮੇਂ ਮਗਨ ਮਨ ਸੋਈ ਖਾਲਸਾ ਖਿਆਲ।੨੫।
ਸ਼ਸਤ੍ਰ ਨਾ ਤਯਾਗੈ ਕਬੂੰ ਜੋ ਯਾਸ ਸਿੰਘ ਸਰੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਅਹੈ ਖਾਲਸਾ ਭੂਪ।੨੬।
ਕਾਲ ਬਿਤੀਤੇ ਕਰੈ ਜੁ ਨਿਤ ਬਿੱਦਿਆ ਬਿਨੋਦ।
ਸਿੰਘ ਸੁਮੇਰ ਅਕਾਲ ਪ੍ਰਿਯ ਬਿਦਤ ਬਿਸਦ ਚਹੁੰ ਓਰ।੨੭।
ਸਜਨ ਨੈਨ ਵੈਰਾਗ ਯੁਤ ਅਤਿ ਅਨੁਰਾਗ ਸਮੇਤ।
ਬਾਗ ਬਾਗ ਗੁਰ ਗੁਣ ਸੁਨਤ ਤਾਸ ਨ ਮਨ ਕਰ ਹੇਤ।੨੮।
ਨੀਚਾ ਜਾਨੇ ਆਪ ਕੋਂ ਊਚ ਲਖੇ ਸੰਸਾਰ।
ਸਰਬ ਰੇਣੁ ਮਨ ਜਾਸ ਕੋ ਸੋ ਖਾਲਸਾ ਅਪਾਰ।੨੯।
ਜਮ ਬਪੁਰਾ ਕੋ ਭੈ ਨ ਜਿਹ ਸਦਾ ਮਸਤ ਹਰਿ ਰੰਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ।੩੦।

ਮਨ ਨੀਚਾ ਮਤਿ ਊਚ ਜਿਹ ਮਤ ਰਾਖਾ ਗੁਰ ਵਾਹ।
ਕੇਸ ਸ੍ਵਾਸਾਂ ਸਾਥ ਹੈਂ ਸਦ ਨਿਬਾਹ ਯਹ ਚਾਹ।੩੧।
ਗੁਰੂ ਖਾਲਸੇ ਕੀ ਟਹਲ ਨਵ ਨਰ ਦੀ ਕਰ ਜੋਇ।
ਤਾਸ ਸਰਣ ਸੁਮੇਰ ਹਰਿ ਅਹ ਖਾਲਸਾ ਸੋਇ।੩੨।
ਸਾਹਿਬਜ਼ਾਦੇ ਚਾਰ ਕੁਲ ਤਿਹ ਸਨ ਕਰੇ ਨਾ ਦ੍ਰੋਹ।
ਸੋ ਖਾਲਸਾ ਸੁਮੇਰ ਹਰਿ ਮਨ ਤੇ ਸਦਾ ਅਕੋਹ।੩੩।
ਨਗਨ ਸੀਸ ਭੋਗੈ ਨਹੀਂ ਭੋਜਨ ਕਰੈ ਨ ਪਿਆਰ।
ਬੇਦ ਸ਼ਾਸਤ੍ਰ ਬਿਸ੍ਵਾਸ ਬਰ ਸੋ ਖਾਲਸਾ ਅਪਾਰ।੩੪।
ਸਦਾ ਬਿਚਾਰ ਬਿਚਾਰਈ ਮੋ ਕਿਵ ਜਗ ਕੋ ਪਿਆਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਪਾਰ।੩੫।
ਗੁਰਬਾਣੀ ਕੀ ਏਕ ਤੁਕ ਤਾਂ ਕੇ ਅਨੰਤ ਅਰਥ।
ਤਾਹਿ ਬਿਚਾਰਤ ਹੀ ਰਹੈ ਸੋ ਖਾਲਸਾ ਮਹੰਤ।੩੬।
ਰਾਮ ਰਮੰਤਾ ਸਰਬ ਮੈਂ ਯਿਹ ਸਤਿਗੁਰੂ ਕੋ ਵਾਕ।
ਯਾ ਤੇ ਦੋਸ਼ ਨ ਕਰੇ ਜੋ ਸੋਈ ਖਾਲਸਾ ਪਾਕ।੩੭।
ਤੁਰਕ ਕੀ ਸੰਗਤ ਨਾ ਕਰੇ ਲਰੈ ਯਥਾ ਬਲ ਧਾਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਪਾਰ।੩੮।
ਸਨਮੁਖ ਜੋਂ ਸ਼ਸਤ੍ਰ ਲਗਤ ਰੁਧਰ ਲਿਪਤ ਤਨ ਹੋਇ।
ਹੋਰੀ ਕੋ ਜੋ ਖੇਲ ਲਖ ਲਖੇ ਖਾਲਸਾ ਸੋਇ।੩੯।
ਰਾਮਾਦਿਕ ਅਵਤਾਰ ਕੀ ਨਿੰਦਾ ਕਰੈ ਨ ਆਪ।
ਸ੍ਰਵਣਹੁ ਤੇ ਨਹਿ ਸੁਣੇ ਜੋ ਸੋ ਖਾਲਸਾ ਅਪਾਪ।੪੦।
ਹਰਿ ਜਸ ਗੁਰ ਜਸ ਭਗਤ ਜਸ, ਕਰੈ ਸ੍ਰਵਣ ਪੁੰਨ ਦਾਨ।
ਸੋ ਸੁਮੇਰ ਹਰਿ ਖਾਲਸਾ ਰੇ ਮਨ ਕਰ ਤਿਹ ਧਿਆਨ।੪੧।
ਨਿੰਦ ਨ ਕੀਜੇ ਕਾਹੂੰ ਮਤ ਸਭ ਕੋ ਸਮਤਾ ਭਾਉ।
ਭੇਖੀ ਪ੍ਰਭੂ ਨਾ ਭੀਜਈ ਯਾ ਤੁਕ ਕੋ ਨਿਤ ਚਾਉ।੪੨।
ਜਿਤੇ ਭੇਖ ਸੰਸਾਰ ਮੇਂ ਸਭ ਸਤਿਗੁਰ ਨੇ ਕੀਨ।
ਦ੍ਵੈਸ਼ ਬੁੱਧਿ ਨਹਿ ਕਾਹੂੰ ਸਨ ਸੋਈ ਖਾਲਸਾ ਚੀਨ।੪੩।
ਸਿੰਘ ਹੋਇ ਕਰ ਜੋ ਕਰੇ ਪੁਨਾ ਪਾਥ ਕੋਈ ਔਰ।
ਤਿਹ ਕੁਲਟਾ ਕੋ ਤਿਆਗਈ ਸੋਈ ਖਾਲਸਾ ਮੌਰ।੪੪।
ਉਚਿਸਟੇ ਨਹਿ ਖਾਇ ਕਿਹ ਨਹਿ ਉਚਿਸਟ ਕਿਹ ਦੇਇ।
ਬਿਨ ਪਰੇਹੀ ਸੋ ਖਾਲਸਾ ਸਦਾ ਸੀਚਰਤ ਭੇਇ।੪੫।
ਸੁਤੈ ਸਿਖਾਵੈ ਪ੍ਰਥਮ ਹੀ ਅੱਛਰ ਗੁਰਮੁਖੀ ਜੋਇ।
ਸੋ ਸੁਮੇਰ ਹਰਿ ਖਾਲਸਾ ਸੱਚ ਬਿਚਾਰ ਯੁਤ ਹੋਇ।੪੬।
ਦਾਤਾ ਗਿਆਤਾ ਸੂਰਮਾ ਗਿਆਨੀ ਸਾਧੂ ਸਿੰਘ।
ਭਗਤਿ ਯੋਗ ਯੁਤ ਖਾਲਸਾ ਤੱਤ ਸੁਮੇਰ ਸੁ ਸਿੰਘ।੪੭।

ਉਪਮਾ ਸ੍ਰੀ ਖਾਲਸੇਹਿ ਕੀ ਨਹਿ ਕਬਿ ਬਰਨ ਸਕੰਤ।
ਸ਼ੇਸ਼ ਮਹੇਸ਼ ਗਨੇਸ਼ਹੂੰ, ਬਰਨਤ ਮੈਂ ਕੋ ਜੰਤੁ।੪੮।
ਸਫਲ ਕਰਨ ਹਿਤ ਨਿਜ ਗਿਰਾ ਦੋਹਾ ਕਹੇ ਪਚਾਸ।
ਸੰਮਤ ਨਭ ਭੁਜ ਨਵ ਸਸੀ ਵਦੀ ਵਿਸਾਖ ਸੁ ਰਾਸ।੪੯।
ਸੰਮਤ ਸ੍ਰੀ ਗੁਰੂ ਨਾਨਕੀਯ, ਰਾਮ ਨਾਮ ਨਭ ਭੇਦ।
ਵਦੀ ਵਿਸਾਖ ਸੁ ਦੂਜ ਬਰ, ਗੁਰ ਦਿਨ ਬਨਿਯੋ ਅਖੇਦ।੫੦।

# (੧੫) ਖਾਲਸਾ ਸ਼ਤਕ (ਭਾਈ ਬੁੱਧ ਸਿੰਘ)

ਸਤਿਗੁਰ ਦਸ ਤਨ ਗ੍ਰੰਥ ਗੁਰ, ਪਾਦ ਪਦਮ ਪ੍ਰਣਾਮ
ਦੁਰਗਾ ਦੁਰਗਤਿ ਹਾਰਣੀ, ਬੰਦਉਂ ਪੰਥ ਲਲਾਮ।੧।
ਸੁਧਾ ਸਰੋਵਰ ਧਰਾ ਮਧ, ਜੋ ਬਿਕੁੰਠ ਕੋ ਰੂਪ
ਬੰਦਉਂ ਸ੍ਰੀ ਦਰਬਾਰ ਕਉ, ਰੂਪ ਵੈਰਾਟ ਅਨੂਪ।੨।
ਪੰਥ ਖਾਲਸਾ ਰੂਪ ਗੁਰ, ਤਾਂ ਕੇ ਕਾਰਨ ਰੂਪ
ਲੱਛਣ ਫਲ ਰਹਿਤ ਕਹੌਂ, ਕਰਉਂ ਸਹਾਇ ਅਨੂਪ।੩।
ਨਹਿ ਬੁੱਧਿ ਬਲ ਚਾਤੁਰਯਤਾ, ਸ੍ਰਤਿ ਆਗਮ ਕੋ ਸਾਜ
ਸਰਣ ਪਰੇ ਕੀ ਰਾਖਹੈ, ਲਾਜ ਗਰੀਬ ਨਿਵਾਜ਼।੪।
ਭੂਲ ਚੂਕ ਖਿਮੀਅਹੁ ਗੁਨੀ, ਲਖਿ ਮੁਹਿ ਬਾਲ ਅਜਾਨ
ਸੁਤ ਮੁਖ 'ਚੋਚੀ' ਸੁਨ ਪਿਤਾ, ਰੋਟੀ-ਦੇਤ ਸੁਜਾਨ।੫।
ਇਕ ਦਿਨ ਦਸਵੇਂ ਗੁਰ ਨਿਕਟ, ਸਿਖਨ ਬਿਨਤੀ ਕੀਨ
ਇੰਦ੍ਰਪ੍ਰਸਤ ਮਧ ਸ਼ਾਹ ਭੈ, ਸਭ ਸਿਖ ਨਾਠੇ ਚੀਨ।੬।
ਨਉਮੇ ਗੁਰ ਸਿਰ ਖੋਜ ਹਿਤ ਪੂਛੇ ਗੁਰ ਸਿਖ ਕੋਇ
ਨਾਹਿ ਪਛਾਨ ਪਰੈ ਕਛੂ, ਸੁਨ ਬਡ ਬਿਸਮੀ ਹੋਇ।੭।
ਭੁਜ ਊਚੀ ਕਰਿ ਗੁਰ ਕਹਯੋਂ ਸੁਨੋ ਸਿਖ ਧਰ ਚਾਹਿ
ਐਸੋ ਪੰਥ ਬਨਾਵਹੂੰ, ਲੁਕੈ ਨ ਲਾਖੋਂ ਮਾਹਿ।੮।
ਚੋਟੀ ਮੱਧ ਕਪਰਦਨੀ, ਸੂਧੋ ਸ਼ਮਸ੍ ਪਾਗ
ਚੰਡਿ ਤੇਜ ਮਸਤਕ ਲਸੈ, ਜਿਮ ਕਪੋਤ ਮੈਂ ਬਾਜ਼[1]।੯।
ਕਾਕਨ ਮੱਧ ਮਰਾਲ ਜਿਮ, ਜੈਸੇ ਮ੍ਰਿਗ ਮੈਂ ਸਿੰਘ
ਤੈਸੇ ਮੱਧ ਵਰਣਾਸ੍ਰਮ ਮੇਂ, ਏਕ ਪ੍ਰਕਾਸ਼ੈ ਸਿੰਘ।੧੦।
ਇਸ ਕਾਰਨ ਤੇ ਸ੍ਰੀ ਗੁਰੂ, ਕਰੀ ਭਗਵਤੀ ਸੇਵ
ਲੈ ਵਰ ਪੰਥ ਰਚਯੋ ਸੁਭਗ, ਸਭ ਦੇਵਨ ਕੋ ਦੇਵ।੧੧।
ਪਿਤਾ ਅਕਾਲ ਪੁਰਖ ਪ੍ਰਭੂ, ਮਾਤ ਚੰਡਿਕਾ ਜਾਸ
ਹਿੰਦ ਤੁਰਕ ਕਰੇ ਪੈਰ ਸਮ, ਸੀਸ ਖਾਲਸਾ ਖਾਸ।੧੨।
ਪੰਚ ਤਤ ਮੈਂ ਈਸ ਮਿਲ, ਕੀਨੋ ਵਿਸ਼ਵ ਪ੍ਰਕਾਸ਼
ਤਿਮ ਗੁਰ ਪੰਚੋਂ ਸਿੰਘ ਮਿਲ, ਕੀਓ ਖਾਲਸਾ ਖਾਸ।੧੩।

---

੧. ਪਾਠਾਂਤ੍ਰ—ਜਿਮ ਉਜਾਰ ਮੈਂ ਬਾਗ।

ਦਯਾ ਸਿੰਘ, ਸਾਹਿਬ ਹਰੀ, ਧਰਮ ਸਿੰਘ ਗੁਨ ਖਾਨ
ਮੁਹਕਮ ਹਰਿ ਹਿੰਮਤ ਹਰੀ, ਪੰਚ ਪਿਆਰੇ ਮਾਨ।੧੪।
ਕੌਤਕ ਕ੍ਰਿਸ਼ਨ ਕੀਏ ਕਿਤਕ, ਪਾਂਚਉ ਪਾਂਡਵ ਸੰਗ
ਤਿਮ ਗੁਰ ਗੋਬਿੰਦ ਸਿੰਘ ਜੀ ਪਾਂਚ ਪਿਆਰ ਪ੍ਰਸੰਗ।੧੫।
ਪਾਂਚੋਂ ਗਿਆਨੇਂਦ੍ਰੈ ਸਹਿਤ, ਖਿਲੇ ਜੀਵਾਤਮ ਖੇਲ
ਤਿਮ ਪਾਂਚੋ ਪਿਆਰੇ ਯੁਕਤ, ਕੀਯ ਗੁਰ ਕੌਤਕ ਕੇਲ।੧੬।
ਇਨ ਤੇ ਮਿਲ ਮੁਕਤੇ ਭਏ, ਪੰਥ ਪ੍ਰਕਾਸ਼ਯੋ ਬਿਅੰਤ
ਰਘੁਪਤਿ ਸੌਂ ਕਪਿ, ਕ੍ਰਿਸ਼ਨ ਸੋਂ, ਜਾਦਵ ਭਏ ਅਨੰਤ।੧੭।
ਕੱਛ, ਕੇਸ, ਕੰਘਾ, ਕਰਦ, ਕਰੀ ਨਿਸ਼ਾਨੀ ਪੰਥ
ਜਤੀ ਭਰੋਸ ਵਿਚਾਰਨਾ, ਪ੍ਰੀਤਿ ਦਾਨ ਰਿਪੁ ਮੰਥ।੧੮।
ਬਾਹਰ ਭੀਤਰ ਚਿੰਨ੍ਹ ਏ, ਸੁਨਹੁ ਸੰਤ ਮਨ ਲਾਇ
ਸ਼ਬਦ, ਸੇਵ, ਸਤਿਸੰਗ ਸੱਚ ਸੱਸੇ ਧਰੇ ਬਨਾਇ।੧੯।
ਕੁੜੀਮਾਰ ਕੁਮਤੀ ਕੁਟਿਲ, ਕੂੜੇ ਕੱਚੇ ਕਿਰਾੜ
ਇਨਕੋ ਸੰਗਿ ਨ ਕੀਜੀਏ, ਗੋੜੈ ਬੋਹਥ ਚਾੜ੍ਹਿ।੨੦।
ਭਰਮੀ ਸੰਗਤਿ ਭੂਤਨੀ, ਭੱਦਣੀ ਅਉਰ ਮਸੰਦ
ਸ੍ਵਾਂਗ, ਸਿਰ ਚੋਟੀ ਬਿਨਾ, ਇਸ ਤਜਿ ਲਹੋ ਅਨੰਦ।੨੧।
ਸੂਹਾ ਜੂਠਾ ਮੀਣੀਆ, ਧੀਰਮਲੀ ਮਨ ਮੰਤ
ਤੁਰਕ ਤਮਾਕੂ ਤੁਰਕਣੀ, ਕੁੱਠਾ ਤਜਹੁ ਕੁਮੰਤ।੨੨।
ਕਲਗੀਧਰ ਸ੍ਰੀ ਮੁਖ ਕਹਯੋ, ਸੁਨੋ ਸਿਖ ਨੰਦ ਲਾਲ
ਜੋ ਆਵਹਿ ਮੁਹਿ ਪੰਥ ਮੈਂ, ਤਿਨ ਕੋ ਕਰਉਂ ਨਿਹਾਲ।੨੩।
ਰਹਿਤਵਾਨ ਕੇ ਸੰਗਿ ਮੈਂ, ਰਾਖਾ ਰਹੌਂ ਹਮੇਸ਼
ਕਾਲ ਜਾਲ ਸੰਕਟ, ਕਸ਼ਟ ਤਿਹ ਗ੍ਰਿਹ ਨਹਿ ਪ੍ਰਵੇਸ਼।੨੪।
ਸ੍ਰੀ ਲਵ ਧੰਨਾ ਸੈਣ ਜੀ, ਬੰਧਕ ਨਾਮ ਸੁਦੇਵ
ਇਹ ਪੰਚੋਂ ਪਿਆਰੇ ਭਏ, ਲੈ ਆਇਸ ਗੁਰਦੇਵ।੨੫।
ਦਸ ਗੁਰ ਦੁਰਗਾ ਹਨੂਮਤ, ਪੁਰਖ ਅਕਾਲ ਸਹਾਇ
ਅੰਗ ਸੰਗ ਹੁਇ ਖਾਲਸੇ, ਰੱਖਿਆ ਕਰੈਂ ਬਨਾਇ।੨੬।
ਸੁਨੋ ਖਾਲਸੇ ਕੀ ਰਹਿਤ, ਪੁਨ ਧਾਰੋ ਚਿਤ ਮਾਹਿ
ਜਨਮ ਮਰਣ ਨਹਿ ਪਾਵਹੋਂ, ਸੁਨ ਕਰਿ ਗੁਰ ਬਚ ਚਾਹਿ।੨੭।
ਦੁਸ਼ਟ ਦਾਰਨ ਹੁਇ ਸ੍ਰੀ ਗੁਰੂ, ਮਾਰੇ ਬੇਲ ਸੁਬੇਲ
ਸਿੰਘ ਖਾਲ ਕੋ ਝਾੜ ਕੈ, ਕੌਤਕ ਕੀਨ ਅਕੇਲ।੨੮।
ਤਬ ਵਰ ਦੀਨੋ ਚੰਡਿਕਾ, ਹੋਇ ਖਾਲਸਾ ਨਾਮ
ਪੰਥਪਤੀ ਤੁਮ ਹੋਹੁ ਗੁਰ, ਕਰੋ ਜੀਤ ਸਭ ਨਾਮ।੨੯।
ਤ੍ਰੈ ਪਤਸ਼ਾਹੀ ਤਕ ਸਭੋ, ਮਾਯਾ ਰਹਤ ਅਤੀਤ
ਚਉਥੇ ਗੁਰ ਚਰਨੀਂ ਲਗੀ, ਭਗਵਤਿ ਤ੍ਰਿਯਾ ਪ੍ਰਤੀਤ।੩੦।
ਸਤੋ ਰਜੋ ਗੁਨ ਦੋ ਮਿਲੇ, ਪੁਨ ਖਸ਼ਟਮ ਗੁਰ ਮਾਹਿ
ਤੀਨੋ ਗੁਨ ਤਨ ਮੈਂ ਮਿਲੇ, ਮਨ ਨਿਰਲੇਪ ਅਚਾਹਿ।੩੧।

ਕਲਿ ਮੈਂ ਅਸੁਰ ਤੁਰਕ ਭਏ, ਤਿਨ ਹਤਨੇ ਕੇ ਹੇਤੁ
ਸ੍ਰੀ ਗੁਰ ਕੀਨੋ ਖਾਲਸਾ, ਸੁਤ ਲਖ ਦੀਓ ਨਿਕੇਤ।੩੨।
ਸਨਦਾਦਿਕ ਅਵਤਾਰ ਸੁਤ, ਦੀਨੇ ਪਠ ਪਰਲੋਕ
ਗੁਰਤਾ ਮਨ ਤਨ ਕੋ ਕਰੋਂ ਦੀਨੋ ਸਿਖਨ ਓਕ।੩੩।
ਦਯਾ ਸਿੰਘ ਤੇ ਨ੍ਰਿਪਤਿ ਭੇ, ਹਿੰਮਤ ਸਿੰਘ ਨਿਹੰਗ
ਗ੍ਰੰਥੀ ਮੁਹਕਮ ਸਿੰਘ ਤੇ, ਗਯਾਨੀ ਗੁਨੀ ਪ੍ਰਸੰਗ।੩੪।
ਧਰਮ ਸਿੰਘ ਤੇ ਨਿਰਮਲੇ, ਬੁਧਿ ਪਟੂ ਨਿਰਮਲ ਜਾਂਹਿ
ਪੁਜਾਰੀ ਅਰਦਾਸੀਏ, ਸਾਹਿਬ ਸਿੰਘ ਸੁਹਾਹਿ।੩੫।
ਦੇਵੀ ਅੰਮ੍ਰਿਤ ਦੀਨ ਗੁਰ, ਅਚ ਤਿਸ ਪਾਤ੍ਰ ਮਾਹਿ
ਸਿਖਨ ਸਭਨ ਪਿਲਾਇ ਦਇ, ਦਈ ਸ਼ਕਤਿ ਸਭ ਚਾਹਿ।੩੬।
ਸਤੇ ਰਜੋ ਤਮ ਖਾਲਸਾ, ਗ੍ਰਿਸਤੀ ਜਤੀ ਅਤੀਰ
ਸੇਵਕ ਦਯਾਲੂ ਜੋਤਿਸ਼ੀ, ਜੋਗੀ ਪੰਡਿਤ ਪ੍ਰੀਤਿ।੩੭।
ਦਾਨੀ ਰਾਗੀ ਕਵੀ ਕਿਤ, ਕਿਰਤਿ ਵਿਰਤਿ ਸੰਤੋਖ
ਕ੍ਰੋਧੀ ਤਪੀ ਬਿਰਕਤ ਰਸ, ਲੋਭੀ ਨਿਜ ਤਨ ਪੋਖ।੩੮।
ਸ਼ਸਤ੍ਰੀ ਰਾਜੇ ਕਾਵਯ ਕਿਰਤ, ਕਿਤੇ ਲੁਟੇਰੇ ਚੋਰ
ਸੰਤ ਮਹੰਤ ਅਨੰਤ ਬ੍ਰਿਤਿ, ਹੋਇ ਖਾਲਸਾ ਸੋਰ।੩੯।
ਤਿਆਗ ਪਾਪ ਸਤਿਸੰਗ ਮੈਂ, ਬਖਸ਼ਾਵਹਿ ਤਨਖਾਹਿ
ਤਖਤ ਭੇਟ ਗੁਰ ਤਖਤ ਦੇ ਬਖਸ਼ਜੋ ਸ਼ਾਹਨਸ਼ਾਹ।੪੦।
ਤਜਹਿ ਕੁਰਹਿਤੀ ਸੰਗ ਕਉ, ਰਹਿਤ ਧਰੈਂ ਗੁਰ ਕੇਰ
ਸੋ ਖਲਾਸ ਹੁਇ ਖਾਲਸਾ, ਤਯੋਂ ਨਿਖਾਲਸ ਸ਼ੇਰ।੪੧।
ਉਠ ਪ੍ਰਭਾਤੇ ਨਾਮ ਜਪ, ਕਰ ਦਾਤਨ ਇਸਨਾਨ
ਸ੍ਰੀ ਜਪੁਜੀ ਮੰਤ੍ਰ ਪੜ੍ਹੈ ਸੋ ਖਾਲਸਾ ਪ੍ਰਮਾਨ।੪੨।
ਦਸਮ ਗ੍ਰੰਥ ਪੜ੍ਹ ਗ੍ਰੰਥ ਗੁਰ, ਸੁਣ ਆਸਾ ਕੀ ਵਾਰ
ਕਰੈ ਕਿਰਤ ਪੁਨ ਧਰਮ ਕੀ, ਸੋ ਖਾਲਸਾ ਨਿਹਾਰ।੪੩।
ਚੰਡੀ ਚਰਿਤ੍ਰ ਮਧਯਾਨ ਮੈਂ, ਪੜ੍ਹਿ ਚੰਡੀ ਕੀ ਵਾਰ
ਸੰਧਯਾ ਮੈਂ ਰਹਿਰਾਸ ਜਪੁ, ਸੋ ਖਾਲਸਾ ਨਿਹਾਰ।੪੪।
ਚਰਨ ਧੋਇ ਸੋਵਨ ਸਮੇਂ, ਕੀਰਤ ਸੋਹਿਲਾ ਗਾਇ
ਤੋਲ ਬੋਲ ਪੂਰਾ ਰਹੈ, ਸੋ ਖਾਲਸਾ ਸੁਹਾਇ।੪੫।
ਪ੍ਰਿਥਮੇਂ ਗੁਰ ਅਰਦਾਸ ਕਰ, ਪੀਛੇ ਸਭ ਕਰ ਕਾਜ
ਦੇ ਦਸਵੰਧ ਖਟੈ ਜੁ ਧਨ, ਸੋ ਖਾਲਸਾ ਬਿਰਾਜ।੪੬।
ਸੀਸ ਨਿਵਾਵੈ ਗ੍ਰੰਥ ਗੁਰ, ਵਾਹਿਗੁਰੂ ਜਪ ਖਾਇ
ਰਖਹਿ ਭਰੋਸਾ ਗੁਰੂ ਕਾ, ਸੋ ਖਾਲਸਾ ਸੁਹਾਇ।੪੭।
ਬਰਖ ਮਾਸ ਗੁਰਪੁਰਬ ਦਿਨ, ਕਰਿ ਕੜਾਹ ਵਰਤਾਇ
ਸਭ ਕਾਰਜ ਸਿਧ ਗੁਰ ਕਰੈਂ, ਸੋ ਖਾਲਸਾ ਸੁਹਾਇ।੪੮।
ਭਗਤਿ ਖੰਡ ਮੈਦਾ ਕਰਮ, ਜੋਗ ਅਗਨਿ ਘ੍ਰਿਤ ਗਯਾਨ
ਪਾਣੀ ਪ੍ਰੇਮ ਕੜਾਹ ਚਿਤ, ਛਕਹਿ ਖਾਲਸਾ ਜਾਨ।੪੯।

ਗੁਰੂ ਗ੍ਰੰਥ ਕੀ ਬੀੜ ਜੋ, ਥਾਲ ਸੁਭਗ ਮੈਂ ਪਾਇ
ਪੜ੍ਹਹਿ ਪ੍ਰੀਤ ਸੋਂ ਤ੍ਰਿਪਤ ਹੋਇ, ਸੋ ਖਾਲਸਾ ਸੁਹਾਇ।੫੦।
ਹਰਿਮੰਦਰ ਗੁਰ ਗ੍ਰੰਥ ਕੀ, ਕਰੈ ਪ੍ਰਕਰਮਾ ਚਾਰ
ਉਸਤਤਿ ਪੜ੍ਹੈ ਅਕਾਲ ਕੀ, ਸੋ ਖਾਲਸਾ ਨਿਹਾਰ।੫੧।
ਰਿਦੈ ਮੰਤ੍ਰ ਸਤਿਨਾਮੁ ਜਪੁ, ਜਾਪੁ ਸਵੈਯੇ ਧਾਰਿ
ਵਾਹਿਗੁਰੂ ਜੀ ਕੀ ਫਤੇ, ਕਹਿ ਖਾਲਸ ਸਿਰ ਧਾਰਿ।੫੨।
ਕਰਦ ਭੇਟ ਆਹੁਤ ਕਰੈ, ਕੇਸੀ ਕਰੈ ਸਨਾਨ
ਗੁਰ ਬਿਲਾਸ ਗਾਥਾ ਸੁਨੈ, ਸੋ ਖਾਲਸਾ ਸੁਜਾਨ।੫੩।
ਆਦਿ ਗ੍ਰੰਥ ਗੁਰ ਮੁਕਤਿ ਦਾ, ਦਸਮ ਗ੍ਰੰਥ ਗੁਰ ਬੈਨ
ਭਾਰਤ ਧਰਮਾਗਮ ਸੰਮਾ, ਪੜ੍ਹੈ ਖਾਲਸਾ ਚੈਨ।੫੪।
ਰਾਜਨੀਤਿ ਨਾਰੀ ਚਰਿਤ੍ਰ, ਕੂਟ ਸ਼ਸਤ੍ਰ ਕੀ ਮਾਲ
ਸਹਸ੍ਰ ਨਾਮ ਸ੍ਰੀ ਜਾਪੁ ਜੀ, ਪੜ੍ਹਹਿ ਖਾਲਸਾ ਚਾਲ।੫੫।
ਨੰਦ ਲਾਲ ਗੁਰਦਾਸ ਕੀ, ਪੜ੍ਹੈ ਬੈਨ ਚਿਤ ਲਾਇ
ਮੰਤ੍ਰ ਸਮਾ ਗੁਰਸ਼ਬਦ ਪਠ, ਸੋ ਖਾਲਸਾ ਸੁਹਾਇ।੫੬।
ਕਾਚੀ ਬਾਣੀ ਸਭ ਤਜੈ, ਬਿਨ ਬਿਬੇਕ ਜੋ ਜਾਨ
ਗੁਰੂ ਗ੍ਰੰਥ ਕੋ ਗੁਰ ਲਖੈ, ਸੋ ਖਾਲਸਾ ਪ੍ਰਮਾਨ।੫੭।
ਏਕ ਬ੍ਰਹਮ ਸਭ ਮੈਂ ਲਖਹਿ, ਵਰਤੈ ਯਥਾਧਿਕਾਰ
ਜੈਸੇ ਤਨ ਕੇ ਅੰਗ ਹੈਂ, ਸੁਈ ਖਾਲਸਾ ਨਿਹਾਰ।੫੮।
ਪੁੱਤ੍ਰ ਪਢਾਵੈ ਗੁਰਮੁਖੀ, ਗ੍ਰੰਥ ਪਾਠ ਪੁਬ ਧਾਰ
ਪੀਛੇ ਵਿਦਯਾ ਅਉਰ ਪਢਿ, ਸੋ ਖਾਲਸਾ ਨਿਹਾਰ।੫੯।
ਨਿਤਨੇਮ ਜਪੁ ਗਾਥ ਸੁਨ, ਪੀਛੇ ਕਿਰਤ ਸੁਧਾਰ
ਮਨਹੁ ਨ ਭੂਲੇ ਵਾਹਿਗੁਰੂ , ਸੋ ਖਾਲਸਾ ਨਿਹਾਰ।੬੦।
ਮੰਤ੍ਰ ਨਾਰੀ ਧਰਮ ਪਦ, ਅੰਨ ਆਸਣ ਪਦ ਤ੍ਰਾਣ
ਪਰ ਕੋ ਅੰਗ ਨ ਧਾਰਈ, ਸੋ ਖਾਲਸਾ ਪਛਾਣ।੬੧।
ਲੂਣ ਖਾਇ ਨਹਿ ਦਗਾ ਕਰ, ਅਗਨਿ ਨ ਖੇਤੀ ਲਾਇ
ਸੁਤਾ ਭੈਣ ਕੋ ਧਨ ਨ ਲੇ, ਸੋ ਖਾਲਸਾ ਸੁਹਾਇ।੬੨।
ਗੁਰੂ ਗ੍ਰੰਥ ਢਿਗ ਊਚ ਹੋ, ਬਹੈ ਨ ਕੀਜੈ ਪਾਂਵ
ਮਾਤ ਤਾਤ ਗੁਰ ਨਿੰਦ ਤਜਿ, ਸੋ ਖਾਲਸਾ ਸੁਹਾਵ।੬੩।
ਜੂਆ ਵੇਸਵਾ ਮਾਸ ਮਦ, ਸੂਤਕ ਪਾਤਕ ਅੰਨ
ਜੂਠਾ ਆਲਸ ਬੋਲ ਬਦ, ਤਜੈ ਖਾਲਸਾ ਧੰਨ।੬੪।
ਲਘੂ ਸੁਚੇਤੇ ਰਤ ਸਮੇਂ, ਨ੍ਹਾਨ ਖਾਨ ਸਮੇਂ ਸੈਨ
ਸੀਸ ਨਗਨ ਨਾਹੀ ਕਰੈ, ਸੁਈ ਖਾਲਸਾ ਐਨ।੬੫।
ਸਿਖ ਕੋ ਆਧਾ ਨਾਮ ਭਨ, ਝੂਠੀ ਕਸਮ ਉਠਾਇ
ਪੰਜ ਪੀਰੀਏ ਸੰਤ ਤਜਿ, ਸੋ ਖਾਲਸਾ ਸੁਹਾਇ।੬੬।

ਨਾਰੀ ਸੇਜ ਲਖਾਵਣਾ, ਤੇੜ ਬਸਨ ਸਿਰ ਧਾਰ
ਨਿਜ ਪਦ ਤਜੈ ਪੁਜਾਵਨੇ, ਸੋ ਖਾਲਸਾ ਨਿਹਾਰ।੬੭।
ਪੋਥੀ ਧੇਨੁ ਗੁਰ ਮੋਹਰ, ਲੋਹ ਨ ਲਾਵੈ ਪਾਦ
ਨ੍ਹਾਏ ਦੀਏ ਬਿਨਾਂ ਸਿਖ, ਛਕੈ ਨ ਕਬੀ ਪ੍ਰਸਾਦ।੬੮।
ਵਿਆਹ ਜਨਮ ਮ੍ਰਿਤ ਕ੍ਰਿਆ ਕਰ, ਬਖਸ਼ਾਏ ਤਨਖਾਹ
ਕੰਘਾ ਕੇਸਨ ਮੈਂ ਧਰੇ, ਸੋ ਖਾਲਸਾ ਕਹਾਹਿ।੬੯।
ਸੇਵ ਕਰੈ ਗੁਰੂ ਗ੍ਰੰਥ ਕੀ, ਧੂਪ ਦੀਪ ਕਰਿ ਚਉਰ
ਧਰੈ ਕੜਾਹ ਰੁਮਾਲ ਫੂਲ, ਸੁਈ ਸਿਖ ਸਿਰਮਉਰ।੭੦।
ਜੂੜਾ ਦਾੜ੍ਹਾ ਵਯੰਗ ਕਰਿ, ਧਰੈ ਭੇਖ ਕੁਛ ਹੋਰ
ਤਹਮਤ ਤੰਬ ਲੰਗੋਟ ਧਰ, ਸੋ ਸਿਖੀ ਕਾ ਚੋਰ।੭੧।
ਤੁਰਕ ਕਲਾਮਾ ਕਬਰ ਹਿਤ, ਪੁਨ ਮਸੀਤ ਸਿਰ ਨਿਆਇ
ਟੋਪੀ ਸਿਰ ਰਾਖੈ ਕਬੀ, ਸੋ ਸਿਖ ਗੁਰ ਨ ਸਹਾਇ।੭੨।
ਪਿਤਾ ਸਿਖ ਮੋਨਾ ਸਵਨ ਹੁਇ, ਸੁਤਾ ਸਿਖ ਕੋ ਦੇਇ
ਆਦਰ ਹੁਇ ਪਰਲੋਕ ਮੈਂ, ਪਿਤਰ ਉਧਾਰ ਕਰੇਇ।੭੩।
ਪਾਹੁਲ ਦੇਵੈ ਪੂਤ ਕੋ, ਦੇ ਗੋਲਕ ਤਨਖਾਹ
ਸੰਗ ਨ ਕੀਜੈ ਤੁਰਕ ਕਾ, ਧੰਨ ਸਿਖ ਸੁਮਤਿ ਚਾਹ।੭੪।
ਸੁਤ ਸਿੰਮ੍ਰਿਤਿ ਕੇ ਭਰਮ ਤਜ, ਇਕ ਅਕਾਲ ਕੀ ਆਸ
ਗੁਰੂ ਗ੍ਰੰਥ ਬਚ ਪਰ ਚਲੈ, ਸੁਈ ਖਾਲਸਾ ਖ਼ਾਸ।੭੫।
ਜਨਮ ਵਿਆਹ ਮ੍ਰਿਤਕ ਕ੍ਰਿਆ, ਗੁਰੂ ਗ੍ਰੰਥ ਅਨੁਸਾਰ,
ਘੋੜੀ ਛੰਤ ਅਲਾਹਣੀ, ਪੜ੍ਹੈ ਖਾਲਸਾ ਸਾਰ।੭੬।
ਸ਼ਰਧਾ ਪੂਰਕ ਕੇ ਸ਼ਬਦ, ਪੂਰਨ ਹੋਵਹਿ ਆਸ
ਪਾਠ ਕਰਾਵੈ ਗ੍ਰੰਥ ਕਾ, ਸੁਈ ਖਾਲਸਾ ਖਾਸ।੭੭।
ਗੁਰ ਸਿਰ ਵਾਰਿਓ ਲੋਹ ਲੈ, ਧਾਰੇ ਭੂਖਨ ਅੰਗ
ਭੋਜਨ ਪਟ ਕਰ ਸੇਵ ਤਿਹ, ਸੋ ਗੁਰ ਪ੍ਰੇਜ ਨਿਹੰਗ।੭੮।
ਪੰਜ ਪਿਆਰਿਓਂ ਕੇ ਨਿਮਿਤ, ਕਰੈ ਪ੍ਰਸਾਦ ਸੁਵਾਸ
ਪੜ੍ਹਿ ਅਨੰਦ ਵਰਤਾਵਈ, ਸਭ ਸੰਕਟ ਤਿਹ ਨਾਸ।੭੯।
ਕਲਪ ਨ ਲਾਵੈ ਬਦਨ ਪਰ, ਕਟਹੁੰ ਨ ਲਾਹੈ ਕੱਛ
ਖਰਾ[1] ਨ ਛੁਹਾਇ ਅੰਗ ਪਰ, ਸੋ ਖਾਲਸਾ ਸ੍ਵਛ।੮੦।
ਵਦ ਸਮ ਲਖ ਗ੍ਰੰਥ ਗੁਰ, ਸੋਹੰ ਸੋ ਸਤਿਨਾਮ
ਗੀਤਾ ਸਮ ਪਠ ਸੁਖਮਨੀ, ਸੋ ਖਾਲਸਾ ਲਲਾਮ।੮੧।
ਸਿਖਨ ਕੇਸ ਸਨਾਨ ਕਰਿ, ਪਟ ਪਹਿਰਾਵਹਿ ਅੰਗ
ਲੈਨੋ ਦੇਨਾ ਸਿਖਨ ਸੋਂ ਸੋ ਖਾਲਸਾ ਉਮੰਗ।੮੨।
ਆਸ ਨ ਰਾਖੈ ਮਨੁਜ ਕੀ, ਰਾਖੈ ਟੇਕ ਅਕਾਲ
ਗੁਰ ਹਿਤ ਖਾਇ ਖਵਾਵਈ, ਸੋ ਖਾਲਸਾ ਨਿਹਾਲ।੮੩।

---

੧. ਉਸਤਰਾ।

ਗਊਕਾਨ ਤੇ ਪਾਤ ਜਿਹ, ਮੁੰਛੀ ਸੂਕਰ ਦਾੜ੍ਹ
ਹਿੰਦ ਤੁਰਕ ਕੇ ਧਰਮ ਕੋ, ਬਿਖਿਆ ਕਰੈ ਉਜਾੜ।੮੪।
ਦਿਜਨੀ ਮੀਠਾ ਗੁੜ ਬਨੀ ਬਿਖਿਆ ਬਨਾ ਚੰਡਾਲ
ਸਭ ਹੱਤਿਆ ਤਿਨ ਆ ਲਗੈ, ਬਿਖਿਆ ਪੀਵਨ ਨਾਲ।੮੫।
ਬਨਦੇਵੀ ਬਨ ਦੇਵਤਾ, ਦੇਵ ਮੰਤ੍ਰ ਸ੍ਰੁਤਿ ਸੇਤ
ਸਾਧ ਖਯਾਹ ਯੱਗ ਭ੍ਰਿਸ਼ਟ ਤਿਹ, ਬਿਖਿਆ ਜਾਂਹਿ ਨਿਕੇਤ।੮੬।
ਬਿਧਿ ਨਾਰਦ ਸੰਬਾਦ ਏ, ਕਹਯੋ ਸਕੰਦ ਪੁਰਾਣ
ਬਿਖਿਆ ਪੀਣੇ ਹਾਰ ਕੋ, ਖਏ ਨ ਖਾਲਸਾ ਖਾਨ।੮੭।
ਗੰਗਾ ਗਯਾ ਪ੍ਰਯਾਗ ਪੁਨ, ਕਾਸੀ ਮਥੁਰਾ ਦੂਰ
ਇਸ ਤੇ ਸਤਗੁਨ ਅਧਿਕ ਹੈ ਅੰਮ੍ਰਿਤਸਰ ਨਿਰਧਾਰ।੮੮।
ਤੀਰਥ ਦੇਵਨ ਨੇ ਰਚੇ, ਇਹ ਹਰਿ ਕਾਢੀ ਕਾਰ
ਅਸ ਨਿਸਚਾ ਕਰ ਨ੍ਹਾਇ ਜੋ, ਸੋ ਖਾਲਸ਼ਾ ਨਿਹਾਰ।੮੯।
ਸ੍ਰੀ ਅਨੰਦਪੁਰ ਮੋਖ ਸਰ, ਪਟਨਾ ਔਰ ਹਜ਼ੂਰ
ਸਭ ਗੁਰਦੁਆਰੇ ਮੈਂ ਸੁਭਗ, ਅੰਮ੍ਰਿਤਸਰ ਭਰਪੂਰ।੯੦।
ਪ੍ਰਾਣੀ ਮ੍ਰਿਤਕ ਹੇਤੁ ਜੋ, ਦੇ ਪੁਸ਼ਾਕ ਗੁਰਦੁਆਰ
ਪਾਠ ਗ੍ਰੰਥ ਜੀ ਕਾ ਕਰੈ, ਸੋ ਸਿਖ ਮੁਕਤ ਨਿਹਾਰ।੯੧।
ਧੋਤੀ ਭੁਜਾ ਅਨੰਤ ਜਿਹ, ਕੰਠ ਜਨੇਊ ਜਾਂਹਿ
ਬਿਨ ਪਾਹੁਲ ਜੋ ਸਿਖ ਹੈ, ਸੋ ਤਨਖਾਹੀਆ ਆਹਿ।੯੨।
ਦਾਨ ਦੇਇ ਗੁਰ ਸਿਖ ਕੋ, ਪ੍ਰੀਤਿ ਕਰੈ ਸਿਖ ਸੰਗਿ
ਕੰਘਾ ਭੋਜਨ ਸਿਖ ਦੇਇ, ਸੋ ਖਾਲਸਾ ਉਮੰਗ।੯੩।
ਸੰਤੋਖੀ ਭਜਨੀਕ ਕੋ, ਜੋ ਸਿਖ ਸੇਵੈ ਕੋਇ
ਸੋ ਵਥੁ ਗੁਰ ਕੋ ਜਾ ਮਿਲੈ, ਫਲ ਅਨੇਕ ਤਿਹ ਹੋਇ।੯੪।
ਚਲੈ ਰਹਿਤ ਗੁਰ ਖਾਲਸਾ, ਸੋ ਸਿਖ ਗੁਰ ਕੋ ਰੂਪ
ਸਭਨਾ ਪਤ ਸਿਰ ਨਿਆਵਹੀ, ਭਦਣੀ ਰੂਪ ਕੁਰੂਪ।੯੫।
ਚਾਰੋਂ ਵਰਣ ਮਿਗ੍ਰਾਵਲੀ, ਬਨਯੋ ਖਾਲਸਾ ਸਿੰਘ
ਜਨਕ ਭੂਪ ਸਮ ਨਾਮ ਪਛ, ਸੁਤ ਪਿਤ ਆਵਤ ਸਿੰਘ।੯੬।
ਰਹਿਤ ਖਾਲਸੇ ਕੀ ਬਹੁਤ, ਮੋਹਿ ਬਖਾਨੀ ਥੋਰ
ਗੁਰਬਿਲਾਸ ਤਨਖਾਹ ਖਤ, ਕਹਯੋ ਸਿਧਾਂਤ ਨਿਚੋਰ।੯੭।
ਉਤਮ ਮੱਧਮ ਖਾਲਸਾ, ਰਹਿਤ ਬਗ਼ੈਰ ਕਨਿਸ਼ਟ
ਪਕਰੈ ਕੋ ਨ ਪਰਲੋਕ ਮੈਂ, ਜਬ ਕਬ ਤਾਰੈ ਇਸ਼ਟ।੯੮।
ਪੜ੍ਹ ਵਿਦਾਂਤ ਕਿਆ ਮਾਗਹੈ, ਕੋ ਮ੍ਰਿਗਾਵਲਿ ਭੂਪ
ਗਾਥਾ ਕਰੈ ਪਯੂਖ ਸਰ, ਸ਼ਤਕ ਰਚਯੋ ਤਿਹ ਭੂਪ।੯੯।
ਉਨੀ ਸੈ ਤੇਤੀ ਅਬਦ ਫਾਗਨ, ਸੁਦਿ ਹਰ ਥੀਤ
ਪੜ੍ਹੈ ਸੁਨੈ 'ਖਾਲਸ ਸ਼ਤਕ' ਲਹਹਿ ਸਿਖ ਗੁਰ ਪ੍ਰੀਤਿ।੧੦੦।

ਇਸ ਕਵੀ ਨੇ ਅਗੇ ਨਿਹੰਗ ਸਿੰਘਾਂ ਤੇ ਅੰਮ੍ਰਿਤਸਰ ਮਹਿਮਾ ਬਾਰੇ ਕੁਝ ਬੰਦ ਲਿਖੇ ਜੋ ਇਸ ਪ੍ਰਕਾਰ ਹਨ:

ਅਣੀ ਧਮਾਕਾ ਕੋਰੜਾ, ਸ਼ਸਤ੍ਰ ਧਾਰਿ ਕਮੰਦ
ਇਨਕਾ ਕਮਰਕਸਾ ਰਖੈ, ਬਾਹਰ ਸਿਖ ਅਨੰਦ।੧।
ਬਾਣੀ ਜੋਗ ਵੈਰਾਗ ਹਿਯ, ਭਗਤੀ ਸ਼ਾਂਤਿ ਅਚਾਹ
ਖਿਮਾ ਗਰੀਬੀ ਜਤ ਰਖਹਿ, ਅੰਤਰਿ ਸ਼ਸਤ੍ਰ ਅਥਾਹ।੨।
ਸਿਖੀ ਗੁਰ ਕੀ ਅਗਮ ਹੈ, ਪੰਚਮ ਗੁਰ ਦਿਖਰਾਇ
ਸਾਢੇ ਚਾਰ ਟਕੇ ਦੀਏ, ਨਿਜ ਸਿਖ ਆਧ ਬਨਾਇ।੩।
ਕਾਮ ਕ੍ਰੋਧ ਹਉਂ ਮੋਹ ਲਬ, ਪ੍ਰਭੂ ਸਮ ਵਿਆਪੇ ਸਾਰ
ਇਨ ਤੇ ਨੀਤੋਕਤਿ ਬਚੈ, ਸੋ ਖਾਲਸਾ ਸੰਸਾਰ।੪।
ਸੈਨਾ ਪ੍ਰਭੂ ਕੀ ਸਾਧਸੰਗਿ, ਸੈਨਾਪਤਿ ਗੁਰਦੇਵ
ਪ੍ਰੀਤਿ ਭੇਟ ਤਿੰਹ ਦੇਇਕੈ, ਮੁਕਤਿ ਇਨਾਮ ਸੁ ਲੇਵ।੫।

## ਅੰਮ੍ਰਿਤਸਰ ਮਹਿਮਾ

ਅੰਤ ਵਿਚ ਅੰਮ੍ਰਿਤਸਰ ਮਹਿਮਾ ਦੇ ਚਾਰ ਸ੍ਵੈਯੇ ਇਸ ਪਰਕਾਰ ਹਨ:

ਜਿਨ ਕੀਨ ਸਨਾਨ ਸੁਧਾਸਰ ਮੈਂ, ਤਿਨ ਗੰਗ ਸਨਾਨ ਕੀਆ ਨ ਕੀਆ
ਜਿਨ ਮੰਤ੍ਰ ਲੀਆ ਸਤਿਨਾਮਹਿ ਕੋ, ਤਿਨ ਗਾਇਤ੍ਰੀ ਮੰਤ੍ਰ ਲੀਆ ਨ ਲੀਆ
ਜਿਨ ਲੀਨ ਸ੍ਵਾਦ ਕ੍ਰਿਹਾਵਲ ਕੋ, ਤਿਨ ਆਬਹਯਾਤ ਪੀਆ ਨ ਪੀਆ
ਇਨ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ।੧।
ਜਿਨ ਸ੍ਰੀ ਹਰਿਮੰਦਿਰ ਦੇਖ ਲੀਓ, ਜਗੰਨਾਥ ਦੀਦਾਰ ਕੀਆ ਨ ਕੀਆ
ਜਿਨ ਪਾਠ ਸੁਨਿਓ ਗੁਰੂ ਗੰਥਹਿ ਕੋ, ਰਸ ਵੇਦ ਪੁਰਾਨ ਲੀਆ ਨ ਲੀਆ
ਜਿਨ ਦੀ ਦਸਵੰਧ ਗੁਰੂ ਦਰ ਮੈਂ, ਤਿਨ ਤੀਰਥ ਦਾਨ ਦੀਆ ਨ ਦੀਆ
ਇਕ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ।੨।
ਜਿਨ ਕੇਸ ਧਰੇ ਸਿਰ ਪਾਹੁਲ ਲੈ, ਤਿਨ ਦੁਆਰਕਾ ਛਾਪ ਕੀਆ ਨ ਕੀਆ
ਜਿਨ ਗਾਥ ਸੁਨੀ ਦਸ ਹੀ ਗੁਰ ਕੀ, ਤਿਨ ਭਾਰਤ ਸ੍ਵਾਦ ਲੀਆ ਨ ਲੀਆ
ਜਿਨ ਸੰਗਤਿ ਕੀ ਪਦ ਰੇਣੁ ਲਈ, ਤਿਨ ਔਖਧਿ ਔਰ ਪੀਆ ਨ ਪੀਆ
ਇਕ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ।੩।
ਜਿਨ ਦੋਸ਼ ਕਹੇ ਤਨਖਾਹ ਦਈ, ਤਿਨ ਪ੍ਰਾਸ਼ਚਿਤ ਔਰ ਕੀਆ ਨ ਕੀਆ
ਜਿਨ ਲੇ ਘ੍ਰਿਤ ਆਰਤੀ ਮਾਹਿ ਦੀਆ, ਤਿਨ ਦੀਪਕ ਦਾਨ ਦੀਆ ਨ ਦੀਆ
ਜਿਨ ਭੇਟ ਪੁਸ਼ਾਕ ਦਈ ਤਖਤੈ, ਤਿਨ ਮ੍ਰਿਤ ਕ੍ਰਿਆਨ ਲੀਆ ਨ ਲੀਆ
ਕਹਿ ਬੋਧ ਮ੍ਰਿਗਿੰਦ ਜੁ ਬੇਮੁਖ ਹੈ, ਸਿਖ, ਸੋ ਭਵ ਮਾਹਿ ਜੀਆ ਨ ਜੀਆ।੪।

# ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ.........
ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਹਾਂ ਸੈ ਪਚਾਵਨ
ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ
ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ।
ਪ੍ਰਿਥਮੈ ਦੈਆ ਰਾਮ ਸੋਪਤੀ ਖਤ੍ਰੀ, ਬਾਸੀ ਲਾਹੌਰ ਖਲਾ ਹੂਆ,
ਪਾਛੈ ਮੋਹਕਮ ਚੰਦ ਛੀਪਾ, ਬਾਸੀ ਦਵਾਰਕਾ, ਸਾਹਿਬਚੰਦ ਨਾਈ
ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮਚੰਦ ਜਵੰਦਾ ਜਾਟ
ਬਾਸੀ ਹਸਤਨਾਪੁਰ, ਹਿੰਮਤਚੰਦ ਝੀਵਰ, ਬਾਸੀ ਜਗਨਨਾਥ
ਬਾਰੋ ਬਾਰੀ ਖਲੇ ਹੂਏ। ਸਭ ਕੋ ਨੀਲੰਬਰ ਪਹਿਨਾਇਆ,
ਵਹੀ ਵੇਸ ਅਪਨਾ ਕੀਆ।
ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ।
ਮੀਣੇ, ਧੀਰਮੱਲੀਏ, ਰਾਮਰਾਈਏ, ਸਿਰਗੁੰਮੋਂ, ਮਸੰਦੋਂ ਕੀ ਵਰਤਣ ਬੰਦ ਕੀ।

ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ—ਸਭ ਕੋ ਦੀਆ, ਸਭ ਕੇਸਾਧਾਰੀ ਹੂਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ।

ਆਗੈ ਗੁਰੂ ਕੀ ਗਤਿ ਗੁਰੂ ਜਾਣੈ
ਗੁਰੂ ਗੁਰੂ ਜਪਣਾ, ਗੁਰੂ ਹਰ ਥਾਈਂ ਸਹਾਈ ਹੋਗੁ।

*(ਭੱਟ ਵਹੀ ਪਰਗਣਾ ਥਾਨੇਸਰ)*

✪

ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼।
ਹਰਗਿਜ਼ ਨਬਾਸ਼ਦ ਅਜ਼ੀਂ ਪੰਜ ਮੁਆਫ਼।
ਕੜਾ ਕਾਰਦੋ ਕੱਛ ਕੰਘਾ ਬਿਦਾਂ।
ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

*(ਉਂਨੀਵੀਂ ਸਦੀ ਦਾ ਫ਼ਾਰਸੀ ਕਵੀ)*

✪

ISBN 81-7205-158-1
9 788172 051587